PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

15th - 22nd August 2024 • Issue No. 3043

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਪਾਕਿਸਤਾਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਜ: ਸਕੱਤਰ ਬੀਬੀ ਸਤਵੰਤ ਕੌਰ ਅਤੇ ਡਾ: ਕਲਿਆਣ ਸਿੰਘ ਦਾ ਸਿੰਘ ਸਭਾ ਗੁਰਦੁਆਰਾ ਸਾਹਿਬ ਡਰਬੀ ਵਿਖੇ ਆਉਣ ਤੇ ਨਿੱਘਾ ਸਵਾਗਤ ਕੀਤਾ ਗਿਆ











ਸਿੰਘ ਸਭਾ ਗੁਰਦੁਆਰਾ ਸਾਹਿਬ ਡਰਬੀ ਵਿਖੇ ਆਉਣ 'ਤੇ ਬੀਬੀ ਸਤਵੰਤ ਕੌਰ ਅਤੇ ਡਾ: ਕਲਿਆਣ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਗੁਰੂ ਘਰ ਦੇ ਸੇਵਾਦਾਰ ਤੇ ਹੋਰ ਪਤਵੰਤੇ ਸੱਜਣ। ਸਿੱਖ ਅਜਾਇਬ ਘਰ ਅਤੇ ਸ਼ਹੀਦੀ ਯਾਦਗਾਰ ਅੱਗੇ ਖੜ੍ਹੇ ਦਿਖਾਈ ਦੇ ਰਹੇ ਹਨ ਸ: ਗੁਰਪਾਲ ਸਿੰਘ, ਸ: ਹਰਦਿਆਲ ਸਿੰਘ ਧਮਰੈਤ, ਸ: ਹਰਪਿੰਦਰ ਸਿੰਘ ਕੰਗ, ਸ: ਰਘਬੀਰ ਸਿੰਘ, ਬੀਬੀ ਸਤਵੰਤ ਕੌਰ, ਬੀਬੀ ਬਲਵੀਰ ਕੌਰ, ਡਾ: ਕਲਿਆਣ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ, ਸ: ਸੁਮੀਤ ਸਿੰਘ, ਭਾਈ ਜੋਗਾ ਸਿੰਘ, ਸ: ਅਵਤਾਰ ਸਿੰਘ ਸੰਘੇੜਾ, ਸ: ਸੁਰਿੰਦਰ ਸਿੰਘ, ਸ: ਬਲਦੇਵ ਸਿੰਘ ਬੈਂਸ ਤੇ ਹੋਰ।

# ਸੰਪਾਦਕੀ....

## ਕੀ 'ਆਪ' ਸਰਕਾਰ ਸ਼੍ਰੋਮਣੀ ਕਮੇਟੀ ਉਪਰ ਕਬਜਾ ਕਰਨਾ ਚਾਹੁੰਦੀ ਏ ?

ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਲਈ ਬਣ ਰਹੀਆਂ ਵੋਟਾਂ ਵਿਚ ਯੋਗ ਸਿੱਖ ਵੋਟਰਾਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਅਤੇ ਇਸ ਕਾਰਜ ਨੂੰ ਪਾਰਦਰਸ਼ੀ ਤਰੀਕੇ ਨਾਲ ਕਰਨ ਦੀ ਮੰਗ ਲੈ ਕੇ ਸ਼੍ਰੋਮਣੀ ਕਮੇਟੀ ਦਾ ਇਕ ਵਫਦ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ ਐੱਸ ਸਾਰੋਂ ਨੂੰ ਮਿਲਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਸਟਿਸ ਐਸ ਐਸ ਸਾਰੋਂ ਨੂੰ ਪੱਤਰ ਸੌਂਪ ਕੇ ਸਰਕਾਰੀ ਅਧਿਕਾਰੀਆਂ ਵੱਲੋਂ ਵੋਟਾਂ ਬਣਾਉਣ ਸਮੇਂ ਨਿਯਮਾ ਦੀ ਅਣਦੇਖੀ ਕਰਦਿਆਂ ਬਿਨਾਂ ਤਸਦੀਕ ਕੀਤੇ ਗਲਤ ਵੋਟਾਂ ਬਣਾਉਣ ਦੇ ਮਾਮਲੇ ਨੂੰ ਸੰਜ਼ੀਦਗੀ ਨਾਲ ਲੈਣ ਲਈ ਕਿਹਾ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਸੰਗਤਾਂ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਸਰਕਾਰੀ ਅਧਿਕਾਰੀ ਗੁਰਦੁਆਰਾ ਚੋਣਾਂ ਲਈ ਰਜਿਸਟ੍ਰੇਸ਼ਨ ਵਾਸਤੇ ਨਿਰਧਾਰਤ ਨਿਯਮਾਂ ਦੀ ਅਣਦੇਖੀ ਕਰ ਰਹੇ ਹਨ। ਵੋਟਾਂ ਬਣਾਉਣ ਵਾਲੇ ਸਰਕਾਰੀ ਕਰਮਚਾਰੀ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਵੋਟਰ ਸੂਚੀਆਂ ਵਿੱਚੋਂ ਨਾਮ ਚੁੱਕ ਕੇ ਨਿਯਮਾਂ ਨੂੰ ਅਣਦੇਖਿਆਂ ਕਰਦਿਆਂ ਵੋਟਾਂ ਬਣਾ ਰਹੇ ਹਨ, ਜਿਸ ਨਾਲ ਸਾਬਤ ਸੂਰਤ ਸਿੱਖ ਵਾਲੀ ਸ਼ਰਤ ਦੀ ਉਲੰਘਣਾ ਹੋਣ ਦਾ ਖ਼ਦਸ਼ਾ ਹੈ। ਉਨ੍ਹਾਂ ਮੰਗ ਕੀਤੀ ਕਿ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾ ਵੱਲੋਂ ਇਸ ਮਾਮਲੇ ਵਿੱਚ ਤੁਰੰਤ ਸਖ਼ਤ ਆਦੇਸ਼ ਜਾਰੀ ਕੀਤੇ ਜਾਣ ਤਾਂ ਜੋ ਇਹ ਯਕੀਨੀ ਬਣ ਸਕੇ ਕਿ ਕਿਸੇ ਵੀ ਗੈਰ ਸਿੱਖ ਅਤੇ ਪਤਿਤ ਦੀ ਵੋਟ ਨਾ ਬਣੇ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਲਈ ਮੈਂਬਰ ਚੁਨਣ ਵਾਸਤੇ ਨਿਯਮਾਂ ਅਨੁਸਾਰ ਵੋਟਰ ਰਜਿਸਟ੍ਰੇਸ਼ਨ ਯਕੀਨੀ ਬਣਾਉਣਾ ਗੁਰਦੁਆਰਾ ਚੋਣ ਕਮਿਸ਼ਨ ਦਾ ਮੁੱਢਲਾ ਫ਼ਰਜ਼ ਹੈ ਅਤੇ ਸੰਗਤ ਦੇ ਇਤਰਾਜ਼ਾਂ ਤੇ ਖ਼ਦਸ਼ਿਆਂ ਵੱਲ ਕਮਿਸ਼ਨ ਉਚੇਚੇ ਤੌਰ 'ਤੇ ਧਿਆਨ ਦੇਵੇ। ਕਮਿਸ਼ਨਰ ਨੂੰ ਸ਼ੌਂਪੇ ਪੱਤਰ ਰਾਹੀਂ ਇਹ ਵੀ ਮੰਗ ਕੀਤੀ ਗਈ ਕਿ ਸਿੱਖ ਤੇ ਸਾਬਤ ਸੂਰਤ ਵੋਟਰਾਂ ਤੱਕ ਪਹੁੰਚ ਨੂੰ ਯਕੀਨੀ ਕਰਨ ਲਈ ਆਦੇਸ਼ ਦਿੱਤੇ ਜਾਣ ਅਤੇ ਹਰ ਵੋਟਰ ਦੀ ਪਛਾਣ ਤਸਦੀਕ ਕਰਨ ਦੇ ਨਾਲ-ਨਾਲ ਉਸ ਦੀ ਤਾਜ਼ਾ ਫੋਟੋ ਫਾਰਮ ਨਾਲ ਲੈ ਕੇ ਹੀ ਵੋਟਾਂ ਬਣਾਈਆਂ ਜਾਣ।


ਬਾਕੀ ਹਿਸਾ ਸਫਾ 8 ਤੇ ਪੜ੍ਹੋ

# ਚਰਨ ਕੰਵਲ ਸਿੰਘ ਸੇਖੋਂ ਐਮ.ਬੀ.ਈ. ਨੂੰ
## ਕੈਰਨਫੀਲਡ ਯੂਨੀਵਰਸਿਟੀ ਵੱਲੋਂ ਐਲੂਮਨੀ ਪੁਰਸਕਾਰ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੌਂਸਲਰ ਚਰਨਕੰਵਲ ਸਿੰਘ ਸੇਖੋਂ ਨੂੰ ਯੂ ਕੇ ਦੀ ਕਰੈਨਫੀਲਡ ਯੂਨੀਵਰਸਿਟੀ ਵੱਲੋਂ ਐਲੂਮਨੀ 2024 ਪੁਰਕਸਕਾਰ ਦੇਣ ਦਾ ਐਲਾਨ ਕੀਤਾ ਹੈ। ਯੂਨੀਵਰਸਿਟੀ ਦੇ 78 ਸਾਲਾਂ ਦੇ ਇਤਿਹਾਸ ਵਿੱਚ ਸਰਵਉੱਚ ਐਲੂਮਨੀ ਪੁਰਸਕਾਰ ਪ੍ਰਾਪਤ ਕਰਨ ਵਾਲੇ ਉਹ ਭਾਰਤੀ ਮੂਲ ਦੇ ਪਹਿਲੇ ਬ੍ਰਿਟਿਸ਼ ਸਿੱਖ ਬਣੇ ਹਨ। ਯੂਨੀਵਰਸਿਟੀ ਨੇ ਚਰਨਕੰਵਲ ਸਿੰਘ ਸੇਖੋਂ ਐਮ.ਬੀ.ਈ. ਨੂੰ ਐਲੂਮਨੀ ਪੁਰਸਕਾਰ 2024 ਦੇ ਜੇਤੂ ਦਾ ਐਲਾਨ ਕਰਦਿਆਂ ਖੁਸ਼ੀ ਪ੍ਰਗਟ ਕੀਤੀ ਹੈ। ਇਹ ਸਨਮਾਨ ਉਹਨਾਂ ਦੀਆਂ ਗਲੋਬਲ ਪ੍ਰਭਾਵ ਨੂੰ ਦਰਸਾਉਂਦੇ ਹੋਏ ਅੰਤਰਰਾਸ਼ਟਰੀ ਪੱਧਰ ਤੇ ਪਾਣੀ, ਊਰਜਾ ਅਤੇ ਵਾਤਾਵਰਣ ਖੇਤਰਾਂ ਵਿੱਚ ਪਾਏ ਯੋਗਦਾਨ ਲਈ ਦਿੱਤਾ ਗਿਆ ਹੈ। ਜਿਲ੍ਹਾ ਲੁਧਿਆਣਾ ਦੇ ਪਿੰਡ ਬੜੂੰਦੀ ਦੇ ਜੰਮਪਲ ਚਰਨਕੰਵਲ ਸਿੰਘ ਸੇਖੋਂ ਯੂ ਕੇ ਸਰਕਾਰ ਦੇ ਵਾਤਾਵਰਣ ਵਿਭਾਗ ਵਿੱਚ ਸੀਨੀਅਰ ਜ਼ਿਲ੍ਹਾ ਅਫਸਰ ਵਜੋਂ ਸੇਵਾ ਕਰ ਰਹੇ ਹਨ ਅਤੇ ਪੂਰਬੀ ਇੰਗਲੈਂਡ ਵਿੱਚ ਬਹੁਤ ਸਾਰੇ ਵਾਤਾਵਰਣ ਪ੍ਰੋਜੈਕਟਾਂ ਅਤੇ ਸਰਕਾਰੀ ਨੌਕਰੀਆਂ ਵਿੱਚ ਸਮਾਨਤਾ ਨਾਲ ਸਬੰਧਤ ਪ੍ਰੋਜੈਕਟਾਂ ਦੀ ਅਗਵਾਈ ਕਰ ਰਹੇ ਹਨ।


**You're better off with Specsavers** this summer



**Free** prescription sunnies

**Part of 2 for 1 from £70, with single-vision lenses to same prescription**

Specsavers

Frames subject to availability. Cannot be used with any other offers. Second pair from the same price range or below. Both pairs include standard 1.5 single-vision lenses (or 1.6 for £170 Rimless ranges). Varifocal/bifocal: pay for lenses in first pair only. Both pairs must be purchased in one transaction. Excludes SuperDigital, SuperDrive varifocals, SuperReaders 1-2-3 occupational lenses and safety eyewear. Additional charge for extra lens options.

# ਸਿੱਖ ਪੰਥ ਅਕਾਲ ਤਖਤ ਸਾਹਿਬ ਦੇ ਨਾਮ ਛਪ ਰਹੇ ਨਕਲੀ ਬਿਆਨਾਂ ਤੋਂ ਸੁਚੇਤ ਰਹੇ

## ✪ ਜਥੇਦਾਰ ਨੇ ਸੁਣਾਇਆ ਫੈਸਲਾ ਕਿ ਰਹਿਤ ਮਰਯਾਦਾ ਅਨੁਸਾਰ ਨਿਸ਼ਾਨ ਸਾਹਿਬ ਦਾ ਰੰਗ ਬਸੰਤੀ ਤੇ ਸੁਰਮਈ

ਅੰਮ੍ਰਿਤਸਰ-ਇੰਗਲੈਂਡ ਦੀ ਇਕ ਵੀਕਲੀ ਪੰਜਾਬੀ ਅਖਬਾਰ ਵਲੋਂ ਜਥੇਦਾਰ ਅਕਾਲ ਤਖਤ ਸਾਹਿਬ ਦਾ ਬਿਆਨ ਛਾਪਿਆ ਕਿ ਉਹ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਰੰਗ ਦੇ ਹਕ ਵਿਚ ਨਹੀਂ ਹਨ ਇਹ ਫੈਸਲਾ ਸ੍ਰੋਮਣੀ ਕਮੇਟੀ ਦਾ ਹੈ ਜਦ ਕਿ ਸਿੰਘ ਸਾਹਿਬਾਨ ਨੇ ਖੁਦ ਇਹ ਪੰਥਕ ਫੈਸਲਾ ਦਿਤਾ ਕਿ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਰੰਗ , ਬਸੰਤੀ ਜਾਂ ਸੁਰਮਈ ਹੋਣਗੇ। ਪਰ ਹੁਣ ਇੰਗਲੈਂਡ ਤੋਂ ਛਪੀਆਂ ਖਬਰਾਂ ਦਾ ਜਥੇਦਾਰ ਜੀ ਨੇ ਖੰਡਨ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਮੁਤਾਬਿਕ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਠੀਕ ਕਰਨ ਦੇ ਸਬੰਧ ਵਿਚ ਉਨ੍ਹਾਂ ਦੇ ਹਵਾਲੇ ਨਾਲ ਫੈਲਾਈਆਂ ਜਾ ਰਹੀਆਂ ਗੁੰਮਰਾਹਕੁੰਨ ਖ਼ਬਰਾਂ ਦਾ ਖੰਡਨ ਕੀਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਲੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਹੈ ਕਿ ਲੰਘੇ ਦਿਨੀਂ ਇੰਗਲੈਂਡ ਦੌਰੇ ਦੌਰਾਨ ਉਨ੍ਹਾਂ ਨੂੰ ਕੁਝ ਸਿੰਘ ਮਿਲੇ ਸਨ, ਜਿਨ੍ਹਾਂ ਨੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਸਬੰਧੀ ਸਵਾਲ ਕੀਤੇ। ਇਸ ਦੇ ਸਬੰਧ ਵਿਚ ਸਿੰਘ




ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਦੱਸਿਆ ਸੀ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲਣ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਨਵਾਂ ਜਾਂ ਕੋਈ ਵੱਖਰਾ ਫੈਸਲਾ ਨਹੀਂ ਕੀਤਾ ਬਲਕਿ 1936 ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਵਿਚ ਲਿਖਿਆ ਹੈ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ 'ਬਸੰਤੀ ਜਾਂ ਸੁਰਮਈ' ਰੰਗ ਦੇ ਹੋਣੇ ਚਾਹੀਦੇ ਹਨ। ਇਸ ਕਰਕੇ ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਨਿਸ਼ਾਨ ਸਾਹਿਬ ਦਾ ਰੰਗ ਸਹੀ ਕੀਤਾ ਗਿਆ ਹੈ।

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਸਿੰਘਾਂ ਨੂੰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਨੂੰ ਲੈ ਕੇ ਸੰਗਤ ਵਲੋਂ ਪ੍ਰਗਟਾਈ ਜਾ ਰਹੀ ਦੁਬਿਧਾ ਨੂੰ ਦੂਰ ਕਰਨ ਦੇ ਸਬੰਧ ਵਿਚ, 15 ਜੁਲਾਈ 2024 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਹੋਇਆ ਆਦੇਸ਼ ਪੱਤਰ ਪੜ੍ਹ ਕੇ ਵੀ ਸੁਣਾਇਆ ਸੀ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਹਵਾਲੇ ਨਾਲੇ ਸੱਚਾਈ ਤੋਂ ਦੂਰ ਫੈਲਾਈਆਂ ਜਾ ਰਹੀਆਂ ਖ਼ਬਰਾਂ ਬਿਲਕੁਲ ਝੂਠੀਆਂ ਅਤੇ ਗੁੰਮਰਾਹਕੁੰਨ ਹਨ ਅਤੇ ਸੰਗਤ ਸੁਚੇਤ ਰਹੇ। ਇਹ ਬਿਆਨ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ, ਫੋਨ:98780-70008 ਵਲੋਂ ਜਾਰੀ ਕੀਤਾ ਗਿਆ।

ਜਥੇਦਾਰ ਜੀ ਦਾ ਇਹ ਫੈਸਲਾ ਸਪਸ਼ਟੀਕਰਨ ਰੂਪ ਵਿਚ ਸ਼ਲਾਘਾਯੋਗ ਹੈ। ਸਿਖ ਪੰਥ ਨੂੰ ਇਹਨਾਂ ਭਰਮ ਫੈਲਾਊ ਬਿਆਨਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਜੋ ਅਕਾਲ ਤਖਤ ਸਾਹਿਬ ਦੇ ਨਾਮ ਝੂਠੇ ਜਾਰੀ ਹੋ ਰਹੇ ਹਨ। ਜਥੇਦਾਰ ਜੀ ਨੂੰ ਬੇਨਤੀ ਹੈ ਕਿ ਉਹ ਜਦੋ ਜਦੋਂ ਸਿਧਾਂਤਕ ਫੈਸਲਾ ਕਰਨਗੇ, ਸਿਖ ਪੰਥ ਦੇਸਾਂ ਵਿਦੇਸ਼ਾਂ ਵਿਚ ਉਨ੍ਹਾਂ ਦੀ ਤਾਕਤ ਬਣਕੇ ਖਲੋਏਗਾ, ਜਿਵੇਂ ਨਿਸ਼ਾਨ ਸਾਹਿਬ ਦੇ ਫੈਸਲੇ ਉਪਰ ਸਿਖ ਪੰਥ ਜਥੇਦਾਰ ਨਾਲ ਹੈ।

## ਡੇਰਾ ਸੌਦਾ ਮੁਖੀ ਇਸ ਵਾਰ 21 ਦਿਨਾਂ ਦੀ ਫਰਲੋ 'ਤੇ ਜੇਲ੍ਹ ਤੋਂ ਆਇਆ ਬਾਹਰ

### ✪ ਬਾਗਪਤ ਬਰਨਾਵਾ ਆਸ਼ਰਮ ਵਿੱਚ ਸਮਾਂ ਬਿਤਾਏਗਾ, 10 ਵਾਰ ਜੇਲ੍ਹ ਤੋਂ ਆ ਚੁੱਕਾ ਬਾਹਰ



ਦਿੱਲੀ-ਬੀਤੇ ਦਿਨੀਂ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਅਤੇ ਹੱਤਿਆ ਦੇ ਮਾਮਲੇ ਵਿਚ ਸਜ਼ਾ ਕੱਟ ਰਹੇ ਡੇਰਾ ਮੁਖੀ ਰਾਮ ਰਹੀਮ ਦੀ 21 ਦਿਨਾਂ ਦੀ ਫਰਲੋ ਮਨਜ਼ੂਰ ਹੋ ਗਈ ਸੀ। ਰਾਮ ਰਹੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਯੂਪੀ ਲਈ ਰਵਾਨਾ ਹੋ ਗਿਆ। ਹਰਿਆਣਾ ਸਰਕਾਰ ਨੇ ਰਾਮ ਰਹੀਮ ਨੂੰ ਇਸ ਸ਼ਰਤ 'ਤੇ ਫਰਲੋ ਦਿੱਤੀ ਹੈ ਕਿ ਉਹ ਬਾਗਪਤ ਸਥਿਤ ਬਰਨਾਵਾ ਆਸ਼ਰਮ 'ਚ 21 ਦਿਨਾਂ ਤੱਕ ਰਹੇਗਾ। ਸਜ਼ਾ ਸੁਣਾਏ ਜਾਣ ਤੋਂ ਬਾਅਦ ਰਾਮ ਰਹੀਮ 10 ਵਾਰ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ। ਅਜੇ 2 ਦਿਨ ਪਹਿਲਾਂ ਹੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਕਿਹਾ ਸੀ ਕਿ ਇਸ ਮਾਮਲੇ 'ਚ ਧਿਆਨ ਨਾਲ ਸੋਚ ਕੇ ਹੀ ਫਰਲੋ ਜਾਂ ਪੈਰੋਲ ਦੇਵੇ। ਬੀਤੇ ਦਿਨੀਂ ਸੌਦਾ ਸਾਧ ਰਾਮ ਰਹੀਮ ਨੂੰ ਵੱਡੀ ਰਾਹਤ ਦਿੰਦਿਆਂ ਹਾਈਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਾਇਰ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਸੀ। ਜਿਸ ਵਿੱਚ ਡੇਰਾ ਮੁਖੀ ਨੂੰ ਪੈਰੋਲ ਜਾਂ ਫਰਲੋ 'ਤੇ ਰਿਹਾਅ ਨਾ ਕਰਨ ਦੀਆਂ ਹਦਾਇਤਾਂ ਦੇਣ ਦੀ ਮੰਗ ਕੀਤੀ ਗਈ। ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਰਾਜ ਸਰਕਾਰ ਅਜਿਹੇ ਮੁੱਦਿਆਂ 'ਤੇ ਫੈਸਲੇ ਲੈਣ ਵਿੱਚ ਸਮਰੱਥ ਹੈ।

# ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਜੇਲ੍ਹ 'ਚ ਰਾਜੋਆਣਾ ਨਾਲ ਮੁਲਾਕਾਤ

## ✪ ਕੀ ਮੁਲਾਕਾਤ ਦਾ ਮਕਸਦ ਅਕਾਲੀ ਦਲ ਨੂੰ ਬਚਾਉਣਾ ਹੈ ?




ਪਟਿਆਲਾ-ਕੇਂਦਰੀ ਜੇਲ੍ਹ ਪਟਿਆਲਾ 'ਚ ਸਜ਼ਾਯਾਫ਼ਤਾ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁਲਾਕਾਤ ਕੀਤੀ। ਇਸ ਮੌਕੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਦਰਬਾਰ ਸਾਹਿਬ ਤੋਂ ਲਿਆਂਦੀ ਗਈ ਕੜਾਹ ਪ੍ਰਸ਼ਾਦਿ ਦੀ ਦੇਗ ਅਤੇ ਸਰੋਵਰ ਦਾ ਜਲ ਭੇਟ ਕੀਤਾ ਗਿਆ।

ਉਂਜ ਸਮਝਿਆ ਜਾਂਦਾ ਹੈ ਕਿ ਇਹ ਮੁਲਾਕਾਤ ਰਾਜੋਆਣਾ ਦੀ ਸ਼੍ਰੋਮਣੀ ਕਮੇਟੀ ਨਾਲ ਨਾਰਾਜ਼ਗੀ ਪ੍ਰਤੀ ਹੋ ਸਕਦੀ ਹੈ। ਰਾਜੋਆਣਾ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਕਮੇਟੀ ਨੂੰ ਆਖ਼ ਰਹੇ ਹਨ ਕਿ ਕਮੇਟੀ ਵੱਲੋਂ ਉਨ੍ਹਾਂ ਦੇ ਸੰਬੰਧ ਵਿੱਚ ਸੁਪਰੀਮ ਕੋਰਟ ਵਿੱਚ ਪਾਈ ਅਤੇ ਅਜੇ ਤੱਕ ਲੰਬਿਤ ਚੱਲ ਰਹੀ ਪਟੀਸ਼ਨ ਨੂੰ ਵਾਪਸ ਲੈ ਲੈਣ। ਉਨ੍ਹਾਂ ਨੇ ਇਸ ਸੰਬੰਧ ਵਿੱਚ ਜੇਲ੍ਹ ਅੰਦਰ ਭੁੱਖ ਹੜਤਾਲ ਵੀ ਸ਼ੁਰੂ ਕੀਤੀ ਸੀ ਪਰ ਉਨ੍ਹਾਂ ਨੂੰ ਮਨਾ ਲਿਆ ਗਿਆ ਸੀ ਕਿ ਕਮੇਟੀ ਇਸ ਸੰਬੰਧ ਵਿੱਚ ਲੋੜੀਂਦੀ ਚਾਰਾਜੋਈ ਕਰੇਗੀ ਪਰ ਸਥਿਤੀ ਅਜੇ ਵੀ ਜਿਉਂ ਦੀ ਤਿਉਂ ਹੈ ਅਤੇ ਕੇਂਦਰ ਸਰਕਾਰ ਕੋਈ ਰਾਹਤ ਦੇਣ ਨੂੰ ਤਿਆਰ ਨਹੀਂ ਹੈ।

ਇਸ ਮੁਲਾਕਾਤ ਦਾ ਮਕਸਦ ਭਾਈ ਰਾਜੋਆਣਾ ਨੂੰ ਵਿਸ਼ੇਸ਼ ਸੰਦੇਸ਼ ਦੇਣਾ ਦੱਸਿਆ ਜਾ ਰਿਹਾ ਹੈ। ਇਹ ਵੀ ਚਰਚਾ ਹੈ ਕਿ ਆਉਂਦੇ ਦਿਨਾਂ ਵਿੱਚ ਭਾਈ ਰਾਜੋਆਣਾ ਦੀ ਕੋਈ ਵਿਸ਼ੇਸ਼ ਚਿੱਠੀ ਬਾਹਰ ਆ ਸਕਦੀ ਹੈ, ਜੋ ਖ਼ਾਸ ਕਰ ਕੇ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਤੌਰ 'ਤੇ ਖੜ੍ਹਾ ਕਰਨ ਲਈ ਸਹਾਰਾ ਦੇਣ ਜੋਗੀ ਹੋਵੇ। ਮੁਲਾਕਾਤ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਨੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ। ਐਡਵੋਕੇਟ ਧਾਮੀ ਨੇ ਕਿਹਾ, "ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਕੀਤੀ ਗਈ ਮੁਲਾਕਾਤ ਉਨ੍ਹਾਂ ਦੀ ਸਿਹਤਯਾਬੀ ਜਾਣਨ ਲਈ ਕੀਤੀ ਗਈ ਪਰਿਵਾਰਕ ਮਿਲਣੀ ਸੀ, ਇਸ ਨੂੰ ਹੋਰ ਪੱਖ ਤੋਂ ਨਹੀਂ ਲਿਆ ਜਾਣਾ ਚਾਹੀਦਾ।" ਮੁਲਾਕਾਤ ਤੋਂ ਪਹਿਲਾਂ ਗਿਆਨੀ ਰਘਬੀਰ ਸਿੰਘ ਅਤੇ ਐਡਵੋਕੇਟ ਧਾਮੀ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਮੱਥਾ ਟੇਕਿਆ।

## ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ ਪਿੱਛੇ ਹਰਿਆਣਾ ਸਰਕਾਰ ਦਾ ਸਿਆਸੀ ਏਜੰਡਾ: ਧਾਮੀ

ਭਾਈ ਰਾਜੋਆਣਾ ਨਾਲ ਮੁਲਾਕਾਤ ਕਰਨ ਮਗਰੋਂ ਜੇਲ੍ਹ ਤੋਂ ਬਾਹਰ ਆ ਕੇ ਗੱਲਬਾਤ ਕਰਦਿਆਂ ਹਰਜਿੰਦਰ ਸਿੰਘ ਧਾਮੀ ਨੇ ਕਿਹਾ, "ਰੋਹਤਕ ਜੇਲ੍ਹ 'ਚ ਸੰਗੀਨ ਦੋਸ਼ਾਂ ਤਹਿਤ ਸਜ਼ਾ ਭੁਗਤ ਰਹੇ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ ਪਿੱਛੇ ਹਰਿਆਣਾ ਸਰਕਾਰ ਦਾ ਸਿਆਸੀ ਏਜੰਡਾ ਦਿਖਾਈ ਦੇ ਰਿਹਾ ਹੈ।" ਉਨ੍ਹਾਂ ਕਿਹਾ ਕਿ ਰਾਮ ਰਹੀਮ ਨੂੰ ਦਿੱਤੀ ਜਾ ਰਹੀ ਪੈਰੋਲ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਿੱਖ ਸੰਗਤ ਆਪਣਾ ਸਖ਼ਤ ਇਤਰਾਜ਼ ਦਰਜ ਕਰ ਰਹੀ ਹੈ ਪਰ ਹਰਿਆਣਾ ਸਰਕਾਰ ਕਾਨੂੰਨ 'ਚ ਤਰਮੀਮ ਲਿਆ ਕੇ ਰਾਮ ਰਹੀਮ ਨੂੰ ਪੈਰੋਲ ਦੁਆ ਰਹੀ ਹੈ ਅਜਿਹਾ ਕਦਮ ਮੰਦਭਾਗਾ ਵਰਤਾਰਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਜੇਲ੍ਹਾਂ 'ਚ ਨਜ਼ਰਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਲੈ ਕੇ ਸਰਕਾਰਾਂ ਦੋਹਰੇ ਮਾਪਦੰਡ ਅਪਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਪੰਥਕ ਮਸਲਿਆਂ ਨੂੰ ਲੈ ਕੇ ਕਮੇਟੀ ਦਾ ਇਕ ਵਫ਼ਦ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਨਾ ਚਾਹੁੰਦਾ ਹੈ ਪਰ ਵਾਰ-ਵਾਰ ਭੇਜੇ ਜਾ ਰਹੇ ਚਿੱਠੀ ਪੱਤਰਾਂ ਦਾ ਕੋਈ ਜਵਾਬ ਨਾ ਆਉਣਾ ਮੰਦਭਾਗਾ ਹੈ।

# ਇਜਰਾਈਲ-ਇਰਾਨ ਅਤੇ ਰੂਸ -ਯੂਕਰੇਨ ਦੇ ਤਣਾਅ ਕਾਰਣ ਵਿਸ਼ਵ ਜੰਗ ਦੇ ਬੱਦਲ ਮੰਡਰਾਉਣ ਲੱਗੇ

**✪ ਇਜ਼ਰਾਈਲ ਅਤੇ ਇਰਾਨ ਵਿਚਕਾਰ ਜੰਗ ਦੀ ਆਹਟ, ਅਮਰੀਕਾ ਨੇ ਵੀ ਖਿੱਚੀ ਤਿਆਰੀ ✪ ਅਮਰੀਕਾ ਮਿਡਲ ਈਸਟ ਵਿੱਚ ਤੇਜ਼ੀ ਨਾਲ ਭੇਜ ਰਿਹਾ ਹੈ ਹਥਿਆਰ ✪ ਯੂਕਰੇਨ ਦੇ ਹਮਲਿਆਂ ਤੋਂ ਪਰੇਸ਼ਾਨ ਰੂਸ ਨੇ ਤਿਖੇ ਹਮਲਿਆਂ ਦੀ ਚੇਤਾਵਨੀ ਦਿਤੀ**



ਵਸ਼ਿੰਗਟਨ-ਇਜਰਾਈਲ-ਇਰਾਨ ਅਤੇ ਰੂਸ-ਯੂਕਰੇਨ ਦੇ ਤਣਾਅ ਕਾਰਣ ਵਿਸ਼ਵ ਜੰਗ ਦੇ ਬੱਦਲ ਮੰਡਰਾਉਣ ਲਗੇ ਹਨ। ਅਸਲ ਵਿਚ ਇਹ ਭੇੜ ਅਮਰੀਕਾ ਬਨਾਮ ਰੂਸ- ਚੀਨ ਵਿਚਾਲੇ ਸੰਸਾਰ ਦੀ ਸੁਪਰ ਤਾਕਤ ਬਣਨ ਦਾ ਭੇੜ ਹੈ। ਇਹ ਕਦਮ ਵਿਸ਼ਵ ਜੰਗ ਵਲ ਵਧ ਰਹੇ ਹਨ।

ਇਜ਼ਰਾਈਲ ਅਤੇ ਇਰਾਨ ਵਿਚਕਾਰ ਜੰਗ ਦੀ ਆਹਟ ਦੇ ਵਿਚਾਲੇ ਅਮਰੀਕਾ ਨੇ ਵੀ ਤਿਆਰੀ ਖਿੱਚ ਲਈ ਹੈ। ਅਮਰੀਕਾ ਮਿਡਲ ਈਸਟ ਵਿੱਚ ਤੇਜ਼ੀ ਨਾਲ ਹਥਿਆਰ ਭੇਜ ਰਿਹਾ ਹੈ। ਇਜ਼ਰਾਈਲ ਨੇ ਸੰਕੇਤ ਦਿੱਤਾ ਹੈ ਕਿ ਉਹ ਇਰਾਨ ਨੂੰ ਬਖਸ਼ਣ ਵਾਲਾ ਨਹੀਂ ਹੈ। ਇਜ਼ਰਾਈਲ ਦੇ ਇਰਾਨ ਨੂੰ ਸਬਕ ਸਿਖਾਉਣ ਦੇ ਇਰਾਦੇ ਵਿੱਚ ਅਮਰੀਕਾ ਵੀ ਸਾਥ ਦੇ ਰਿਹਾ ਹੈ।

ਅਮਰੀਕਾ ਨੇ ਇੱਕ ਗਾਈਡਿਡ ਮਿਸਾਈਲ ਪਨਡੁੱਬੀ ਮਿਡਲ ਈਸਟ ਭੇਜੀ ਹੈ ਅਤੇ ਇੱਕ ਇੱਕ ਏਅਰਕ੍ਰਾਫਟ ਕੈਰੀਅਰ ਸਟ੍ਰਾਈਕ ਗਰੁੱਪ ਦੀ ਤੈਨਾਤੀ ਨੂੰ ਤੇਜ਼ ਕਰ ਰਿਹਾ ਹੈ।

### ਇਰਾਨ ਨੂੰ ਘੇਰਨ ਵਿੱਚ ਲੱਗੇ ਅਮਰੀਕਾ-ਇਜ਼ਰਾਈਲ

ਹਮਾਸ ਅਤੇ ਹਿਜ਼ਬੁੱਲਾਹ ਦੇ ਮੈਂਬਰਾਂ ਦੀ ਹੱਤਿਆ ਦੇ ਬਾਅਦ ਇਜ਼ਰਾਈਲ ਨੇ ਇਰਾਨ ਅਤੇ ਉਸਦੇ ਸਮਰਥਕਾਂ ਨੂੰ ਚੁਣੌਤੀ ਦਿੱਤੀ ਹੈ। ਇਸ ਦੌਰਾਨ, ਪੈਂਟਾਗਨ ਨੇ ਪੁਸ਼ਟੀ ਕੀਤੀ ਸੀ ਕਿ ਡਿਫੈਂਸ ਸਕਰੇਟਰੀ ਲੌਇਡ ਆਸਟਿਨ ਨੇ ਯੂਐਸਐੱਸ ਜਾਰਜੀਆ ਗਾਈਡਿਡ ਮਿਸਾਈਲ ਪਨਡੁੱਬੀ ਨੂੰ ਖੇਤਰ ਵਿੱਚ ਭੇਜਣ ਦਾ ਹੁਕਮ ਦਿੱਤਾ ਹੈ। ਉਨ੍ਹਾਂ ਨੇ ਯੂਐਸਐੱਸ ਐਬ੍ਰਾਹਮ ਲਿੰਕਨ ਕੈਰੀਅਰ ਸਟ੍ਰਾਈਕ ਗਰੁੱਪ, ਜੋ ਕਿ ਫ-35ਛ ਲੜਾਕੂ ਜੈੱਟ ਨਾਲ ਲੈਸ ਹੈ, ਨੂੰ ਖੇਤਰ ਵਿੱਚ ਤੇਜ਼ੀ ਨਾਲ ਪਹੁੰਚਣ ਦਾ ਹੁਕਮ ਦਿੱਤਾ ਹੈ।

### ਅਮਰੀਕਾ-ਇਜ਼ਰਾਈਲ ਦੀ ਗੱਲਬਾਤ

ਇਹ ਹੁਕਮ ਅਤੇ ਪਨਡੁੱਬੀ ਦੀ ਤੈਨਾਤੀ ਦਾ ਜਨਤਕ ਐਲਾਨ ਬਹੁਤ ਹੀ ਹੈਰਾਨ ਕਰਨ ਵਾਲਾ ਹੈ। ਪੈਂਟਾਗਨ ਦੀ ਇੱਕ ਰਿਪੋਰਟ ਦੇ ਅਨੁਸਾਰ, ਆਸਟਿਨ ਨੇ ਆਪਣੇ ਇਜ਼ਰਾਈਲੀ ਸਹਿਯੋਗੀ ਯੋਵ ਗੈਲੈਂਟ ਨਾਲ ਇੱਕ ਕਾਲ ਵਿੱਚ ਵਾਸ਼ਿੰਗਟਨ ਦੀ ਆਪਣੇ ਸਹਿਯੋਗੀ ਦੀ ਰੱਖਿਆ ਲਈ ਹਰ ਸੰਭਵ ਕਦਮ ਚੁੱਕਣ ਦਾ ਵਾਅਦਾ ਦੋਹਰਾਇਆ। ਇਸ ਗੱਲਬਾਤ ਵਿੱਚ, ਗੈਲੈਂਟ ਨੇ ਇਰਾਨ ਅਤੇ ਉਸਦੇ ਖੇਤਰੀ ਸਮਰਥਕਾਂ ਵੱਲੋਂ ਉਭਰ ਰਹੇ ਖਤਰਿਆਂ ਦੇ ਸਾਹਮਣੇ ਇਜ਼ਰਾਈਲ ਡੀਫੈਂਸ ਫੋਰਸਦੀ ਤਿਆਰੀ ਅਤੇ ਸਮਰਥਾਵਾਂ ਦਾ ਵਿਸਤਾਰ ਨਾਲ ਵੇਰਵਾ ਦਿੱਤਾ। ਖੇਤਰ ਵਿੱਚ ਤੈਨਾਤ ਅਮਰੀਕੀ ਫੌਜੀ ਸਮਰਥਾਵਾਂ ਦੀ ਵਿਆਪਕ ਰੇਂਜ ਨਾਲ ਸੰਯੁਕਤ ਸੰਚਾਲਨ ਉੱਤੇ ਗੱਲਬਾਤ ਕੀਤੀ ਗਈ।

### ਇਰਾਨ ਨੇ ਵੀ ਦਿੱਤੀ ਹੈ ਧਮਕੀ

ਇਹ ਕਦਮ ਉਸ ਵੇਲੇ ਚੁੱਕੇ ਗਏ ਜਦੋਂ ਇਹ ਡਰ ਵਧ ਗਿਆ ਕਿ ਇਰਾਨ ਜਲਦੀ ਹੀ ਹਮਾਸ ਦੇ ਸਿਆਸੀ ਨੇਤਾ ਇਸਮਾਈਲ ਹਨਿਆ ਦੀ ਹੱਤਿਆ ਦਾ ਜਵਾਬ ਦੇ ਸਕਦਾ ਹੈ, ਜਿਸਨੂੰ ਪਿਛਲੇ ਮਹੀਨੇ ਤੇਹਰਾਨ ਵਿੱਚ ਮਾਰ ਦਿੱਤਾ ਗਿਆ ਸੀ। ਹਨਿਆ ਇਰਾਨੀ ਰਾਸ਼ਟਰਪਤੀ ਮਸੂਦ ਮਸੂਦ ਪੇਜ਼ੇਸ਼ਕੀਅਨ ਦੇ ਉਦਘਾਟਨ ਸਮਾਰੋਹ ਵਿੱਚ ਹਿੱਸਾ ਲੈਣ ਤੋਂ ਬਾਅਦ ਮਾਰਿਆ ਗਿਆ ਸੀ। ਇਰਾਨ ਅਤੇ ਹਮਾਸ ਦੋਹਾਂ ਨੇ ਹੱਤਿਆ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

### ਹਨਿਆ ਦੀ ਹਤਿਆ ਦਾ ਬਦਲਾ ਲੈਣ ਦੀ ਕਸਮ

ਇਰਾਨ ਦੇ ਸਰਵਉੱਚ ਲੀਡਰ ਆਯਤੁੱਲਾਹ ਅਲੀ ਖਾਮਨੇਈ ਨੇ ਹਨਿਆ ਦੀ ਹੱਤਿਆ ਲਈ ''ਕਠੋਰ ਸਜ਼ਾ'' ਦੇਣ ਦੀ ਕਸਮ ਖਾਧੀ ਹੈ। ਜਿਸ ਦੇ ਬਾਅਦ, ਹਮਾਸ ਦੇ 7 ਅਕਤੂਬਰ ਦੇ ਆਤਮਘਾਤੀ ਹਮਲੇ ਦੇ ਕਥਿਤ ਮਾਸਟਰਮਾਈਂਡ ਯਾਹਿਆ ਸਿਨਵਾਰ ਨੂੰ ਸਮੂਹ ਦਾ ਸਿਆਸੀ ਨੇਤਾ ਨਿਯੁਕਤ ਕੀਤਾ ਗਿਆ। ਪਰ, ਇਹ ਸਪਸ਼ਟ ਨਹੀਂ ਹੈ ਕਿ ਇਰਾਨ ਕਿਸ ਤਰ੍ਹਾਂ ਨਾਲ ਜਵਾਬ ਦੇਵੇਗਾ। ਇਰਾਨ-ਸਮਰਥਿਤ ਲੇਬਨਾਨੀ ਖਾੜਕੂ ਸਮੂਹ ਹਿਜ਼ਬੁੱਲਾਹ ਨੇ ਵੀ ਬੇਰੂਤ ਵਿੱਚ ਸੀਨੀਅਰ ਕਮਾਂਡਰ ਫੁਆਦ ਸ਼ੁੱਕਰ ਦੀ ਹਤਿਆ ਦੇ ਬਦਲੇ ਦੀ ਕਸਮ ਖਾਧੀ ਹੈ, ਜੋ ਹਨਿਆ ਦੀ ਹੱਤਿਆ ਤੋਂ ਕੁਝ ਘੰਟੇ ਪਹਿਲਾਂ ਹੋਈ ਸੀ।

### ਇਨ੍ਹਾਂ ਪੁਆਇੰਟਾਂ ਵਿੱਚ ਸਮਝੋ ਕੀ ਕੁਝ ਹੋ ਸਕਦਾ

ਹਮਾਸ ਅਤੇ ਹਿਜ਼ਬੁੱਲਾਹ ਦੇ ਨੇਤਾਵਾਂ ਦੀਆਂ ਹੱਤਿਆਵਾਂ ਦੇ ਬਾਅਦ, ਇਜ਼ਰਾਈਲ ਇਰਾਨ ਅਤੇ ਉਸਦੇ ਸਮਰਥਕਾਂ ਤੋਂ ਸੰਭਾਵਿਤ ਹਮਲਿਆਂ ਲਈ ਉੱਚ ਚੌਕਸੀ 'ਤੇ ਹੈ।

ਅਮਰੀਕਾ ਇੱਕ ਗਾਈਡਿਡ ਮਿਸਾਈਲ ਪਨਡੁੱਬੀ ਨੂੰ ਤੈਨਾਤ ਕਰ ਰਿਹਾ ਹੈ ਅਤੇ ਇਜ਼ਰਾਈਲ ਦੇ ਸਹਿਯੋਗ ਵਿੱਚ ਇੱਕ ਵਿਦੇਸ਼ੀ ਪੋਤ ਸਟ੍ਰਾਈਕ ਗਰੁੱਪ ਦੀ ਤੈਨਾਤੀ ਨੂੰ ਤੇਜ਼ੀ ਨਾਲ ਅੱਗੇ ਵਧਾ ਰਿਹਾ ਹੈ।

ਇਰਾਨ ਨੇ ਹਮਾਸ ਦੇ ਨੇਤਾ ਦੀ ਹਤਿਆ ਲਈ ''ਸਖ਼ਤ ਸਜ਼ਾ'' ਦੇਣ ਦੀ ਕਸਮ ਖਾਧੀ ਹੈ ਅਤੇ ਫੌਜੀ ਅਭਿਆਸ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਖੇਤਰੀ ਸੰਘਰਸ਼ ਦੀ ਸੰਭਾਵਨਾ ਬਾਰੇ ਚਿੰਤਾ ਵਧ ਗਈ ਹੈ।

ਵਧਦੇ ਤਣਾਅ ਵਿਚਾਲੇ ਅਮਰੀਕਾ ਵੀ ਇਜ਼ਰਾਈਲ ਅਤੇ ਹਮਾਸ ਦੇ ਵਿਚਕਾਰ ਜੰਗ ਰੁਕਣ ਤੱਕ ਪਹੁੰਚਣ ਅਤੇ ਬੰਧਕਾਂ ਦੀ ਰਿਹਾਈ ਯਕੀਨੀ ਬਣਾਉਣ ਦੀ ਅਪੀਲ ਕਰ ਰਿਹਾ ਹੈ। ਗਾਜ਼ਾ ਵਿੱਚ ਇੱਕ ਸਕੂਲ 'ਤੇ ਹਾਲ ਹੀ ਵਿੱਚ ਹੋਏ ਇਜ਼ਰਾਈਲੀ ਹਮਲੇ ਵਿੱਚ ਨਾਗਰਿਕਾਂ ਦੇ ਮਾਰੇ ਜਾਣ 'ਤੇ ਡੂੰਘੀ ਚਿੰਤਾ ਵੀ ਪ੍ਰਗਟ ਕੀਤੀ।

### ਯੂਕ੍ਰੇਨ ਦੇ ਹਮਲਿਆਂ ਤੋਂ ਪਰੇਸ਼ਾਨ ਪੁਤਿਨ

ਰੂਸ ਦੁਆਰਾ ਯੂਕਰੇਨ ਦੇ ਕੁਰਸਕ ਖੇਤਰ 'ਤੇ ਕਬਜ਼ੇ ਤੋਂ ਬਾਅਦ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਗੁੱਸੇ ਵਿਚ ਹਨ। ਇਹ ਖਦਸ਼ਾ ਹੈ ਕਿ ਉਹ ਯੂਕਰੇਨ 'ਤੇ ਵੱਡੇ ਜਵਾਬੀ ਹਮਲੇ ਕਰ ਸਕਦੇ ਹਨ। ਯੂਕਰੇਨ ਨੇ ਕੁਰਸਕ ਨਾਮਕ ਰੂਸ ਦੇ ਇੱਕ ਮਹੱਤਵਪੂਰਨ ਖੇਤਰ 'ਤੇ ਹਮਲਾ ਕੀਤਾ ਅਤੇ ਲਗਭਗ 95 ਵਰਗ ਮੀਲ ਦੇ ਖੇਤਰ 'ਤੇ ਕਬਜ਼ਾ ਕਰ ਲਿਆ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ।

ਬੀਤੇ ਦਿਨੀਂ ਯੂਕਰੇਨੀ ਫੌਜ ਨੇ ਇੱਕ ਵੀਡੀਓ ਜਾਰੀ ਕੀਤਾ ਸੀ ਜਿਸਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਰੂਸ 'ਚ ਕੁਰਸਕ ਨਾਮਕ ਇੱਕ ਮਹੱਤਵਪੂਰਨ ਖੇਤਰ ਤੇ ਯੂਰਪ ਨੂੰ ਸਪਲਾਈ ਕਰਨ ਵਾਲੇ ਇੱਕ ਗੈਸ ਪਲਾਂਟ 'ਤੇ ਕਬਜ਼ਾ ਕਰ ਲਿਆ ਹੈ। ਯੂਕਰੇਨ ਦੇ ਇਸ ਹਮਲੇ ਦੇ ਜਵਾਬ ਵਿੱਚ ਪੁਤਿਨ ਦੀ ਪ੍ਰਤੀਕਿਰਿਆ ਆਈ ਹੈ, ਪੁਤਿਨ ਨੇ ਇਸ ਹਮਲੇ ਦਾ ਜਵਾਬ ਦੇਣ ਲਈ 'ਸਖਤ ਕਦਮ' ਚੁੱਕਣ ਦੀ ਗੱਲ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਯੂਕਰੇਨ ਨੇ ਰੂਸ ਦੀਆਂ ਸਰਹੱਦਾਂ ਪਾਰ ਕਰ ਲਈਆਂ ਹਨ ਅਤੇ ਸਖ਼ਤ ਜਵਾਬੀ ਕਾਰਵਾਈ ਕੀਤੀ ਜਾਵੇਗੀ।

ਯੂਕਰੇਨ ਦੇ ਇੱਕ ਸੀਨੀਅਰ ਰੱਖਿਆ ਅਧਿਕਾਰੀ ਨੇ ਕਿਹਾ ਕਿ ਰੂਸ ਬਹੁਤ ਵੱਡਾ ਤੇ ਸਖ਼ਤ ਜਵਾਬ ਦੇ ਸਕਦਾ ਹੈ। ਉਸ ਦਾ ਮੰਨਣਾ ਹੈ ਕਿ ਅਜਿਹਾ ਕਰ ਕੇ ਰੂਸ ਦੁਨੀਆ ਨੂੰ ਦਿਖਾਉਣਾ ਚਾਹੁੰਦਾ ਹੈ ਕਿ ਉਹ ਤਾਕਤਵਰ ਹੈ ਤੇ ਅਜਿਹੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਪੁਤਿਨ ਦੀ ਧਮਕੀ ਅਤੇ ਰੂਸ ਦੀ ਸੰਭਾਵਿਤ ਜਵਾਬੀ ਕਾਰਵਾਈ ਨੇ ਕੌਮਾਂਤਰੀ ਭਾਈਚਾਰੇ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਸਾਰੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਰੂਸ ਕੀ ਪ੍ਰਤੀਕਿਰਿਆ ਕਰੇਗਾ ਅਤੇ ਸਥਿਤੀ ਕਿੰਨੀ ਗੰਭੀਰ ਹੋ ਸਕਦੀ ਹੈ।

ਰਿਪੋਰਟਾਂ ਦੇ ਅਨੁਸਾਰ, ਸੁਦਜ਼ਾ ਕਸਬੇ ਨੂੰ 7 ਅਗਸਤ ਤੱਕ ਯੂਕਰੇਨੀ ਫੌਜਾਂ ਦੁਆਰਾ ਘੇਰ ਲਿਆ ਗਿਆ ਸੀ ਤੇ ਇਸ ਤੋਂ ਬਾਅਦ ਰੂਸੀ ਸੈਨਿਕਾਂ ਨੇ ਆਤਮ ਸਮਰਪਣ ਕੀਤਾ ਸੀ। ਇਸ ਹਮਲੇ ਨੂੰ ਰੂਸੀ ਫੌਜ ਨੂੰ ਹੋਰ ਖੇਤਰਾਂ 'ਚ ਕਮਜ਼ੋਰ ਕਰਨ ਦੀ ਰਣਨੀਤਕ ਕੋਸ਼ਿਸ਼ ਮੰਨਿਆ ਜਾ ਰਿਹਾ ਹੈ, ਇਸ ਘਟਨਾ ਤੋਂ ਬਾਅਦ ਰੂਸ ਨੇ ਇਸ ਖੇਤਰ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ ਅਤੇ 3000 ਤੋਂ ਵੱਧ ਨਾਗਰਿਕਾਂ ਨੂੰ ਬਾਹਰ ਕੱਢਿਆ ਗਿਆ ਹੈ। ਰੂਸੀ ਫੌਜ ਹੁਣ ਯੂਕਰੇਨ ਦੇ ਸੈਨਿਕਾਂ ਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅਜੇ ਤੱਕ ਉਹ ਸਫਲ ਨਹੀਂ ਹੋ ਸਕੀ ਹੈ।



# ਵਿਨੇਸ਼ ਫੋਗਾਟ ਦੀ ਅਪੀਲ 'ਤੇ ਸਾਲਸੀ ਅਦਾਲਤ ਦਾ ਫ਼ੈਸਲਾ 16 ਅਗਸਤ ਤਕ ਟਲਿਆ

**ਕਵਰ ਸਟੋਰੀ** ○ ਕੀ ਵਿਨੇਸ਼ ਉਲੰਪਿਕ ਜੰਗ ਵਿਚ ਹਾਰੀ ਜਾਂ ਹਰਾਈ ਗਈ? ○ ਪਿੰਡ ਵਾਲਿਆਂ, ਲੋਕਾਂ ਤੇ ਵਿਰੋਧੀ ਪਾਰਟੀਆਂ ਨੇ ਖੜੇ ਕੀਤੇ ਸੁਆਲ

ਖੇਡਾਂ ਬਾਰੇ ਸਾਲਸੀ ਅਦਾਲਤ (ਸੀਏਐੱਸ) ਦੀ ਐਡਹਾਕ ਡਿਵੀਜ਼ਨ ਨੇ ਭਾਰਤੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਵੱਲੋਂ ਦਾਇਰ ਅਪੀਲ 'ਤੇ ਆਪਣਾ ਫ਼ੈਸਲਾ ਇਕ ਵਾਰ ਫਿਰ ਮੁਲਤਵੀ ਕਰ ਦਿੱਤਾ ਹੈ। ਅਦਾਲਤ ਹੁਣ 16 ਅਗਸਤ ਨੂੰ ਭਾਰਤੀ ਸਮੇਂ ਅਨੁਸਾਰ ਰਾਤੀਂ 9:30 ਵਜੇ ਫ਼ੈਸਲਾ ਸੁਣਾਏਗੀ। ਵਿਨੇਸ਼ ਨੇ ਓਲੰਪਿਕ ਫਾਈਨਲਜ਼ ਤੋਂ ਪਹਿਲਾਂ ਅਯੋਗ ਠਹਿਰਾਏ ਜਾਣ ਦੇ ਫ਼ੈਸਲੇ ਨੂੰ ਸਾਲਸੀ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਵਿਨੇਸ਼ ਨੂੰ ਪਿਛਲੇ ਹਫ਼ਤੇ ਬੁੱਧਵਾਰ ਨੂੰ ਵਜ਼ਨ ਤੋਲਣ ਮੌਕੇ 100 ਗ੍ਰਾਮ ਭਾਰ ਵੱਧ ਹੋਣ ਕਰਕੇ ਮਹਿਲਾਵਾਂ ਦੇ 50 ਕਿਲੋਗ੍ਰਾਮ ਫ੍ਰੀਸਟਾਈਲ ਦੇ ਫਾਈਨਲ ਲਈ ਅਯੋਗ ਐਲਾਨ ਦਿੱਤਾ ਗਿਆ ਸੀ। ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਇਕ ਬਿਆਨ ਵਿਚ ਕਿਹਾ, "ਸੀਏਐੱਸ ਐਡਹਾਕ ਡਿਵੀਜ਼ਨ ਦੇ ਪ੍ਰਧਾਨ ਨੇ ਵਿਨੇਸ਼ ਫੋਗਾਟ ਬਨਾਮ ਯੂਨਾਈਟਿਡ ਵਰਲਡ ਰੈਸਲਿੰਗ ਤੇ ਕੌਮਾਂਤਰੀ ਓਲੰਪਿਕ ਕਮੇਟੀ ਕੇਸ ਵਿਚ ਸਾਲਸ ਡਾ. ਅਨਾਬੇਲ ਬੈਨੇਟ ਨੂੰ ਸੁਣਵਾਈ 16 ਅਗਸਤ 2024 ਸ਼ਾਮੀਂ 6 ਵਜੇ (ਪੈਰਿਸ ਦਾ ਸਥਾਨਕ ਸਮਾਂ) ਤੱਕ ਮੁਲਤਵੀ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।" ਵਿਨੇਸ਼ ਨੇ ਆਪਣੀ ਅਪੀਲ ਵਿਚ ਮੰਗ ਕੀਤੀ ਸੀ ਕਿ ਉਸ ਨੂੰ ਕਿਊਬਾ ਦੀ ਪਹਿਲਵਾਨ ਵਾਈ. ਗੁਜ਼ਮੈਨ ਲੋਪੇਜ਼ ਨਾਲ ਸਾਂਝੇ ਤੌਰ 'ਤੇ ਚਾਂਦੀ ਦਾ ਤਗ਼ਮਾ ਦਿੱਤਾ ਜਾਵੇ। ਵਿਨੇਸ਼ ਨੂੰ ਅਯੋਗ ਐਲਾਨੇ ਜਾਣ ਮਗਰੋਂ ਗੁਜ਼ਮੈਨ ਨੇ ਉਸ ਦੀ ਥਾਂ ਫਾਈਨਲ ਮੁਕਾਬਲਾ ਖੇਡਿਆ ਸੀ।



## ਵਿਨੇਸ਼ ਕਾਰਨ ਪੰਜਾਬ ਤੇ ਹਰਿਆਣਾ ਦੇ ਲੋਕ ਦੁਖੀ

ਵਿਨੇਸ਼ ਫੋਗਾਟ ਕਾਰਣ ਉਲੰਪੀਅਨ ਖੇਡ ਸੰਸਾਰ ਵਿਚ ਸੋਕੇ ਮਾਰੇ ਇਸ ਮੁਲਕ ਭਾਰਤ ਦੇ ਹੱਥ ਵਿੱਚ ਸੋਨ ਤਗ਼ਮਾ ਆਉਂਦਾ-ਆਉਂਦਾ ਰਹਿ ਗਿਆ ਹੈ। ਇਸ ਕਾਰਣ ਹਰਿਆਣੇ ਤੇ ਪੰਜਾਬ ਦੇ ਲੋਕ ਨਿਰਾਸ਼ ਹਨ। ਵਿਨੇਸ਼ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਬੀਤੇ ਦਿਨੀਂ ਜਾਣਕਾਰੀ ਦਿੱਤੀ ਹੈ ਕਿ ਉਹ ਖੇਡਾਂ ਤੋਂ ਸੰਨਿਆਸ ਲੈ ਰਹੀ ਹੈ। ਵਿਨੇਸ਼ ਨੇ ਲਿਖਿਆ, "ਮਾਂ, ਕੁਸ਼ਤੀ ਮੇਰੇ ਤੋਂ ਜਿੱਤ ਗਈ, ਪਰ ਮੈਂ ਹਾਰ ਗਈ। ਮਾਫ ਕਰਨਾ, ਤੁਹਾਡਾ ਸੁਪਨਾ, ਮੇਰਾ ਹੌਂਸਲਾ, ਸਭ ਟੁੱਟ ਗਿਆ। ਮੇਰੇ ਕੋਲ ਹੁਣ ਇਸ ਤੋਂ ਵੱਧ ਤਾਕਤ ਨਹੀਂ ਰਹੀ। ਅਲਵਿਦਾ ਕੁਸ਼ਤੀ 2001-2024 ਮੈਂ ਹਮੇਸ਼ਾ ਤੁਹਾਡੇ ਸਾਰਿਆਂ ਦੀ ਰਿਣੀ ਰਹਾਂਗੀ। ਮੁਆਫ਼ੀ।"

ਵਿਨੇਸ਼ ਪੈਰਿਸ ਓਲੰਪਿਕਸ ਵਿੱਚ ਅਜੇਤੂ ਰਹੀ ਤੇ ਭਾਰਤ ਦੇ ਆਮ ਲੋਕਾਂ ਦੇ ਮਨ ਵਿਚ ਵੀ। ਲੋਕਾਂ ਨੂੰ ਵਿਸ਼ਵਾਸ ਹੈ ਕਿ ਉਹ ਆਪਣਾ ਸਿਰ ਮਾਣ ਨਾਲ ਚੁੱਕ ਕੇ ਵਾਪਸ ਆਵੇਗੀ,ਖੇਡਾਂ ਵਿਚ ਦੁਬਾਰਾ ਪਰਤੇਗੀ, ਨਵਾਂ ਇਤਿਹਾਸ ਰਚੇਗੀ, ਭਾਵੇਂ ਕਿ ਉਸਨੇ ਖੇਡਾਂ ਵਿਚ ਸੰਨਿਆਸ ਲੈਣ ਦਾ ਐਲਾਨ ਕਰ ਦਿਤਾ ਹੈ।

## ਵਿਨੇਸ਼ ਵਿਰੁਧ ਭਗਵੇਂਵਾਦੀਆਂ ਦੀ ਆਰਮੀ ਸ਼ੋਸ਼ਲ ਮੀਡੀਆ ਉਪਰ ਸਰਗਰਮ

ਭਗਵੇਂਵਾਦੀਆਂ ਦੀ ਟਰੋਲ ਆਰਮੀ ਵਿਨੇਸ਼ ਵਿਰੁੱਧ ਸਰਗਰਮ ਹੈ। ਹਰਿਆਣੇ ਦੀ ਧੀ ਨੂੰ ਟਰੋਲ ਕਰ ਰਹੀ ਹੈ। ਉਸ ਦੇ ਮੁਕਾਬਲੇ ਤੋਂ ਬਾਹਰ ਹੋਣ ਤੋਂ ਬਾਅਦ ਖੁਸ਼ੀਆਂ ਮਨਾ ਰਹੀ ਹੈ। ਸੋਸ਼ਲ ਮੀਡੀਆ 'ਤੇ ਵਿਨੇਸ਼ ਫੋਗਾਟ ਖਿਲਾਫ ਨਫਰਤ ਭਰੀਆਂ ਟਿੱਪਣੀਆਂ ਦੀ ਕੋਈ ਕਮੀ ਨਹੀਂ ਹੈ। ਫਿਰਕੂਆਂ ਦੇ ਵਿਚਾਰਾਂ ਨੂੰ ਦੇਖ ਕੇ ਅਜਿਹਾ ਲੱਗਦਾ ਕਿ ਘੱਟ ਗਿਣਤੀ ਕੌਮਾਂ ਬੈਕਵਰਡ, ਦਲਿਤ, ਕਿਰਤੀ ਜਮਾਤ ਨਾਲ ਜੁੜੇ ਖਿਡਾਰੀ ਹਮੇਸ਼ਾ ਇਹਨਾਂ ਦੇ ਸ਼ਿਕਾਰ ਹੁੰਦੇ ਹਨ। ਸਿਖ ਖਿਡਾਰੀਆਂ ਨੂੰ ਖਾਲਸਤਾਨ ਨੂੰ ਗਾਲ ਬਣਾਕੇ ਜ਼ਲੀਲ ਕੀਤਾ ਜਾ ਚੁਕਾ ਹੈ। ਵਿਨੇਸ਼ ਫੋਗਾਟ ਮਾਮਲੇ 'ਤੇ ਭਾਜਪਾ ਦੇ ਕਿਸੇ ਨੇਤਾ ਨੇ ਖੁੱਲ੍ਹ ਕੇ ਗੱਲ ਕੀਤੀ ਹੈ ਤਾਂ ਉਹ ਹੈ ਸਾਬਕਾ ਮੁੱਕੇਬਾਜ਼ ਵਿਜੇਂਦਰ ਸਿੰਘ। ਉਸ ਨੇ ਸਪੱਸ਼ਟ ਕਿਹਾ ਹੈ ਕਿ ਉਸ ਨੂੰ ਇਸ ਵਿਚ ਕਿਸੇ ਸਾਜ਼ਿਸ਼ ਦੀ ਬਦਬੂ ਆ ਰਹੀ ਹੈ ਅਤੇ ਜੇਕਰ ਵਿਨੇਸ਼ ਨੂੰ ਉਸ ਦਾ ਬਣਦਾ ਹੱਕ ਨਹੀਂ ਮਿਲਦਾ ਤਾਂ ਭਾਰਤੀ ਟੀਮ ਨੂੰ ਬਿਨਾਂ ਕੋਈ ਸਮਾਂ ਬਰਬਾਦ ਕੀਤੇ ਪੈਰਿਸ ਓਲੰਪਿਕ ਦਾ ਬਾਈਕਾਟ ਕਰਨਾ ਚਾਹੀਦਾ ਸੀ ਕਿਉਂਕਿ ਸਾਡੇ ਕੋਲ ਪ੍ਰਾਪਤ ਕਰਨ ਲਈ ਕੁਝ ਖਾਸ ਨਹੀਂ ਹੈ।

## ਕੀ ਵਾਪਰਿਆ ਵਿਨੇਸ਼ ਫੋਗਾਟ ਨਾਲ

ਵਿਨੇਸ਼ ਫੋਗਾਟ ਨੇ ਜਿਵੇਂ ਇੱਕੋ ਦਿਨ ਵਿੱਚ ਤਿੰਨ ਮੁਕਾਬਲੇ ਜਿੱਤ ਕੇ ਖ਼ਾਸਕਰ ਮੌਜੂਦਾ ਚੈਂਪੀਅਨ ਯੁਈ ਸੁਸਾਕੀ ਨੂੰ ਹਰਾਉਣ ਉਪਰੰਤ ਸੈਮੀਫਾਈਨਲ ਵਿੱਚ ਆਪਣੀ ਜਿੱਤ ਤੋਂ ਬਾਅਦ ਵਿਨੇਸ਼ ਨੂੰ ਪਲ ਦਾ ਵੀ ਆਰਾਮ ਨਹੀਂ ਮਿਲ ਸਕਿਆ। ਉਸ ਨੇ ਅਤੇ ਉਸ ਦੇ ਸਹਾਇਕ ਸਟਾਫ ਨੇ ਫ਼ੈਸਲਾਕੁਨ ਪਲ ਲਈ ਉਸ ਦਾ ਸਹੀ ਵਜ਼ਨ ਬਣਾਉਣ ਲਈ ਬਹੁਤ ਔਖੀ ਲੜਾਈ ਲੜੀ। ਸਾਰੀ ਰਾਤ ਉਹ ਸੌਂ ਨਾ ਸਕੀ ਅਤੇ ਭੁੱਖ ਨਾਲ ਲੜਦੀ ਰਹੀ ਪਰ ਅਖ਼ੀਰ ਨੂੰ ਉਹ ਹਾਰ ਗਈ।

ਵਿਨੇਸ਼ ਫੋਗਾਟ 53 ਕਿਲੋ ਵਰਗ ਦੀ ਖਿਡਾਰਨ ਸੀ, ਪਰ ਉਸ ਨੂੰ 50 ਕਿਲੋ ਵਰਗ ਵਿੱਚ ਹਿੱਸਾ ਲੈਣਾ ਪਿਆ। ਅਜਿਹਾ ਇਸ ਲਈ ਕਿਉਂਕਿ 53 ਕਿਲੋਗ੍ਰਾਮ ਵਰਗ ਵਿਚ ਆਖਰੀ ਸਥਾਨ 'ਤੇ ਰਹੇ ਪੰਘਾਲ ਨੇ ਇਹ ਵਿਸ਼ਵ ਚੈਂਪੀਅਨਸ਼ਿਪ ਜਿੱਤ ਦੀ ਬਦੌਲਤ ਇਸਨੂੰ ਆਪਣੇ ਨਾਮ ਕਰਾ ਲਿਆ ਸੀ,ਜਦ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ, ਬਜਰੰਗ ਪੂਨੀਆ ਸਮੇਤ ਕਈ ਪਹਿਲਵਾਨ ਦਿੱਲੀ ਦੇ ਜੰਤਰ-ਮੰਤਰ 'ਤੇ ਹੜਤਾਲ 'ਤੇ ਬੈਠੇ ਸੰਘਰਸ਼ ਕਰ ਰਹੇ ਸਨ। ਇਹ ਮੰਨਿਆ ਜਾਂਦਾ ਹੈ ਕਿ ਆਮ ਤੌਰ 'ਤੇ ਸਾਰੇ ਖਿਡਾਰੀ ਆਪਣੇ ਭਾਰ ਵਰਗ ਦੇ ਮੁਕਾਬਲੇ 2-3 ਕਿਲੋਗ੍ਰਾਮ ਜ਼ਿਆਦਾ ਹੁੰਦੇ ਹਨ। ਆਮ ਤੌਰ 'ਤੇ ਵਿਨੇਸ਼ ਦਾ ਭਾਰ ਵੀ 56-57 ਕਿਲੋ ਰਹਿੰਦਾ ਹੈ। ਅਜਿਹੇ ਵਿਚ ਉਸ ਦੇ ਲਈ 50 ਕਿਲੋਗ੍ਰਾਮ ਭਾਰ ਵਰਗ ਵਿਚ ਬਣੇ ਰਹਿਣਾ ਹੀ ਉਸ ਲਈ ਮੁਸ਼ਕਲ ਚੁਣੌਤੀ ਸੀ। ਹਾਲਾਂਕਿ, ਅਪ੍ਰੈਲ ਵਿੱਚ 50 ਕਿਲੋਗ੍ਰਾਮ ਵਰਗ ਵਿੱਚ ਦੋ ਮੈਚ ਜਿੱਤਣ ਤੋਂ ਬਾਅਦ ਕੁਆਲੀਫਾਈ ਕਰਨ ਵਾਲੀ ਵਿਨੇਸ਼ ਫੋਗਾਟ ਨੇ ਜਦੋਂ 6 ਅਗਸਤ ਨੂੰ ਪੈਰਿਸ ਓਲੰਪਿਕ ਲਈ ਆਪਣਾ ਸਫ਼ਰ ਸ਼ੁਰੂ ਕੀਤਾ ਸੀ, ਤਾਂ ਉਸ ਸਵੇਰੇ ਉਸਦਾ ਭਾਰ 49.9 ਕਿਲੋ ਪਾਇਆ ਗਿਆ ਸੀ। ਇਕ ਤੋਂ ਬਾਅਦ ਇਕ ਆਪਣੇ ਤਿੰਨੋਂ ਮੈਚ ਜਿੱਤਣ ਤੋਂ ਬਾਅਦ ਉਸ ਨੂੰ 7 ਜੁਲਾਈ ਨੂੰ ਫਾਈਨਲ ਵਿਚ ਅਮਰੀਕੀ ਖਿਡਾਰਨ

ਬਾਕੀ ਹਿਸਾ ਸਫਾ 6 ਤੇ ਪੜ੍ਹੋ

# 'ਵਿਨੇਸ਼ ਸਾਡਾ ਸੋਨਾ ਹੈ'-ਹਰਿਆਣਾ ਦੇ ਫੋਗਾਟ ਦੇ ਪਿੰਡ ਵਿੱਚ ਭਲਵਾਨ ਵਿਨੇਸ਼ ਅਯੋਗ ਠਹਿਰਾਏ ਅਤੇ ਸੇਵਾਮੁਕਤੀ ਤੋਂ ਬਾਅਦ ਸੰਨਾਟਾ

## ○ ਪਿੰਡ ਦੇ ਲੋਕਾਂ ਨੇ ਭਾਰਤੀ ਦਲ ਦੇ ਕੋਚ, ਡਾਕਟਰਾਂ ਅਤੇ ਸਟਾਫ ਮੈਂਬਰਾਂ ਨੂੰ ਜ਼ਿੰਮੇਵਾਰ ਠਹਿਰਾਇਆ

ਹਰਿਆਣਾ ਦੇ ਚਰਖੀ ਦਾਦਰੀ ਦੇ ਬਲਾਲੀ ਪਿੰਡ ਦੇ ਲੋਕ ਬੀਤੇ ਦਿਨੀਂ ਜਸ਼ਨ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਸਨ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪਹਿਲਵਾਨ ਵਿਨੇਸ਼ ਫੋਗਾਟ ਪੈਰਿਸ ਓਲੰਪਿਕ ਤੋਂ ਅਯੋਗ ਹੋ ਗਈ ਹੈ। ਉਸ ਦੇ ਚਾਚਾ ਸਾਬਕਾ ਪਹਿਲਵਾਨ ਮਹਾਵੀਰ ਸਿੰਘ ਫੋਗਟ ਅਤੇ ਹੋਰ ਹੈਰਾਨ ਹੋ ਗਏ ਪਿੰਡ ਵਿਚ ਇਕਦਮ ਸੰਨਾਟਾ ਛਾ ਗਿਆ ਅਤੇ ਹੁਣ, ਉਸਦੇ (ਫੋਗਾਟ) ਨੇ ਕੁਸ਼ਤੀ ਤੋਂ ਸੰਨਿਆਸ ਲੈਣ ਦੇ ਫੈਸਲੇ ਨੇ ਪਿੰਡ ਵਾਸੀਆਂ ਦੇ ਦਿਲਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ। ਬਲਾਲੀ ਪਿੰਡ ਦੇ ਵਸਨੀਕ ਸੂਰਜ ਪ੍ਰਕਾਸ਼ ਸਾਂਗਵਾਨ ਨੇ ਕਿਹਾ, "ਉਸ ਨੂੰ ਸੰਨਿਆਸ ਦਾ ਐਲਾਨ ਨਹੀਂ ਕਰਨਾ ਚਾਹੀਦਾ ਸੀ। ਅਸੀਂ ਚਾਹੁੰਦੇ ਸੀ ਕਿ ਉਹ ਸ਼ੇਰਨੀ ਵਾਂਗ ਲੜੇ। ਇਸ ਨਾਲ ਸਾਡਾ ਦਿਲ ਟੁੱਟ ਗਿਆ ਹੈ। ਅਸੀਂ ਫੋਗਾਟ ਨੂੰ ਆਪਣਾ ਫੈਸਲਾ ਬਦਲਣ ਲਈ ਮਨਾਉਣ ਦੀ ਕੋਸ਼ਿਸ਼ ਕਰਾਂਗੇ।"

ਵਿਨੇਸ਼ ਦਾ ਚਾਚਾ ਮਹਾਵੀਰ 24 ਸਾਲਾਂ ਤੋਂ ਓਲੰਪਿਕ ਤਮਗੇ ਦੀ ਉਡੀਕ ਕਰ ਰਿਹਾ ਹੈ। ਇੱਕ ਖਿਡਾਰੀ ਵਜੋਂ ਉਸਦਾ ਆਪਣਾ ਸੁਪਨਾ ਭਾਰਤ ਲਈ ਓਲੰਪਿਕ ਵਿੱਚ ਸੋਨ ਤਗਮਾ ਜਿੱਤਣਾ ਸੀ। ਬਾਅਦ ਵਿੱਚ ਉਸ ਨੇ ਇਸ ਲਈ ਆਪਣੀਆਂ ਧੀਆਂ ਨੂੰ ਸਿਖਲਾਈ ਵੀ ਦਿੱਤੀ। ਉਸਨੇ ਕਿਹਾ, "ਜਦੋਂ ਵੀ ਉਹ ਵਾਪਸ ਆਵੇਗੀ, ਅਸੀਂ ਉਸਨੂੰ ਅਗਲੇ ਓਲੰਪਿਕ ਲਈ ਸਿਖਲਾਈ ਲਈ ਉਸਨੂੰ ਮਨਾਵਾਂਗੇ। ਅਸੀਂ ਸੋਨੇ ਦੇ ਮੈਡਲ ਤੋਂ ਘੱਟ ਕਿਸੇ ਚੀਜ਼ ਨਾਲ ਸੰਤੁਸ਼ਟ ਨਹੀਂ ਹੋਵਾਂਗੇ।"

ਬਲਾਲੀ ਸਥਿਤ ਮਹਾਵੀਰ ਫੋਗਾਟ ਸਪੋਰਟਸ ਅਕੈਡਮੀ ਵਿਚ ਪਿੰਡ ਵਾਸੀ, ਜੋ ਆਮ ਤੌਰ 'ਤੇ ਕੁਸ਼ਤੀ ਮੈਚ ਦੇਖਣ ਜਾਂ ਸਿਆਸੀ ਮਾਮਲਿਆਂ 'ਤੇ ਚਰਚਾ ਕਰਨ ਲਈ ਇਕੱਠੇ ਹੁੰਦੇ ਹਨ, ਉੱਥੇ ਬੈਠੇ ਵਿਨੇਸ਼ ਨੂੰ ਅਯੋਗ ਠਹਿਰਾਉਣ ਦੀ ਸਾਜ਼ਿਸ਼ ਬਾਰੇ ਚਰਚਾ ਕਰ ਰਹੇ ਸਨ। ਜਿੱਥੇ ਸਾਰਿਆਂ ਨੇ ਵਿਨੇਸ਼ ਦੇ ਭਾਰ ਦੇ ਮੁੱਦੇ ਲਈ ਭਾਰਤੀ ਦਲ ਦੇ ਕੋਚ, ਡਾਕਟਰਾਂ ਅਤੇ ਸਟਾਫ ਮੈਂਬਰਾਂ ਨੂੰ ਜ਼ਿੰਮੇਵਾਰ ਠਹਿਰਾਇਆ।

ਪਿੰਡ ਵਾਸੀ ਸ਼ੇਰ ਸਿੰਘ ਨੇ ਦੱਸਿਆ ਕਿ ਕੋਚ ਅਤੇ ਡਾਕਟਰ ਪਹਿਲਵਾਨਾਂ ਲਈ ਲੱਖਾਂ ਰੁਪਏ ਸਰਕਾਰ ਤੋਂ ਲੈਂਦੇ ਹਨ। ਸਿੰਘ ਨੇ ਕਿਹਾ, "ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਵਿਨੇਸ਼ ਨੂੰ ਕੀ ਦਿੱਤਾ ਗਿਆ ਜਿਸ ਕਾਰਨ ਉਸ ਦਾ ਭਾਰ ਵਧਿਆ।"

ਬਲਾਲੀ ਦਾ ਰਹਿਣ ਵਾਲਾ 35 ਸਾਲਾ ਰਾਹੁਲ ਸਾਂਗਵਾਨ ਨੇ ਕਿਹਾ, "ਜਦੋਂ ਮੈਂ ਸੁਣਿਆ ਕਿ ਉਹ ਸੰਨਿਆਸ ਲੈ ਰਹੀ ਹੈ, ਤਾਂ ਮੈਂ ਸੋਚਿਆ ਕਿ ਭਾਜਪਾ ਇੱਕ ਪਲ ਲਈ ਜਿੱਤ ਗਈ ਹੈ, ਪਰ ਫਿਰ ਮੈਂ ਆਪਣੇ ਆਪ ਨੂੰ ਯਾਦ ਦਿਵਾਇਆ ਕਿ ਵਿਨੇਸ਼ ਨੇ ਕਿੰਨੀਆਂ ਲੜਾਈਆਂ ਲੜੀਆਂ ਹਨ - ਸੜਕਾਂ ਤੋਂ ਡਿਪਰੈਸ਼ਨ ਅਤੇ ਕੁਸ਼ਤੀ ਤੱਕ। ਮੈਂ ਬਹੁਤ ਦੁਖੀ ਹਾਂ। ਇਹ ਉਹ ਸਰਕਾਰ ਹੈ ਜਿਸ ਨੇ ਫੋਗਾਟ ਲਈ ਬਹੁਤ ਮੁਸ਼ਕਲਾਂ ਪੈਦਾ ਕੀਤੀਆਂ ਹਨ। ਉਹ ਕਿੰਨਾ ਕੁ ਅਤੇ ਕਿੰਨਾ ਚਿਰ ਲੜ ਸਕਦੀ ਹੈ? ਮੈਨੂੰ ਲੱਗਦਾ ਹੈ ਕਿ ਉਹ ਬਹੁਤ ਪਰੇਸ਼ਾਨ ਹੈ, ਇਸੇ ਲਈ ਉਨ੍ਹਾਂ ਨੇ ਸੰਨਿਆਸ ਲੈਣ ਦਾ ਐਲਾਨ ਕੀਤਾ ਹੈ।

ਰਾਹੁਲ ਨੇ ਕਿਹਾ, "ਸਾਡੇ ਲਈ ਗੋਲਡ ਮੈਡਲ ਮਹੱਤਵਪੂਰਨ ਨਹੀਂ ਹੈ। ਵਿਨੇਸ਼ ਸਾਡਾ ਗੋਲਡ ਮੈਡਲ ਹੈ। ਉਹ ਗੋਲਡ ਮੈਡਲ ਤੋਂ ਵੱਡੀ ਹੈ। ਉਹ ਸਾਡੀ ਪ੍ਰੇਰਨਾ ਸਰੋਤ ਹੈ। ਉਹ ਸਾਡੀ ਸਚੀ ਸਾਖੀ ਹੈ ਜਿਸ ਤੋਂ ਆਉਣ ਵਾਲੀਆਂ ਪੀੜੀਆਂ ਪ੍ਰੇਰਣਾ ਲੈਣਗੀਆਂ।" ਮਹਾਵੀਰ, ਨੇ ਨਿਰਾਸ਼ ਅਤੇ ਕੰਬਦੀ ਅਵਾਜ਼ ਵਿੱਚ ਉਹ ਸਿਰਫ਼ ਇੰਨਾ ਹੀ ਕਹਿ ਸਕਿਆ: "ਮੇਰੀਆਂ ਧੀਆਂ ਪੁੱਤਰਾਂ ਨਾਲੋਂ ਘੱਟ ਨਹੀਂ ਹਨ। ਉਹ ਅਗਲਾ ਗੋਲਡ ਮੈਡਲ ਲਿਆਵੇਗੀ।"

ਇੱਕ ਹੋਰ ਪਿੰਡ ਵਾਸੀ ਨੇ ਕਿਹਾ, "ਅਸੀਂ ਹਰਿਆਣਾ ਦੇ ਹਾਂ, ਅਸੀਂ ਇੰਨੀ ਆਸਾਨੀ ਨਾਲ ਹਾਰ ਨਹੀਂ ਮੰਨਦੇ।"

## 5 ਸਫ਼ੇ ਦੀ ਬਾਕੀ

ਸਾਰਾਹ ਐਨ ਹਿਲਡਰਬ੍ਰਾਂਡ ਨਾਲ ਸੋਨ ਤਗਮੇ ਲਈ ਮੁਕਾਬਲਾ ਕਰਨਾ ਪਿਆ। ਪਰ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵਿਨੇਸ਼ 100 ਗ੍ਰਾਮ ਭਾਰ ਘਟਾਉਣ ਵਿੱਚ ਅਸਫਲ ਕਿਉਂ ਰਹੀ ? ਇਹ ਬਹੁਤ ਵੱਡਾ ਰਹੱਸਮਈ ਸੁਆਲ ਹੈ।

ਟੀਮ ਦੇ ਨਾਲ ਮੌਜੂਦ ਮੈਡੀਕਲ ਡਾਕਟਰ ਦਿਨਸ਼ਾ ਪਾਰਦੀਵਾਲਾ ਦੇ ਅਨੁਸਾਰ, ਜਦੋਂ ਵਿਨੇਸ਼ ਨੇ ਜਦੋਂ ਆਪਣੇ ਤਿੰਨੋਂ ਮੈਚ ਜਿੱਤਣ ਤੋਂ ਬਾਅਦ ਕੁਝ ਖਾਧਾ-ਪੀਤਾ, ਤਾਂ ਉਸਦਾ ਭਾਰ 52.700 ਕਿਲੋਗ੍ਰਾਮ ਨਿਕਲਿਆ, ਜਿਸਦਾ ਮਤਲਬ ਕੁੱਲ 2.8 ਕਿਲੋਗ੍ਰਾਮ ਦਾ ਵਾਧਾ ਹੋਇਆ। ਟੀਮ ਦੇ ਮੁੱਖ ਡਾਈਟੀਸ਼ੀਅਨ ਕੋਲੋਂ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ, ਜਦੋਂ ਕਿ ਓਲੰਪਿਕ ਸ਼ੁਰੂ ਹੋਣ ਤੋਂ ਪਹਿਲਾਂ ਮੁੱਖ ਡਾਇਟੀਸ਼ੀਅਨ ਅਰਾਧਨਾ ਸ਼ਰਮਾ ਦੀਆਂ ਕਈ ਇੰਟਰਵਿਊਆਂ ਵੱਖ-ਵੱਖ ਅਖ਼ਬਾਰਾਂ ਵਿੱਚ ਛਪ ਰਹੀਆਂ ਸਨ। ਹੁਣ ਕੁਝ ਸਰਕਲਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਉਸਦਾ ਸੰਬੰਧ ਰਿਲਾਇੰਸ ਹਸਪਤਾਲ ਨਾਲ ਹੈ।

ਸੁਆਲ ਤਾਂ ਇਹ ਹੈ ਕਿ ਮੁਕਾਬਲੇ ਦੇ ਪਹਿਲੇ ਦਿਨ ਦੀ ਸਮਾਪਤੀ ਤੋਂ ਬਾਅਦ ਵਿਨੇਸ਼ ਫੋਗਾਟ ਦਾ ਭਾਰ ਅਚਾਨਕ 3 ਕਿਲੋਗ੍ਰਾਮ ਕਿਵੇਂ ਵਧਿਆ ? ਭਾਰਤੀ ਓਲੰਪਿਕ ਸੰਘ ਦੀ ਟੀਮ ਵਿੱਚ ਮੈਡੀਕਲ ਡਾਕਟਰ, ਡਾਕਟਰ, ਖੁਰਾਕ ਮਾਹਿਰ ਅਤੇ ਖਿਡਾਰੀ ਕੋਚ ਵੀ ਸ਼ਾਮਲ ਹਨ। ਹਰ ਕੋਈ ਜਾਣਦਾ ਹੈ ਕਿ ਖੇਡਾਂ ਤੋਂ ਬਾਅਦ ਸਰੀਰ ਵਿੱਚ ਪਾਣੀ ਦੀ ਕਮੀ ਦੀ ਭਰਪਾਈ ਕਰਨ ਦੇ ਨਾਲ-ਨਾਲ ਲੋੜੀਂਦੀ ਖੁਰਾਕ ਵੀ ਜ਼ਰੂਰੀ ਹੁੰਦੀ ਹੈ। ਪਰ ਤਰਲ ਪਦਾਰਥ ਤਾਂ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਘੱਟ ਹੋ ਜਾਂਦੇ ਹਨ, ਜਾਂ ਉਹ ਪਸੀਨਾ ਆਉਣ, ਕਸਰਤ ਕਰਨ ਜਾਂ ਸਨ ਬਾਥ ਕਾਰਨ ਆਸਾਨੀ ਨਾਲ ਖਤਮ ਹੋ ਜਾਂਦੇ ਹਨ। ਪਰ ਅਜਿਹਾ ਨਹੀਂ ਹੋ ਸਕਿਆ। ਹਾਲਾਂ ਕਿ ਕਿਸੇ ਖਿਡਾਰੀ ਲਈ ਕੋਈ ਵੀ ਖਾਣ-ਪੀਣ ਵਾਲੀ ਚੀਜ਼ ਲੈਣ ਦਾ ਨਿਯਮ ਟੀਮ ਦੇ ਡਾਈਟੀਸ਼ੀਅਨ ਅਤੇ ਕੋਚ ਸਮੇਤ ਮੈਡੀਕਲ ਟੀਮ ਦੀ ਨਿਗਰਾਨੀ ਹੇਠ ਹੀ ਲਾਗੂ ਹੁੰਦਾ ਹੈ। ਪਰ ਵਿਨੇਸ਼ ਦਾ ਭਾਰ ਕਿਵੇਂ ਵਧਿਆ।ਇਸ ਦੀ ਜਾਂਚ ਕਿਉਂ ਨਹੀਂ ਹੋ ਰਹੀ ?

ਯਾਦ ਰਹੇ ਇਸ ਖਿਡਾਰੀ ਨੇ ਆਪਣੇ ਪਸੰਦੀਦਾ ਭਾਰ ਵਰਗ ਵਿੱਚ ਕੁਸ਼ਤੀ ਮੁਕਾਬਲੇ ਵਿੱਚ ਭਾਗ ਲੈਣ ਦੀ ਇੱਛਾ ਪ੍ਰਗਟਾਈ ਸੀ, ਜਿਸ ਨੂੰ ਰੱਦ ਕਰ ਦਿੱਤਾ ਗਿਆ ਸੀ। ਉਹ ਜਾਣਦੀ ਸੀ ਕਿ ਉਸ ਕੋਲ ਸਿਰਫ 50 ਕਿਲੋ ਵਰਗ ਵਿੱਚ ਹੀ ਆਪਣੀ ਪ੍ਰਤਿਭਾ ਨੂੰ ਸਾਬਤ ਕਰਨ ਦਾ ਮੌਕਾ ਹੈ। ਉਹ ਇੱਕ ਸਾਲ ਤੋਂ ਵੱਧ ਸਮੇਂ ਤੋਂ ਜ਼ਲੀਲ ਅਤੇ ਬੇਇੱਜ਼ਤੀ ਵਾਲਾ ਜੀਵਨ ਬਤੀਤ ਕਰ ਰਹੀ ਸੀ। ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਉਸ ਦੀ ਜਿੱਤ ਅਤੇ ਹਾਰ ਦੋਵਾਂ 'ਤੇ ਦੇਸ਼ ਵਿਚ ਭਾਰੀ ਪ੍ਰਤੀਕਰਮ ਹੋਣ ਵਾਲਾ ਹੈ। ਜਿਸ ਕੁ ੜੀ ਨੇ ਦਿੱਲੀ ਪੁਲਿਸ ਦੇ ਬੂਟਾਂ ਹੇਠ ਕੁਚਲੇ ਹੋਏ ਝਟਕੇ ਨੂੰ ਮਹਿਸੂਸ ਕੀਤਾ ਸੀ, ਕੁਸ਼ਤੀ ਫੈਡਰੇਸ਼ਨ ਦੇ ਅੰਦਰ ਗੁੰਡਗਰਦ ਸ਼ੋਸ਼ਣਕਾਰੀ ਰਾਜਨੀਤੀ ਨੂੰ ਸਾਫ਼ ਕਰ ਦਿੱਤਾ ਅਤੇ ਔਰਤ ਭਲਵਾਨਾਂ ਦੇ ਸੁਰੱਖਿਅਤ ਭਵਿੱਖ ਲਈ ਅੰਤ ਤੱਕ ਲੜਦੀ ਰਹੀ, ਉਸ ਕੋਲ ਇਹ ਸਾਬਤ ਕਰਨ ਦਾ ਸਿਰਫ ਇੱਕ ਮੌਕਾ ਸੀ। ਇਸ ਮਾਮਲੇ ਵਿਚ ਵੀ ਉਸ ਦੀ ਲੜਾਈ ਮਿਸਾਲੀ ਸੀ। ਭਲਵਾਨੀ ਦਾ ਮੈਟ ਹੋਵੇ ਜਾਂ ਅੰਦੋਲਨ ਦਾ ਮੈਦਾਨ, ਵਿਨੇਸ਼ ਕਦੇ ਵੀ ਪਿਛਾਂਹ ਹਟਣਾ ਨਹੀਂ ਜਾਣਦੀ ਜਿਸ ਕਰ ਕੇ ਉਹ ਸੰਘਰਸ਼ਸ਼ੀਲ ਲੋਕਾਂ ਦੀ ਪ੍ਰੇਰਣਾ ਦਾ ਇਤਿਹਾਸ ਹੈ। ਕੀ ਉਹ 12 ਘੰਟਿਆਂ ਦੇ ਲਈ ਭੁੱਖ ਬਰਦਾਸ਼ਤ ਨਹੀਂ ਕਰ ਸਕੀ, ਇਹ ਕਿਡਾ ਹੈਰਾਨੀ ਵਾਲਾ ਸੁਆਲ ਹੈ ? ਕੋਈ ਨਫ਼ਰਤ ਵਿੱਚ ਘਿਰਿਆ ਹੋਇਆ ਭਗਤ ਹੀ ਅਜਿਹਾ ਸੋਚ ਸਕਦਾ ਹੈ, ਜਿਵੇ ਭਗਵੀਂ ਵਟਸਐਪ ਨਫਰਤੀ ਯੂਨੀਵਰਸਿਟੀ ਵਿਚ ਉਸ ਨੂੰ ਭਾਰਤ ਦੀ ਗਦਾਰ ਕਿਹਾ ਜਾ ਰਿਹਾ ਹੈ, ਉਸਦਾ ਮਜਾਕ ਉਡਾਇਆ ਜਾ ਰਿਹਾ ਹੈ।

ਇਹ ਸਵਾਲ ਵੀ ਜ਼ਰੂਰ ਪੁੱਛਿਆ ਜਾਣਾ ਚਾਹੀਦਾ ਹੈ ਕਿ ਭਾਰਤੀ ਕੁਸ਼ਤੀ ਸੰਘ ਦਾ ਪ੍ਰਧਾਨ ਕੌਣ ਹੈ ? ਕੀ ਮੌਜੂਦਾ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਸੰਜੇ ਸਿੰਘ ਉਹੀ ਵਿਅਕਤੀ ਨਹੀਂ ਹੈ, ਜਿਸ ਦੀ ਜਿੱਤ ਤੋਂ ਬਾਅਦ ਅੰਦੋਲਨਕਾਰੀ ਖਿਡਾਰੀਆਂ ਨੇ ਭਾਰੀ ਵਿਰੋਧ ਜਤਾਇਆ ਸੀ ? ਇਸ ਜਿੱਤ ਤੋਂ ਬਾਅਦ ਇਹ ਤੱਥ ਸਭ ਦੇ ਸਾਹਮਣੇ ਰੋਸ਼ਨ ਹੋ ਗਿਆ ਕਿ ਸੰਜੇ ਸਿੰਘ ਅਸਲ ਵਿੱਚ ਉਸੇ ਗਰੁੱਪ ਦਾ ਬੰਦਾ ਹੈ, ਜਿਸ ਦੇ ਆਗੂ ਅਤੇ ਸਾਬਕਾ ਕੁਸ਼ਤੀ ਸੰਘ ਦੇ ਪ੍ਰਧਾਨ, ਭਾਜਪਾ ਦੇ ਸੰਸਦ ਮੈਂਬਰ ਬ੍ਰਿਜਭੂਸ਼ਣ ਸ਼ਰਨ ਸਿੰਘ ਨੇ ਜਿੱਤ ਤੋਂ ਬਾਅਦ ਰਿਹਾਅ ਹੁੰਦੇ ਹੀ ਕਿਹਾ ਸੀ ਕਿ ਮੇਰਾ ਦਬਦਬਾ ਸੀ, ਅਤੇ ਇਹ ਹਮੇਸ਼ਾ ਹੋਵੇਗਾ।

ਇਸ ਸਬੰਧੀ ਕਹਾਣੀਆਂ ਦੇਸ਼ ਦੇ ਸਾਰੇ ਅਖਬਾਰਾਂ ਵਿੱਚ ਆਪੋ-ਆਪਣੇ ਸਿੱਟਿਆਂ ਨਾਲ ਛਪ ਚੁੱਕੀਆਂ ਹਨ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਇੰਡੀਅਨ ਐਕਸਪ੍ਰੈਸ ਸਟੋਰੀ ਦਾ ਸਕਰੀਨਸ਼ਾਟ ਸਾਂਝਾ ਕੀਤਾ ਅਤੇ ਲਿਖਿਆ, "ਇਸ ਕਹਾਣੀ ਨੂੰ ਪੜ੍ਹੋ ਅਤੇ ਜਾਣੋ ਕਿ ਸੈਮੀਫਾਈਨਲ ਜਿੱਤਣ ਤੋਂ ਬਾਅਦ ਫੋਗਾਟ ਦਾ ਭਾਰ ਕਿਵੇਂ ਵਧਿਆ ?

ਭਾਰਤੀ ਅਧਿਕਾਰੀਆਂ ਨੇ ਉਸਨੂੰ ਕੁਝ ਔਆਰਐਸ ਦਿੱਤੇ ਜਿਸ ਨਾਲ ਉਸਦਾ ਭਾਰ 52.7 ਕਿਲੋਗ੍ਰਾਮ ਤੱਕ ਹੋ ਗਿਆ। ਉਸ ਨੇ ਰਾਤੋ-ਰਾਤ 2.7 ਕਿਲੋਗ੍ਰਾਮ ਭਾਰ ਘਟਾਉਣ ਦੀ ਉਮੀਦ ਕੀਤੀ, ਜਿਸ ਲਈ ਉਸ ਨੂੰ ਸਾਰੀ ਰਾਤ ਕਸਰਤ ਕਰਨੀ ਪਈ ! ਪਰ ਭਾਰ ਨਾ ਘਟਾ ਸਕੀ। ਇਸ ਪਿਛੇ ਵਡੀ ਸਾਜਿਸ਼ ਹੈ ?

ਵਿਨੇਸ਼ ਦੀ ਇਸ ਗੱਲ ਵੱਲ ਤਵੱਜੋ ਦੇਣ ਦੀ ਬੇਹੱਦ ਜ਼ਰੂਰਤ ਹੈ ਜਿਸ ਵਿਚ ਉਸ ਨੇ ਕੁਝ ਮਹੀਨੇ ਪਹਿਲਾਂ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਸ ਦੀ ਆਪਣੀ ਹੀ ਫੈਡਰੇਸ਼ਨ ਉਸ ਨੂੰ ਖੇਡਣ ਤੋਂ ਰੋਕਣ ਲਈ ਕੋਈ ਵੀ ਸਾਜ਼ਿਸ਼ ਰਚ ਸਕਦੀ ਹੈ। ਇਸ ਲਈ ਇਸ ਸਮੁੱਚੇ ਮਾਮਲੇ ਦੀ ਹਰ ਪਰਤ ਫਰੋਲਣੀ ਚਾਹੀਦੀ ਹੈ ਮੋਦੀ ਸਰਕਾਰ ਨੂੰ ਜਾਂਚ ਕਰਾਉਣੀ ਚਾਹੀਦੀ ਹੈ ਕਿ ਉਸ ਦੀ ਹਾਰ ਪਿਛੇ ਕੀ ਸਾਜਿਸ਼ ਹੈ।

ਭਾਰਤ ਸਰਕਾਰ ਅਤੇ ਉਨ੍ਹਾਂ ਨਾਲ ਜੁੜੇ ਖਿਡਾਰੀਆਂ ਤੋਂ ਸਿਆਸਤਦਾਨ ਬਣੀਆਂ ਸ਼ਖ਼ਸੀਅਤਾਂ ਨਾਲੋਂ ਬਿਹਤਰ, 6 ਵਾਰ ਦੀ ਵਿਸ਼ਵ ਚੈਂਪੀਅਨ ਅਤੇ ਓਲੰਪਿਕ ਸੋਨ ਤਮਗਾ ਜੇਤੂ ਅਮਰੀਕੀ ਪਹਿਲਵਾਨ ਜਾਰਡਨ ਬਰੋਜ਼ ਦਾ ਵਿਨੇਸ਼ ਫੋਗਾਟ ਨੂੰ ਸਮਰਥਨ ਜ਼ਖ਼ਮਾਂ 'ਤੇ ਮਲ੍ਹਮ ਵਾਂਗ ਲੱਗਦਾ ਹੈ। ਜੌਰਡਨ ਨੇ ਟਵਿਟਰ 'ਤੇ ਇਕ ਤੋਂ ਬਾਅਦ ਇਕ ਟਵੀਟ ਕਰਦੇ ਹੋਏ ਲਿਖਿਆ ਸੀ ਕਿ ਵਿਨੇਸ਼ ਨੂੰ ਬਹੁਤ ਮਾਮੂਲੀ ਫਰਕ ਕਾਰਨ ਮੁਕਾਬਲੇ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇਹ ਦੁਖਾਂਤਿਕ ਕਾਰਵਾਈ ਹੈ। ਜਾਰਡਨ ਨੇ ਭਾਰਤੀ ਅਥਲੀਟ ਲਈ ਚਾਂਦੀ ਦੇ ਤਗਮੇ ਦੀ ਮੰਗ ਕੀਤੀ ਹੈ।

# ਦਲ ਖ਼ਾਲਸਾ ਦੇ ਸਥਾਪਨਾ ਦਿਵਸ ਮੌਕੇ ਖਾਲਿਸਤਾਨ ਲਈ ਆਜ਼ਾਦੀ ਮਾਰਚ ਕੱਢਿਆ

## ✪ ਪਰਮਜੀਤ ਸਿੰਘ ਪੰਜਵੜ੍ਹ ਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਵਿਦੇਸ਼ਾਂ ਵਿਚ ਹੱਤਿਆ ਦੀ ਨਿਖੇਧੀ




ਹੁਸ਼ਿਆਰਪੁਰ-ਆਜ਼ਾਦੀ ਪਸੰਦ ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਆਪਣਾ 46ਵਾਂ ਸਥਾਪਨਾ ਦਿਵਸ ਮਨਾਇਆ, ਜੋ ਭਾਈ ਹਰਦੀਪ ਸਿੰਘ ਨਿੱਝਰ ਤੇ ਦਲ ਖ਼ਾਲਸਾ ਦੇ ਸੰਸਥਾਪਕ ਭਾਈ ਗਜਿੰਦਰ ਸਿੰਘ ਨੂੰ ਸਮਰਪਿਤ ਸੀ। ਦਲ ਖ਼ਾਲਸਾ ਨਾਲ ਜੁੜੇ ਸੈਂਕੜੇ ਨੌਜਵਾਨਾਂ ਨੇ 'ਆਜ਼ਾਦੀ ਮਾਰਚ' ਦੇ ਨਾਂਅ ਹੇਠ ਮਾਰਚ ਕੀਤਾ।

ਮਾਰਚ ਤੋਂ ਪਹਿਲਾਂ ਦਲ ਖ਼ਾਲਸਾ ਵਲੋਂ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 'ਚ ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਕਾਨਫ਼ਰੰਸ ਕੀਤੀ, ਜਿਸ 'ਚ ਸ਼੍ਰੋਮਣੀ ਅਕਾਲੀ ਦਲ (ਅੰਮਿਬਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੰਵਰਪਾਲ ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਕਾਨੂੰਨ ਦਾ ਆਧਾਰ ਬਣਨ ਦੇ ਬਾਵਜੂਦ ਬਹੁਤ ਸਾਰੀਆਂ ਸੰਘਰਸ਼ਸ਼ੀਲ ਕੌਮਾਂ ਤੇ ਘੱਟ ਗਿਣਤੀਆਂ ਨੂੰ ਸਵੈ-ਨਿਰਣੇ ਦੇ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ ਹੈ।

ਦਲ ਖ਼ਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਪਿਛਲੇ 77 ਸਾਲਾਂ ਤੋਂ ਹਾਕਮਾਂ ਵਲੋਂ ਸਿਆਸੀ ਹਿੱਤਾਂ ਤੇ ਵੋਟਾਂ ਲਈ ਧਾਰਮਿਕ ਘੱਟ ਗਿਣਤੀਆਂ, ਦੱਬੇ-ਕੁਚਲੇ ਤੇ ਮੂਲ ਵਾਸੀ ਵਰਗ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ 15 ਅਗਸਤ ਦੇ ਜਸ਼ਨਾਂ ਦੇ ਬਾਈਕਾਟ ਦਾ ਸੱਦਾ ਦਿੱਤਾ। ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਹਕੂਮਤ ਦੀ ਸਖ਼ਤ ਆਲੋਚਨਾ ਕੀਤੀ ਜਿਸ ਦੇ ਇਸ਼ਾਰੇ 'ਤੇ ਪਰਮਜੀਤ ਸਿੰਘ ਪੰਜਵੜ੍ਹ ਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਵਿਦੇਸ਼ਾਂ ਵਿਚ ਹੱਤਿਆ ਨੂੰ ਅੰਜਾਮ ਦਿੱਤਾ।

ਉਨ੍ਹਾਂ ਕਿਹਾ ਕਿ ਦਲ ਖ਼ਾਲਸਾ ਤੇ ਸ਼੍ਰੋਮਣੀ ਅਕਾਲੀ ਦਲ (ਅੰਮਿਬਸਰ) ਮਿਲ ਕੇ ਪੰਜਾਬ ਅਤੇ ਪੰਥ ਦੇ ਹਿੱਤਾਂ ਅਤੇ ਹੱਕਾਂ ਦੀ ਰਾਖੀ ਲਈ ਸਾਂਝੇ ਤੌਰ 'ਤੇ ਸਿਆਸੀ ਸੰਘਰਸ਼ ਜਾਰੀ ਰੱਖੇਗਾ। ਇਸ ਮੌਕੇ ਪ੍ਰੋ. ਮਹਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਪਰਮਜੀਤ ਸਿੰਘ ਟਾਂਡਾ, ਰਣਬੀਰ ਸਿੰਘ, ਰਣਜੀਤ ਸਿੰਘ ਦਮਦਮੀ ਟਕਸਾਲ, ਭੁਪਿੰਦਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿਚ ਦਲ ਖ਼ਾਲਸਾ ਤੇ ਅਕਾਲੀ ਦਲ (ਅ) ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

## 1.10 ਲੱਖ ਪ੍ਰਵਾਸੀਆਂ ਨੂੰ ਕੈਨੇਡਾ ਦੀ ਪੀ.ਆਰ. ਲਈ ਸੱਦਾ

ਟੋਰਾਂਟੋ : ਕੈਨੇਡਾ ਵੱਲੋਂ ਐਕਸਪ੍ਰੈਸ ਐਂਟਰੀ ਅਧੀਨ ਪੀ.ਆਰ. ਲਈ ਸੱਦੇ ਭੇਜਣ ਦੀ ਰਫ਼ਤਾਰ ਤੇਜ਼ ਹੋ ਚੁੱਕੀ ਹੈ ਅਤੇ 2022 ਦੇ ਮੁਕਾਬਲੇ 2023 ਵਿਚ ਢਾਈ ਗੁਣਾ ਵੱਧ ਉਮੀਦਵਾਰਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਲਈ ਅਰਜ਼ੀਆਂ ਦਾਖ਼ਲ ਕਰਨ ਸੱਦਾ ਦਿਤਾ ਗਿਆ। ਦੂਜੇ ਪਾਸੇ ਇੰਮੀਗ੍ਰੇਸ਼ਨ ਵਿਭਾਗ ਕੋਲ ਪੁੱਜੀਆਂ 4 ਲੱਖ 88 ਹਜ਼ਾਰ ਤੋਂ ਵੱਧ ਵੀਜ਼ਾ ਅਰਜ਼ੀਆਂ ਵਿਚੋਂ ਤਕਰੀਬਨ 1 ਲੱਖ 45 ਹਜ਼ਾਰ ਰੱਦ ਕਰ ਦਿਤੀਆਂ ਗਈਆਂ। ਐਕਸਪ੍ਰੈਸ ਐਂਟਰੀ ਅਧੀਨ 2022 ਵਿਚ 46,539 ਪੀ.ਆਰ. ਦੇ ਸੱਦੇ ਭੇਜੇ ਗਏ ਅਤੇ 2023 ਵਿਚ ਇਹ ਅੰਕੜਾ 136 ਫ਼ੀ ਸਦੀ ਵਧ ਗਿਆ ਅਤੇ 110,266 ਜਣਿਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਦਾ ਸੱਦਾ ਦਿਤਾ ਗਿਆ। ਸਭ ਤੋਂ ਜ਼ਿਆਦਾ ਸੱਦੇ ਕੈਨੇਡਾ ਵਿਚ ਮੌਜੂਦ ਪ੍ਰਵਾਸੀਆਂ ਨੂੰ ਹੀ ਮਿਲੇ ਜਿਨ੍ਹਾਂ ਦੀ ਗਿਣਤੀ 76,791 ਦਰਜ ਕੀਤੀ ਗਈ। ਐਕਸਪ੍ਰੈਸ ਐਂਟਰੀ ਅਧੀਨ ਸੱਦੇ ਹਾਸਲ ਕਰਨ ਵਾਲਿਆਂ ਦੀ ਗਿਣਤੀ ਢਾਈ ਗੁਣਾ ਹੋਈ ਪੀ.ਆਰ. ਦੇ 40 ਹਜ਼ਾਰ ਸੱਦੇ ਕੈਨੇਡੀਅਨ ਐਕਸਪੀਰੀਐਂਸ ਪ੍ਰੋਗਰਾਮ ਅਧੀਨ ਜਾਰੀ ਕੀਤੇ ਗਏ ਜਦਕਿ 26,445 ਪ੍ਰੋਵਿਨਸ਼ੀਅਲ ਨੌਮਿਨੀ ਪ੍ਰੋਗਰਾਮ ਅਧੀਨ ਦਿਤੇ ਗਏ। ਇਸ ਤੋਂ ਇਲਾਵਾ 17,898 ਪੀ.ਆਰ. ਦੇ ਸੱਦੇ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ ਅਧੀਨ ਜਾਰੀ ਹੋਏ। ਕੌਂਪਰੀਹੈਂਸਿਕ ਰੈਂਕਿੰਗ ਸਿਸਟਮ ਦਾ ਸਕੋਰ 300 ਤੋਂ 550 ਦਰਮਿਆਨ ਰਿਹਾ ਅਤੇ 93 ਫੀ ਸਦੀ ਉਮੀਦਵਾਰ ਇਸ ਅਧੀਨ ਆਏ।

# ਸਿਖ ਚਿੰਤਕਾਂ ਵਲੋਂ ਬੇਨਤੀ ਕਿ ਸਿੰਘ ਸਾਹਿਬਾਨ ਨੁਮਾਇੰਦਾ ਇਕਠ ਬੁਲਾਕੇ ਦਾਗੀ ਅਕਾਲੀ ਲੀਡਰਾਂ ਬਾਰੇ ਫੈਸਲਾ ਲੈਣ



ਜਲੰਧਰ-ਸਿਖ ਪੰਥ ਦੇ ਚਿੰਤਕ ਗੁਰਤੇਜ ਸਿੰਘ ਆਈਏਐਸ,ਪਰਮਿੰਦਰ ਪਾਲ ਸਿੰਘ ਖਾਲਸਾ ਸੂਬਾ ਪ੍ਰਧਾਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਸਿਖ ਚਿੰਤਕ ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਸਿੰਘ ਸਾਹਿਬਾਨਾਂ ਉਪਰ ਬੇਨਤੀ ਕਰਦਿਆਂ ਕਿਹਾ ਕਿ ਅਕਾਲੀ ਸੰਕਟ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਜੋ 30 ਅਗਸਤ ਨੂੰ ਹੋਣੀ ਹੈ, ਉਸ ਸਬੰਧ ਵਿਚ ਜਥੇਦਾਰ ਸਾਹਿਬਾਨ ਅਕਾਲ ਤਖਤ ਸਾਹਿਬ ਤੋਂ ਇਸ ਬਾਰੇ ਪੰਥਕ ਇਛਾ ਤੇ ਗੁਰੂ ਸਿਧਾਂਤ ਅਨੁਸਾਰ ਫੈਸਲਾ ਕਰਨ। ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬਾਨ ਅਕਾਲ ਤਖਤ ਸਾਹਿਬ ਤੋਂ 1920 ਵਾਲੇ ਰਵਾਇਤੀ ਅਕਾਲੀ ਦਲ ਦੀ ਪੁਨਰ ਉਸਾਰੀ ਅਤੇ ਅਕਾਲ ਤਖਤ ਦੀ ਆਜ਼ਾਦ ਹਸਤੀ ਦੀ ਮੁੜ ਬਹਾਲੀ ਕਰਨ ਤਾਂ ਜੋ ਸਿਖ ਪੰਥ ਨੂੰ ਨਵੀਂ ਦਿਸ਼ਾ ਮਿਲ ਸਕੇ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਸਿਖ ਪੰਥ ਦੇ ਵਡੇ ਦੋਸ਼ੀ ਤੇ ਗੁਨਾਹਗਾਰ ਹਨ ਜਿਸ ਵਿਚ ਦੋਵੇਂ ਅਕਾਲੀ ਧੜਿਆਂ ਦੇ ਕੁਝ ਪ੍ਰਮੁਖ ਦਾਗੀ ਲੀਡਰ ਵੀ ਇਸ ਗੁਨਾਹ ਵਿਚ ਸ਼ਾਮਲ ਹਨ । ਬਾਦਲ ਪਰਿਵਾਰ ਦੀ ਅਗਵਾਈ ਵਿਚ ਅਕਾਲੀ ਰਾਜ ਦੌਰਾਨ ਸਤਾ ਦੀ ਲਾਲਸਾ ਵਿਚ ਬਹਿਬਲ ਗੋਲੀ ਕਾਂਡ, ਕੋਟਕਪੂਰਾ ਗੋਲੀ ਕਾਂਡ ਦਾ ਆਰਡਰ ਦਿਤਾ। ਇਜਹਾਰ ਆਲਮ, ਸੁਮੇਧ ਸੈਣੀ ਨੂੰ ਸਰਕਾਰੀ ਉਚ ਪ੍ਰਸ਼ਾਸਨਿਕ ਅਹੁਦਿਆਂ ਉਪਰ ਨਿਵਾਜਿਆ ਗਿਆ।

ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਸਿਖ ਪੰਥ ਨਾਲ ਸਿਖ ਸੰਤਾਪ ਦੀ ਜਾਂਚ ਦਾ ਵਾਅਦਾ ਕਰਕੇ ਸਤਾ ਪ੍ਰਾਪਤ ਕੀਤੀ ਪਰ ਸਤਾ ਪ੍ਰਾਪਤੀ ਬਾਅਦ ਜਾਂਚ ਤੋਂ ਇਨਕਾਰੀ ਹੋਏ, ਗੁਨਾਹਗਾਰ ਪੁਲਿਸ ਅਫਸਰਾਂ ਦੇ ਹਕ ਵਿਚ ਭੁਗਤੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਅਨੰਦਪੁਰ ਮਤੇ ਦਾ ਕਤਲ ਕਰਕੇ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਸਿਰਜਿਆ। ਬਾਦਲ ਰਾਜ ਦੌਰਾਨ ਪ੍ਰੋਫੈਸਰ ਮਨਜੀਤ ਸਿੰਘ ਵੇਲੇ ਪੰਥਕ ਏਕਤਾ ਦੇ ਹੁਕਮਨਾਮੇ ਤੇ ਭਾਈ ਰਣਜੀਤ ਸਿੰਘ ਵੇਲੇ ਖਾਲਸਾ ਸ਼ਤਾਬਦੀ ਤਕ ਮਤਭੇਦ ਭੁਲਾਉਣ ਦੇ ਹੁਕਮਨਾਮੇ ਤੇ ਜਥੇਦਾਰ ਵੇਦਾਂਤੀ ਸਮੇਂ ਸੰਘ ਪਰਿਵਾਰ ਦੇ ਵਿਰੁਧ ਹੁਕਮਨਾਮੇ ਦਾ ਉਲੰਘਣ ਕੀਤਾ ਤੇ ਅਕਾਲ ਤਖਤ ਸਾਹਿਬ ਨੂੰ ਟਿਚ ਜਾਣਕੇ ਪੰਥਕ ਰਵਾਇਤਾਂ ਦਾ ਅਪਮਾਨ ਕੀਤਾ।

ਪਰ ਇਸ ਦੇ ਬਾਵਜੂਦ ਅਕਾਲ ਤਖਤ ਸਾਹਿਬ ਤੋਂ ਬਾਦਲ ਨੂੰ ਦੋਸ਼ੀ ਨਹੀਂ ਠਹਿਰਾਇਆ। ਉਸ ਸਮੇਂ ਦੇ ਜਥੇਦਾਰ ਗੁਰਬਚਨ ਸਿੰਘ ਨੇ ਫਖਰੇ ਕੌਮ ਦਾ ਅਕਾਲ ਤਖਤ ਸਾਹਿਬ ਅਵਾਰਡ ਦੇਕੇ ਇਤਿਹਾਸਕ ਗੁਨਾਹ ਕੀਤਾ। ਇਹ ਅਵਾਰਡ ਵਾਪਸ ਲਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਦੋਸ਼ਾਂ ਵਿਚ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਮੁਖ, ਗਿਆਨੀ ਇਕਬਾਲ ਸਿੰਘ ਭਾਈਵਾਲ ਹਨ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਸਦਕੇ ਪੰਥ ਦੇ ਸਾਹਮਣੇ ਬੀਤੇ ਸਮੇਂ ਦੌਰਾਨ ਸਿਖ ਪੰਥ ਵਿਰੁੱਧ ਕੀਤੇ ਅਪਰਾਧਾਂ ਦਾ ਸਚ ਰਖਣਾ ਚਾਹੀਦਾ ਹੈ। ਇਸ ਬਾਰੇ ਅਕਾਲ ਤਖਤ ਸਾਹਿਬ ਤੋਂ ਵਾਈਟ ਪੇਪਰ ਜਾਰੀ ਹੋਣਾ ਚਾਹੀਦਾ ਹੈ ਕਿ ਅਕਾਲੀ ਦਲ ਤੇ ਸਿਖ ਪੰਥ ਨੂੰ ਖੁਆਰ ਕਰਨ ਦੇ ਦੋਸ਼ੀ ਕੋਣ ਹਨ। ਸੌਦਾ ਸਾਧ ਨੂੰ ਮਾਫੀ ਦੇਣ ਬਾਰੇ ਉਨ੍ਹਾਂ ਤੋਂ ਸਚ ਪੁਛਿਆ ਜਾਣਾ ਚਾਹੀਦਾ ਹੈ ਤਾਂ ਜੋ ਹਕੀਕਤ ਸਾਹਮਣੇ ਆ ਸਕੇ।

ਸਿਖ ਚਿੰਤਕਾਂ ਨੇ ਕਿਹਾ ਕਿ ਨਿੰਰਕਾਰੀ ਕਾਂਡ ਤੋਂ ਸੌਦਾ ਸਾਧ ਕਾਂਡ ਤੇ ਮਾਫੀਨਾਮੇ ਤੋਂ ਲੈਕੇ ਹੁਣ ਤਕ ਸਤਾ ਦੀ ਖਾਤਰ ਇਸ ਬਾਦਲ ਪਰਿਵਾਰ ਦੀ ਲੀਡਰਸ਼ਿਪ ਨੇ ਵਡੇ ਅਪਰਾਧ ਤੇ ਗੁਨਾਹ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹਨਾਂ ਗੁਨਾਹਗਾਰ ਅਕਾਲੀ ਲੀਡਰਾਂ ਦਾ ਪੰਜਾਬ ਅਤੇ ਸਿੱਖ ਕੌਮ ਪ੍ਰਤੀ ਕੋਈ ਏਜੰਡਾ ਨਹੀਂ ਹੈ ਜੋ ਕਿ ਪੰਜਾਬ ਦੇ ਹਕਾਂ ਵਿਰੁਧ ਭੁਗਤਦੇ ਰਹੇ ਹਨ,ਕਸ਼ਮੀਰ ਦੀ ਧਾਰਾ 370 ਦਾ ਵਿਰੋਧ ਕਰਕੇ ਇੱਕ ਰਾਸ਼ਟਰ-ਇੱਕ ਚੋਣ ਬਾਰੇ ਕੇਂਦਰ ਦੀ ਹਮਾਇਤ ਕਰਕੇ ਸੰਘੀ ਢਾਂਚੇ ਨਾਲ ਬੇਵਫਾਈ ਕੀਤੀ ਹੈ। ਇਸ ਲਈ ਇਨ੍ਹਾਂ ਨੂੰ ਸਿਆਸੀ ਆਗੂਆਂ ਸਿਖ ਪੰਥ ਦੀ ਅਗਵਾਈ ਕਰਨ ਦਾ ਕੋਈ ਹੱਕ ਨਹੀਂ।

ਉਨ੍ਹਾਂ ਕਿਹਾ ਕਿ ਦੁੱਖ ਵਾਲੀ ਗੱਲ ਹੈ ਕਿ 1984 ਵਿਚ ਫੌਜੀ ਹਮਲੇ ਨਵੰਬਰ 84 ਦੌਰਾਨ ਪੰਜਾਬ ਤੋਂ ਬਾਹਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਸ ਦਾ ਵੀ ਕੋਈ ਇਨਸਾਫ ਨਹੀਂ ਮਿਲਿਆ।ਉਸ ਦੇ ਲਈ ਸਤਾ ਦੀ ਲਾਲਸਾ ਰਖਣ ਵਾਲੀ ਦਾਗੀ ਅਕਾਲੀ ਲੀਡਰਸ਼ਿਪ ਦੋਸ਼ੀ ਹੈ ਜੋ ਨਿਜੀ ਹਿਤਾਂ ਲਈ, ਪਰਿਵਾਰ ਦੀ ਰਾਜਨੀਤੀ ਠੋਸਣ ਲਈ ਕੇਂਦਰੀ ਸਤਾ ਦੀ ਬਿਨਾਂ ਸ਼ਰਤ ਹਮਾਇਤ ਕਰਦੀ ਰਹੀ ਹੈ ਤੇ ਕੇਂਦਰ ਤੋਂ ਪੰਜਾਬ ਦੇ ਹਕ ਲੈਕੇ ਨਹੀਂ ਦਿਤੇ ਨਾ ਹੀ ਪੰਜਾਬ ਦਾ ਕਰਜਾ ਮਾਫ ਕਰਵਾਇਆ ਜੋ ਪੰਜਾਬ ਸੰਤਾਪ ਤੋਂ ਹੁਣ ਤਕ ਲਗਾਤਾਰ ਵਧਦਾ ਜਾ ਰਿਹਾ ਹੈ।

ਸਿਖ ਚਿੰਤਕਾਂ ਨੇ ਗੁਨਾਹਗਾਰ ਅਕਾਲੀ ਲੀਡਰਸ਼ਿਪ ਤੋਂ ਸਿੰਘ ਸਾਹਿਬਾਨ ਨੂੰ ਸੁਚੇਤ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿੱਪ, ਜੋ ਸੱਤਾ ਜਾਣ ਕਾਰਨ ਨਿਰਾਸ਼ ਹੈ ਅਤੇ ਮੁੜ ਸੱਤਾ ਪਰਾਪਤੀ ਲਈ ਅਕਾਲ ਤਖਤ ਸਾਹਿਬ ਨੂੰ ਜਰੀਆ ਬਣਾਕੇ ਡਰਾਮੇ ਕਰ ਰਹੀ ਹੈ। ਇਸੇ ਕਰਕੇ ਅਕਾਲ ਤਖਤ ਨੂੰ ਮੁੜ ਆਪਣੇ ਸਿਆਸੀ ਝਮੇਲੇ ਦਾ ਅਖਾੜਾ ਬਣਾ ਲਿਆ ਹੈ। ਇਹਨਾਂ ਕਾਰਣ ਅਕਾਲ ਤਖਤ ਸਾਹਿਬ ਦਾ ਅਕਸ ਫਿਰ ਦਾਅ ਉਪਰ ਲਗ ਗਿਆ ਹੈ। ਸਿੰਘ ਸਾਹਿਬ ਭਾਵੇਂ ਇਨ੍ਹਾਂ ਨੂੰ ਧਾਰਮਿਕ ਸਜ਼ਾ ਲਗਾ ਦੇਣਗੇ ਪਰ ਪੰਥ ਵਿਰੋਧੀ ਗੁਨਾਹਾਂ, ਸਿਆਸੀ ਅਤੇ ਕਾਨੂੰਨੀ ਉਕਾਈਆਂ ਦਾ ਫੈਸਲਾ ਕਿੰਝ ਹੋਵੇਗਾ ਜਿਸਦੇ ਦਾਗੀ ਅਕਾਲੀ ਲੀਡਰ ਜ਼ਿੰਮੇਵਾਰ ਹਨ, ਜਿਸ ਕਾਰਣ ਸਿਖ ਪੰਥ ਸੰਤਾਪ ਭੋਗ ਰਿਹਾ ਹੈ ? ਉਨ੍ਹਾਂ ਕਿਹਾ ਕਿ ਸਾਨੂੰ ਚਿੰਤਾ ਹੈ ਕਿ ਇਸ ਸਿਆਸੀ ਡਰਾਮੇ ਤੇ ਅਕਾਲੀ ਲੀਡਰਸ਼ਿਪ ਦੀਆਂ ਚਤੁਰਾਈਆਂ' ਕਾਰਨ ਅਕਾਲ ਤਖਤ ਦੀ ਸੰਸਥਾ ਨੂੰ ਖੋਰਾ ਨਾ ਲਗ ਜਾਵੇ।

ਉਨ੍ਹਾਂ ਕਿਹਾ ਕਿ ਇਹ ਮਸਲਾ ਹਲ ਕਰਨਾ ਜਾਂ ਤਨਖਾਹ ਲਗਾਕੇ ਨਿਪਟਾਉਣਾ ਅਕਾਲ ਤਖਤ ਸਾਹਿਬ ਦੀ ਇਤਿਹਾਸਕ ਪਰੰਪਰਾ ਅਨੁਸਾਰ ਠੀਕ ਨਹੀਂ ਹੋਵੇਗਾ।ਇਸ ਸਬੰਧ ਵਿਚ ਪੰਥ ਦੀ ਰਵਾਇਤੀ ਇਤਿਹਾਸਕ ਪਰੰਪਰਾ ਅਨੁਸਾਰ ਚੋਣਵੀਆਂ ਪੰਥਕ ਸੰਸਥਾਵਾਂ ਤੇ ਸਿਖ ਬੁਧੀਜੀਵੀਆਂ ਦਾ 150 -200 ਕਰੀਬ ਇਕਠ ਸਦਕੇ ਰਾਇ ਲੈਣੀ ਚਾਹੀਦੀ ਹੈ ਕਿ ਅਕਾਲ ਤਖਤ ਸਾਹਿਬ ਤੋਂ ਫੈਸਲਾ ਉਹ ਲੈਣਾ ਚਾਹੀਦਾ ਹੈ ਜੋ ਸਿਖ ਪੰਥ ਨੂੰ ਮਨਜੂਰ ਹੋਵੇ ਤੇ ਜਿਸ ਨਾਲ ਅਕਾਲ ਤਖਤ ਸਾਹਿਬ ਦਾ ਅਕਸ ਇਤਿਹਾਸ ਵਿਚ ਚਮਕਦਾ ਰਹੇ।

## ਪਤਨੀ ਦੇ ਪ੍ਰੇਮੀ ਦਾ ਪਤੀ ਨੇ ਭਰਾ ਨਾਲ ਮਿਲਕੇ ਕੀਤਾ ਕਤਲ, ਲਾਸ਼ ਨਹਿਰ ਵਿਚ ਸੁੱਟੀ

ਸੰਗਰੂਰ-ਪਤਨੀ ਨਾਲ ਕਥਿਤ ਤੌਰ 'ਤੇ ਨਾਜਾਇਜ਼ ਸਬੰਧ ਰੱਖਣ ਵਾਲੇ ਵਿਅਕਤੀ ਦਾ ਉਸ ਦੇ ਪਤੀ ਨੇ ਆਪਣੇ ਭਰਾ ਤੇ ਪਤਨੀ ਨਾਲ ਮਿਲ ਕੇ ਕਤਲ ਕਰ ਦਿੱਤਾ। ਇਸ ਤੋਂ ਬਾਅਦ ਲਾਸ਼ ਨੂੰ ਖੁਰਦ-ਬੁਰਦ ਕਰਨ ਲਈ ਨਹਿਰ ਵਿੱਚ ਸੁੱਟ ਦਿੱਤਾ। ਕਈ ਦਿਨ ਬੀਤ ਜਾਣ ਤੋਂ ਬਾਅਦ ਵੀ ਲਾਸ਼ ਬਰਾਮਦ ਨਹੀਂ ਹੋਈ ਹੈ। ਪੁਲਿਸ ਵੱਲੋਂ ਲਾਸ਼ ਦੀ ਭਾਲ ਕੀਤੀ ਜਾ ਰਹੀ ਹੈ, ਜਦਕਿ ਕਤਲ ਕਰਨ ਵਾਲੇ ਪਤੀ-ਪਤਨੀ, ਭਰਾ ਅਤੇ ਦੋਸਤ ਨੂੰ ਕਾਬੂ ਕਰ ਲਿਆ ਗਿਆ ਹੈ।

ਡੀਐੱਸਪੀ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ 28 ਜੁਲਾਈ ਨੂੰ ਪਿੰਡ ਜਲਾਲਗੜ੍ਹ ਅਮਰਗੜ੍ਹ ਦੇ ਵਸਨੀਕ ਹਰਵਿੰਦਰ ਸਿੰਘ ਤੋਤਾ ਨੇ ਥਾਣਾ ਅਮਰਗੜ੍ਹ ਦੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਛੋਟਾ ਭਰਾ ਜਸਵਿੰਦਰ ਸਿੰਘ ਗੱਗੂ ਆਪਣੇ ਦੋਸਤ ਸੁਨੀਲ ਨੂੰ ਘਰੋਂ ਬਾਈਕ 'ਤੇ ਬਿਠਾ ਕੇ ਲੈ ਗਿਆ ਸੀ। 26 ਜੁਲਾਈ ਨੂੰ ਆਪਣੇ ਪਿੰਡ ਲਾਡੇਵਾਲ ਗਿਆ ਸੀ। ਉਦੋਂ ਤੋਂ ਜਸਵਿੰਦਰ ਦਾ ਕਿਤੇ ਪਤਾ ਨਹੀਂ ਲੱਗਾ। ਪਰਿਵਾਰ ਨੇ ਲਾਪਤਾ ਹੋਣ ਦੀ ਸੂਚਨਾ ਥਾਣਾ ਅਮਰਗੜ੍ਹ ਵਿਖੇ ਦਿੱਤੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ।

ਜਾਂਚ ਤੋਂ ਬਾਅਦ ਪੁਲਿਸ ਨੇ 30 ਜੁਲਾਈ ਨੂੰ ਥਾਣਾ ਅਮਰਗੜ੍ਹ ਵਿੱਚ ਕੇਸ ਦਰਜ ਕਰ ਕੇ ਜਸਵਿੰਦਰ ਸਿੰਘ ਨੂੰ ਟਰੇਸ ਕਰ ਲਿਆ ਸੀ। ਪੁਲਿਸ ਨੇ 11 ਅਗਸਤ ਨੂੰ ਕੇਸ ਵਿੱਚ ਮਨਜੀਤ ਸਿੰਘ ਉਰਫ਼ ਤਾਇਨਾ ਸਿੰਘ, ਰਣਜੀਤ ਸਿੰਘ ਰੂਪਾ, ਉਸ ਦੀ ਪਤਨੀ ਅਮਨਦੀਪ ਕੌਰ ਅਮਨ, ਰਵੀ ਕਾਲਾ ਵਾਸੀ ਜਲਾਲਗੜ੍ਹ ਨੂੰ ਨਾਮਜ਼ਦ ਕੀਤਾ ਸੀ। ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜਸਵਿੰਦਰ ਸਿੰਘ ਦੇ ਅਮਨਦੀਪ ਕੌਰ ਨਾਲ ਨਾਜਾਇਜ਼ ਸਬੰਧ ਸਨ। ਜਦੋਂ ਜਸਵਿੰਦਰ ਅਮਨਦੀਪ ਕੌਰ ਨੂੰ ਉਸ ਦੇ ਘਰ ਮਿਲਣ ਆਇਆ ਤਾਂ ਅਮਨਦੀਪ ਦੇ ਪਤੀ ਰਣਜੀਤ ਸਿੰਘ ਨੇ ਆਪਣੇ ਭਰਾ ਮਨਜੀਤ ਸਿੰਘ ਨਾਲ ਮਿਲ ਕੇ ਜਸਵਿੰਦਰ ਦਾ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਉਸ ਦੀ ਲਾਸ਼ ਨੂੰ ਉਸ ਦੇ ਦੋਸਤ ਰਵੀ ਸਿੰਘ ਦੀ ਮਦਦ ਨਾਲ ਖੁਰਦ-ਬੁਰਦ ਕਰਨ ਲਈ ਨਹਿਰ ਵਿਚ ਸੁੱਟ ਦਿੱਤਾ। ਅਜੇ ਤੱਕ ਨੌਜਵਾਨ ਦੀ ਲਾਸ਼ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ। ਪੁਲਿਸ ਵੱਲੋਂ ਲਾਸ਼ ਦੀ ਭਾਲ ਕੀਤੀ ਜਾ ਰਹੀ ਹੈ।

## ਤਿੰਨਾ ਬੰਦੀ ਸਿੰਘਾ ਨੂੰ 15 ਅਗਸਤ ਨੂੰ ਕੌਮੀਂ ਇਨਸਾਫ਼ ਮੋਰਚੇ ਦੀ ਸਟੇਜ ਤੋਂ ਸਨਮਾਨਿਤ ਕੀਤਾ ਜਾਵੇਗਾ

ਬੇਨਤੀ ਹੈ ਆਪ ਸਭ ਨੂੰ ਪਤਾ ਹੀ ਹੈ ਕਿ ਪਿਛਲੇ ਸਮੇਂ ਬੰਦੀ ਸਿੰਘ ਭਾਈ ਗੁਰਮੀਤ ਸਿੰਘ ਜੀ ਇੰਨਜੀਨੀਅਰ ਜੋ ਕਿ ਕੰਡੀਸ਼ਲ ਬੇਲ ਤੇ ਭਾਵ ਜਮਾਨਤ ਤੇ ਰਿਹਾਅ ਹੋਏ ਸਨ ਕਿਸੇ ਕਾਰਨਾਂ ਕਰਕੇ ਓਹਨਾ ਨੂੰ ਦੁਬਾਰਾ ਜੇਲ੍ਹ "ਚ ਨਜ਼ਰਬੰਦ ਕਰ ਦਿੱਤਾ ਗਿਆ ਸੀ ਭਾਈ ਸਾਬ੍ਹ ਜੀ ਦੀ ਕੱਲ ਮਿਤੀ 14 /8/2024 ਨੂੰ ਪੱਕੀ ਜਮਾਨਤ ਹੋ ਜਾਣੀਂ ਐ ਅਤੇ ਜੇਲ੍ਹ ਤੋਂ ਰਿਹਾਅ ਹੋ ਜਾਣਗੇ ਅਤੇ ਕੌਮੀਂ ਇਨਸਾਫ ਮੋਰਚੇ ਵੱਲੋਂ ਵੱਲੋਂ ਜੋ 15 ਅਗਸਤ 2024 ਦਿਨ ਵੀਰਵਾਰ ਦਾ ਚੰਡੀਗੜ੍ਹ ਚ ਰੋਸ ਮਾਰਚ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਦੱਸ ਦੇਈਏ ਜਿਹੜੇ ਬੰਦੀ ਸਿੰਘ ਕੌਮੀਂ ਇਨਸਾਫ਼ ਮੋਰਚੇ ਦੇ ਉੱਦਮ ਸਦਕਾ ਪੱਕੀ ਜਮਾਨਤ ਤੇ ਰਿਹਾਅ ਹੋਏ ਸਨ ਓਹ 3 ਬੰਦੀ ਸਿੰਘ ਭਾਈ ਸ਼ਮਸ਼ੇਰ ਸਿੰਘ ਜੀ , ਭਾਈ ਗੁਰਮੀਤ ਸਿੰਘ ਜੀ ਇੰਨਜੀਨੀਅਰ, ਭਾਈ ਲਖਵਿੰਦਰ ਸਿੰਘ ਲੱਖਾ ਨਾਰੰਗਵਾਲ, ਇਹਨਾਂ ਤਿੰਨਾ ਬੰਦੀ ਸਿੰਘਾ ਨੂੰ 15 ਅਗਸਤ ਨੂੰ ਕੌਮੀਂ ਇਨਸਾਫ਼ ਮੋਰਚੇ ਦੀ ਸਟੇਜ ਤੋਂ ਸਨਮਾਨਿਤ ਕੀਤਾ ਜਾਵੇਗਾ ਸਮੂਹ ਸੰਗਤ ਪੰਥਕ ਜਥੇਬੰਦੀਆ ਕਿਸਾਨ ਜਥੇਬੰਦੀਆ ਨੂੰ ਬੇਨਤੀ ਹੈ ਕਿ 15 ਅਗਸਤ 2024 ਦਿਨ ਵੀਰਵਾਰ ਨੂੰ ਸਵੇਰੇ 11 ਵਜੇ ਕੌਮੀਂ ਇਨਸਾਫ਼ ਮੋਰਚੇ ਚ ਪਹੁੰਚਣ ਦੀ ਕ੍ਰਿਪਾਲਤਾ ਕਰਨੀਂ ਇਸ ਤੋਂ ਬਾਅਦ ਚੰਡੀਗੜ੍ਹ ਚ ਰੋਸ ਮਾਰਚ ਕੀਤਾ ਜਾਵੇਗਾ ॥

**ਵਿਚਾਰ :–** ਜਦੋਂ ਅਸੀਂ ਬਹੁਤ ਸਾਰੀਆਂ ਚੀਜ਼ਾਂ ਖਰੀਦਣ ਦੇ ਸਮਰੱਥ ਹੋ ਜਾਂਦੇ ਹਾਂ ਤਾਂ ਸਾਡੇ ਕੋਲ ਉਹਨਾਂ ਚੀਜ਼ਾਂ ਨੂੰ ਵਰਤਣ ਦਾ ਸਮਾਂ ਹੀ ਘੱਟ ਜਾਂਦਾ ਹੈ।–ਜਨਮੇਜਾ ਸਿੰਘ ਜੌਹਲ



ਰਜਿੰਦਰ ਸਿੰਘ ਪੁਰੇਵਾਲ

# ਕੀ 'ਆਪ' ਸਰਕਾਰ ਸ਼੍ਰੋਮਣੀ ਕਮੇਟੀ ਉਪਰ ਕਬਜਾ ਕਰਨਾ ਚਾਹੁੰਦੀ ਏ ?

## ਮੁੱਖ ਸਫ਼ੇ ਦਾ ਬਾਕੀ ਹਿੱਸਾ

ਸ਼੍ਰੋਮਣੀ ਕਮੇਟੀ ਦੇ ਬਿਆਨਾਂ ਤੋਂ ਸਪੱਸ਼ਟ ਹੈ ਕਿ ਆਪ ਸਰਕਾਰ ਸ਼੍ਰੋਮਣੀ ਕਮੇਟੀ ਉਪਰ ਕਬਜਾ ਕਰਨ ਲਈ ਇਸ ਵਿਚ ਦਖਲ ਅੰਦਾਜੀ ਕਰ ਰਹੀ ਹੈ। ਅਜਿਹਾ ਕਾਂਗਰਸ ਦੇ ਰਾਜ ਦੌਰਾਨ ਵੀ ਹੋ ਚੁਕਿਆ ਹੈ। ਪਰ ਅਕਾਲੀ ਦਲ ਦੀ ਮਜਬੂਤੀ ਕਾਰਣ ਅਜਿਹਾ ਸੰਭਵ ਨਹੀਂ ਹੋ ਸਕਿਆ। ਸਿਖ ਪੰਥ ਦਾ ਵਿਸ਼ਵਾਸ ਹਮੇਸ਼ਾ ਆਪਣੀ ਪੰਥਕ ਜਮਾਤ ਅਕਾਲੀ ਦਲ ਉਪਰ ਰਿਹਾ ਹੈ। ਇਸ ਕਾਰਣ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਸੁਰਖਿਅਤ ਰਹੇ ਹਨ। ਪਰ ਹੁਣ ਅਕਾਲੀ ਦਲ ਕਮਜੋਰ ਹੋ ਚੁਕਾ ਹੈ। ਸਿਖ ਪੰਥ ਵੀ ਅਜੋਕੀ ਲੀਡਰਸ਼ਿਪ ਤੋਂ ਨਿਰਾਸ਼ ਹੈ। ਲੋੜ ਤਾਂ ਅਕਾਲੀ ਦਲ ਨੂੰ ਮਜਬੂਤ ਕਰਨ ਦੀ ਹੈ। ਜੇ ਸ਼੍ਰੋਮਣੀ ਕਮੇਟੀ ਉਪਰ ਆਪ ਸਰਕਾਰ ਜਾਂ ਸੰਘ ਪਰਿਵਾਰ ਦਾ ਕਬਜਾ ਹੋ ਗਿਆ ਤਾਂ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਵੀ ਪੰਥਕ ਅਸੂਲਾਂ ਤੋਂ ਦੂਰ ਹੋ ਜਾਵੇਗੀ। ਸਿਖ ਇਤਿਹਾਸਕ ਰਵਾਇਤਾਂ, ਸਭਿਆਚਾਰ ਸਭ ਬਦਲ ਦਿਤਾ ਜਾਵੇਗਾ। ਪੰਥ ਵਿਰੋਧੀ ਪਰੰਪਰਾਵਾਂ ਸਿਰਜੀਆਂ ਜਾਣਗੀਆਂ। ਇਸ ਲਈ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਪੰਥਕ ਫੇਸ ਵਾਲੀ ਸਿਧਾਂਤਕ ਲੀਡਰਸ਼ਿਪ ਦੀ ਲੋੜ ਹੈ ਜੋ ਸਿਖ ਪੰਥ ਤੇ ਪੰਜਾਬ ਦੇ ਅਧਿਕਾਰਾਂ ਦੀ ਰਖਿਆ ਕਰ ਸਕੇ। ਸੋ ਸਿਖ ਪੰਥ ਨੂੰ ਆਪਣੇ ਇਤਿਹਾਸਕ ਫਰਜਾਂ ਨੂੰ ਨਿਭਾਉਣ ਦੀ ਲੋੜ ਹੈ। ਅਕਾਲੀ ਦਲ ਨੂੰ ਰਦ ਕਰਨ ਦੀ ਨਹੀਂ, ਦਾਗੀ ਲੀਡਰਸ਼ਿਪ ਬਦਲਣ ਦੀ ਲੋੜ ਹੈ। ਅਕਾਲੀ ਦਲ ਦੀ ਫੁਟ, ਲੀਡਰਸ਼ਿਪ ਦੀ ਘਾਟ ਸਿਖ ਪੰਥ ਦਾ ਵਡਾ ਨੁਕਸਾਨ ਕਰੇਗੀ। ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ। ਖਾਸ ਕਰਕੇ ਇਹ ਜਿੰਮੇਵਾਰੀ ਪ੍ਰਵਾਸੀ ਸਿਖ ਲੀਡਰਸ਼ਿਪ ਦੀ ਵੀ ਹੈ ਜੋ ਅਕਾਲੀ ਦਲ ਨੂੰ ਬਚਾਉਣ ਲਈ ਆਪਣੀ ਇਤਿਹਾਸਕ ਭੂਮਿਕਾ ਨਿਭਾਵੇ।

## ਕੀ ਅਕਾਲੀ ਦਲ ਦਾ ਸੰਕਟ ਪੰਜ ਜਥੇਦਾਰਾਂ ਹੱਲ ਕਰ ਸਕਣਗੇ

ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਦਾ ਮਾਮਲਾ ਅਕਾਲ ਤਖ਼ਤ ਸਾਹਿਬ ਦੇ ਵਿਚਾਰ ਅਧੀਨ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 30 ਅਗਸਤ ਨੂੰ ਸੱਦੀ ਹੈ, ਜਿਸ ਵਿੱਚ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾ ਹੋਵੇਗੀ। ਇਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਨਾਲ ਜੁੜਿਆ ਮਾਮਲਾ ਪ੍ਰਮੁੱਖ ਹੈ। ਇਸ ਮਸਲੇ ਦੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਦੀ ਸਾਖ਼ ਵੀ ਦਾਅ 'ਤੇ ਲੱਗੀ ਹੋਈ ਹੈ। ਸਿਖ ਪੰਥ ਨੂੰ ਸਿੰਘ ਸਾਹਿਬਾਨ ਦੇ ਫੈਸਲੇ ਦੀ ਉਡੀਕ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਹੋਏ ਆਗੂਆਂ ਦੇ ਧੜੇ ਵੱਲੋਂ ਪਹਿਲੀ ਜੁਲਾਈ ਨੂੰ ਅਕਾਲ ਤਖ਼ਤ ਵਿਖੇ ਇੱਕ ਪੱਤਰ ਸੌਂਪ ਕੇ ਇੰਕਸ਼ਾਫ ਕੀਤਾ ਗਿਆ ਸੀ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਕਈ ਵੱਡੀਆਂ ਗੁਨਾਹ ਹੋਏ ਸਨ ਜਿਨ੍ਹਾਂ ਲਈ ਉਹ ਖਿਮਾ ਯਾਚਨਾ ਕਰਨਾ ਚਾਹੁੰਦੇ ਹਨ। ਇਨ੍ਹਾਂ ਗ਼ਲਤੀਆਂ ਵਾਸਤੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਵਡੇ ਬਾਦਲ, ਗਿਆਨੀ ਗੁਰਬਚਨ ਸਿੰਘ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 15 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲੱਗੇ ਦੋਸ਼ਾਂ ਸਬੰਧੀ 15 ਦਿਨਾਂ ਦੇ ਅੰਦਰ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਦੇਣ ਦੇ ਆਦੇਸ਼ ਦਿੱਤੇ ਸਨ। ਸੁਖਬੀਰ ਸਿੰਘ ਬਾਦਲ ਵੱਲੋਂ ਨਿਰਧਾਰਤ ਸਮੇਂ ਵਿੱਚ ਆਪਣਾ ਸਪਸ਼ਟੀਕਰਨ ਅਕਾਲ ਤਖ਼ਤ ਵਿਖੇ ਸੌਂਪ ਦਿੱਤਾ ਗਿਆ ਸੀ, ਜਿਸ ਨੂੰ ਬੀਤੇ ਦਿਨ ਜਨਤਕ ਕੀਤਾ ਗਿਆ। ਇਹ ਸਪਸ਼ਟੀਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਅਕਾਲੀ ਸਰਕਾਰ ਦੇ ਸਮੇਂ ਪਾਰਟੀ ਜਾਂ ਸਰਕਾਰ ਕੋਲੋਂ ਜਾਣੇ ਅਣਜਾਣੇ ਵਿੱਚ ਹੋਈਆਂ ਸਾਰੀਆਂ ਗ਼ਲਤੀਆਂ ਅਤੇ ਭੁੱਲਾਂ ਨੂੰ ਆਪਣੀ ਝੋਲੀ ਵਿੱਚ ਪਾਉਂਦਿਆਂ ਇਨ੍ਹਾਂ ਦੀ ਖਿਮਾ ਯਾਚਨਾ ਕੀਤੀ ਗਈ ਹੈ। ਪਰ ਕਿਹੜੀਆਂ ਭੁਲਾਂ ਹੋਈਆਂ, ਕਿਹੜੇ ਗੁਨਾਹ ਹੋਏ, ਉਸ ਬਾਰੇ ਕੋਈ ਵੇਰਵਾ ਤੇ ਸਪਸ਼ਟੀਕਰਨ ਨਹੀਂ ਦਿਤਾ ਗਿਆ। ਅਕਾਲੀ ਦਲ ਹਮੇਸ਼ਾ ਅਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰਦਾ ਹੈ ਜਿਸ ਵਿੱਚ ਸੂਬਿਆਂ ਨੂੰ ਵੱਧ ਅਧਿਕਾਰ ਦੇਣ, ਸੰਘੀ ਢਾਂਚਾ ਬਣੇ ਰਹਿਣ ਸਮੇਤ ਕਈ ਮੰਗਾਂ ਸਨ। ਪਰ ਬੀਤੇ ਸਮੇਂ ਅਕਾਲੀ ਦਲ ਨੇ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਖਤਮ ਕਰਨ 'ਤੇ ਵੀ ਸਹਿਯੋਗ ਕਰ ਦਿੱਤਾ, ਤਿੰਨ ਖੇਤੀ ਕਾਨੂੰਨਾਂ ਦਾ ਵੀ ਸਹਿਯੋਗ ਕੀਤਾ। ਯਾਨੀ ਕਿ ਪਿਛਲੇ 10-20 ਸਾਲਾਂ ਵਿੱਚ ਹਰ ਕੇਂਦਰੀ ਕਦਮ ਦਾ ਇਹ ਸਹਿਯੋਗ ਕਰ ਰਹੇ ਹਨ, ਜਿਸ ਕਰਕੇ ਖੇਤਰੀ ਪਾਰਟੀ ਵਜੋਂ ਇਨ੍ਹਾਂ ਦੇ ਵਜੂਦ ਨੂੰ ਠਾਅ ਲੱਗੀ ਹੈ । ਪੰਥਕ ਵੋਟ ਬੈਂਕ ਗਵਾਉਣ ਕਰਕੇ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਚਾਰ ਚੋਣਾਂ ਹਾਰਿਆ। ਇਸ ਵਾਰ ਦੀਆਂ ਚੋਣਾਂ ਵਿੱਚ ਹੋਈ ਹਾਰ ਤੇ ਮਾੜੇ ਪਰਦਰਸ਼ਨ ਕਰਕੇ ਪੈਦਾ ਹੋਈ ਨਿਰਾਸ਼ਾ ਦੇ ਆਲਮ ਨੇ ਆਪਸੀ ਗੁੱਟਬੰਦੀ ਨੂੰ ਜਨਮ ਦਿੱਤਾ। ਸਿਖ ਵਿਦਵਾਨਾਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੋਈ ਆਮ ਖੇਤਰੀ ਪਾਰਟੀ ਨਹੀਂ ਹੈ। ਅੱਜ ਵੀ ਮਜ਼ਬੂਤ ਅਕਾਲੀ ਦਲ ਸ੍ਰੀ ਅਕਾਲ ਤਖਤ ਅਤੇ ਪੰਥ ਦੀ ਨੁਮਾਇੰਦਗੀ ਕਰਨ ਵਾਲੀ ਸਿਆਸੀ ਪਾਰਟੀ ਹੈ। ਇਹ ਮਾਮਲਾ ਅਤਿ ਗੰਭੀਰ ਹੈ, ਜੋ ਸ਼੍ਰੋਮਣੀ ਅਕਾਲੀ ਦਲ ਦੇ ਦਾਗ਼ੀ ਤੇ ਬਾਗ਼ੀ ਧੜੇ ਨਾਲ ਜੁੜਿਆ ਹੋਇਆ ਹੈ। ਦੋਵੇਂ ਹੀ ਧੜੇ ਕਸੂਰਵਾਰ ਹਨ। ਜਦੋਂ ਮਾਮਲਾ ਅਕਾਲ ਤਖ਼ਤ ਕੋਲ ਹੈ ਤਾਂ ਹੁਣ ਇਨ੍ਹਾਂ ਖਿਲਾਫ਼ ਦੋਸ਼ ਤੈਅ ਹੋਣੇ ਚਾਹੀਦੇ ਹਨ। ਜਦੋਂ ਉਹ ਦੋਸ਼ ਸਵੀਕਾਰ ਲੈਂਦੇ ਹਨ ਤਾਂ ਦੋਸ਼ਾਂ ਦੀ ਗੰਭੀਰਤਾ ਦੇ ਮੁਤਾਬਕ ਹੀ ਕਾਰਵਾਈ ਹੋਣੀ ਚਾਹੀਦੀ ਹੈ ਤੇ ਅਕਾਲੀ ਦਲ ਦੀ ਪੁਨਰ ਸਿਰਜਣਾ ਲਈ ਜਥੇਦਾਰਾਂ ਨੂੰ ਸਮੁਚੀਆਂ ਪੰਥਕ ਜਥੇਬੰਦੀਆਂ ਦੀ ਮੀਟਿੰਗ ਬੁਲਾਕੇ ਫੈਸਲਾ ਲੈਣਾ ਚਾਹੀਦਾ ਹੈ। ਦੋਸ਼ੀ ਲੀਡਰਸ਼ਿਪ ਨੂੰ ਵੀ ਅਕਾਲੀ ਦਲ ਨੂੰ ਬਚਾਉਣ ਲਈ ਸਹਿਯੋਗ ਕਰਨਾ ਚਾਹੀਦਾ ਹੈ। ਪੰਜ ਸਿੰਘ ਸਾਹਿਬਾਨ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਚਾਉਣ ਵਰਗਾ ਅਜਿਹਾ ਮਾਮਲਾ ਵਿਚਾਰਦਿਆਂ ਪੰਥ ਦੇ ਵਡੇਰੇ ਹਿਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਲੀਡਰਸ਼ਿਪ ਵਿੱਚ ਤਬਦੀਲੀ ਦੇ ਨਾਲ ਪਾਰਟੀ ਕੋਈ ਖੇਤਰੀ ਸਿਆਸੀ ਪ੍ਰੋਗਰਾਮ ਦੇਵੇ, ਪਹਿਲਾਂ ਦੇ ਕੇਂਦਰਵਾਦੀ ਪ੍ਰੋਗਰਾਮ ਨੂੰ ਤਿਆਗਣ, ਫਿਰ ਕਿਤੇ ਜਾ ਕੇ ਇਹ ਪਾਰਟੀ ਖੜ੍ਹੀ ਹੋ ਸਕਦੀ ਹੈ।"

-ਰਜਿੰਦਰ ਸਿੰਘ ਪੁਰੇਵਾਲ

# NEWS & VIEWS



Gurmukh Singh O B E

## BRITISH SIKH STRATEGY IN THE AFTERMATH OF RECENT RIOTS

Far-right violence which spread across the UK has been stopped by law enforcement for the time being. Violence can never be justified. This time it was triggered by misinformation spread through social media about an incident in Southport. The background of earlier mass demonstrations against Israel-Gaza war is relevant.

On Monday 29 July, 2024, three girls aged six, seven and nine were fatally stabbed and ten others injured while attending a Taylor Swift-themed dance event. The 17-year-old male who was arrested was neither an asylum seeker nor had any Islamist connection as claimed by false rumours in the social media.

According to a professor in the history of radicalism and extremism at Northampton university, Paul Jackson, *instead of a single entity that could be banned or sanctioned, police now faced an amorphous adversary, of splinter groups and personalities, who find common cause and whose capacity to organise spontaneously, has been greatly enhanced by social media.*

Last weekend, anti-racist demonstrations followed those by the extreme right. The situation seems to be under control. However, from a British Sikh viewpoint, we need to understand genuine concerns of the majority community about threats to the British way of life. We chose this country as our home due to opportunities, rule of law and a general sense of British fair play. We won our own rights as a distinct community incrementally and, sometimes, through the law courts.

The overall message from recent riots is that the whole country is shifting to the right and adopting an anti-immigration stance, especially against minority communities. It is a matter of concern that an earlier *YouGov poll* revealed that one in 14 Britons are actually sympathetic towards the rioters and believe the unrest is completely justified. It is alarming that *nine per cent regarded the protesters as patriots!* More than a quarter of people hold a particular religion responsible for the riots. It is little relief to know that *two-thirds of the population believe the disorder is caused by rioters, thugs, racists and the far-right.*

In future, despite legal restriction, socio-political scholars are likely to discuss real issues more openly. It is a positive sign that Sikhs are joining different parties. It was interesting to note that there was at least one full identity Sikh with British army background who stood as a candidate for the Reform Party.

Extreme religious ideologies will be continually challenged. In response, it is for religions to integrate successfully with the majority way of life while pushing towards a more liberal society which accepts diversity as added value.

The colonial experience of Britain is relevant for minorities. One example was the Parliamentary speeches by MPs and Lords which showed an understanding of the historical significance of the Sikh turban during the passing of the relevant legislation (** *Turban Victory* by late MP Sydney Bidwell)


The role of religious teachers and preachers needs to be continually kept under review to ensure harmonious living in a plural society. Religious idiom and allegory needs interpretation in terms of 21st Century world. The performance of religious preachers will be assessed in terms of success in conveying their religious message which covers the issues and concerns raised in current discussions and debates. Religion must continue to remain relevant to the times or expect to be challenged.

Sikhi, based on universal values and *Sarbat da bhalaa*, has no difficulty in showing the way.

** The Sikh Missionary Society UK:
https://www.sikhmissionarysociety.org/sms/smspublications/theturbanvictory/

**Gurmukh Singh OBE**, Ret'd Principal Civil Servant (UK) sewauk2005@yahoo.co.uk

# ਦੇਸ ਵੰਡ ਨਾਲ ਸਬੰਧਿਤ ਸੱਚੀਆਂ ਦਾਸਤਾਨਾਂ



## ✪ 1947 ਦੀ ਦੇਸ ਵੰਡ, ਪੰਜਾਬ ਦਾ ਦਰਦ, ਮੇਰਾ ਦਰਦ ✪ ਜਥੇਦਾਰ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ 47 ਵੰਡ ਦੇ ਦੰਗਿਆਂ ਦੌਰਾਨ ਮਾਰੇ ਪੰਜਾਬੀਆਂ ਦੀ ਅਰਦਾਸ ਹੋਵੇ

### 15 ਅਗਸਤ ਅਜ਼ਾਦੀ ਦਿਵਸ ਤੇ ਵਿਸ਼ੇਸ਼

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਜਦੋਂ ਮੈਂ ਪੰਜ ਸਾਲ ਦਾ ਸੀ ਤਾਂ ਮੇਰਾ ਦਾਦਾ ਬਾਬਾ ਹਰਨਾਮ ਸਿੰਘ ਜੀ ਮੈਨੂੰ ਆਪਣੇ ਕੰਧਾੜੇ ਚੁਕ ਕੇ ਗੁਰਦੁਆਰੇ ਲੈ ਜਾਂਦੇ। ਉਹ ਪਹਿਲਾਂ ਨਿਸ਼ਾਨ ਸਾਹਿਬ ਅਗੇ ਮਥਾ ਟੇਕਦੇ, ਫਿਰ ਸਲੂਟ ਕਰਦੇ। ਮੈਂ ਬਾਬਾ ਜੀ ਤੋਂ ਪੁਛਦਾ ਤੁਸੀਂ ਨਿਸ਼ਾਨ ਸਾਹਿਬ ਅਗੇ ਮੱਥਾ ਕਿਉਂ ਟੇਕਦੇ ਹੋ ਸਲੂਟ ਕਿਉਂ ਕਰਦੇ ਹੋ। ਉਹ ਕਹਿਣ ਲਗੇ ਕਿ ਅਸੀਂ ਆਪਣੇ ਗੁਰੂ ਦੇ ਨਿਸ਼ਾਨ ਅਗੇ ਝੁਕਦੇ ਹਾਂ ਤਾਂ ਜੋ ਸਾਡੇ ਪੰਥ ਦਾ ਸਿਰ ਹਮੇਸ਼ਾ ਇਸ ਨਾਲ ਉਚਾ ਰਹਿ ਸਕੇ। ਸਾਡੇ ਅੰਦਰ ਸਰਬਤ ਦੇ ਭਲੇ ਦੀ ਰੀਤ ਜਿਉਂਦੀ ਰਹੇ ਜੋ ਸਾਡੇ ਸਤਿਗੁਰੂ ਨੇ ਬਖਸ਼ੀ ਹੈ। ਇਹ ਸ਼ਬਦ ਮੈਨੂੰ ਹੁਣ ਤਕ ਚੇਤੇ ਹਨ ਮੈਂ ਬਾਕੀਆਂ ਬਚਿਆਂ ਵਾਂਗ ਜਿਦ ਕਰਦਾ ਉਹ ਮੈਨੂੰ ਪੰਦਰਾ ਅਗਸਤ ਵਾਂਗ ਅਜਾਦੀ ਦੀ ਪਰੇਡ ਉਪਰ ਲੈ ਜਾਂਦੇ। ਪਰ ਉਥੇ ਉਹਨਾਂ ਦੀਆਂ ਅਖਾਂ ਨਮ ਹੋ ਜਾਦੀਆਂ। ਜਦੋਂ ਮੈਂ ਉਹਨਾਂ ਵਲ ਦੇਖਦਾ ਤਾਂ ਉਹਨਾਂ ਨਾਲ ਚੰਬੜ ਜਾਂਦਾ। ਪਰ ਮੈਨੂੰ ਨਹੀਂ ਪਤਾ ਸੀ ਕਿ ਮੇਰੇ ਬਾਬੇ ਦੀਆਂ ਅਖਾਂ ਵਿਚ ਹੰਝੂ ਕਿਉਂ ਨੇ ?

ਇਕ ਵਾਰ ਬਾਬਾ ਜੀ ਦਸਣ ਲਗੇ ਕਿ ਸੰਤਾਲੀ ਵੰਡ ਵਿਚ ਤੇਰਾ ਪੜਦਾਦਾ ਤੇ ਛੋਟਾ ਤਾਇਆ ਹਿੰਦੂ-ਸਿਖਾਂ ਦੇ ਕਾਫਲੇ ਬਚਾਉਂਦਾ ਧਾੜਵੀਆਂ ਨਾਲ ਲੜਦਾ ਮਾਰਿਆ ਗਿਆ।

ਉਹ ਕਹਿੰਦੇ ਹਨ, "ਅਸੀਂ ਸਭ ਕੁਝ ਛੱਡ ਕੇ ਆ ਗਏ, ਬਸ ਆਪਣੀ ਜਾਨ ਬਚਾਈ ਅਤੇ ਆ ਗਏ। ਸਾਡੀਆਂ ਜਮੀਨਾਂ ਗਵਾਚ ਗਈਆਂ, ਲਹਿੰਦੇ ਪੰਜਾਬ ਦੇ ਮੁਕਾਬਲੇ ਚੜ੍ਹਦੇ ਪੰਜਾਬ ਵਿਚ ਸਾਨੂੰ ਘੱਟ ਜ਼ਮੀਨ ਮਿਲੀ ਤੇ ਜਿਸ ਵਿੱਚੋਂ ਖੇਤੀ ਹੇਠਲਾ ਰਕਬਾ ਵੀ ਤੁਲਨਾ ਵਿੱਚ ਘੱਟ ਹੀ ਸੀ। ਸਾਡਾ ਆਦਰ ਸਤਿਕਾਰ ਜੋ ਲੋਕ ਕਰਦੇ ਸਨ ਉਹ ਗਵਾਚਿਆ, ਸਾਡਾ ਲਾਹੌਰ ਗਵਾਚਿਆ ਜਿਥੇ ਅਸੀਂ ਰਾਜ ਕੀਤਾ ਜੋ ਸਾਡੀ ਰਾਜਧਾਨੀ ਸੀ। ਸਾਡਾ ਨਨਕਾਣਾ, ਸਾਡਾ ਕਰਤਾਰਪੁਰ ਗਵਾਚਿਆ ਜਿਥੋਂ ਸਾਨੂੰ ਕਿਰਤ ਕਰਨ, ਨਾਮ ਜਪਣ, ਵੰਡ ਛੱਕਣ ਦਾ ਫਲਸਫਾ ਮਿਲਿਆ। ਸਾਡੇ ਰਿਸ਼ਤੇ ਕਤਲ ਹੋਏ, ਬਚੀਆਂ ਗੁੰਮ ਹੋਈਆਂ। ਔਰਤਾਂ ਦੀ ਬੇਪਤੀ ਕੀਤੀ ਗਈ। ਬਲਾਤਕਾਰ ਕੀਤੇ ਗਏ ਤੇ ਇੱਥੇ ਹੀ ਬੱਸ ਨਹੀਂ ਦੂਜੇ ਧਰਮ ਦੀਆਂ ਔਰਤਾਂ ਦੇ ਸਰੀਰਕ ਅੰਗਾਂ ਨੂੰ ਵੱਢ ਸੂਰਮਗਤੀ ਦਰਸਾਉਣ ਦਾ ਘਿਣਾਉਣਾ ਕੰਮ ਵੀ ਸ਼ੁਰੂ ਹੋ ਗਿਆ। ਦੁਨੀਆ ਦੇ ਇਤਿਹਾਸ ਵਿੱਚ 1947 ਵਿੱਚ ਸਭ ਤੋਂ ਵੱਡਾ ਪਲਾਇਨ ਵਾਪਰਿਆ। ਉਹਨਾਂ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲਗੇ।

ਇਹ ਸਾਡੀ ਦਾਸਤਾਨ ਹੈ। ਮੈਂ ਸਮਝਦਾ ਹਾਂ ਕਿ ਅਕਾਲ ਤਖਤ ਸਾਹਿਬ ਵਿਖੇ ਸੰਤਾਲੀ ਦੀ ਕਟ ਵਢ ਵਿਚ ਮਰੇ ਪੰਜਾਬੀਆਂ ਦੀ ਅਰਦਾਸ ਜਥੇਦਾਰ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਹੋਣੀ ਚਾਹੀਦੀ ਹੈ। ਇਹ ਸ਼ਲਾਘਾਯੋਗ ਇਤਿਹਾਸਕ ਉਦਮ ਹੋਵੇਗਾ।

ਇਹ ਵੰਡ ਨਹੀਂ ਹੋਣੀ ਚਾਹੀਦੀ ਸੀ। ਸਿਆਸਤ ਦਾਨਾਂ ਦਾ ਕੋਈ ਧਰਮ ਨਹੀਂ ਹੁੰਦਾ ਧਰਮ ਦੇ ਨਾਮ ਉਪਰ ਲੜਾਈਆਂ ਫਿਰਕਾਪ੍ਰਸਤੀ ਇਹਨਾਂ ਦੀ ਦੇਣ ਹੈ ਜਿਸਨੇ ਭਾਰਤ ਵੰਡਿਆ ਸਾਡਾ ਪੰਜਾਬ ਵੰਡਿਆ। ਮੇਰੇ ਪੁਰਖਿਆਂ ਦਾ ਦਰਦ ਮੇਰਾ ਦਰਦ ਹੈ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਸਾਰਿਆਂ ਭਾਈਚਾਰਿਆਂ ਵਿਚੋਂ ਰਾਸ਼ਟਰੀ ਪੱਧਰ ਦਾ ਕੋਈ ਨੇਤਾ ਨਾ ਪੈਦਾ ਕਰ ਸਕੀ ਅਤੇ ਇਹ ਇਤਿਹਾਸ ਦੇ ਅਤਿ-ਨਾਜ਼ੁਕ ਮੌੜ ਤੇ ਇਸ ਲਈ ਤਬਾਹੀ ਦਾ ਸਬੱਬ ਬਣਿਆ। ਪੰਜਾਬ ਦਾ ਦੁਖਾਂਤ ਇਸੇ ਘਾਟ ਵਿਚੋਂ ਉਪਜਿਆ।

ਪੰਜਾਬ ਦੀ ਲੀਡਰਸ਼ਿਪ ਪੰਜਾਬ ਵਿਚ ਹੀ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਨਾਲ ਹੀ ਸੰਤੁਸ਼ਟ ਸੀ। ਸਿੱਖ ਲੀਡਰਸ਼ਿਪ ਵੀ ਇਸ ਰਵਾਇਤੀ ਕਮਜ਼ੋਰੀ ਦਾ ਸ਼ਿਕਾਰ ਸੀ।

ਬਾਕੀ ਹਿਸਾ ਸਫਾ 44 ਤੇ ਪੜ੍ਹੋ →

## ਬਾਪੂ ਸੇਵਾ ਸਿੰਘ, ਰਾਤ-ਬਰਾਤੇ ਰਸਤੇ ਬਦਲ ਕੇ ਲਾਸ਼ਾਂ ਉੱਤੋਂ ਦੀ ਲੰਘਦੇ ਪਹੁੰਚੇ ਸੀ ਲੱਧੂ ਕੀ



ਮੁਕਤਸਰ ਦੇ ਪਿੰਡ ਮਿੱਡਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਬਾਪੂ ਸੇਵਾ ਸਿੰਘ ਜਿਹੜੇ ਪਾਕਿਸਤਾਨ ਵਿੱਚੋਂ ਉੱਜੜ ਕੇ ਆਏ ਸਨ, ਦੇ ਪੋਤਰੇ ਰੁਪਿੰਦਰ ਸਿੰਘ ਨੇ ਦੱਸਿਆ ਕਿ ਬਾਪੂ ਜੀ 15 ਅਗਸਤ ਨੂੰ ਸਾਰਾ ਦਿਨ ਉਜਾੜੇ ਨੂੰ ਯਾਦ ਕਰਕੇ ਰੋਂਦੇ ਰਹਿੰਦੇ ਹਨ ਅਤੇ ਬਹੁਤ ਹੀ ਭਾਵਕ ਹੋ ਜਾਂਦੇ ਹਨ। ਬਾਪੂ ਸੇਵਾ ਸਿੰਘ ਜਿਨ੍ਹਾਂ ਨੇ ਬਾਅਦ ਵਿੱਚ ਆਪਣਾ ਨਾਂ ਸੁਰਿੰਦਰ ਸਿੰਘ ਰੱਖ ਲਿਆ ਸੀ, ਨੇ ਆਪਣੇ ਉਜਾੜੇ ਦੀ ਦਾਸਤਾਨ ਸੁਣਾਉਂਦਿਆਂ ਦੱਸਿਆ ਕਿ ਉਸ ਵਕਤ ਉਨ੍ਹਾਂ ਦੀ ਉਮਰ ਕਰੀਬ ਸੱਤ ਸਾਲ ਦੀ ਹੋਵੇਗੀ ਜਦ ਉਹ ਆਪਣਾ ਘਰ-ਬਾਰ ਛੱਡ ਕੇ ਟਾਂਗੇ 'ਤੇ ਬੈਠ ਕੇ ਹਿੰਦੁਸਤਾਨ ਵੱਲ ਆਏ।

ਬਾਪੂ ਸੇਵਾ ਸਿੰਘ ਨੇ ਦੱਸਿਆ ਕਿ ਉਹ ਪਿੰਡ 'ਉੱਦੋ ਕੇ' ਪਾਕਿਸਤਾਨ ਵਿੱਚ ਖੁਸ਼ਹਾਲ ਜੀਵਨ ਬਤੀਤ ਕਰਦੇ ਸਨ। ਬਾਪੂ ਜੀ ਦੇ ਪਿਤਾ ਜੀ ਸਰਦਾਰ ਸ਼ਿੰਗਾਰਾ ਸਿੰਘ ਜੋ ਲਾਹੌਰ ਦੇ ਐੱਸਜੀਪੀਸੀ ਦੇ ਮੈਂਬਰ ਸਨ। ਬਾਪੂ ਜੀ ਦੇ ਪਿਤਾ ਕੋਲ ਉਸ ਵਕਤ 280 ਘੁਮਾ ਜ਼ਮੀਨ ਸੀ ਅਤੇ ਬਹੁਤ ਹੀ ਚੰਗੀ ਜ਼ਮੀਨ ਉਨ੍ਹਾਂ ਕੋਲ ਸੀ। ਬਾਪੂ ਨੇ ਕਿਹਾ ਕਿ ਸਾਡੇ ਪਿੰਡ ਦੇ ਨਾਲ ਕਾਹਨਾ ਪਿੰਡ ਅਤੇ ਸਰੈਚ ਪਿੰਡ ਲੱਗਦੇ ਸਨ। ਬਾਪੂ ਨੇ ਦੱਸਿਆ ਕਿ ਉਨ੍ਹਾਂ ਦੀ ਵੱਡੀ ਭੈਣ ਸਰੈਚ ਪਿੰਡ ਵਿਆਹੀ ਹੋਈ ਸੀ। ਉਸ ਵਕਤ ਉਹ ਪੰਜ-ਛੇ ਸਾਲਾਂ ਦਾ ਸੀ ਅਤੇ ਵਿਆਹ ਵੇਲੇ ਉਸ ਨੂੰ ਉਸ ਦੀ ਭੈਣ ਦੇ ਨਾਲ ਭੈਣ ਦੇ ਸਹੁਰੀਂ ਭੇਜ ਦਿੱਤਾ ਅਤੇ ਹੋਰ ਵੀ ਸ਼ਰੀਕੇ ਵਿੱਚੋਂ ਉਨ੍ਹਾਂ ਦੇ ਭਾਈ ਗਏ ਕਿਉਂਕਿ ਇਹ ਰਿਵਾਜ ਹੈ ਕਿ ਜਦ ਪਹਿਲੇ ਦਿਨ ਭੈਣਾਂ ਜਾਂਦੀਆਂ ਹਨ ਤਾਂ ਭਰਾ ਨਾਲ ਜਾਂਦੇ ਹਨ। ਬਾਪੂ ਨੇ ਕਿਹਾ ਕਿ ਉਨ੍ਹਾਂ ਨੂੰ ਲੱਡੂ ਇੱਕ ਭਾਂਡੇ ਵਿੱਚ ਪਾ ਕੇ ਦੇ ਦਿੱਤੇ ਤਾਂ ਕਿ ਰਸਤੇ ਵਿੱਚ ਭੁੱਖ ਲੱਗੀ ਤਾਂ ਖਾ ਲੈਣੇ। ਉਦੋਂ ਤਾਂ ਚਿੱਤ-ਚੇਤਾ ਵੀ ਨਹੀਂ ਸੀ ਕਿ ਸਾਨੂੰ ਆਪਣਾ ਪਿੰਡ ਅਤੇ ਘਰ-ਬਾਰ ਛੱਡਣਾ ਪਵੇਗਾ।

ਅਚਾਨਕ ਅਜਿਹੀ ਕੁਲੈਹਣੀ ਘੜੀ ਆਈ ਕਿ ਉਨ੍ਹਾਂ ਨੂੰ ਸਭ ਕੁਝ ਛੱਡਣਾ ਪਿਆ। ਬਾਪੂ ਨੇ ਦੱਸਿਆ ਕਿ ਉਨ੍ਹਾਂ ਦੇ ਇੱਕ ਨੌਕਰ ਮੁਸਲਮਾਨ ਕੰਮ ਕਰਦਾ ਹੁੰਦਾ ਸੀ। ਜਦ ਬਾਹਰ ਵੱਢ-ਟੁੱਕੀ ਹੋਣ ਲੱਗ ਪਈ ਅਤੇ ਰੌਲਾ ਪੈਣ ਲੱਗ ਪਿਆ, ਮੁਸਲਮਾਨ ਸਿੱਖਾਂ ਨੂੰ ਮਾਰ ਰਹੇ ਸਨ ਅਤੇ ਲਾਸ਼ਾਂ ਦੇ ਢੇਰ ਲਗਾ ਰਹੇ ਸਨ ਤਾਂ ਨਾਲ ਦੇ ਪਿੰਡ ਉਨ੍ਹਾਂ ਦੀ ਰਿਸ਼ਤੇਦਾਰੀ ਸੀ ਉਥੋਂ ਦੇ ਜ਼ਿਮੀਂਦਾਰ ਨਿਧਾਨ ਸਿੰਘ ਦੇ ਲੜਕੇ ਕੁੰਦਨ ਸਿੰਘ ਨੇ ਟਾਂਗਾ ਬਣਾਇਆ ਹੋਇਆ ਸੀ। ਨਿਧਾਨ ਸਿੰਘ ਨੇ ਆਪਣੇ ਲੜਕੇ ਨੂੰ ਟਾਂਗਾ ਦੇ ਕੇ ਸਾਡੇ ਕੋਲ ਭੇਜਿਆ ਅਤੇ ਅਸੀਂ ਸਾਰੇ ਕਮਰਿਆਂ ਨੂੰ ਜਿੰਦਰੇ ਲਾ ਕੇ ਚਾਬੀ ਨੌਕਰ ਸ਼ਾਹਾਬੂਦੀਨ ਨੂੰ ਫੜਾ ਦਿੱਤੀ ਅਤੇ ਕਿਹਾ ਕਿ ਤੂੰ ਸੰਭਾਲ ਰੱਖੀ, ਕਿਸੇ ਹੋਰ ਨੂੰ ਨਾ ਬੈਠਣ ਦੇਈਂ, ਅਸੀਂ ਥੋੜ੍ਹੇ ਦਿਨਾਂ ਬਾਅਦ ਜਦੋਂ ਰੌਲਾ-ਰੱਪਾ ਖ਼ਤਮ ਹੋ ਗਿਆ, ਅਸੀਂ ਆ ਜਾਵਾਂਗੇ। ਅਸੀਂ ਸਾਰੇ ਜਾਣੇ ਟਾਂਗੇ 'ਤੇ ਬੈਠ ਗਏ ਅਤੇ ਬਹੁਤ ਮੁਸ਼ਕਲ ਸਥਿਤੀ ਵਿੱਚ ਰਾਤ-ਬਰਾਤੇ ਰਸਤੇ ਬਦਲ ਕੇ ਲਾਸ਼ਾਂ ਉੱਤੋਂ ਦੀ ਲੰਘਦੇ ਕਿਸੇ ਹਿਸਾਬ ਨਾਲ ਲੱਧੂ ਕੀ ਪਹੁੰਚ ਗਏ ਜੋ ਕਿ ਹਿੰਦੁਸਤਾਨੀ ਪੰਜਾਬ 'ਚ ਸੀ।

ਬਾਪੂ ਨੇ ਦੱਸਿਆ ਕਿ ਮੇਰਾ ਛੋਟਾ ਭਰਾ ਅਵਤਾਰ ਸਿੰਘ ਜਿਸ ਨੂੰ ਵੰਡ ਦਾ ਬਹੁਤ ਹੀ ਜ਼ਿਆਦਾ ਧੱਕਾ ਲੱਗਿਆ ਸੀ, ਉਹ ਵੰਡ ਦਾ ਦਰਦ ਨਾ ਸਹਾਰਦਾ ਹੋਇਆ ਇਸ ਜਹਾਨ ਤੋਂ ਰੁਖਸਤ ਹੋ ਗਿਆ। ਬਾਪੂ ਨੇ ਦੱਸਿਆ ਕਿ ਅਸੀਂ ਲੱਧੂ ਕੇ ਤੋਂ ਹੁਸ਼ਿਆਰਪੁਰ, ਫਿਰੋਜ਼ਪੁਰ ਅਤੇ ਹੋਰ ਬਹੁਤ ਸਾਰੇ ਪਿੰਡਾਂ ਵਿਚ ਚਾਰ ਸਾਲ ਧੱਕੇ ਖਾਧੇ ਅਤੇ ਖਾਣ ਜੋਗੀ ਕਿਰਤ-ਕਮਾਈ ਕਰਕੇ ਢਿੱਡ ਭਰਦੇ ਰਹੇ। 1951 ਵਿਚ ਸਾਨੂੰ ਜ਼ਮੀਨ ਮਿੱਡੇ ਅਲਾਟ ਹੋਈ। ਜ਼ਮੀਨ ਬਰਾਨੀ ਸੀ, ਅਸੀਂ ਪਟਵਾਰੀ ਨੂੰ ਕਹਿ ਕੇ ਉਹ ਜ਼ਮੀਨ ਛੱਡ ਕੇ ਕੱਸੀ ਦੇ ਨਾਲ ਜ਼ਮੀਨ ਲੈ ਲਈ। ਬਾਪੂ ਨੇ ਦੱਸਿਆ ਕਿ ਮੁਸਲਮਾਨਾਂ ਦੇ ਘਰ ਖਾਲੀ ਹੋਏ ਪਏ ਸਨ ਕਿਉਂਕਿ ਇੱਥੇ ਪਹਿਲਾਂ ਤੋਂ ਰਹਿਣ ਵਾਲੇ ਲੋਕ ਮੁਸਲਮਾਨਾਂ ਦਾ ਸਾਰਾ ਸਾਮਾਨ ਚੁੱਕ ਕੇ ਲੈ ਗਏ ਸਨ। ਬਾਪੂ ਨੇ ਕਿਹਾ ਕਿ ਅਸੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਬਲਦ, ਹਲ, ਪੰਜਾਲੀ ਗੱਡਾ ਬਣਾਇਆ ਅਤੇ ਹੌਲੀ-ਹੌਲੀ ਕਾਮਯਾਬ ਹੁੰਦੇ ਗਏ।

ਬਾਪੂ ਨੇ ਕਿਹਾ ਕਿ ਮੇਰੇ ਪਿਤਾ ਸ਼ਿੰਗਾਰਾ ਸਿੰਘ ਨੇ ਮੈਨੂੰ ਪੜ੍ਹਨ ਲਾ ਦਿੱਤਾ ਅਤੇ ਮੈਂ ਬੀਏ ਪਟਿਆਲੇ ਤੋਂ ਕਰਕੇ ਗਿਆਨੀ ਕੀਤੀ। ਬਾਪੂ ਕਹਿੰਦਾ ਕਿ ਬੱਚੇ ਛੋਟੇ ਹਨ ਅਤੇ ਘਰ 'ਚ ਕਮਾਈ ਦਾ ਕੋਈ ਸਾਧਨ ਨਹੀਂ ਸੀ ਅਤੇ ਬਾਪੂ ਸ਼ਿੰਗਾਰਾ ਸਿੰਘ ਵੀ ਬਿਰਧ ਹੋ ਚੁੱਕੇ ਸਨ, ਇਸ ਲਈ ਮੈਂ ਸਰਵਿਸ ਕਰਨ ਦੀ ਬਜਾਏ ਖੇਤੀ ਵੱਲ ਪਿੰਡ ਆ ਕੇ ਧਿਆਨ ਦਿੱਤਾ। ਬਾਪੂ ਕਹਿੰਦਾ ਕਿ ਲਾਸ਼ਾਂ ਦੇ ਲੱਗੇ ਢੇਰ ਜਦ ਯਾਦ ਆਉਂਦੇ ਹਨ ਅਤੇ ਖ਼ੂਨ ਦੀਆਂ ਨਦੀਆਂ ਵਗਦੀਆਂ ਅਤੇ ਮੇਰੀਆਂ ਅੱਖਾਂ ਸਾਹਮਣੇ ਤਲਵਾਰਾਂ ਨੇਜ਼ਿਆਂ ਨਾਲ ਕਤਲੇਆਮ ਜੋ ਮੈਂ ਅੱਖੀ ਵੇਖਿਆ, ਅੱਜ ਵੀ ਉਹ ਸੀਨ ਵਾਰ-ਵਾਰ ਮੇਰੇ ਸਾਹਮਣੇ ਆ ਜਾਂਦਾ ਹੈ ਪਰ ਅਸੀਂ ਰੱਬ ਆਸਰੇ ਬਚਦੇ-ਬਚਾਉਂਦੇ ਆ ਗਏ। ਉਨ੍ਹਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਪਾਕਿਸਤਾਨ ਆਪਣੇ ਘਰ ਉੱਡ ਕੇ ਚਲਾ ਜਾਵਾਂ ਪਰ ਜੋ ਰੱਬ ਨੂੰ ਮਨਜ਼ੂਰ ਹੈ, ਮੇਰਾ ਓਧਰ ਜਾਣ ਦਾ ਕੋਈ ਸਬੱਬ ਹੀ ਨਹੀਂ ਬਣਿਆ ਅਤੇ ਮੈਂ ਇਹ ਵੀ ਸੋਚਦਾ ਹਾਂ ਕਿ ਜਦ ਮੈਂ ਆਪਣਾ ਪਿੰਡ ਆਪਣਾ ਘਰ ਵੇਖਾਂਗਾ ਪਤਾ ਨਹੀਂ ਮੈਥੋਂ ਵਾਪਸ ਹੀ ਨਾ ਆਇਆ ਜਾਣਾ।

# ਅਮਰੀਕੀਆਂ ਲਈ ਨਵੰਬਰ ਵਿਚ ਡੋਨਲਡ ਟਰੰਪ ਨੂੰ ਹਰਾਉਣਾ ਸਭ ਤੋਂ ਮਹੱਤਵਪੂਰਨ ਜੋ ਬਾਈਡਨ * ਜੇਕਰ ਟਰੰਪ ਹਾਰ ਗਿਆ ਤਾਂ ਉਸ ਲਈ ਹਾਰ ਪਚਾਉਣੀ ਮੁਸ਼ਕਿਲ ਹੋ ਜਾਵੇਗੀ

*ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਰਾਸ਼ਟਰਪਤੀ ਜੋ ਬਾਈਡਨ ਨੇ ਇਕ ਪੱਤਰਕਾਰ ਨਾਲ ਤਾਜ਼ਾ ਮੁਲਾਕਾਤ ਵਿਚ ਕਿਹਾ ਹੈ ਕਿ ਇਸ ਸਾਲ ਨਵੰਬਰ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹਰਾਉਣਾ ਸਭ ਤੋਂ ਅਹਿਮ ਹੋਵੇਗਾ। ਉਨਾਂ ਕਿਹਾ ਕਿ ਟਰੰਪ ਦਾ ਹਾਰਨਾ ਅਮਰੀਕਾ ਤੇ ਅਮਰੀਕੀ ਲੋਕਾਂ ਦੇ ਹਿੱਤ ਵਿਚ ਹੋਵੇਗਾ। ਸੀ ਬੀ ਐਸ ਦੇ ਮੁੱਖ ਚੋਣ ਪੱਤਰਕਾਰ ਰਾਬਰਟ ਕੋਸਟਾ ਨਾਲ ਗੱਲਬਾਤ ਕਰਦਿਆਂ ਬਾਈਡਨ ਨੇ ਕਿਹਾ ਕਿ ਜਦੋਂ ਉਹ 2020 ਵਿਚ ਚੋਣ ਲੜੇ ਸਨ ਤਾਂ ਉਹ ਆਪਣੇ ਆਪ ਨੂੰ ਇਕ ਬਦਲਵੇਂ ਰਾਸ਼ਟਰਪਤੀ ਵਜੋਂ ਵੇਖਦੇ ਸਨ।*

81 ਸਾਲਾ ਬਾਈਡਨ ਨੇ ਹੋਰ ਕਿਹਾ " ਮੈ ਨਹੀਂ ਕਹਿ ਸਕਦਾ ਮੈ ਕਿੰਨਾ ਬੁੱਢਾ ਹੋ ਗਿਆ ਹਾਂ, ਇਹ ਕਹਿਣਾ ਮੇਰੇ ਲਈ ਬਹੁਤ ਮੁਸ਼ਕਿਲ ਹੈ, ਹਾਲਾਂ ਕਿ ਰਾਸ਼ਟਰਪਤੀ ਹੋਣਾ ਇਕ ਬਹੁਤ ਮਾਣ ਵਾਲੀ ਗੱਲ ਹੈ, ਮੈ ਜੋ ਕੁਝ ਕੀਤਾ ਹੈ, ਮੇਰਾ ਵਿਚਾਰ ਹੈ ਕਿ ਉਹ ਮੇਰੀ ਜਿੰਮੇਵਾਰੀ ਹੈ, ਤੁਸੀਂ ਸਭ ਤੋਂ ਵਧ ਮਹੱਤਵਪੂਰਨ ਚੀਜ਼ ਜੋ ਕਰ ਸਕਦੇ ਹੋ ਉਹ





ਹੈ ਹਰ ਹਾਲਤ ਵਿਚ ਟਰੰਪ ਨੂੰ ਹਰਾਉਣਾ।" ਬਾਈਡਨ ਦਾ ਇਹ ਤਾਜ਼ਾ ਬਿਆਨ ਪਿਛਲੇ ਮਹੀਨੇ ਡੈਮੋਕਰੈਟਿਕ ਸਾਂਸਦਾਂ, ਫੰਡ ਦੇਣ ਵਾਲਿਆਂ ਤੇ ਪਾਰਟੀ ਵਿਚਲੇ ਹੋਰ ਆਗੂਆਂ ਵੱਲੋਂ ਉਨਾਂ ਦੀ ਉਮਰ ਨੂੰ ਲੈ ਕੇ ਪ੍ਰਗਟਾਏ ਤੌਖਲੇ ਤੇ ਵਧੇ ਦਬਾਅ ਦਰਮਿਆਨ ਪਿਛਲੇ ਮਹੀਨੇ ਚੋਣ ਮੈਦਾਨ ਵਿਚੋਂ ਹਟਣ ਉਪਰੰਤ ਪਹਿਲੀ ਵਾਰ ਆਇਆ ਹੈ। ਉਨਾਂ ਦੇ ਚੋਣ ਮੈਦਾਨ ਵਿਚੋਂ ਹਟਣ ਉਪਰੰਤ ਤੁਰੰਤ ਡੈਮੋਕਰੈਟਿਕ ਪਾਰਟੀ ਨੇ ਰਾਸ਼ਟਰਪਤੀ ਉਮੀਦਵਾਰ ਵਜੋਂ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਂ ਉਪਰ ਮੋਹਰ ਲਾ ਦਿੱਤੀ ਸੀ। ਕਮਲਾ ਹੈਰਿਸ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਬੀਤੇ ਸ਼ਨਿਚਰਵਾਰ ਜਾਰੀ ਇਕ ਤਾਜ਼ਾ ਸਰਵੇਖਣ ਅਨੁਸਾਰ 3 ਅਹਿਮ ਰਾਜਾਂ ਵਿਚ ਟਰੰਪ ਨਾਲੋਂ ਹੈਰਿਸ ਅੱਗੇ ਹੈ। ਮੁਲਾਕਾਤ ਦੌਰਾਨ ਬਾਈਡਨ ਨੇ ਹੋਰ ਕਿਹਾ ਕਿ ਉਸ ਨੂੰ ਭਰੋਸਾ ਨਹੀਂ ਹੈ ਕਿ ਟਰੰਪ ਦੇ ਹਾਰ ਜਾਣ ਦੀ ਸਥਿੱਤੀ ਵਿਚ ਉਹ ਚੋਣ ਪ੍ਰਕਿਆ ਨੂੰ ਸ਼ਾਤਮਈ ਢੰਗ ਨਾਲ ਸਿਰੇ ਚੜਨ ਦੇਵੇਗਾ। ਬਾਈਡਨ ਨੇ ਕਿਹਾ ਉਹ ਜੋ ਕੁਝ ਕਹਿ ਰਿਹਾ ਹੈ, ਉਸ ਦੇ ਕੁਝ ਅਰਥ ਹਨ ਹਾਲਾਂ ਕਿ ਅਸੀਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ ਪਰੰਤੂ ਜੋ ਉਹ ਕਹਿੰਦਾ ਉਸ ਦੇ ਉਸ ਲਈ ਅਰਥ ਹਨ।

**3 ਅਹਿਮ ਰਾਜਾਂ ਵਿਚ ਟਰੰਪ ਪਿੱਛੇ- ਸਰਵੇ**


ਇਕ ਤਾਜ਼ਾ ਸਰਵੇ ਵਿਚ ਕਿਹਾ ਗਿਆ ਹੈ ਕਿ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ 3 ਪ੍ਰਮੁੱਖ ਰਾਜਾਂ ਵਿਚ ਕਮਲਾ ਹੈਰਿਸ ਅੱਗੇ ਹੈ। ਨਿਊਯਾਰਕ ਟਾਈਮਜ਼- ਸੀਨੇਵਾ ਚੋਣ ਸਰਵੇ ਅਨੁਸਾਰ ਪੈਨਸਿਲਵਾਨੀਆ, ਮਿਸ਼ੀਗਨ ਤੇ ਵਿਸਕਾਨਸਿਨ ਰਾਜਾਂ ਵਿਚ ਹੈਰਿਸ 4% ਵੋਟਾਂ ਨਾਲ ਅੱਗੇ ਹਨ ਜਦ ਕਿ ਇਸ ਦੇ ਉਲਟ ਟਰਾਫਾਲਗਰ ਗਰੁੱਪ ਤੇ ਇਨਸਾਈਡਰ ਐਡਵਾਂਟੇਜ ਵੱਲੋਂ ਕੀਤੇ ਇਕ ਸਰਵੇ ਅਨੁਸਾਰ ਟਰੰਪ ਐਰੀਜੋਨਾ ਤੇ ਨੇਵਾਡਾ ਸਮੇਤ ਕਈ ਰਾਜਾਂ ਵਿਚ ਹੈਰਿਸ ਨਾਲੋਂ ਅੱਗੇ ਹਨ। ਇਸ ਸਰਵੇ ਵਿਚ ਕਿਹਾ ਗਿਆ ਹੈ ਕਿ ਹੈਰਿਸ ਨੂੰ ਡੈਮੋਕਰੈਟਿਕਾਂ ਦਾ ਸਮਰਥਨ ਵਧਣ ਦੇ ਬਾਵਜੂਦ ਉਸ ਪ੍ਰਤੀ ਵੋਟਰਾਂ ਦੇ ਇਕ ਵੱਡੇ ਹਿੱਸੇ ਵਿਚ ਅਵਿਸ਼ਵਾਸ਼ ਦੀ ਭਾਵਨਾ ਪਾਈ ਜਾ ਰਹੀ ਹੈ।

# ਭਾਰਤੀ ਦੂਰਸੰਚਾਰ ਕਾਰੋਬਾਰੀ ਨੇ ਬ੍ਰਿਟਿਸ਼ ਟੈਲੀਕਾਮ (ਬੀ ਟੀ) ਦੀ 25 ਫੀਸਦੀ ਹਿੱਸੇਦਾਰੀ ਖਰੀਦੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਭਾਰਤੀ ਕਾਰੋਬਾਰੀਆਂ ਦਾ ਬੋਲਬਾਲਾ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਬਰਤਾਨੀਆਂ ਦੀ ਮਸ਼ਹੂਰ ਦੂਰਸੰਚਾਰ ਕੰਪਨੀ ਬ੍ਰਿਟਿਸ਼ ਟੈਲੀਕਾਮ (ਬੀ ਟੀ) ਦਾ ਲਗਭਗ 25 ਪ੍ਰਤੀਸ਼ਤ ਹਿੱਸੇਦਾਰੀ ਖਰੀਦਣ ਲਈ ਸਹਿਮਤ ਹੋਣ ਤੋਂ ਬਾਅਦ ਇੱਕ ਭਾਰਤੀ ਅਰਬਪਤੀ ਬੀ ਟੀ ਦਾ ਸਭ ਤੋਂ ਵੱਡਾ ਸ਼ੇਅਰਧਾਰਕ ਬਣ ਜਾਵੇਗਾ।

ਸੁਨੀਲ ਭਾਰਤੀ ਮਿੱਤਲ ਦਾ ਸਮੂਹ ਭਾਰਤੀ ਐਂਟਰਪ੍ਰਾਈਜ਼ਿਜ਼ 24.5 ਪ੍ਰਤੀਸ਼ਤ ਬੀ.ਟੀ. ਹਿੱਸਾ ਪ੍ਰਾਪਤ ਕਰੇਗਾ ਜਿਸ ਦੀ ਮਲਕੀਅਤ ਫਰਾਂਸੀਸੀ ਕਾਰੋਬਾਰੀ ਪੈਟਰਿਕ ਡਰਾਹੀ ਦੀ ਹੈ। ਇਹ ਸੌਦਾ ਦੋ ਹਿੱਸਿਆਂ ਵਿੱਚ ਹੋਵੇਗਾ, ਜਿਸ ਤਹਿਤ ਭਾਰਤੀ ਨੇ ਸ਼ੁਰੂ ਵਿੱਚ 9.99 ਫੀਸਦੀ ਹਿੱਸੇਦਾਰੀ ਹਾਸਲ ਕੀਤੀ ਹੈ ਅਤੇ ਸਰਕਾਰ ਤੋਂ ਰਾਸ਼ਟਰੀ ਸੁਰੱਖਿਆ ਮਨਜ਼ੂਰੀ ਮਿਲਣ ਤੋਂ ਬਾਅਦ 14.51 ਫੀਸਦੀ ਹੋਰ ਹਿੱਸੇਦਾਰੀ ਹਾਸਲ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਮੈਕਸੀਕਨ ਅਰਬਪਤੀ ਕਾਰਲੋਸ ਸਲਿਮ ਦੁਆਰਾ ਬੀ ਟੀ ਦੀ 3.2 ਪ੍ਰਤੀਸ਼ਤ ਹਿੱਸੇਦਾਰੀ ਦੋ ਮਹੀਨੇ ਪਹਿਲਾਂ ਖਰੀਦੀ ਸੀ।

ਸੁਨੀਲ ਭਾਰਤੀ ਮਿੱਤਲ ਦੇ ਭਾਰਤੀ ਏਅਰਟੈੱਲ ਟੈਲੀਕਾਮ ਕਾਰੋਬਾਰ ਦੇ ਭਾਰਤ ਵਿੱਚ 400 ਮਿਲੀਅਨ ਤੋਂ ਵੱਧ ਗਾਹਕ ਹਨ ਨੇ ਕਿਹਾ ਕਿ ਉਸਨੇ ਬੋਰਡ ਵਿੱਚ ਸੀਟ ਨਹੀਂ ਮੰਗੀ ਹੈ



ਸੁਨੀਲ ਭਾਰਤੀ ਮਿੱਤਲ

ਅਤੇ ਕੰਪਨੀ ਤੋਂ ਪੂਰੀ ਤਰ੍ਹਾਂ ਨਾਲ ਟੇਕਓਵਰ ਬੋਲੀ ਸ਼ੁਰੂ ਕਰਨ ਦਾ ਵੀ ਕੋਈ ਇਰਾਦਾ ਨਹੀਂ ਹੈ। ਇਹ ਨਿਵੇਸ਼ ਬੀ ਟੀ ਅਤੇ ਯੂ ਕੇ ਵਿੱਚ ਸਾਡੇ ਭਰੋਸੇ ਨੂੰ ਦਰਸਾਉਂਦਾ ਹੈ। ਨਵੇਂ ਸੌਦੇ ਤੋਂ ਤੁਰੰਤ ਬਾਅਦ ਹੀ ਬੀ ਟੀ ਸ਼ੇਅਰਾਂ ਵਿੱਚ 8.4 ਪ੍ਰਤੀਸ਼ਤ ਉਸ਼ਾਲ ਆਇਆ ਹੈ।

## ਸੀਬੀਐੱਸਈ ਦੀ ਭਰਤੀ ਲਈ ਇਮਤਿਹਾਨ 'ਚ ਕੜੇ ਲੁਹਾਉਣ ਦੀ SGPC ਪ੍ਰਧਾਨ ਨੇ ਕੀਤੀ ਨਿੰਦਾ

**ਚੰਡੀਗੜ੍ਹ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੀਬੀਐੱਸਈ ਦੇ ਸਹਾਇਕ ਸਕੱਤਰ (ਪ੍ਰਸ਼ਾਸਨ) ਦੀ ਭਰਤੀ ਲਈ ਅੱਜ ਕਰਵਾਏ ਗਏ ਇਮਤਿਹਾਨ ਦੌਰਾਨ ਚੰਡੀਗੜ੍ਹ ਦੇ ਸੈਕਟਰ 7 ਸਥਿਤ ਕੇਬੀ ਡੀਏਵੀ ਸਕੂਲ ਵਿਖੇ ਬਣੇ ਕੇਂਦਰ ਵਿਖੇ ਸਿੱਖ ਉਮੀਦਵਾਰਾਂ ਦੇ ਕੜੇ ਲੁਹ-ਾਉਣ ਦੀ ਹਰਕਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਪ੍ਰਸ਼ਾਸਨਿਕ ਮੁਖੀ ਹੋਣ ਦੇ ਨਾਤੇ ਸੀਬੀਐੱਸਈ ਦੇ ਅਧਿਕਾਰੀ ਦੇ ਅਹੁਦੇ ਲਈ ਭਰਤੀ ਪ੍ਰੀਖਿਆ ਵਿੱਚ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਦੋਸ਼ੀ ਅਧਿਕਾਰੀਆਂ ਦੇ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਇਮਤਿਹਾਨ ਦੇਣ ਗਏ ਉਮੀਦਵਾਰਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਕੇਂਦਰ ਵਿੱਚ ਦਾਖਲੇ ਤੋਂ ਪਹਿਲਾਂ ਮੌਕੇ ਉੱਤੇ ਮੌਜੂਦ ਅਧਿਕਾਰੀਆਂ ਵੱਲੋਂ ਕੜੇ ਲੁਹਾਉਣ ਦੀ ਇਤਰਾਜ਼ਯੋਗ ਕਾਰਵਾਈ ਕੀਤੀ ਗਈ ਹੈ, ਜੋ ਧਾਰਮਿਕ ਅਜ਼ਾਦੀ ਦੇ ਹੱਕ ਦੀ ਉਲੰਘਣਾ ਹੈ।**


ਜੁਝਾਰੂ ਸੰਘਰਸ਼ ਨਾਲ ਸਬੰਧਿਤ ਕਿਤਾਬਾਂ
'ਤਵਾਰੀਖ਼ ਬੱਬਰ ਖ਼ਾਲਸਾ' ਅਤੇ 'ਸਿੱਖ ਸੰਘਰਸ਼ ਦੇ ਯੋਧਿਆਂ ਦੀ ਗਾਥਾ'




ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ 40 ਸਾਲਾ ਯਾਦ ਨੂੰ ਸਮਰਪਿਤ 'ਸਿੱਖ ਸੰਘਰਸ਼ ਦੇ ਯੋਧਿਆਂ ਦੀ ਗਾਥਾ' ਅਤੇ 'ਤਵਾਰੀਖ਼ ਬੱਬਰ ਖ਼ਾਲਸਾ' ਦੇ ਪਹਿਲਾ, ਦੂਜਾ ਤੇ ਤੀਜਾ ਭਾਗ ਲੈਣ ਲਈ
ਹੇਠਾਂ ਦਿੱਤੇ ਵੱਟਸ ਐਪ ਨੰਬਰ 'ਤੇ ਸੰਪਰਕ ਕਰੋ:
ਹਰਜਿੰਦਰ ਸਿੰਘ ਮੰਡੇਰ : 00+ 44(0) 7405 188105

# ਯੂ ਕੇ ਵਿੱਚ ਦੰਗੇ ਜਾਰੀ, ਹਿੰਸਕ ਪ੍ਰਦਰਸ਼ਨਾਂ ਖਿਲਾਫ ਲੰਡਨ ਵਿੱਚ ਵੀ ਪ੍ਰਦਰਸ਼ਨ, ਤਿੰਨ ਦੰਗਾਕਾਰੀਆਂ ਨੂੰ 5 ਸਾਲ ਕੈਦ




ਲੰਡਨ 'ਚ ਪ੍ਰਦਰਸ਼ਨਾਂ ਦੇ ਵਿਰੋਧ 'ਚ ਇਕੱਤਰ ਲੋਕ ਅਤੇ ਐਮ ਪੀ ਢੇਸੀ ਪੁਲਿਸ ਅਧਿਕਾਰੀ ਨਾਲ ਗੱਲਬਾਤ ਕਰਦੇ ਹੋਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਵੱਖ ਵੱਖ ਸ਼ਹਿਰਾਂ ਵਿੱਚ ਦੰਗੇ ਅਜੇ ਵੀ ਜਾਰੀ ਹਨ। ਸਾਊਥਪੋਰਟ ਵਿਖੇ ਹੋਏ ਹਮਲੇ ਤੋਂ ਬਾਅਦ ਸ਼ੁਰੂ ਹੋਏ ਦੰਗਿਆ ਵਿੱਚ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਾਊਥਪੋਰਟ ਤੋਂ ਸ਼ੁਰੂ ਹੋਏ ਦੰਗੇ ਅੱਜ ਲੰਡਨ ਵਿੱਚ ਵੀ ਪਹੁੰਚ ਗਏ ਹਨ। ਇਥੇ ਹੀ ਬੱਸ ਨਹੀਂ ਇਹ ਹਿੰਸਕ ਪ੍ਰਦਰਸ਼ਨ ਹੁਣ ਲੰਡਨ ਦੇ ਆਸ ਪਾਸ ਇਲਾਕਿਆਂ ਵਿੱਚ ਵੀ ਸ਼ੁਰੂ ਹੋ ਗਏ ਹਨ। ਲੰਡਨ ਦੇ ਇਲਾਕੇ ਹੈਕਨੀ ਵਿੱਚ ਹਿੰਸਕ ਪ੍ਰਦਰਸ਼ਨਾਂ ਦਾ ਵਿਰੋਧ ਕਰਨ ਲਈ ਲੋਕ ਇਕੱਠੇ ਹੋਣ ਲੱਗੇ ਹਨ। ਭਾਵੇਂ ਕਿ ਇਹਨਾਂ ਪ੍ਰਦਰਸ਼ਨਾਂ ਵਿੱਚ ਖਾਸ ਤੌਰ ਤੇ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਰ ਹਿੰਦੂ, ਸਿੱਖ ਭਾਈਚਾਰੇ ਵੱਲੋਂ ਵੀ ਲੋਕਾਂ ਨੂੰ ਸੁਚੇਤ ਰਹਿਣ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ। ਇਹਨਾਂ ਦੰਗਿਆਂ ਵਿੱਚ ਡੇਰੇਕ ਡਰਮੋਂਡ ਨੂੰ ਸਾਊਥਪੋਰਟ ਵਿਖੇ ਇੱਕ ਐਮਰਜੈਂਸੀ ਕ੍ਰਮਚਾਰੀ ਤੇ ਹਮਲਾ ਕਰਨ ਦੇ ਦੋਸ਼ਾਂ ਤਹਿਤ ਜੱਜ ਐਂਡਰਿਊ ਮੇਨਰੀ ਕੇਸੀ ਨੇ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ, ਜਦ ਕਿ ਲਿਵਰਪੂਲ ਸਿਟੀ ਸੈਂਟਰ ਵਿੱਚ ਦੰਗਿਆਂ ਵਿੱਚ ਹਿੱਸਾ ਲੈਣ ਵਾਲੇ 29 ਸਾਲਾ ਡੇਕਲਨ ਗੀਰਨ ਨੂੰ ਢਾਈ ਸਾਲ ਕੈਦ ਅਤੇ ਲਿਆਮ ਰਿਲੇ ਨੂੰ 20 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਇਹਨਾਂ ਦੰਗਿਆਂ ਦੇ ਕੁਝ ਅਪਰਾਧਾਂ ਨੂੰ ਅੱਤਵਾਦ ਵਜੋਂ ਵੀ ਵੇਖਿਆ ਜਾ ਰਿਹਾ ਹੈ।

ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਸਲੋਹ ਹਲਕੇ ਦੇ ਲੋਕਾਂ ਦੀ ਸੁਰੱਖਿਆ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਥਾਨਿਕ ਪੁਲਿਸ ਅਧਿਕਾਰੀਆਂ ਨਾਲ ਮੁਲਕਾਤ ਕਰਕੇ ਸਥਿਤੀ ਤੇ ਚਰਚਾ ਕੀਤੀ। ਉਹਨਾਂ ਕਿਹਾ ਕਿ ਸਲੋਹ ਵਿੱਚ ਭਾਈਚਾਰਕ ਸਾਂਝਾਂ ਮਜ਼ਬੂਤ ਹਨ ਅਤੇ ਹਰ ਭਾਈਚਾਰਾ ਮਿਲ ਕੇ ਰਹਿ ਰਿਹਾ ਹੈ। ਉਹਨਾਂ ਅਫਵਾਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

ਹੁਣ ਤੱਕ ਹੋਏ ਦੰਗਿਆਂ ਵਿੱਚ 100 ਤੋਂ ਵੱਧ ਲੋਕਾਂ ਤੇ ਕਾਨੂੰਨੀ ਪਰਚੇ ਦਰਜ਼ ਕੀਤੇ ਜਾ ਚੁੱਕੇ ਹਨ। ਇਹਨਾਂ ਦੰਗਿਆਂ ਸਬੰਧੀ ਇੱਕ ਸਰਵੇਖਣ ਵਿੱਚ 14 'ਚੋਂ ਇੱਕ ਬਰਤਾਨਵੀ ਦੰਗਿਆਂ ਦਾ ਸਮਰਥਨ ਕਰ ਰਿਹਾ ਹੈ। 25 ਫੀਸਦੀ ਲੋਕ ਇਸ ਵਰਤਾਰੇ ਲਈ ਮੁਸਲਿਮ ਭਾਈਚਾਰੇ ਨੂੰ ਦੋਸ਼ੀ ਮੰਨਦੇ ਹਨ, ਜਦ ਕਿ ਇੱਕ ਤਿਹਾਈ ਤੋਂ ਵੱਧ ਮੁਸਲਿਮ ਭਾਈਚਾਰੇ ਦਾ ਕੋਈ ਕਸੂਰ ਨਹੀਂ ਕਹਿ ਰਹੇ। 30 ਫੀਸਦੀ ਲੋਕ ਕੀਰ ਸਟਾਰਮਰ ਦੀ ਲੇਬਰ ਸਰਕਾਰ ਨੂੰ ਅਤੇ 38 ਫੀਸਦੀ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਦੋਸ਼ ਦੇ ਰਹੇ ਹਨ।

## ਭੁੱਲ ਦੀ ਸੋਧ

ਪਿਛਲੇ ਹਫ਼ਤੇ ਪੰਜਾਬ ਟਾਈਮਜ਼ ਦੇ ਸਫ਼ਾ 2 ਤੇ ਜੋ ਇਸ਼ਤਿਹਾਰ ਛਪਿਆ ਸੀ ਅਤੇ ਸਫ਼ਾ 12 ਤੇ ਮੇਲੇ ਦੀ ਰਿਪੋਰਟ ਛਪੀ ਸੀ ਉਸ ਵਿੱਚ ਗਲਤੀ ਨਾਲ ਯੂ ਕੇ ਦੇਸੀ ਮੇਲਾ ਛਪ ਗਿਆ ਸੀ ਜਦ ਕਿ ਪੰਜਾਬੀ ਦੇਸੀ ਮੇਲਾ ਯੂ ਕੇ ਪੜ੍ਹਿਆ ਜਾਵੇ । ਭੁੱਲ ਲਈ ਖਿਮਾਂ ਦੇ ਜਾਚਕ ਹਾਂ।-ਸੰਪਾਦਕ


GSD

GSD ESTATE AGENTS

RESIDENTIAL & COMMERCIAL PROPERTY EXPERTS

SALES • LETTINGS • MANAGEMENT

EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ

ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD Supporting a greener future

Director: Mr Gurjeet Singh Dhariwal


Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK'S FIRST ASIAN MARRIAGE BUREAU

UK office based matchmaking service for BRITISH ASIANS of all ages from mid 20's to 60's.
Professional, graduates and non-graduates, single, divorced and widowed, with and without children
Guaranteed introduction service - Since 1972



Please feel free to contact Parag or Ashaa Bhargava to discuss your requirements confidentially and without obligation!

*We are available from 10.00am to 5.00pm Monday to Saturday (Closed Sunday and Bank Holiday Weekends)*

*Clients/customers are requested to make an appointment if wishing to visit the office or meet us personally.*

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com

Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਅਮਰੀਕਾ ਦੀ ਕਨੈਕਟੀਕੱਟ ਸਟੇਟ ਦੀ ਜਨਰਲ ਅਸੈਂਬਲੀ ਵਲੋਂ ਸਿੱਖ ਆਗੂ, ਗੱਤਕਾ ਖੇਡ ਦੇ ਪ੍ਰਮੋਟਰ ਅਤੇ ਈ. ਐਚ. ਐਸ. ਪੇਸ਼ੇਵਰ ਡਾ. ਦੀਪ ਸਿੰਘ ਨੂੰ ਮੀਰੀ -ਪੀਰੀ ਦਿਵਸ ਤੇ ਵੱਡਾ ਮਾਣ ਪ੍ਰਾਪਤ ਹੋਇਆ

## ਅਮਰੀਕਾ ਵਿੱਚ ਕਨੈਕਟੀਕੱਟ ਸਟੇਟ ਦੀ ਜਨਰਲ ਅਸੈਂਬਲੀ ਗੱਤਕਾ ਖੇਡ ਨੂੰ ਦੇਸੀ ਖੇਡ ਵਜੋਂ ਮਾਨਤਾ ਦੇਣ ਵਾਲੀ ਪਹਿਲੀ ਸਟੇਟ ਜਨਰਲ ਅਸੈਂਬਲੀ ਬਣੀ



ਡਾ. ਦੀਪ ਸਿੰਘ ਕਨੈਟੀਕੱਟ ਸੂਬੇ ਦੀ ਜਨਰਲ ਅਸੈਂਬਲੀ ਵਲੋਂ ਪ੍ਰਾਪਤ ਸਨਮਾਨ-ਪੱਤਰ (ਸਾਈਟੇਸ਼ਨ) ਨਾਲ ਫੋਟੋ ਵਿੱਚ ਨਜਰ ਆ ਰਹੇ ਹਨ।

ਕਨੈਕਟੀਕੱਟ-ਅਮਰੀਕਾ ਵੱਸਦੀ ਉੱਘੀ ਸਿੱਖ ਸਖਸ਼ੀਅਤ ਡਾ. ਦੀਪ ਸਿੰਘ ਵਲੋਂ ਕਮਯੂਨਿਟੀ ਲਈ ਕੀਤੀ ਜਾ ਰਹੀਆਂ ਸੇਵਾਵਾਂ ਅਤੇ ਗੱਤਕਾ ਖੇਡ ਦੇ ਪ੍ਰਚਾਰ-ਪ੍ਰਸਾਰ ਲਈ ਕਨੈਟੀਕੱਟ ਸੂਬੇ ਦੀ ਜਨਰਲ ਅਸੈਂਬਲੀ ਵਲੋਂ ਮਾਣ ਨਾਲ ਨਿਵਾਜਿਆ ਗਿਆ ਹੈ। ਜਿਕਰਯੋਗ ਹੈ ਕਿ ਪਿਛਲੇ ਸਾਲ ਹੀ ਡਾ. ਸਿੰਘ ਰਾਂਹੀ ਕਮਯੂਨਿਟੀ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਵਲੋਂ ਉਹਨਾਂ ਨੂੰ ਵਾਈਟ੍ਹ ਹਾਉਸ ਵਲੋਂ ਵੱਕਾਰੀ ਐਵਾਰਡ "ਪ੍ਰੈਜ਼ੀਡੈਨਸ਼ੀਅਲ ਲਾਈਫਟਾਈਮ ਅਚੀਵਮੈਂਟ ਐਵਾਰਡ" ਨਾਲ ਵੀ ਸਨਮਾਨਿਆ ਜਾ ਚੁੱਕਾ ਹੈ।

ਇਸ ਮੌਕੇ ਤੇ ਸਵਰਨਜੀਤ ਸਿੰਘ ਖਾਲਸਾ, ਮੈਂਬਰ ਸਿਟੀ ਕੌਂਸਲ-ਨੋਰਵਿੱਚ, ਕਨੈਟੀਕੱਟ ਅਤੇ ਸੈਨੇਟਰ ਕੈਥੀ ਆਸਟਨ, ਰਿਪਰਜੇਨ-ਟੇਟਿਵ ਡੈਰਲ ਵਿਲਸਨ ਅਤੇ ਕੈਵਿਨ ਰਯਾਨ ਵਲੋਂ ਡਾ. ਦੀਪ ਸਿੰਘ ਨੂੰ ਫੋਨ ਰਾਂਹੀ ਉਚੇਚੀ ਵਧਾਈ ਵੀ ਦਿੱਤੀ ਗਈ।

ਡਾ. ਸਿੰਘ ਨੂੰ ਪ੍ਰਦਾਨ ਕੀਤੇ ਸਨਮਾਨ-ਪੱਤਰ (ਸਾਈਟੇਸ਼ਨ) ਕਨੈਟੀਕੱਟ ਸੂਬੇ ਦੀ ਜਨਰਲ ਅਸੈਂਬਲੀ ਦੇ ਪ੍ਰਧਾਨ ਪ੍ਰੋ ਟੈਮਪੋਰ ਮਾਰਟਿਨ ਲੂਨੀ, ਸਪੀਕਰ ਆਫ ਹਾਉਸ-ਮੈਟ ਰਿਟੱਰ ਅਤੇ ਸੈਕਰੇਟਰੀ ਆਫ ਦੀ ਸਟੇਟ ਸਟੈਫਨੀ ਥਾਮਸ ਵਲੋ ਸਾਈਨ ਕਰਕੇ ਮਾਨਤਾ ਦਿੱਤੀ ਗਈ ਹੈ।

ਇਸ ਮੌਕੇ ਸਿੱਖ ਆਰਟ ਗੈਲਰੀ, ਕਨੈਕਟੀਕੱਟ ਦੇ ਡਾਇਰੈਕਟਰ ਸ. ਕੁਲਜੀਤ ਸਿੰਘ ਨੇ ਚਾਨਣਾ ਪਾਇਆ ਕਿ ਡਾ. ਦੀਪ ਸਿੰਘ ਲੰਮੇ ਸਮੇਂ ਤੋਂ ਗੱਤਕਾ ਖੇਡ ਅਤੇ ਹੋਰ ਦੇਸੀ ਖੇਡਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸੀਲ ਹਨ। ਉਹਨਾਂ ਦਸਿੱਆਂ ਕਿ ਡਾ. ਸਿੰਘ ਅਤੇ ਉਹਨਾਂ ਦੀ ਸਮੁੱਚੀ ਗੱਤਕਾ ਟੀਮ ਕਨੈਕਟੀਕਟ ਸੂਬੇ ਵਿੱਚ ਸਮੇਂ -2 ਤੇ ਹੋਣ ਵਾਲੇ ਵੱਖ-ਵੱਖ ਸਰਕਾਰੀ ਅਤੇ ਗੈਰ-ਸਰਕਾਰੀ ਪ੍ਰੋਗਰਾਮਾਂ ਵਿੱਚ ਉਚੇਚੇ ਤੋਰ ਤੇ ਸ਼ਾਮਿਲ ਹੋ ਕੇ ਨਵੀਂ ਪਨੀਰੀ ਨੂੰ ਨਸਲੀ ਭੇਦ-ਭਾਵ ਨਾਲ ਨਜਿੱਠਣ ਅਤੇ ਆਤਮ ਰਖਿੱਆ ਲਈ ਸੁਨੇਹਾ ਦਿੰਦੇ ਰਹਿੰਦੇ ਹਨ ਜੋ ਕਿ ਬਹੁਤ ਹੀ ਸ਼ਲਾਘਯੋਗ ਹੈ।

ਡਾ. ਦੀਪ ਸਿੰਘ ਜਿਹਨਾਂ ਦਾ ਪਿਛੋਕੜ ਚੰਡੀਗੜ੍ਹ ਸ਼ਹਿਰ ਦਾ ਹੈ ਅਤੇ ਉਹਨਾਂ ਨੇ ਆਪਣੀ ਉਚੇਰੀ ਸਿਖਿੱਆ ਪੰਜਾਬ ਅਤੇ ਜੰਮੂ ਯੂਨੀਵਰਸਿਟੀ ਤੋਂ ਹਾਸਿਲ ਕੀਤੀ ਹੈ। ਡਾ. ਸਿੰਘ ਅਜਕੱਲ ਈ.ਐਚ.ਐਸ. ਪੇਸ਼ੇਵਰ ਵਜੋਂ ਅਮਰੀਕਾ ਦੇ ਨਿਉਯਾਰਕ ਸ਼ਹਿਰ ਵਿੱਚ ਸੇਵਾਵਾਂ ਦੇ ਰਹੇ ਹਨ। ਇਸ ਮੌਕੇ ਗੱਲ ਕਰਦਿਆਂ ਉਨਾਂ ਕਿਹਾ ਕਿ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਵਰੋਸਾਈ ਮਾਣਮੱਤੀ ਗੱਤਕਾ ਖੇਡ ਨੂੰ ਜਦੋਂ ਵਿਦੇਸ਼ਾਂ ਵਿੱਚ ਮਾਣ ਮਿਲਦਾ ਹੈ ਤਾਂ ਬਹੁਤ ਹੀ ਖੁਸ਼ੀ ਹੁੰਦੀ ਹੈ। ਇਸ ਲਈ ਉਹਨਾਂ ਜਿੱਥੇ ਕਨੈਟੀਕੱਟ ਸੂਬੇ ਦੀ ਜਨਰਲ ਅਸੈਂਬਲੀ ਦੇ ਪ੍ਰਧਾਨ ਅਤੇ ਸਮੂਹ ਮੈਂਬਰਾਂ ਦਾ ਉਚੇਚਾ ਧੰਨਵਾਦ ਕੀਤਾ ਉੱਥੇ ਹੀ ਸ. ਸਵਰਨਜੀਤ ਸਿੰਘ ਖਾਲਸਾ -ਕੌਂਸ਼ਲਮੈਨ ਨੋਰਵਿੱਚ ਅਤੇ ਸਿੱਖ ਆਰਟ ਗੈਲਰੀ ਦੀ ਸਮੁੱਚੀ ਟੀਮ ਦਾ ਉਚੇਚਾ ਧੰਨਵਾਦ ਕੀਤਾ ਜਿਨਾਂ ਦੇ ਸਹਿਯੋਗ ਸਕਦਾ ਇਹ ਕਾਰਜ ਸਿਰੇ ਚੜ੍ਹਿਆ।

ਡਾ. ਦੀਪ ਸਿੰਘ ਜਿੱਥੇ ਯੁਨਾਈਟਿਡ ਨੇਸ਼ਨਜ ਅਧੀਨ ਟੀ.ਐਸ.ਜੀ. ਪ੍ਰੋਗਰਾਮ ਨਾਲ ਵੀ ਜੁੜੇ ਹੋਏ ਹਨ ਉਥੇ ਹੀ ਉਹ ਸਿੱਖ ਕਮਯੂਨਿਟੀ ਵਲੋਂ ਆਯੋਜਿਤ ਕੀਤੇ ਜਾਂਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਆਪਣਾ ਬਣਦਾ ਯੋਗਦਾਨ ਵੀ ਪਾਉਦੇ ਹਨ। ਡਾ. ਸਿੰਘ ਜਿੱਥੇ ਨਵੀਂ ਪਨੀਰੀ ਨੂੰ ਨਸਲੀ ਭੇਦ-ਭਾਵ ਨਾਲ ਨਜਿੱਠਣ ਲਈ ਮਾਨਸਿਕ ਤੋਰ ਤੇ ਸਿਖਿਅਤ ਕਰਦੇ ਹਨ ਉਥੇ ਹੀ ਉਹ ਬੱਚਿਆਂ ਨੂੰ ਸਿੱਖੀ ਦੇ ਇਤਿਹਾਸ ਅਤੇ ਅਮੀਰ ਵਿਰਸੇ ਨਾਲ ਜੋੜਨ ਲਈ ਵੀ ਤਤਪਰ ਰਹਿੰਦੇ ਹਨ।

# ਸਾਊਥਾਲ 'ਚ ਵੋਇਸ ਆਫ਼ ਵੂਮੈਨ ਵੱਲੋਂ ਤੀਆਂ ਦੀ ਸਮਾਪਤੀ 18 ਅਗਸਤ ਨੂੰ





ਵੋਇਸ ਆਫ਼ ਵੂਮੈਨ ਵੱਲੋਂ ਲਗਾਈਆਂ ਤੀਆਂ ਦੀਆਂ ਰੌਣਕਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਸਾਊਥਾਲ ਦੇ ਨੌਰਵੁੱਡ ਗਰੀਨ ਖੇਡ ਮੈਦਾਨ ਵਿਚ ਹਰ ਸਾਲ ਲੱਗਣ ਵਾਲੀਆਂ ਤੀਆਂ ਦੀ ਸਮਾਪਤੀ 18 ਅਗਸਤ ਨੂੰ ਦਿਨ ਐਤਵਾਰ ਨੂੰ ਹੋਵੇਗੀ। ਵੋਇਸ ਆਫ਼ ਵੂਮੈਨ ਦੀ ਚੇਅਰਪਰਸਨ ਬੀਬੀ ਸੁਰਿੰਦਰ ਕੌਰ ਨੇ ਦੱਸਿਆ ਕਿ ਤੀਆਂ ਦੇ ਲੰਘੇ ਤਿੰਨ ਹਫ਼ਤਿਆਂ ਦੌਰਾਨ ਵੱਡੀ ਗਿਣਤੀ ਵਿੱਚ ਬੀਬੀਆਂ ਨੇ ਭਾਗ ਲਿਆ। ਪੰਜਾਬੀ ਸੂਟਾਂ ਅਤੇ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਮੁਟਿਆਰਾਂ ਦੇ ਸਿਰਾਂ 'ਤੇ ਫੁਲਕਾਰੀਆਂ ਅਤੇ ਰੰਗ-ਬਰੰਗੇ ਦੁਪੱਟੇ ਨਵਾਂ ਹੀ ਰੰਗ ਬਿਖ਼ੇਰ ਰਹੇ ਸਨ । ਖੂਬਸੂਰਤ ਗਹਿਣਿਆਂ ਨਾਲ ਲੱਦੀਆਂ ਮੁਟਿਆਰਾਂ ਦੇ ਚਾਅ ਮਲ੍ਹਾਰ ਠੱਲ੍ਹੇ ਨਹੀਂ ਸੀ ਜਾ ਰਹੇ ।

ਗਿੱਧੇ ਅਤੇ ਬੋਲੀਆਂ ਨਾਲ ਪੰਜਾਬ ਦੀਆਂ ਮੁਟਿਆਰਾਂ ਦੇ ਇਸ ਮਾਣਮੱਤੇ ਤਿਉਹਾਰ ਨੂੰ ਮਨਾਉਣ ਲਈ ਪਹੁੰਚੀਆਂ ਬੀਬੀਆਂ ਦਾ ਪ੍ਰਬੰਧਕ ਬੀਬੀਆਂ ਨੇ ਭਰਵਾਂ ਸਵਾਗਤ ਕੀਤਾ ।

# ਅਜਮੇਰ ਸਿੰਘ ਮੁਸਾਫਿਰ ਵਿਸ਼ਵ ਸਿੱਖ ਰਾਜਪੂਤ ਭਾਈਚਾਰਾ ਸਭਾ ਇੰਗਲੈਂਡ ਦੇ ਪ੍ਰਧਾਨ ਨਿਯੁਕਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਸਿੱਖ ਰਾਜਪੂਤ ਭਾਈਚਾਰਾ ਸਭਾ ਵੱਲੋਂ ਆਪਣੇ ਢਾਂਚੇ ਵਿੱਚ ਵਾਧਾ ਕਰਨ ਲਈ ਵਿਸ਼ਵ ਭਰ ਵਿੱਚ ਵੱਸਦੇ ਭਾਈਚਾਰੇ ਨੂੰ ਇੱਕ ਪਲੇਟਫਾਰਮ ਤੇ ਇਕੱਤਰ ਕਰਨ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਹਨ। ਜਿਸ ਤਹਿਤ ਇੰਗਲੈਂਡ ਇਕਾਈ ਨੂੰ ਸਰਮਗਰਮ ਕਰਨ ਲਈ ਸ: ਅਜਮੇਰ ਸਿੰਘ ਮੁਸਾਫਿਰ ਨੂੰ ਇੰਗਲੈਂਡ ਦੇ ਪ੍ਰਧਾਨ ਬਣਾਇਆ ਗਿਆ ਹੈ। ਵਿਸ਼ਵ ਸਿੱਖ ਰਾਜਪੂਤ ਭਾਈਚਾਰਾ ਸਭਾ ਦੇ ਆਗੂ ਸ: ਗੁਰਮੇਲ ਸਿੰਘ ਪਹਿਲਵਾਨ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਅਜਮੇਰ ਸਿੰਘ ਮੁਸਾਫਿਰ ਅਗਾਂਹਵਦੂ ਸੋਚ ਅਤੇ ਦੂਰ ਅੰਦੇਸ਼ੀ ਦੇ ਮਾਲਿਕ ਹਨ ਅਤੇ ਆਸ ਹੈ ਕਿ ਇੰਗਲੈਂਡ ਵੱਸਦੇ ਸਿੱਖ ਰਾਜਪੂਤ ਭਾਈਚਾਰੇ ਨੂੰ ਇੱਕ ਮੰਚ ਤੇ ਇਕੱਤਰ ਕਰਨਗੇ ਅਤੇ ਉਹਨਾਂ ਦੀ ਅਵਾਜ਼ ਬੁਲੰਦ ਕਰਨਗੇ। ਅਜੀਤ ਨਾਲ ਗੱਲ ਕਰਦਿਆਂ ਸ: ਮੁਸਾਫਿਰ ਨੇ ਕਿਹਾ ਕਿ ਉਹ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਵਿੱਚ ਵੱਸਦੇ ਭਾਈਚਾਰੇ ਨੂੰ ਮਿਲ ਕੇ ਅਗਲੀ ਰੂਪ ਰੇਖਾ ਤਿਆਰ ਕਰਨਗੇ।

# ਬੰਦੀ ਸਿੰਘਾਂ ਦੀ ਰਿਹਾਈ, ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਇਨਸਾਫ਼ ਸਬੰਧੀ 15 ਅਗਸਤ 2024 ਨੂੰ ਸਵੇਰ 11 ਵਜੇ ਪੰਜਾਬ ਰਾਜਪਾਲ ਨੂੰ ਮੈਮੋਰੰਡਮ ਦੇਣ ਲਈ ਵਿਸ਼ਾਲ ਪੰਥਕ ਰੋਸ ਮਾਰਚ ਚੰਡੀਗੜ੍ਹ 17 ਸੈਕਟਰ ਤੋਂ ਰਾਜਪਾਲ ਭਵਨ ਤੱਕ

ਵਿਦੇਸ਼ਾਂ ਵਿਚ ਵਸਦੀਆਂ (ਡਾਇਸਪੋਰਾ) ਸਿੱਖ ਸੰਗਤਾਂ, ਪੰਥਕ ਜਥੇਬੰਦੀਆਂ ਵੱਲੋਂ ਸਮੂਹ ਨੂੰ ਬੇਨਤੀ -

ਬੰਦੀ ਸਿੰਘਾਂ ਦੀ ਰਿਹਾਈ, ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਇਨਸਾਫ਼ ਲਈ ਸਾਰੇ ਹੀ ਗੁਰੂ ਨਾਨਕ ਨਾਮ ਲੇਵਾ, ਮਨੁੱਖਤਾ ਨੂੰ ਪਿਆਰ ਕਰਨ ਵਾਲੇ, ਪੰਜਾਬ ਪ੍ਰਸਤ ਅਤੇ ਇਨਸਾਫ਼ ਪਸੰਦ ਲੋਕਾਂ ਨੂੰ ਉਪਰੋਕਤ ਮਸਲਿਆਂ ਦਾ ਦਰਦ ਸਮਝਦੇ ਹੋਏ ਵੱਡੀ ਗਿਣਤੀ ਵਿਚ ਇਸ ਰੋਸ ਮਾਰਚ ਵਿੱਚ ਸ਼ਾਮਲ ਹੋਣ ਵਾਸਤੇ ਅਪੀਲ ਹੈ।

ਸਮੂਹ ਜਥੇਬੰਦੀਆਂ ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ, ਦਲ ਖਾਲਸਾ, ਪੰਚ ਪ੍ਰਧਾਨੀ, ਕਿਸਾਨ ਜਥੇਬੰਦੀਆਂ, ਮਨੁੱਖੀ ਅਧਿਕਾਰ ਸੰਸਥਾਵਾਂ, ਸਾਰੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਅਤੇ ਪੰਜਾਬ ਅਤੇ ਨਾਲ ਲੱਗਦੇ ਇਲਾਕਿਆਂ ਤੋਂ ਸਾਰੇ ਹੀ ਵੀਰ ਭੈਣਾਂ ਵਧ ਚੜ ਕੇ ਪਹੁੰਚੋ ਤਾਂ ਕਿ ਸਰਕਾਰਾਂ ਵੱਲੋਂ ਲੰਮੇ ਸਮੇਂ ਤੋਂ ਹੋ ਰਹੀ ਇੰਨਾਂ ਮੰਗਾਂ ਦੀ ਅਣਦੇਖੀ ਅਤੇ ਅਣਮਨੁੱਖੀ ਵਤੀਰਾ ਧਾਰਨ ਕਰਕੇ ਦਹਾਕਿਆਂ ਤੋਂ ਕਾਲ ਕੋਠੜੀਆਂ ਵਿਚ ਡੱਕੇ ਬੰਦੀ ਸਿੰਘਾਂ ਦੀ ਆਵਾਜ਼ ਉਠਾ ਕੇ ਉੱਨਾਂ ਨੂੰ ਅਜ਼ਾਦ ਕਰਵਾਇਆ ਜਾਵੇ।

*ਬੇਨਤੀ ਕਰਤਾ-ਡਾਇਸਪੋਰਾ ਦੀਆਂ ਸਮੂਹ ਸਿੱਖ ਸੰਗਤਾਂ ਅਤੇ ਪੰਥਕ ਜਥੇਬੰਦੀਆਂ*

# ਸਾਊਥਾਲ ਵਿੱਚ ਪੰਜਾਬੀ ਦੇਸੀ ਮੇਲਾ ਯੂ ਕੇ 2024 ਮੌਕੇ ਦਰਸ਼ਕਾਂ ਦਾ ਆਇਆ ਹੜ੍ਹ ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕਾਂ ਨੇ ਲਾਈਆਂ ਖੂਬ ਰੌਣਕਾਂ



ਪੰਜਾਬੀ ਦੇਸੀ ਮੇਲਾ ਯੂ ਕੇ ਤੇ ਲੋਕਾਂ ਦਾ ਮਨੋਰੰਜਣ ਕਰਦੇ ਗਾਇਕ ਕਲਾਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਵਿੱਚ ਪੰਜਾਬੀ ਦੇਸੀ ਮੇਲਾ ਯੂ ਕੇ 2024 ਕਰਵਾਇਆ ਗਿਆ। ਜਿਸ ਵਿੱਚ ਹਜ਼ਾਰਾਂ ਦਰਸ਼ਕਾਂ ਨੇ ਮੇਲੇ ਦਾ ਅਨੰਦ ਮਾਣਿਆਂ। ਇਸ ਮੌਕੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਹਿੰਮਤ ਸਿੰਘ ਸੋਹੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਉਚੇਚੇ ਤੌਰ ਤੇ ਸ਼ਾਮਿਲ ਹੋਏ।

ਚਮਕੌਰ ਘੁੰਮਣ, ਜਸ ਚੀਮਾਂ, ਜਸਪਾਲ ਪਰਮਾਰ, ਨਵਦੀਪ ਸੰਧੂ, ਗੈਰੀ ਜਟਵਾਰ, ਕੇਵਲ ਨੰਨ੍ਹੂ, ਪ੍ਰਮਿੰਦਰ ਗਰੇਵਾਲ, ਭੁਪਿੰਦਰ ਸੋਹੀ, ਬਲਜੀਤ ਬੱਲੀ ਅਤੇ ਸਾਥੀਆਂ ਦੇ ਸਾਂਝੇ ਉਦਮ ਨਾਲ ਕਰਵਾਏ ਗਏ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਸਮਰਪਿਤ ਇਸ ਮੇਲੇ ਵਿੱਚ ਨਛੱਤਰ ਗਿੱਲ, ਬਲਕਾਰ ਅਣਖੀਲਾ ਅਤੇ ਮਨਜਿੰਦਰ ਗੁਲਸ਼ਨ, ਅਮਰ ਅਰਸ਼ੀ ਅਤੇ ਨਰਿੰਦਰਜੋਤ, ਅੰਗਰੇਜ਼ ਅਲੀ, ਬਲਦੇਵ ਔਜਲਾ ਬੁਲਟ, ਇੰਦਰਜੀਤ ਲੰਡਨ, ਅਮਰਿੰਦਰ ਬੌਬੀ, ਸਲਾਮਤ ਅਲੀ ਆਦਿ ਸਮੇਤ ਵੱਖ ਵੱਖ ਕਲਾਕਾਰਾਂ ਨੇ ਪੰਜਾਬੀ ਗੀਤ ਸੰਗੀਤ ਨਾਲ ਖੂਬ ਰੌਣਕਾਂ ਲਾਈਆਂ। ਅਸਲੀ ਬਹਾਰਾਂ ਪੰਜਾਬ ਦੀਆਂ ਗਿੱਧਾ ਭੰਗੜਾ ਗਰੁੱਪ ਨੇ ਪੰਜਾਬੀ ਲੋਕ ਨਾਚਾਂ ਨਾਲ ਧਰਤੀ ਹਿਲਾਈ।

ਸਟੇਜ ਦੀ ਕਾਰਵਾਈ ਸੁੱਖੀ ਬਾਠ, ਨਵੀ ਕੌਰ ਤੇ ਬਿੱਟੂ ਖੰਗੂੜਾ ਨੇ ਨਿਭਾਈ। ਮੇਲੇ ਦੀ ਕਾਮਯਾਬੀ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਅਤੇ ਕਾਰੋਬਾਰੀਆਂ ਨੇ ਭਰਪੂਰ ਸਮਰਥਨ ਦਿੱਤਾ। ਜਿਸ ਦਾ ਪ੍ਰਬੰਧਕ ਕਮੇਟੀ ਨੇ ਵਾਰ ਵਾਰ ਧੰਨਵਾਦ ਕੀਤਾ। ਇਸ ਮੌਕੇ ਸੁਰਜੀਤ ਘੁੰਮਣ, ਮਨਜੀਤ ਭੰਵਰਾ, ਬਿੰਦੀ ਸੋਹੀ, ਭੁਪਿੰਦਰ ਸੰਧੂ, ਰਸ਼ਪਾਲ ਸੰਘਾ, ਜਸਕਰਨ ਸਿੰਘ ਜੌਹਲ, ਕੰਗ, ਡਾ: ਜਸਵਿੰਦਰ ਸਿੰਘ ਜੌਹਲ, ਗੁਰਮਿੰਦਰ ਸਹੋਤਾ, ਕੰਮਾ ਔਜਲਾ, ਗੁਰਮੀਤ ਰੰਧਾਵਾ, ਲਵਲੀ ਰੰਧਾਵਾ, ਅਮਰੀਕ ਲੱਡੂ, ਕੁਲਵੰਤ ਚੱਠਾ, ਪਾਲਾ ਬਾਜਵਾ, ਬਲਦੇਵ, ਅਵਤਾਰ ਸਿੰਘ ਚੌਹਾਨ, ਬਿਕਰਮਜੀਤ ਸਿੰਘ, ਗੁਲਸ਼ਨ ਢੀਂਗਰਾ, ਬਖਸ਼ੀਸ਼, ਯੋਧਾ ਬੱਲ, ਸੋਨੂੰ ਬਿੰਦ, ਪ੍ਰਮਜੀਤ ਸੰਧਾਵਾਲੀਆ, ਤੇਜੀ ਫੋਟੋਗ੍ਰਾਫਰ, ਹਰਜੀਤ ਸੰਘਾ ਆਦਿ ਹਾਜ਼ਰ ਸਨ। ਇਸ ਮੌਕੇ ਵੰਨ ਸਵੰਨੇ ਖਾਣਿਆਂ ਅਤੇ ਹੋਰ ਕਈ ਤਰ੍ਹਾਂ ਦੇ ਸਟਾਲ ਲਗਾਏ ਹੋਏ ਸਨ। ਭੁਪਿੰਦਰ ਸਿੰਘ ਸੋਹੀ ਨੇ ਦੱਸਿਆ ਕਿ ਇਸ ਮੌਕੇ ਸੁਰੱਖਿਆ ਦੇ ਵਧੀਆ ਪ੍ਰਬੰਧ ਕੀਤੇ ਗਏ ਸਨ। ਸਾਊਥਾਲ ਅਤੇ ਆਸ ਪਾਸ ਦੇ ਇਲਾਕਿਆਂ ਤੋਂ ਹੀ ਨਹੀਂ ਬਲਕਿ ਮਿਡਲੈਂਡ, ਕੈਂਟ ਆਦਿ ਸ਼ਹਿਰਾਂ ਤੋਂ ਵੀ ਵੱਡੀ ਗਿਣਤੀ ਵਿੱਚ ਪੰਜਾਬੀ ਪ੍ਰੀਵਾਰਾਂ ਸਮੇਤ ਪਹੁੰਚੇ ਅਤੇ ਮੇਲੇ ਦਾ ਅਨੰਦ ਮਾਣਿਆ।


ਪ੍ਰਬੰਧਕ ਕਮੇਟੀ ਨੇ ਕਿਹਾ ਕਿ ਮੇਲੇ ਨੂੰ ਕਾਮਯਾਬ ਕਰਨ ਲਈ ਵੱਡੀ ਗਿਣਤੀ ਵਿੱਚ ਪੰਜਾਬੀ ਸੱਭਿਆਚਾਰ ਨੂੰ ਪਿਆਰ ਕਰਨ ਵਾਲਿਆਂ ਨੇ ਸਹਿਯੋਗ ਦਿੱਤਾ। ਅਖੀਰ ਵਿੱਚ ਅਗਲੇ ਵਰ੍ਹੇ ਮੁੜ ਮਿਲਣ ਦਾ ਵਾਅਦਾ ਕਰਦਿਆਂ ਸਮੂਹ ਦਰਸ਼ਕਾਂ ਅਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।

## ਸੰਤ ਗਿਆਨੀ ਹਰਨਾਮ ਸਿੰਘ ਖਾਲਸਾ 16 ਅਗਸਤ ਨੂੰ ਯੂ ਕੇ ਫੇਰੀ ਤੇ



ਡਰਬੀ-(ਪੰਜਾਬ ਟਾਈਮਜ਼)-ਸੰਤ ਗਿਆਨੀ ਹਰਨਾਮ ਸਿੰਘ ਖਾਲਸਾ 16 ਅਗਸਤ ਤੋਂ 21 ਅਗਸਤ ਤੱਕ ਯੂ ਕੇ ਫੇਰੀ ਆ ਰਹੇ ਹਨ। ਉਹ ਲੈਸਟਰ, ਬ੍ਰਮਿੰਘਮ ਦੇ ਗੁਰੂਘਰਾਂ ਵਿੱਚ ਗੁਰਮਤਿ ਸਮਾਗਮਾਂ ਵਿੱਚ ਹਿੱਸਾ ਲੈਣਗੇ।

## ਟਿਕ ਟੌਕ ਤੇ ਝੂਠੀ ਅਫ਼ਵਾਹ ਦੀ ਖਬਰ ਪਾਉਣ ਤੇ ਹੋਈ ਤਿੰਨ ਮਹੀਨੇ ਦੀ ਸਜ਼ਾ



ਡਰਬੀ-(ਪੰਜਾਬ ਟਾਈਮਜ਼)-ਡਪੀਟੀ ਸਟੋਕੀਆ ਨਾਮ ਦੇ ਵਿਅਕਤੀ ਨੇ ਟਿਕ ਟੌਕ ਤੇ ਝੂਠੀ ਖਬਰ ਪਾ ਦਿੱਤੀ ਕਿ ਉਸ ਨੂੰ ਕਈ ਰਾਈਟ ਵਿੰਗ ਵਾਲੇ ਬੰਦੇ ਮਾਰਨ ਨੂੰ ਮੇਰੇ ਮਗਰ ਆ ਰਹੇ ਹਨ। ਮੈਨੂੰ ਖਤਰਾ ਹੈ ਕਿ ਉਹ ਮੈਨੂੰ ਮਾਰ ਦੇਣਗੇ। ਪੁਲੀਸ ਵੱਲੋਂ ਦੂਜੇ ਦਿਨ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਤਿੰਨ ਮਹੀਨੇ ਦੀ ਸਜ਼ਾ ਦੇ ਕੇ ਜੇਲ੍ਹ ਭੇਜ ਦਿੱਤਾ। ਕਈ ਲੋਕ ਸੋਸ਼ਲ ਮੀਡੀਆ ਤੇ ਗਲਤ ਜਾਣਕਾਰੀ ਪਾ ਦਿੰਦੇ ਹਨ ਤੇ ਕਈ ਉਸ ਨੂੰ ਸ਼ੇਅਰ ਵੀ ਕਰ ਦਿੰਦੇ ਹਨ। ਝੂਠੀਆਂ ਅਫ਼ਵਾਹਾਂ ਵਾਲੀਆਂ ਖਬਰਾਂ ਨਾ ਪਾਉ ਤੇ ਨਾ ਹੀ ਸ਼ੇਅਰ ਕਰੋ ਨਹੀਂ ਤਾਂ ਜੇਲ੍ਹ ਯਾਤਰਾ ਕਰਨੀ ਪੈ ਸਕਦੀ ਹੈ।


VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# 32 ਸਾਲਾਂ ਬਾਅਦ 20 ਅਫਗਾਨੀ ਸਿੱਖਾਂ ਨੂੰ ਸੀਏਏ ਤਹਿਤ ਮਿਲੀ ਭਾਰਤੀ ਨਾਗਰਿਕਤਾ



ਅੰਮ੍ਰਿਤਸਰ-1992 ਵਿੱਚ ਪਹਿਲੀ ਅਫਗਾਨ ਖੱਬੇਪੱਖੀ ਸਰਕਾਰ ਦੇ ਪਤਨ ਤੋਂ ਬਾਅਦ ਭਾਰਤ ਵਿੱਚ ਦਾਖਲ ਹੋਏ 400 ਅਫਗਾਨ ਸਿੱਖਾਂ ਵਿੱਚੋਂ, 20 ਨੂੰ ਨਾਗਰਿਕਤਾ ਸੋਧ ਕਾਨੂੰਨ ਤਹਿਤ ਭਾਰਤੀ ਨਾਗਰਿਕਤਾ ਮਿਲੀ ਹੈ। ਇਨ੍ਹਾਂ ਵਿੱਚੋਂ ਬਹੁਤੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਵਸੇ ਹੋਏ ਹਨ। ਜਦੋਂ ਕਿ 380 ਦੇ ਕਰੀਬ ਕੇਸ ਅਜੇ ਵੀ ਕੇਂਦਰ ਸਰਕਾਰ ਕੋਲ ਬਕਾਇਆ ਪਏ ਹਨ।

ਪਰਿਵਾਰਾਂ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਾ ਕਿ 32 ਸਾਲ ਪਹਿਲਾਂ 1992 'ਚ ਅਫਗਾਨਿਸਤਾਨ 'ਚ ਮਾਹੌਲ ਖਰਾਬ ਹੋਣ 'ਤੇ 400 ਦੇ ਕਰੀਬ ਅਫਗਾਨ ਸਿੱਖ ਭਾਰਤ ਆਏ ਸਨ। ਬਹੁਤ ਸਾਰੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿੱਚ ਵਸ ਗਏ। ਜਦੋਂ ਕਿ ਕੁਝ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵਸ ਗਏ। ਭਾਰਤ ਵਿੱਚ ਸ਼ਰਨ ਲੈਣ ਵਾਲੇ ਇਨ੍ਹਾਂ ਸਿੱਖ ਪਰਿਵਾਰਾਂ ਨੂੰ ਰਹਿਣ ਲਈ ਵੀਜ਼ਾ ਵਧਾਉਣਾ ਪਿਆ। ਹਾਲਾਂਕਿ, 2009 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਨੇ ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਹਿੰਦੂਆਂ ਅਤੇ ਸਿੱਖਾਂ ਲਈ ਲੰਬੇ ਸਮੇਂ ਦੇ ਵੀਜ਼ਾ (ਐਲਟੀਵੀ) ਨਿਯਮਾਂ ਵਿੱਚ ਕਾਫ਼ੀ ਢਿੱਲ ਦਿੱਤੀ ਸੀ। ਇਸ ਦੇ ਮੱਦੇਨਜ਼ਰ, 1955 ਦੇ ਨਾਗਰਿਕਤਾ ਕਾਨੂੰਨ ਦੇ ਤਹਿਤ ਅਰਜ਼ੀਆਂ ਦਿੱਤੀਆਂ ਗਈਆਂ ਸਨ, ਪਰ ਉਦੋਂ ਤੋਂ ਉਨ੍ਹਾਂ ਦੀਆਂ ਅਰਜ਼ੀਆਂ ਕੇਂਦਰ ਕੋਲ ਪੈਂਡਿੰਗ ਸਨ।

ਪਿਛਲੇ ਮਹੀਨੇ ਇਨ੍ਹਾਂ ਅਫਗਾਨ ਸਿੱਖਾਂ ਨੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਕੋਲ 1955 ਐਕਟ ਦੀਆਂ ਅਰਜ਼ੀਆਂ ਨੂੰ ਸੀਏਏ ਵਿੱਚ ਬਦਲਣ ਲਈ ਪਟੀਸ਼ਨ ਦਾਇਰ ਕੀਤੀ ਸੀ। ਇਹ ਪਟੀਸ਼ਨ ਅਪ੍ਰੈਲ ਮਹੀਨੇ ਵਿਚ ਕੀਤੀ ਗਈ ਸੀ। ਜਿਸ ਤੋਂ ਬਾਅਦ ਕੇਂਦਰ ਨੇ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਵਿਚਾਰ ਕੀਤਾ ਅਤੇ ਹੁਣ 20 ਅਫਗਾਨ ਸਿੱਖਾਂ ਨੂੰ ਭਾਰਤੀ ਨਾਗਰਿਕਤਾ ਮਿਲ ਗਈ ਹੈ।

### ਕਈਆਂ ਦੇ ਦਸਤਾਵੇਜ਼ ਗੁੰਮ ਹੋ ਗਏ ਹਨ

1992 ਵਿੱਚ ਭਾਰਤ ਆਏ ਕਈ ਅਫਗਾਨ ਸਿੱਖਾਂ ਦੇ ਦਸਤਾਵੇਜ਼ ਗੁੰਮ ਹੋ ਚੁੱਕੇ ਹਨ। ਕਈਆਂ ਕੋਲ ਪਾਸਪੋਰਟ ਨਹੀਂ ਹਨ ਅਤੇ ਕਈਆਂ ਦੇ ਜ਼ਰੂਰੀ ਦਸਤਾਵੇਜ਼ ਗੁੰਮ ਹੋ ਗਏ ਹਨ। ਪਰਿਵਾਰਾਂ ਨੇ ਦੱਸਿਆ ਕਿ ਪਹਿਲਾਂ ਰਾਜ ਸਰਕਾਰਾਂ ਵੱਲੋਂ ਅਰਜ਼ੀ ਦੇਣ ਲਈ ਦਖਲਅੰਦਾਜ਼ੀ ਕੀਤੀ ਜਾਂਦੀ ਸੀ, ਪਰ ਸੀਏਏ ਵਿੱਚ ਇਸ ਨੂੰ ਹਟਾ ਦਿੱਤਾ ਗਿਆ ਸੀ। ਜਿਸ ਕਾਰਨ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

ਅਫਗਾਨ ਸਿੱਖ ਪਿਛਲੇ 32 ਸਾਲਾਂ ਤੋਂ ਭਾਰਤੀ ਨਾਗਰਿਕਤਾ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਸਨ। ਉਸ ਨੂੰ ਆਪਣੇ ਲੰਬੇ ਸਮੇਂ ਦੇ ਵੀਜ਼ੇ ਨੂੰ ਹਰ ਸਾਲ ਵਧਾਉਣਾ ਪੈਂਦਾ ਸੀ। ਜਿਸ ਲਈ ਕਦੇ ਚੰਡੀਗੜ੍ਹ ਤੇ ਕਦੇ ਦਿੱਲੀ ਜਾਣਾ ਪੈਂਦਾ ਸੀ। ਉਨ੍ਹਾਂ ਵਿਚੋਂ ਕਈ ਤਾਂ ਇੰਨੇ ਬੁੱਢੇ ਹੋ ਗਏ ਹਨ ਕਿ ਉਨ੍ਹਾਂ ਲਈ ਦਿੱਲੀ ਜਾਣਾ ਆਸਾਨ ਨਹੀਂ ਸੀ। ਕਈ ਭਾਰਤੀ ਨਾਗਰਿਕਤਾ ਦੀ ਉਡੀਕ ਵਿੱਚ ਆਪਣੀ ਜਾਨ ਵੀ ਗੁਆ ਚੁੱਕੇ ਹਨ ਪਰ ਹੁਣ ਜਦੋਂ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਦਾ ਸਰਟੀਫਿਕੇਟ ਮਿਲ ਗਿਆ ਹੈ, ਉਹ ਪਾਸਪੋਰਟ ਲਈ ਅਰਜ਼ੀ ਦੇ ਸਕਦੇ ਹਨ ਅਤੇ ਭਾਰਤੀ ਪਛਾਣ ਪੱਤਰ ਬਣਵਾ ਸਕਦੇ ਹਨ।

## 27 ਸਾਲਾਂ ਤੋਂ ਸੀ ਜੇਲ੍ਹ ਵਿਚ ਬੰਦ ਬੇਅੰਤ ਸਿੰਘ ਕਾਂਡ ਦੇ ਮਾਮਲੇ ਵਿਚ ਗੁਰਮੀਤ ਸਿੰਘ ਦੀ ਹੋਈ ਜ਼ਮਾਨਤ



ਚੰਡੀਗੜ੍ਹ-ਬੇਅੰਤ ਸਿੰਘ ਕਤਲ ਮਾਮਲੇ ਵਿਚ ਜੇਲ੍ਹ ਵਿਚ ਬੰਦ ਗੁਰਮੀਤ ਸਿੰਘ ਨੂੰ ਵੱਡੀ ਰਾਹਤ ਮਿਲੀ ਹੈ। ਕੋਰਟ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ ਹੈ। ਕੋਰਟ ਨੇ ਉਸ ਨੂੰ 2007 ਵਿਚ ਕਤਲ ਮਾਮਲੇ 'ਚ ਉਮਰਕੈਦ ਦੀ ਸਜ਼ਾ ਸੁਣਾਈ ਸੀ। ਜ਼ਿਕਰਯੋਗ ਹੈ ਕਿ 27 ਸਾਲ ਤੋਂ ਜ਼ਿਆਦਾ ਸਮੇਂ ਤੋਂ ਗੁਰਮੀਤ ਸਿੰਘ ਜੇਲ੍ਹ ਵਿਚ ਬੰਦ ਹੈ। ਹੁਣ ਉਸਨੂੰ ਜ਼ਮਾਨਤ ਦੇ ਦਿੱਤੀ ਗਈ ਹੈ।

# ਪਤੰਜਲੀ ਇਸ਼ਤਿਹਾਰ ਮਾਮਲੇ ਵਿਚ ਮਾਣਹਾਨੀ ਦਾ ਕੇਸ ਬੰਦ

## ✪ ਬਾਬਾ ਰਾਮਦੇਵ ਤੇ ਆਚਾਰੀਆ ਬਾਲਕ੍ਰਿਸ਼ਨ ਉਪਰ ਸੁਪਰੀਮ ਕੋਰਟ ਦਿਆਲ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਪਤੰਜਲੀ 'ਗੁੰਮਰਾਹਕੁੰਨ ਇਸ਼ਤਿਹਾਰ ਮਾਮਲੇ' ਵਿੱਚ ਬਾਬਾ ਰਾਮਦੇਵ ਅਤੇ ਆਚਾਰੀਆ ਬਾਲਕ੍ਰਿਸ਼ਨ ਨੂੰ ਰਾਹਤ ਦਿੱਤੀ ਹੈ। ਅਦਾਲਤ ਨੇ ਇਹ ਮਾਣਹਾਨੀ ਕੇਸ ਬੰਦ ਕਰ ਦਿੱਤਾ ਹੈ। ਅਦਾਲਤ ਨੇ ਪਤੰਜਲੀ ਦੇ ਉਤਪਾਦਾਂ ਬਾਰੇ ਗੁੰਮਰਾਹਕੁੰਨ ਇਸ਼ਤਿਹਾਰ ਦੇਣ ਲਈ ਬਾਬਾ ਰਾਮਦੇਵ ਅਤੇ ਪਤੰਜਲੀ ਆਯੁਰਵੇਦ ਲਿਮਟਿਡ ਦੀ ਮੁਆਫੀ ਨੂੰ ਸਵੀਕਾਰ ਕਰਦੇ ਹੋਏ ਮਾਣਹਾਨੀ ਦਾ ਕੇਸ ਬੰਦ ਕਰ ਦਿੱਤਾ ਹੈ।

### 14 ਅਗਸਤ ਨੂੰ ਅਦਾਲਤ ਨੇ ਫੈਸਲਾ ਰੱਖਿਆ ਸੀ ਸੁਰੱਖਿਅਤ

ਯੋਗ ਗੁਰੂ ਬਾਲਕ੍ਰਿਸ਼ਨ ਐਂਡ ਕੰਪਨੀ ਦੀ ਨੁਮਾਇੰਦਗੀ ਕਰ ਰਹੇ ਐਡਵੋਕੇਟ ਗੌਤਮ ਤਾਲੁਕਦਾਰ ਨੇ ਕਿਹਾ, "ਅਦਾਲਤ ਨੇ ਰਾਮਦੇਵ, ਬਾਲਕ੍ਰਿਸ਼ਨ ਅਤੇ ਪਤੰਜਲੀ ਆਯੁਰਵੇਦ ਲਿਮਟਿਡ ਦੁਆਰਾ ਦਿੱਤੇ ਗਏ ਇਕਰਾਰਨਾਮੇ ਦੇ ਆਧਾਰ 'ਤੇ ਮਾਣਹਾਨੀ ਦੀ ਕਾਰਵਾਈ ਨੂੰ ਬੰਦ ਕਰ ਦਿੱਤਾ ਹੈ। 14 ਮਈ ਨੂੰ ਸੁਪਰੀਮ ਕੋਰਟ ਨੇ ਮਾਣਹਾਨੀ ਦੀ ਕਾਰਵਾਈ ਨੂੰ ਖਾਰਜ ਕਰ ਦਿੱਤਾ ਸੀ। ਨੇ ਨੋਟਿਸ 'ਤੇ ਮੇਰਾ ਆਰਡਰ ਰਾਖਵਾਂ ਰੱਖਿਆ ਸੀ।"

### ਆਈਐਮਏ ਨੇ ਦਰਜ ਕਰਵਾਈ ਸੀ ਸ਼ਿਕਾਇਤ




ਸੁਪਰੀਮ ਕੋਰਟ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ) ਦੁਆਰਾ ਦਾਇਰ ਇੱਕ ਪਟੀਸ਼ਨ ਦੀ ਸੁਣਵਾਈ ਕਰ ਰਹੀ ਹੈ, ਜਿਸ ਵਿੱਚ ਕੋਵਿਡ ਟੀਕਾਕਰਨ ਮੁਹਿੰਮ ਅਤੇ ਦਵਾਈਆਂ ਦੀਆਂ ਆਧੁਨਿਕ ਪ੍ਰਣਾਲੀਆਂ ਵਿਰੁੱਧ ਮਾਣਹਾਨੀ ਮੁਹਿੰਮ ਦਾ ਦੋਸ਼ ਲਗਾਇਆ ਗਿਆ ਹੈ।

21 ਨਵੰਬਰ, 2023 ਦੇ ਆਦੇਸ਼ ਵਿੱਚ, ਸਿਖਰਲੀ ਅਦਾਲਤ ਨੇ ਕਿਹਾ ਸੀ ਕਿ ਪਤੰਜਲੀ ਆਯੁਰਵੇਦ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੇ ਅਦਾਲਤ ਨੂੰ ਭਰੋਸਾ ਦਿੱਤਾ ਸੀ ਕਿ ਹੁਣ ਤੋਂ ਕਿਸੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਹੋਵੇਗੀ।

### ਕਾਨੂੰਨ ਦੀ ਉਲੰਘਣਾ ਨਹੀਂ ਹੋਵੇਗੀ: ਪਤੰਜਲੀ

ਪਤੰਜਲੀ ਆਯੁਰਵੇਦ ਨੇ ਅਦਾਲਤ ਨੂੰ ਕਿਹਾ ਸੀ ਕਿ ਨਿਰਮਿਤ ਅਤੇ ਮਾਰਕੀਟਿੰਗ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ ਜਾਂ ਬ੍ਰਾਂਡਿੰਗ ਨਾਲ ਸਬੰਧਤ ਕਿਸੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਕੀਤੀ ਜਾਵੇਗੀ।

ਕੰਪਨੀ ਦੇ ਖਾਸ ਭਰੋਸੇ ਦੀ ਪਾਲਣਾ ਨਾ ਕਰਨ ਅਤੇ ਬਾਅਦ ਵਿੱਚ ਮੀਡੀਆ ਵਿੱਚ ਦਿੱਤੇ ਗਏ ਬਿਆਨਾਂ ਤੋਂ ਸਿਖਰਲੀ ਅਦਾਲਤ ਨਾਰਾਜ਼ ਸੀ। ਇਸ ਤੋਂ ਬਾਅਦ ਅਦਾਲਤ ਨੇ ਕੰਪਨੀ ਨੂੰ ਨੋਟਿਸ ਜਾਰੀ ਕਰਕੇ ਕਿਹਾ ਹੈ ਕਿ ਕਿਉਂ ਨਾ ਉਨ੍ਹਾਂ ਖਿਲਾਫ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।

## ਹਿੰਦੂ ਆਗੂ ਉਪਰ ਸੈਕਸ ਸ਼ੋਸ਼ਣ ਕਾਰਣ ਕੇਸ ਦਰਜ

**✪ ਨਸ਼ੀਲੀ ਕੋਲਡ ਡ੍ਰਿੰਕ ਪਿਆ ਕੇ ਕੀਤਾ ਜਿਣਸੀ ਸ਼ੋਸ਼ਣ ✪ ਗਰਭਵਤੀ ਹੋਣ 'ਤੇ ਦਿੱਤੀਆਂ ਧਮਕੀਆਂ**

ਲੁਧਿਆਣਾ-ਲੁਧਿਆਣਾ ਦੇ ਥਾਣਾ ਡਵੀਜ਼ਨ ਨੰਬਰ 2 ਦੀ ਪੁਲਿਸ ਨੇ ਹਿੰਦੂ ਆਗੂ ਚੇਤਨ ਬਵੇਜਾ ਖਿਲਾਫ਼ ਉਸੇ ਦੇ ਦਫ਼ਤਰ ਦੀ ਔਰਤ ਨਾਲ




ਜਿਣਸੀ ਸ਼ੋਸ਼ਣ ਕਰਨ ਦੇ ਮਾਮਲੇ ਵਿਚ ਮੁਕੱਦਮਾ ਦਰਜ ਹੋਇਆ ਹੈ। ਥਾਣਾ ਡਵੀਜ਼ਨ ਨੰਬਰ 2 ਦੀ ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਔਰਤ ਨੇ ਦੱਸਿਆ ਕਿ ਉਹ ਚੰਡੀਗੜ੍ਹ ਰੋਡ ਸਥਿਤ 32 ਸੈਕਟਰ ਦੇ ਰਹਿਣ ਵਾਲੇ ਚੇਤਨ ਬਵੇਜਾ ਦੇ ਚੀਮਾ ਚੌਂਕ ਵਾਲੇ ਦਫਤਰ 'ਚ ਕੰਮ ਕਰਦੀ ਸੀ। ਕੁਝ ਸਮਾਂ ਪਹਿਲੋਂ ਚੇਤਨ ਬਵੇਜਾ ਨੇ ਉਸਨੂੰ ਨਸ਼ੀਲੀ ਕੋਲਡ ਡ੍ਰਿੰਕ ਪਿਆ ਕੇ ਉਸ ਨਾਲ ਸਰੀਰਕ ਸਬੰਧ ਬਣਾਏ। ਬਾਅਦ ਵਿਚ ਮੁਲਜ਼ਮ ਔਰਤ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਦੀ ਆਬਰੂ ਨਾਲ ਲਗਾਤਾਰ ਖੇਡਦਾ ਰਿਹਾ। ਕੁਝ ਸਾਲ ਪਹਿਲੋਂ ਜਦ ਔਰਤ ਗਰਭਵਤੀ ਹੋ ਗਈ ਤਾਂ ਮੁਲਜ਼ਮ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਮਾਮਲੇ 'ਚ ਔਰਤ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਦਰਖ਼ਾਸਤ ਦਿੱਤੀ।

## ਸੇਬੀ ਦੀ ਭਰੋਸੇਯੋਗਤਾ ਦਾਅ ਉੱਤੇ ਲੱਗੀ

# ਚੇਅਰਪਰਸਨ ਮਾਧਵੀ ਬੁਚ ਅਤੇ ਉਸ ਦਾ ਪਤੀ ਉਪਰ ਵਿੱਤੀ ਘੁਟਾਲੇ ਦੇ ਦੋਸ਼

**ਖਾਸ ਖਬਰ** ✪ ਹਿੰਡਨਬਰਗ ਨੇ ਜਾਰੀ ਕੀਤੀ ਇੱਕ ਹੋਰ ਰਿਪੋਰਟ,ਦੋਸ਼ਾਂ ਨੂੰ ਬੁਚ ਜੋੜੇ ਤੇ ਅਡਾਨੀ ਗਰੁੱਪ, ਦੋਵਾਂ ਨੇ ਨਕਾਰਿਆ ✪ ਨਿਵੇਸ਼ਕਾਂ ਨੂੰ ਖਿੱਚਣ ਦੀਆਂ ਸਰਕਾਰਾਂ ਦੀਆਂ ਕੋਸ਼ਿਸ਼ਾਂ ਨੂੰ ਲਗ ਸਕਦਾ ਏ ਵੱਡਾ ਝਟਕਾ




ਕਰੀਬ ਡੇਢ ਸਾਲ ਪਹਿਲਾਂ ਅਡਾਨੀ ਗਰੁੱਪ 'ਤੇ 'ਕਾਰਪੋਰੇਟ ਇਤਿਹਾਸ ਦਾ ਸਭ ਤੋਂ ਵੱਡਾ ਹੇਰ-ਫੇਰ' ਕਰਨ ਦੇ ਦੋਸ਼ ਲਾ ਕੇ ਤਹਿਲਕਾ ਮਚਾਉਣ ਵਾਲੇ ਅਮਰੀਕੀ 'ਸ਼ਾਰਟ-ਸੈੱਲਰ' ਹਿੰਡਨਬਰਗ ਰਿਸਰਚ (ਨਿਵੇਸ਼ ਤੇ ਖੋਜ ਫਰਮ) ਨੇ ਹੁਣ ਆਪਣੀ ਨਵੀਂ ਰਿਪੋਰਟ 'ਚ ਸੇਬੀ (ਸਕਿਊਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਦੀ ਚੇਅਰਪਰਸਨ ਮਾਧਵੀ ਬੁਚ ਅਤੇ ਉਨ੍ਹਾਂ ਦੇ ਪਤੀ ਉੱਤੇ ਨਿਸ਼ਾਨਾ ਸੇਧਿਆ ਹੈ।

ਅਮਰੀਕੀ ਸ਼ਾਰਟ ਸੇਲਰ ਹਿੰਡਨਬਰਗ ਰਿਸਰਚ ਦੀ ਤਾਜ਼ਾ ਰਿਪੋਰਟ ਵਿਚ ਹੈਰਾਨ ਕਰਨ ਵਾਲੇ ਦਾਅਵੇ ਕੀਤੇ ਗਏ ਹਨ। ਰਿਪੋਰਟ 'ਚ ਭਾਰਤੀ ਸ਼ੇਅਰ ਬਾਜ਼ਾਰ ਰੈਗੂਲੇਟਰੀ ਸੇਬੀ ਦੇ ਮੁਖੀ ਅਤੇ ਉਨ੍ਹਾਂ ਦੇ ਪਤੀ 'ਤੇ ਗੰਭੀਰ ਦੋਸ਼ ਲਗਾਏ ਗਏ ਹਨ। ਤਾਜਾ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਸੇਬੀ ਦੀ ਮੁਖੀ ਮਾਧਬੀ ਬੁਚ ਅਤੇ ਉਨ੍ਹਾਂ ਦੇ ਪਤੀ ਧਵਲ ਬੁਚ ਦੇ ਨਾਂ ਕਥਿਤ ਅਡਾਨੀ ਘਪਲੇ ਨਾਲ ਜੁੜ ਰਿਹਾ ਹੈ। ਹੁਣੇ ਜਿਹੇ ਆਈ ਰਿਪੋਰਟ ਵਿਚ ਦੋਸ਼ ਲਗਾਇਆ ਗਿਆ ਹੈ ਕਿ ਕਥਿਤ ਅਡਾਨੀ ਧਨ ਹੇਰਾਫੇਰੀ ਘੋਟਾਲੇ 'ਚ ਇਸਤੇਮਾਲ ਕੀਤੇ ਗਏ ਅਸਪਸ਼ਟ ਆਫਸ਼ੋਰ ਫੰਡ 'ਚ ਜੋੜੇ ਦੀ ਹਿੱਸੇਦਾਰੀ ਸੀ। ਹਿੰਡਨਬਰਗ ਨੇ ਦਾਅਵਾ ਕੀਤਾ ਹੈ ਕਿ ਸੇਬੀ ਦੀ ਚੇਅਰਪਰਸਨ ਮਾਧਬੀ ਪੁਰੀ ਬੁਚ ਅਤੇ ਉਨ੍ਹਾਂ ਦੇ ਪਤੀ ਧਵਲ ਬੁਚ ਦੀ ਮਾਰੀਸ਼ਸ ਦੀ ਆਫਸ਼ੋਰ ਕੰਪਨੀ 'ਗਲੋਬਲ ਡਾਇਨਾਮਿਕ ਅਪਰਚੂਨਿਟੀ ਫੰਡ' 'ਚ ਹਿੱਸੇਦਾਰੀ ਹੈ। ਹਿੰਡਨਬਰਗ ਨੇ ਦਾਅਵਾ ਕੀਤਾ ਹੈ ਕਿ ਇਸੇ ਕੰਪਨੀ ਵਿਚ ਗੌਤਮ ਅਡਾਨੀ ਦੇ ਭਰਾ ਵਿਨੋਦ ਅਡਾਨੀ ਨੇ ਅਰਬਾਂ ਡਾਲਬ ਦਾ ਨਿਵੇਸ਼ ਕੀਤਾ ਹੈ। ਦੋਸ਼ ਹੈ ਕਿ ਇਸ ਪੈਸੇ ਦਾ ਇਸਤੇਮਾਲ ਹੀ ਸ਼ੇਅਰਾਂ ਦੀ ਕੀਮਤ 'ਚ ਤੇਜੀ ਲਿਆਉਣ ਲਈ ਕੀਤਾ ਗਿਆ ਸੀ

ਇਨ੍ਹਾਂ ਦੋਸ਼ਾਂ ਨੂੰ ਬੁਚ ਜੋੜੇ ਅਤੇ ਅਡਾਨੀ ਗਰੁੱਪ, ਦੋਵਾਂ ਨੇ ਨਕਾਰਿਆ ਹੈ। ਜੋੜੇ ਨੇ ਇਨ੍ਹਾਂ ਨੂੰ ਕਿਰਦਾਰਕੁਸ਼ੀ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਸੁਪਰੀਮ ਕੋਰਟ ਨੇ ਜਨਵਰੀ ਵਿੱਚ ਸੇਬੀ ਦੀ ਪਿੱਠ ਥਾਪੜਦਿਆਂ ਕਿਹਾ ਸੀ ਕਿ ਬੋਰਡ ਸਟਾਕ ਕੀਮਤਾਂ ਵਿੱਚ ਕਥਿਤ ਹੇਰ-ਫੇਰ ਦੀ 'ਵਿਆਪਕ ਪੱਧਰ ਉੱਤੇ ਜਾਂਚ ਕਰ ਰਿਹਾ ਹੈ' ਅਤੇ ਕੇਸ ਨੂੰ ਵਿਸ਼ੇਸ਼ ਜਾਂਚ ਟੀਮ ਹਵਾਲੇ ਕਰਨ ਦੀ ਕੋਈ ਲੋੜ ਨਹੀਂ। ਸਿਖਰਲੀ ਅਦਾਲਤ ਦੇ ਸੇਬੀ ਬਾਰੇ ਜਤਾਏ ਭਰੋਸੇ ਨੇ ਹਾਲਾਂਕਿ ਸਵਾਲ ਵੀ ਖੜ੍ਹੇ ਕੀਤੇ ਸਨ ਕਿ ਜੇ ਅਦਾਲਤ ਨੂੰ ਬੋਰਡ ਉੱਤੇ ਇੰਨਾ ਹੀ ਵਿਸ਼ਵਾਸ ਸੀ ਤਾਂ ਅਦਾਲਤ ਨੇ ਜਨਵਰੀ 2023 ਦੀ ਹਿੰਡਨਬਰਗ ਰਿਪੋਰਟ ਤੋਂ ਬਾਅਦ ਰੈਗੂਲੇਟਰੀ ਖਾਮੀਆਂ ਦੀ ਜਾਂਚ ਲਈ ਮਾਹਿਰਾਂ ਦੀ ਕਮੇਟੀ ਕਿਉਂ ਬਣਾਈ ਸੀ?

ਕਾਬਿਲ-ਏ-ਗੌਰ ਹੈ ਕਿ ਮਾਮਲੇ ਉੱਤੇ ਵੱਡਾ ਵਿਵਾਦ ਖੜ੍ਹਾ ਹੋਣ ਤੋਂ ਬਾਅਦ ਇਸ ਨੂੰ ਸੁਪਰੀਮ ਕੋਰਟ 'ਚ ਵਿਚਾਰਿਆ ਗਿਆ ਸੀ।

ਇੱਥੇ ਫਿਲਹਾਲ ਸੇਬੀ (ਸਕਿਊਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਦੀ ਭਰੋਸੇਯੋਗਤਾ ਦਾਅ ਉੱਤੇ ਲੱਗੀ ਹੋਈ ਹੈ ਅਤੇ ਸਿਆਸੀ ਅਖਾੜੇ ਵਿੱਚ ਵੀ ਤਿੱਖੀ ਬਿਆਨਬਾਜ਼ੀ ਸ਼ੁਰੂ ਹੋ ਗਈ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਨੇ 'ਘੁਟਾਲੇ ਦੀ ਸੰਪੂਰਨ ਜਾਂਚ' ਖਾਤਰ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਬਣਾਉਣ ਦੀ ਮੰਗ ਦੁਹਰਾਈ ਹੈ। ਜ਼ਿਕਰਯੋਗ ਹੈ ਕਿ ਦੇਸ਼ ਦੇ ਮੋਹਰੀ ਕਾਰੋਬਾਰੀਆਂ ਦਾ ਲੋੜੋਂ ਵੱਧ ਪੱਖ ਪੂਰਨ ਦੇ ਦੋਸ਼ ਸਰਕਾਰ 'ਤੇ ਕਈ ਵਾਰ ਲੱਗ ਚੁੱਕੇ ਹਨ। ਇਸ ਲਈ ਸਰਕਾਰ ਨੂੰ ਹੁਣ ਚਾਹੀਦਾ ਹੈ ਕਿ ਉਹ ਸਿਰਫ਼ ਮੁੱਖ ਵਿਰੋਧੀ ਧਿਰ ਅਤੇ ਹਿੰਡਨਬਰਗ ਉੱਤੇ ਰਲੇ ਹੋਣ ਦਾ ਦੋਸ਼ ਲਾਉਣ ਦੀ ਥਾਂ ਕੋਈ ਬਿਹਤਰ ਕਾਰਵਾਈ ਕਰੇ।

ਤੱਥ ਸਪੱਸ਼ਟ ਕਰਨ ਲਈ ਪਾਰਦਰਸ਼ਤਾ ਜ਼ਰੂਰੀ ਹੈ; ਇਹ ਧਾਰਨਾ ਦੂਰ ਹੋਣੀ ਚਾਹੀਦੀ ਹੈ ਕਿ ਸੇਬੀ ਆਪਣੀ ਜਾਂਚ ਹਰ ਪੱਖ ਤੋਂ ਮੁਕੰਮਲ ਕਰਨ 'ਚ ਝਿਜਕ ਰਹੀ ਹੈ। ਹਿੰਡਨਬਰਗ ਦੇ ਦਾਅਵਿਆਂ ਨੂੰ ਐਵੇਂ ਹੀ ਨਕਾਰਿਆ ਨਹੀਂ ਜਾ ਸਕਦਾ, ਇਨ੍ਹਾਂ ਦਾ ਨਿਰਵਿਵਾਦ ਤੱਥਾਂ ਨਾਲ ਸਾਹਮਣਾ ਕਰਨਾ ਪਏਗਾ। ਅਜਿਹਾ ਜਿੰਨਾ ਜਲਦੀ ਕੀਤਾ ਜਾਵੇਗਾ, ਚੰਗਾ ਹੋਵੇਗਾ; ਨਹੀਂ ਤਾਂ ਨਿਵੇਸ਼ਕਾਂ ਨੂੰ ਖਿੱਚਣ ਦੀਆਂ ਸਰਕਾਰਾਂ ਦੀਆਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

### ਕਾਂਗਰਸ ਪ੍ਰਧਾਨ ਖੜਗੇ ਬੋਲੇ-ਸਾਂਝੀ ਸੰਸਦੀ ਕਮੇਟੀ ਤੋਂ ਕਰਵਾਈ ਜਾਵੇ ਘਪਲੇ ਦੀ ਜਾਂਚ

ਅਮਰੀਕੀ ਸ਼ਾਰਟ ਸੇਲਰ ਹਿੰਡਨਬਰਗ ਦੀ ਰਿਸਰਚ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੇਬੀ 'ਤੇ ਲੱਗੇ ਦੋਸ਼ਾਂ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਅਡਾਨੀ ਸਮੂਹ ਅਤੇ ਸੇਬੀ ਦੀ ਮਿਲੀਭੁਗਤ ਨਾਲ ਹੋਏ ਘਪਲੇ ਦੀ ਜਾਂਚ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਮੁੱਦੇ ਦੀ ਜੇ.ਪੀ.ਸੀ. ਤੋਂ ਜਾਂਚ ਕਰਵਾਉਣਾ ਜ਼ਰੂਰੀ ਹੈ। ਨਹੀਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੀਆਂ ਸੰਵਿਧਾਨਿਕ ਸੰਸਥਾਵਾਂ ਨਾਲ ਸਮਝੌਤਾ ਕਰਕੇ ਆਪਣੇ ਸਹਿਯੋਗੀਆਂ ਨੂੰ ਬਚਾਉਂਦੇ ਰਹਿਣਗੇ।

ਕਾਂਗਰਸ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੂੰ ਅਡਾਨੀ ਸਮੂਹ ਦੇ ਘਪਲਿਆਂ ਦੀ ਜਾਂਚ ਕਰਵਾ ਕੇ ਸੇਬੀ 'ਤੇ ਲੱਗੇ ਦੋਸ਼ਾਂ 'ਤੇ ਸਥਿਤੀ ਸਪਸ਼ਟ ਕਰਨੀ ਹੋਵੇਗੀ। ਨਾਲ ਹੀ ਤੁਰੰਤ ਕਾਰਵਾਈ ਕਰਨੀ ਹੋਵੇਗੀ। ਐਕਸ 'ਤੇ ਕੀਤੇ ਗਏ ਇਕ ਪੋਸਟ 'ਤੇ ਖੜਗੇ ਨੇ ਕਿਹਾ ਕਿ ਜਨਵਰੀ 2023 'ਚ ਹਿੰਡਨਬਰਗ ਦੀ ਰਿਪੋਰਟ ਆਉਣ ਤੋਂ ਬਾਅਦ ਸੇਬੀ ਨੇ ਸੁਪਰੀਮ ਕੋਰਟ 'ਚ ਅਡਾਨੀ ਸਮੂਹ 'ਤੇ ਲੱਗੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ। ਹੁਣ ਸੇਬੀ ਮੁਖੀ 'ਤੇ ਦੋਸ਼ ਲੱਗੇ ਹਨ। ਉਨ੍ਹਾਂ ਕਿਹਾ ਕਿ ਮੱਧ ਵਰਗ ਦੇ ਨਿਵੇਸ਼ਕ ਆਪਣੀ ਮਿਹਨਤ ਦੀ ਕਮਾਈ ਸ਼ੇਅਰ ਬਾਜ਼ਾਰ 'ਚ ਨਿਵੇਸ਼ ਕਰਦੇ ਹਨ। ਅਜਿਹੇ ਘਪਲਿਆਂ ਅਤੇ ਦੋਸ਼ਾਂ ਤੋਂ ਬਾਅਦ ਨਿਵੇਸ਼ਕ ਚਿੰਤਤ ਹਨ। ਉਨ੍ਹਾਂ ਨੂੰ ਸੁਰੱਖਿਆ ਦੀ ਲੋੜ ਹੈ। ਖੜਕੇ ਨੇ ਕਿਹਾ ਕਿ ਇਸ ਘਪਲੇ ਦੀ ਜਾਂਚ ਜੀ.ਪੀ.ਸੀ. ਤੋਂ ਕਰਵਾਉਣੀ ਜ਼ਰੂਰੀ ਹੈ।

********

## ਲੁਟੇਰਿਆਂ ਨੇ ਮੁੱਲਾਂਪੁਰ ਦਾਖਾ ਵਿਖੇ ਭੂਰੀ ਵਾਲਿਆਂ ਦੀ ਕੁਟੀਆ ਵਿਚ ਰਹਿੰਦੇ ਸੰਤਾਂ ਨੂੰ ਬੰਦੀ ਬਣਾ ਕੇ ਲੁੱਟਿਆ

✪ ਗਲਾ ਤੋੜ ਕੇ ਕਰੀਬ 10 ਹਜ਼ਾਰ ਰੁਪਏ ਦੀ ਨਕਦੀ ਲੈ ਗਏ, ਪੁਲਿਸ ਵੱਲੋਂ ਅਗਲੇਰੀ ਕਾਰਵਾਈ ਸ਼ੁਰੂ



ਮੁੱਲਾਂਪੁਰ ਦਾਖਾ-ਪਿੰਡ ਕੈਲਪੁਰ ਸਥਿਤ ਭੂਰੀ ਵਾਲਿਆਂ ਦੀ ਕੁਟੀਆ ਵਿਚ ਰਹਿੰਦੇ ਦੋ ਸੰਤਾਂ ਨੂੰ ਬੰਧਕ ਬਣਾ ਕੇ ਅਣਪਛਾਤੇ ਲੁਟੇਰੇ ਨਕਦੀ, ਐੱਲਸੀਡੀ ਅਤੇ ਡੀਵੀਆਰ ਲੈ ਕੇ ਫਰਾਰ ਹੋ ਗਏ ਜਿਸ ਦੀ ਇਤਲਾਹ ਸੇਵਾਦਾਰਾਂ ਵੱਲੋਂ ਦਾਖਾ ਪੁਲਿਸ ਨੂੰ ਦਿੱਤੀ ਪਰ ਪੁਲਿਸ ਨੇ ਘਟਨਾ ਦਾ ਮੌਕਾ ਦੇਖਣਾ ਵੀ ਮੁਨਾਸਿਬ ਨਹੀਂ ਸਮਝਿਆ। ਸੇਵਾਦਾਰ ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਬੀਤੇ ਸ਼ੁੱਕਰਵਾਰ ਰਾਤ ਕੁਝ ਹਥਿਆਰਬੰਦ ਲੁਟੇਰੇ ਕੈਲਪੁਰ ਸਥਿਤ ਕੁਟੀਆ ਅੰਦਰ ਦਾਖਲ ਹੋ ਗਏ ਜਿਨ੍ਹਾਂ ਨੇ ਅੰਦਰ ਰਹਿੰਦੇ ਦੋ ਸੰਤਾਂ ਨੂੰ ਬੰਧਕ ਬਣਾ ਕੇ ਕਮਰਿਆਂ ਦੀ ਫਰੋਲਾ-ਫਰਾਲੀ ਕੀਤੀ ਅਤੇ ਗਲਾ ਤੋੜ ਕੇ ਕਰੀਬ 10 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰ ਲਈ। ਫੜੇ ਜਾਣ ਦੇ ਡਰੋਂ ਉਕਤ ਵਿਅਕਤੀ ਜਾਂਦੇ ਹੋਏ ਐੱਲਸੀਡੀ ਤੇ ਡੀਵੀਆਰ ਵੀ ਲੈ ਗਏ। ਲੁਟੇਰਿਆਂ ਦੇ ਜਾਣ ਮਗਰੋਂ ਸੰਤਾਂ ਨੇ ਪੁਲਿਸ ਨੂੰ ਸੂਚਨਾ ਦਿੱਤੀ। ਜਦੋਂ ਇਸ ਸਬੰਧੀ ਏਐੱਸਆਈ ਤਰਸੇਮ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ਼ਿਕਾਇਤ ਮਿਲ ਚੁੱਕੀ ਹੈ ਅਤੇ ਮੌਕਾ ਦੇਖਣ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਵਿਚ ਵੋਟਾਂ ਬਣਾਉਣ ਨੂੰ ਮੱਠਾ ਹੁੰਗਾਰਾ ਤੇ ਨਕਲੀ ਸਿੱਖਾਂ ਦੀਆਂ ਵੋਟਾਂ ਚਿੰਤਾ ਦਾ ਵਿਸ਼ਾ ਬਣੀਆਂ

## ✪ ਸ਼੍ਰੋਮਣੀ ਕਮੇਟੀ ਨੇ ਕਿਹਾ-ਯੋਗ ਸਿੱਖ ਵੋਟਰਾਂ ਦੀ ਹੀ ਰਜਿਸਟ੍ਰੇਸ਼ਨ ਯਕੀਨੀ ਬਣਾਵੇ ਕਮਿਸ਼ਨ ✪ ਅਕਾਲੀ ਦਲ ਜਾਹਲੀ ਵੋਟਾਂ ਬਣਨ ਤੋਂ ਪਰੇਸ਼ਾਨ, ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਨੂੰ ਭੇਜੀ ਸ਼ਿਕਾਇਤ ✪ ਇਸ ਸਾਲ ਚੋਣਾਂ ਹੋਣ ਦੀ ਸੰਭਾਵਨਾ ਘੱਟ

### ਵਿਸ਼ੇਸ਼ ਰਿਪੋਰਟ

ਬੇਅਦਬੀ ਕਾਂਡ ਨੇ ਸ਼੍ਰੋਮਣੀ ਅਕਾਲੀ ਦਲ ਦੇ ਨਿਘਾਰ ਕਾਰਣ ਸਿੱਖ ਸੰਗਤ ਵਿਚ ਉੱਠੇ ਭਾਰੀ ਰੋਹ ਬਾਅਦ ਸਿਖ ਸੰਗਤ ਦਾ ਸ੍ਰੋਮਣੀ ਕਮੇਟੀ ਤੇ ਅਕਾਲੀ ਦਲ ਉਪਰ ਵਿਸ਼ਵਾਸ ਡਗਮਗਾ ਗਿਆ ਹੈ। ਸੁਚੇਤ ਪੰਥਕ ਹਲਕੇ ਸਿਖ ਸੰਗਤ ਦੀਆਂ ਘਟ ਵੋਟਾਂ ਬਣਨ ਤੇ ਜਾਹਲੀ ਵੋਟਾਂ ਬਣਨ ਤੋਂ ਚਿੰਤਤ ਹਨ। ਇਸ ਗਲ ਦੀ ਚਿੰਤਾ ਸ੍ਰੋਮਣੀ ਅਕਾਲੀ ਦਲ ਤੇ ਸ੍ਰੋਮਣੀ ਕਮੇਟੀ ਨੇ ਜਤਾਈ ਹੈ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲੈਣ ਲਈ ਵੱਡੀ ਗਿਣਤੀ ਵਿਚ ਲੋਕ ਵੋਟਰ ਬਣਨ ਨੂੰ ਹੀ ਤਿਆਰ ਨਹੀਂ ਹਨ। ਇਹ ਤੀਜੀ ਵਾਰ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਲਈ ਤਰੀਕ ਵਿਚ ਵਾਧਾ ਕਰਨਾ ਪਿਆ ਹੈ। ਪਹਿਲਾਂ ਦੋ ਵਾਰ ਤਰੀਕਾਂ ਵਧਾਉਣ ਨਾਲ ਵੀ ਪਿਛਲੀ ਵਾਰ ਦੀਆਂ ਵੋਟਾਂ ਦੇ ਮੁਕਾਬਲੇ ਅੱਧੀਆਂ ਵੋਟਾਂ ਵੀ ਨਹੀਂ ਦਰਜ ਹੋ ਸਕੀਆਂ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਤੇਰਾਂ ਸਾਲ ਪਹਿਲਾਂ 2011 ਵਿਚ ਹੋਈਆਂ ਸਨ। ਅੰਕੜੇ ਦੱਸਦੇ ਹਨ ਕਿ 25 ਜੁਲਾਈ ਤੱਕ ਕੇਵਲ 27 ਲੱਖ 87 ਹਜ਼ਾਰ ਵੋਟਾਂ ਹੀ ਬਣੀਆਂ ਸਨ ਜਦਕਿ ਪਿਛਲੀਆਂ ਆਮ ਚੋਣਾਂ ਵੇਲੇ ਇਹ ਗਿਣਤੀ 52 ਲੱਖ ਸੀ।

ਕਮਿਸ਼ਨ ਵੱਲੋਂ ਪਿਛਲੇ ਸਾਲ 21 ਅਕਤੂਬਰ ਨੂੰ ਵੋਟਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ਆਖ਼ਰੀ ਤਰੀਕ 15 ਨਵੰਬਰ ਦੱਸੀ ਗਈ ਸੀ। ਵੋਟਰਾਂ ਦਾ ਹੁੰਗਾਰਾ ਨਾ ਮਿਲਦਿਆਂ ਦੇਖ ਕੇ ਤਰੀਕ 29 ਫਰਵਰੀ ਤੱਕ ਵਧਾਉਣੀ ਪਈ ਸੀ। ਇਸ ਤੋਂ ਬਾਅਦ ਕਮਿਸ਼ਨ ਵੱਲੋਂ 30 ਅਪ੍ਰੈਲ ਅਤੇ ਆਖ਼ਰੀ ਵਾਰ 31 ਜੁਲਾਈ ਤੱਕ ਵਾਧਾ ਕੀਤਾ ਗਿਆ ਸੀ। ਕੁਝ ਦਿਨ ਪਹਿਲਾਂ ਸ਼੍ਰੋਮਣੀ ਕਮੇਟੀ ਲਈ ਵੋਟਾਂ ਬਣਾਉਣ ਦੀ ਤਰੀਕ ਹੁਣ 16 ਸਤੰਬਰ ਤੱਕ ਵਧਾ ਦਿੱਤੀ ਗਈ ਹੈ।

ਇਸ ਤੱਥ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਸਿਖ ਯੂਥ ਦੇ ਵੱਡੀ ਗਿਣਤੀ ਵਿਚ ਹੋਏ ਪਰਵਾਸ ਕਰਕੇ ਵੀ ਵੋਟਰਾਂ ਦੀ ਗਿਣਤੀ ਘਟੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਇਸ ਵਾਰ ਪਹਿਲਾਂ ਦੀ ਤਰ੍ਹਾਂ ਵੋਟਾਂ ਬਣਾਉਣ ਵਿਚ ਦਿਲਚਸਪੀ ਨਹੀਂ ਦਿਖਾਈ ਗਈ ਹੈ। ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਦੇ ਵਿਰੋਧੀ ਧੜੇ ਵੋਟਾਂ ਬਣਾਉਣ ਵਿਚ ਜੁਟੇ ਹੋਏ ਹਨ। ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਤੇ ਹਲਕਾ ਫਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਦਿਲਚਸਪੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ।

### ਕਿਥੇ ਸਭ ਤੋਂ ਵਧ ਵੋਟਾਂ ਬਣੀਆਂ

ਮੁੱਖ ਚੋਣ ਕਮਿਸ਼ਨਰ ਜਸਟਿਸ ਸੇਵਾ ਮੁਕਤ ਐੱਸਐੱਸ ਸਾਰੋਂ ਦਾ ਕਹਿਣਾ ਹੈ ਕਿ ਮੁਲਕ ਦੀਆਂ ਆਮ ਚੋਣਾਂ ਕਰਕੇ ਵੋਟਾਂ ਬਣਾਉਣ ਦਾ ਕੰਮ ਰਫ਼ਤਾਰ ਨਹੀਂ ਫੜ ਸਕਿਆ ਹੈ। ਇਹ ਨਿਸਚੇ ਹੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ। ਗੁਰਦੁਆਰਾ ਚੋਣ ਕਮਿਸ਼ਨ ਦੇ ਅੰਕੜੇ ਅਨੁਸਾਰ ਸਭ ਤੋਂ ਵੱਧ ਵੋਟਾਂ ਜ਼ਿਲ੍ਹਾ ਗੁਰਦਾਸਪੁਰ ਵਿਚ 3 ਲੱਖ 22 ਹਜ਼ਾਰ ਬਣੀਆਂ ਹਨ। ਉਸ ਤੋਂ ਬਾਅਦ ਲੁਧਿਆਣਾ ਜ਼ਿਲ੍ਹੇ ਵਿਚ ਬਣੀਆਂ ਵੋਟਾਂ ਦੀ ਗਿਣਤੀ 3 ਲੱਖ 13 ਹਜ਼ਾਰ ਹੈ। ਅੰਮ੍ਰਿਤਸਰ ਵਿਚ 3 ਲੱਖ 2000 ਵੋਟਾਂ ਬਣੀਆਂ ਹਨ। ਸ਼ਹੀਦ ਭਗਤ ਸਿੰਘ ਨਗਰ ਦੀ ਗੱਲ ਕਰੀਏ ਤਾਂ ਉੱਥੇ ਸਿਰਫ਼ 25 ਹਜ਼ਾਰ 90 ਵੋਟਾਂ ਅਤੇ ਪਠਾਨਕੋਟ ਵਿਚ 26023 ਵੋਟਾਂ ਹੀ ਬਣ ਸਕੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹਰ ਪੰਜ ਸਾਲ ਪਿੱਛੋਂ ਹੁੰਦੀਆਂ ਹਨ ਜਦਕਿ ਅਹੁਦੇਦਾਰਾਂ ਦੀ ਚੋਣ ਹਰੇਕ ਸਾਲ ਹੁੰਦੀ ਹੈ। ਇਸ ਦੀਆਂ ਪਿਛਲੀ ਵਾਰ ਚੋਣਾਂ 2011 ਵਿਚ ਹੋਈਆਂ ਸਨ। ਸਹਿਜਧਾਰੀ ਸਿੱਖ ਫੈੱਡਰੇਸ਼ਨ ਵੱਲੋਂ ਅਦਾਲਤ ਵਿਚ ਪਟੀਸ਼ਨ ਦਾਇਰ ਕਰ ਕੇ ਕੇਵਲ ਸਾਬਤ-ਸੂਰਤ ਸਿੱਖਾਂ ਨੂੰ ਹੀ ਵੋਟ ਦਾ ਅਧਿਕਾਰ ਦੇਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ।



ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀਆਂ ਪਿਛਲੀਆਂ ਦੋ ਵਾਰ ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਦਾ ਸਾਹਮਣਾ ਕਰਨਾ ਪਿਆ ਹੈ। ਦੋਵੇਂ ਵਾਰ ਨਤੀਜੇ ਉਸ ਦੇ ਹੱਕ ਵਿਚ ਰਹੇ ਸਨ। ਇਸ ਵਾਰ ਜਦੋਂ ਦੋ ਨੌਜਵਾਨ ਸਿੱਖ ਪਾਰਲੀਮੈਂਟ ਲਈ ਚੁਣੇ ਗਏ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦੋ ਧੜਿਆਂ ਦਰਮਿਆਨ ਡੂੰਘੀ ਲਕੀਰ ਖਿੱਚੀ ਜਾ ਚੁੱਕੀ ਹੈ ਤਾਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਾਸਤੇ ਜਿੱਤ ਪਹਿਲਾਂ ਜਿੰਨੀ ਆਸਾਨ ਨਹੀਂ ਹੋਵੇਗੀ। ਹਾਲਾਂਕਿ ਉਨ੍ਹਾਂ ਵੱਲੋਂ ਪਿਛਲੇ ਦਿਨੀਂ ਕੀਤੇ ਸ਼ਕਤੀ ਪ੍ਰਦਰਸ਼ਨ ਵੇਲੇ ਸ਼੍ਰੋਮਣੀ ਕਮੇਟੀ ਦੇ ਵੱਡੀ ਗਿਣਤੀ ਮੈਂਬਰ ਉਨ੍ਹਾਂ ਦੇ ਖੱਬੇ-ਸੱਜੇ ਦਿਸੇ ਹਨ।

ਗੁਰਦੁਆਰਾ ਕਮਿਸ਼ਨ ਵੱਲੋਂ ਵੋਟਾਂ ਦੀ ਤਰੀਕ 16 ਸਤੰਬਰ ਤੱਕ ਵਧਾਏ ਜਾਣ ਤੋਂ ਬਾਅਦ ਲੱਗਦਾ ਹੈ ਕਿ ਇਸ ਸਾਲ ਵੀ ਕਮੇਟੀ ਦੀਆਂ ਚੋਣਾਂ ਸ਼ਾਇਦ ਹੀ ਹੋਣ। ਗੁਆਚੀ ਹੋਈ ਪੰਥਕ ਜ਼ਮੀਨ ਮੁੜ ਹਾਸਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਸ਼ਿੱਦਤ ਨਾਲ ਕੰਮ ਕਰਨਾ ਪਵੇਗਾ। ਅਜਿਹਾ ਨਹੀਂ ਹੁੰਦਾ ਤਾਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਾਂਗ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਵੀ ਉਸ ਨੂੰ ਨਮੋਸ਼ੀ ਝੇਲਣੀ ਪੈ ਸਕਦੀ ਹੈ।

### ਯੋਗ ਸਿੱਖ ਵੋਟਰਾਂ ਦੀ ਹੀ ਰਜਿਸਟ੍ਰੇਸ਼ਨ ਯਕੀਨੀ ਬਣਾਵੇ ਕਮਿਸ਼ਨ-ਸ਼੍ਰੋਮਣੀ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਬਣ ਰਹੀਆਂ ਵੋਟਾਂ ਨੂੰ ਪਾਰਦਰਸ਼ੀ ਅਤੇ ਯੋਗ ਸਿੱਖ ਵੋਟਰਾਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐੱਸ ਐੱਸ ਸਾਰੋਂ ਨੂੰ ਪੱਤਰ ਲਿਖਿਆ ਹੈ।

ਐਡਵੋਕੇਟ ਧਾਮੀ ਨੇ ਇਸ ਗੱਲ ਦਾ ਸਖ਼ਤ ਇਤਰਾਜ਼ ਪ੍ਰਗਟਾਇਆ ਕਿ ਪੰਜਾਬ ਸਰਕਾਰ ਵੱਲੋਂ ਗੁਰਦੁਆਰਾ ਚੋਣਾਂ ਲਈ ਰਜਿਸਟ੍ਰੇਸ਼ਨ ਵਾਸਤੇ ਨਿਰਧਾਰਤ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਸੰਗਤ ਵੱਲੋਂ ਸ਼ਿਕਾਇਤਾਂ ਅਤੇ ਜਾਣਕਾਰੀ ਦਿੱਤੀ ਗਈ ਹੈ ਕਿ ਵੋਟਾਂ ਬਣਾਉਣ ਵਾਲੇ ਸਰਕਾਰ ਦੇ ਕਰਮਚਾਰੀ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਵੋਟਰ ਲਿਸਟਾਂ ਵਿੱਚੋਂ ਬਿਨਾਂ ਤਸਦੀਕ ਕੀਤਿਆਂ ਆਪਣੇ ਤੌਰ 'ਤੇ ਹੀ ਨਾਮ ਚੁੱਕ ਕੇ ਨਿਯਮਾਂ ਨੂੰ ਅਣਦੇਖਾ ਕਰਦਿਆਂ ਵੋਟਰ ਬਣਾ ਰਹੇ ਹਨ।ਇਸ ਤਹਿਤ ਅੰਮ੍ਰਿਤਧਾਰੀ ਤੇ ਸਾਬਤ ਸੂਰਤ ਸਿੱਖ ਦੀ ਸ਼ਰਤ ਦੀ ਉਲੰਘਣਾ ਹੋਣ ਦਾ ਖਦਸ਼ਾ ਹੈ। ਐਡਵੋਕੇਟ ਧਾਮੀ ਨੇ ਜਸਟਿਸ ਸਾਰੋਂ ਨੂੰ ਲਿਖਿਆ ਕਿ ਉਹ ਇਸ ਮਾਮਲੇ ਵਿੱਚ ਸਖ਼ਤ ਆਦੇਸ਼ ਜਾਰੀ ਕਰਨ, ਤਾਂ ਜੋ ਇਹ ਯਕੀਨੀ ਬਣ ਸਕੇ ਕਿ ਕਿਸੇ ਵੀ ਗੈਰ ਸਿੱਖ ਅਤੇ ਪਤਿਤ ਦੀ ਵੋਟ ਨਾ ਬਣੇ।

### ਜਾਹਲੀ ਵੋਟਾਂ ਲਈ ਅਕਾਲੀ ਦਲ ਵੱਲੋਂ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਨੂੰ ਸ਼ਿਕਾਇਤ

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਆਉਣ ਵਾਲੀਆਂ ਸ਼੍ਰੋਮਣੀ ਚੋਣਾਂ ਲਈ ਜਾਅਲੀ ਵੋਟਾਂ ਦੀ ਰਜਿਸਟਰੇਸ਼ਨ ਹੋ ਰਹੀ ਹੈ ਤੇ ਇਹ ਸਭ ਸੂਬਾ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਇਸ ਦੇ ਵਿਰੁੱਧ ਅਕਾਲੀ ਦਲ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਸੇਵਾਮੁਕਤ ਜਸਟਿਸ ਐਸ ਐਸ ਸਾਰੋਂ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਇਸ ਵਿੱਚ ਪਾਰਟੀ ਨੇ ਜਾਅਲੀ ਵੋਟਾਂ ਦੀ ਰਜਿਸਟਰੇਸ਼ਨ ਸਬੰਧੀ ਉੱਚ ਪੱਧਰੀ ਜਾਂਚ ਕਰਾਉਣ ਅਤੇ ਇਸ ਦੇ ਮੁਲਜ਼ਮਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ।ਆਪਣੀ ਸ਼ਿਕਾਇਤ ਵਿੱਚ ਅਕਾਲੀ ਦਲ ਨੇ ਲਿਖਿਆ ਹੈ ਕਿ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਪਾਰਦਰਸ਼ੀ ਤਰੀਕੇ ਨਾਲ ਬਣਾਉਣ ਲਈ ਸਪਸ਼ਟ ਹਦਾਇਤਾਂ ਕੀਤੀਆਂ ਗਈਆਂ ਹਨ ਪਰ ਹੇਠਾਂ ਸਰਕਾਰੀ ਪੱਧਰ ਤੇ ਵੱਡੀਆਂ ਗੜਬੜੀਆਂ ਸਾਹਮਣੇ ਆ ਰਹੀਆਂ ਹਨ। ਸਬੂਤ ਵਜੋਂ ਅਕਾਲੀ ਦਲ ਨੇ ਵ੍ਹਟਸਐਪ ਚੈਟ ਦੇ ਸਕ੍ਰੀਨਸ਼ੌਟ ਵੀ ਨੱਥੀ ਕੀਤੇ ਹਨ।

******



# ਮਾਨਚੈਸਟਰ ਚ 4 ਰੋਜ਼ਾ ਮਹਾਨ ਗੁਰਮਤਿ ਸਮਾਗਮ ਸੰਪੰਨ

***ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਵਿਸ਼ੇਸ਼ ਤੌਰ ਤੇ ਕੀਤੀ ਸ਼ਿਰਕਤ**

***ਤਖਤ ਸ਼੍ਰੀ ਕੇਸਗੜ੍ਹ ਸਾਹਿਬ ਤੋਂ ਪਹੁੰਚੇ ਪੰਜ ਪਿਆਰਿਆਂ ਨੇ 46 ਦੇ ਕਰੀਬ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ**



**ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਦਾ ਹੋਈਆ ਕੀਰਤਨੀ ਜਥਾ ਅਤੇ ਸੰਗਤਾਂ ਚ ਬਿਰਾਜਮਾਨ ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ।**

**ਲੈਸਟਰ–(ਸੁਖਜਿੰਦਰ ਸਿੰਘ ਢੱਡੇ)– ਮਾਨਚੈਸਟਰ ਦੇ ਹੀਟਨ ਪਾਰਕ ਸੀਫਫੁੱਟ ਲੇਨ ਵਿਖੇ ਸਿੱਖ ਫਾਊਂਡੇਸ਼ਨ ਅਤੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਮਾਨਚੈਸਟਰ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ, ਗੁਰਦੁਆਰਾ ਦਸਮੇਸ਼ ਸਿੱਖ ਟੈਪਲ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਸਹਿਯੋਗ ਸਦਕਾ 4 ਰੋਜ਼ਾ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ।**

ਅਮਰੀਕ ਸਿੰਘ ਰਾਠੌਰ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਇਨ੍ਹਾਂ 4 ਰੋਜ਼ਾ ਧਾਰਮਿਕ ਸਮਾਗਮਾਂ ਚ ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਸ਼੍ਰੀ ਦਰਬਾਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਅਤੇ ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਪਹੁੰਚ ਕੇ ਸੰਗਤਾਂ ਨੂੰ ਸੰਬੋਧਨ ਕੀਤਾ।ਇਨ੍ਹਾਂ ਧਾਰਮਿਕ ਸਮਾਗਮਾਂ ਚ ਵਿਸ਼ੇਸ਼ ਤੌਰ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਪੁਜੇ ਪੰਜ ਪਿਆਰਿਆਂ ਵੱਲੋਂ 46 ਦੇ ਕਰੀਬ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਲੜ ਲਾਇਆ। ਇਨ੍ਹਾਂ ਧਾਰਮਿਕ ਸਮਾਗਮਾਂ ਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ, ਭਾਈ ਮਨਪ੍ਰੀਤ ਸਿੰਘ ਕਾਨਪੁਰੀ ਸਮੇਤ ਵੱਡੀ ਗਿਣਤੀ ਚ ਪੁੱਜੇ ਰਾਗੀ ਜਥਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਨ੍ਹਾਂ ਧਾਰਮਿਕ ਸਮਾਗਮਾਂ ਚ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਰੋਜ਼ਾਨਾ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸੇਵਾ ਨਿਭਾਈ ਗਈ। ਇਨ੍ਹਾਂ ਸਮਾਗਮਾਂ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਸਮੇਤ ਯੂਰਪ ਦੇ ਵੱਖ ਵੱਖ ਦੇਸ਼ਾਂ ਤੋਂ ਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕਰਕੇ ਗੁਰੂ ਇਤਿਹਾਸ ਸਰਵਣ ਕੀਤਾ। ਇਸ ਮੌਕੇ ਤੇ ਖਾਲਸਾਈ ਰੰਗ ਨੂੰ ਦਰਸਾਉਂਦੇ ਵੱਖ ਵੱਖ ਤਰ੍ਹਾਂ ਦੇ ਸਟਾਲ ਵੀ ਲਗਾਏ ਗਏ ਸਨ। ਇਨ੍ਹਾਂ ਸਮਾਗਮਾਂ ਚ ਸਿੱਖ ਐਗਜੀਵੇਸਨ ਬਰਮਿੰਘਮ ਸ ਰਵਿੰਦਰ ਪਾਲ ਸਿੰਘ ਵੱਲੋਂ ਗੁਰੂ ਮਹਾਰਾਜ ਜੀ ਦੇ ਸਮੇਂ ਦੇ ਬੇਸ਼ਕੀਮਤੀ ਪੁਰਾਤਨ ਸਿੱਕਿਆਂ ਦੀ ਪ੍ਰਦਰਸ਼ਨੀ ਲਗਾ ਕੇ ਇੰਗਲੈਂਡ ਦੇ ਜੰਮਪਲ ਬੱਚਿਆਂ ਨੂੰ ਗੁਰੂ ਇਤਿਹਾਸ ਤੋਂ ਜਾਣੂ ਕਰਵਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ।ਇਸ ਮੌਕੇ ਤੇ ਵੱਖ ਵੱਖ ਪ੍ਰਕਾਰ ਦਾ ਅਤੁੱਟ ਲੰਗਰ ਵੀ ਵਰਤਾਇਆ ਗਿਆ।



ਮਿਤੀ 12 ਅਗਸਤ ਨੂੰ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਵਿਸੇਸ਼ ਮੀਟਿੰਗ ਚੱਪੜ ਚਿੜੀ ਗੁਰਦੁਆਰਾ ਸਾਹਿਬ ਵਿਖੇ ਜਿਲਾ ਮੁਹਾਲੀ ਦੇ ਦੋ ਬਲਾਕ ਖਰੜ ਤੇ ਮੋਹਾਲੀ ਦੀ ਹੋਈ ਜਿਸ ਦੀ ਪ੍ਰਧਾਨਗੀ ਸਰਦਾਰ ਦਵਿੰਦਰ ਸਿੰਘ ਦੇਹਕਲਾਂ ਨੇ ਕੀਤੀ ਜਿਸ ਵਿੱਚ ਸਾਰੇ ਅਹੁਦੇਦਾਰਾਂ ਨੇ ਆਪਣੇ ਆਪਣੇ ਵਿਚਾਰ ਰੱਖੇ ਅਤੇ ਕੌਮੀ ਇਨਸਾਫ਼ ਮੋਰਚੇ ਵੱਲੋ ਦਿੱਤੇ 15 ਅਗਸਤ ਦੇ ਪਰੋਗਰਾਮ ਬਾਰੇ ਸਾਰੇ ਮੈਂਬਰਾਂ ਨੂੰ 15 ਅਗਸਤ ਨੂੰ ਚੰਡੀਗੜ੍ਹ ਦੇ ਸੈਕਟਰ 17 ਦੇ ਸਿਨਮਾ ਨਿਲਮ ਦੇ ਸਾਹਮਣੇ ਗਰਾਉਡ ਵਿੱਚ ਸਹੀ 11 ਵਜੇ ਪਹੁੰਚਣ ਲਈ ਕਿਹਾ ਗਿਆ ਜਿਸ ਤੇ ਸਾਰੇ ਮੈਂਬਰਾਂ ਨੇ ਹੱਥ ਖੜੇ ਕਰਕੇ ਚੰਡੀਗੜ੍ਹ ਸਹੀ ਸਮੇਂ ਪਹੁੰਚਣ ਦੀ ਸਹਿਮਤੀ ਦਿੱਤੀ ਗਈ

# THE LEGACY OF BHAGAT SINGH

Bhagat Singh was a young freedom fighter , who played a key role in revolutionising India independence movement. The brave fighter was executed at young age of 23 by the british. Bhagat Singh was born into a Sikh family, he was convicted of taking revenge for the death of Lala Lajpat Rai. Bhagat Singh went ahead to assassinate John Saunders, a british police officer and even escaped the police, who tried to capture him. Soon after, he and Butukeshwar Dutt threw two bombs and leaflets in the central legislative assembly and surrendered themselves to be arrested. While in prison, Bhagat Singh gained mass national support when he initiated a 116 day hunger strike, which is to date the longest strike in the history of the world. He went on a strike with other inmates to demand equal rights. During this time more evidence was bought against him for a conviction in the Saunders case and appeal to priory council of uk, he was later convicted and hanged for his participating in the assassination. When i think of Bhagat Singh, i remember him as a fearless freedom fighter, who sacrificed his life for the India Independence. As India come together to Independence Day, its important to remember Bhagat Singh, our hearts swell with deep reverence and admiration for the indomitable spirit that defined his life. Bhagat singh, a name in Indian history, represents the epitome of courage, sacrifice and underwavering commitment to the cause of India freedom. His legacy is not merely a historical chapter but a timeless source of inspiration for generation to come. As we pay homage to this great, let us reflect on the profound significance of his actions. Bhagat SIngh commitment to justice, his unyielding dedication to the principles of equality and selflessness, serve as guiding light even today. Bhagat Singh youthfull exuberance, his fiery speeches and unbreakable spirit ignited the flames of revolution in the hearts of all. Bhagat Singh was a hero and symbol of hope, an embodiment of undying spirit of the nation India. On the 15th August let's pledge to preserve his honour the memory of Bhagat Singh, let us draw inspiration from this fearless man who pursuit justice and his resolute belief in the power of the people. May his legacy continue to remind us that the fight for freedom and justice is a responsibility we share.



Bhagat Singh



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From : LAMBARDAR DHARMVEER SINGH CLAIRE COVENTRY**

# ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ !

## ✪ ਸ਼੍ਰੋਮਣੀ ਕਮੇਟੀ ਨੇ ਮੰਗ ਪੱਤਰ ਸੌਂਪਿਆ, ਕਿਹਾ ਕਿ ਸ਼ੋਸ਼ਲ ਮੀਡੀਆ 'ਤੇ ਵਿਗਾੜਿਆ ਜਾ ਰਿਹਾ ਹੈ ਸਿੱਖਾਂ ਦਾ ਅਕਸ, ਕਰੋ ਕਾਰਵਾਈ' !

ਅੰਮ੍ਰਿਤਸਰ-ਸੁਪਰੀਮ ਕੋਰਟ ਦੇ ਚੀਫ ਜਸਟਿਸ ਚੰਦਰਚੂੜ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਦੇ ਲਈ ਪਹੁੰਚੇ। ਇਸ ਦੌਰਾਨ ਸ਼੍ਰੋਮਣੀ ਖਮੇਟੀ ਨੇ ਚੀਫ ਜਸਟਿਸ ਨੂੰ ਮੰਗ ਪੱਤਰ ਸੌਂਪਿਆ ਜਿਸ ਵਿੱਚ ਕਿਹਾ ਗਿਆ ਸ਼ੋਸ਼ਲ ਮੀਡੀਆ 'ਤੇ ਵਿਗਾੜਿਆ ਜਾ ਰਿਹਾ ਹੈ ਸਿੱਖਾਂ ਦਾ ਅਕਸ, ਸਿਰਫ ਇੰਨਾਂ ਹੀ ਨਹੀਂ ਸਿੱਖਾਂ ਖਿਲਾਫ ਚਲਾਇਆ ਜਾ ਰਿਹਾ ਹੈ ਪ੍ਰੋਪੇਗੰਡਾ,ਚੀਫ ਜਸਟਿਸ ਨੂੰ ਅਜਿਹੇ ਲੋਕਾਂ ਖਿਲਾਫ ਕਾਰਵਾਈ ਦੀ ਅਪੀਲ ਕੀਤੀ ਗਈ ਹੈ। ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਪਹੁੰਚੇ ਸਨ ਚੀਫ ਜਸਟਿਸ ਨੇ ਆਮ ਸ਼ਰਧਾਲੂਆਂ ਵਾਂਗ ਮੀਂਹ ਵਿੱਚ ਭਿੱਜ ਦੇ ਹੋਏ ਮੱਥਾ ਟੇਕਿਆ ਅਤੇ ਪਰਿਕਰਮਾ ਵੀ ਕੀਤੀ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੀ ਉਨ੍ਹਾਂ ਦੇ ਨਾਲ ਰਹੇ।




ਚੀਫ ਜਸਟਿਸ ਚੰਦਰਚੂੜ ਨੇ ਸ੍ਰੀ ਦਰਬਾਰ ਸਾਹਿਬ ਦਾ ਇਤਿਹਾਸ ਅਤੇ ਮਰਿਆਦਾ ਬਾਰੇ ਜਾਣਕਾਰੀ ਹਾਸਲ ਕੀਤੀ। ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਉਹ ਆਪਣੇ ਨਿੱਜੀ ਦੌਰੇ ਤੇ ਆਏ ਸਨ। ਜਿਸ ਦੀ ਵਜ੍ਹਾ ਕਰਕੇ ਉਨ੍ਹਾਂ ਨੇ ਮੀਡੀਆ ਨਾਲ ਕੋਈ ਗੱਲ ਨਹੀਂ ਕੀਤੀ।

ਦਰਸ਼ਨ ਕਰਨ ਉਪਰੰਤ ਜਸਟਿਸ ਚੰਦਰਚੂੜ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਸਿੱਖ ਧਰਮ ਸੰਬੰਧੀ ਇਤਿਹਾਸਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ।

# ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਵੀਡੀਓਗ੍ਰਾਫੀ ਰੋਕਣ ਲਈ ਸ਼੍ਰੋਮਣੀ ਕਮੇਟੀ ਸਖ਼ਤ

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਵੀਡੀਓ ਬਣਾਉਣ ਤੋਂ ਰੋਕਣ ਲਈ ਪ੍ਰਬੰਧਕਾਂ ਵੱਲੋਂ ਅਮਲ ਸਖ਼ਤੀ ਨਾਲ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਸਬੰਧੀ ਗੁਰੂ ਘਰ ਦੇ ਚਾਰੇ ਪਾਸੇ ਸੇਵਾਦਾਰ ਤਾਇਨਾਤ ਕਰ ਦਿੱਤੇ ਗਏ ਹਨ। ਗੁਰੂ ਘਰ ਵਿਚ ਦਾਖਲ ਹੋਣ ਸਮੇਂ ਹੀ ਸ਼ਰਧਾਲੂਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਸਬੰਧੀ ਜਾਣਕਾਰੀ ਮਿਲ ਰਹੀ ਹੈ, ਜਿਸ ਨਾਲ ਵਧੇਰੇ ਲੋਕ ਇਸ ਤੋਂ ਜਾਣੂ ਹੋ ਜਾਂਦੇ ਹਨ ਅਤੇ ਵੀਡੀਓਗ੍ਰਾਫੀ ਨਹੀਂ ਕਰਦੇ ਪਰ ਜੇ ਕੋਈ ਅਜਿਹਾ ਕਰਦਾ ਵੀ ਹੈ ਤਾਂ ਉਸ ਨੂੰ ਪਰਿਕਰਮਾ ਵਿਚ ਤਾਇਨਾਤ ਅਮਲੇ ਵੱਲੋਂ ਵਰਜਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 60 ਫਲੈਕਸ ਤੇ ਬੋਰਡ ਵੀ ਲਾਏ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਕੱਤਰ ਮੁਤਾਬਕ ਵੀਡੀਓਗ੍ਰਾਫੀ 'ਤੇ ਸਖ਼ਤੀ ਨਾਲ ਰੋਕ ਲਗਾਈ ਗਈ ਹੈ।




# ਹੁਣ ਦੁਨੀਆ ਨੂੰ ਮੌਂਕੀਪੌਕਸ ਵਾਇਰਸ ਤੋਂ ਖ਼ਤਰਾ !

## ✪ ਵਿਸ਼ਵ ਸਿਹਤ ਸੰਗਠਨ ਨੇ ਬੁਲਾਈ ਹੰਗਾਮੀ ਮੀਟਿੰਗ



ਵਸ਼ਿੰਗਟਨ-ਵਿਸ਼ਵ ਸਿਹਤ ਸੰਗਠਨ ਨੇ ਮੌਂਕੀਪੌਕਸ ਬਾਰੇ ਚਿੰਤਾ ਪ੍ਰਗਟਾਈ ਹੈ। ਕਾਰਨ ਇਹ ਹੈ ਕਿ ਇਸ ਦਾ ਨਵਾਂ ਸਟ੍ਰੇਨ ਅਫਰੀਕਾ ਵਿੱਚ ਸਾਹਮਣੇ ਆਇਆ ਹੈ ਜਿਸ ਨਾਲ ਪੂਰੀ ਦੁਨੀਆ ਵਿੱਚ ਮਹਾਂਮਾਰੀ ਫੈਲਣ ਦੀ ਸੰਭਾਵਨਾ ਹੈ। ਇਸ ਖਤਰੇ ਦੇ ਮੱਦੇਨਜ਼ਰ ਵਿਸ਼ਵ ਸਿਹਤ ਸੰਗਠਨ ਨੂੰ ਵੀ ਐਮਰਜੈਂਸੀ ਮੀਟਿੰਗ ਬੁਲਾਉਣੀ ਪਈ। ਇਸ ਨਵੀਂ ਸਟ੍ਰੇਨ ਨੂੰ ਕਾਫੀ ਖਤਰਨਾਕ ਦੱਸਿਆ ਜਾ ਰਿਹਾ ਹੈ।

ਤੁਹਾਨੂੰ ਦੱਸ ਦੇਈਏ ਕਿ ਮੌਂਕੀਪੌਕਸ ਵਾਇਰਸ ਦੇ ਇਸ ਨਵੇਂ ਸਟ੍ਰੇਨ ਦੀ ਖੋਜ ਇਸ ਸਾਲ ਅਪ੍ਰੈਲ ਵਿੱਚ ਡੈਮੋਕ੍ਰੇਟਿਕ ਰੀਪਬਲਿਕ ਆਫ ਕਾਂਗੋ ਵਿੱਚ ਹੋਈ ਸੀ। ਇਹ ਵਾਇਰਸ ਸੰਕਰਮਿਤ 10 ਵਿੱਚੋਂ 1 ਵਿਅਕਤੀ ਨੂੰ ਮਾਰਨ ਦੀ ਸਮਰੱਥਾ ਰੱਖਦਾ ਹੈ। ਹੁਣ ਇਹ ਵਾਇਰਸ ਕਾਂਗੋ ਤੋਂ ਬਾਹਰ ਵੀ ਫੈਲਣਾ ਸ਼ੁਰੂ ਹੋ ਗਿਆ ਹੈ। ਅਜਿਹੇ ਵਿਚ ਵਿਸ਼ਵ ਸਿਹਤ ਸੰਗਠਨ ਨੂੰ ਚਿੰਤਾ ਹੈ ਕਿ ਜੇਕਰ ਇਹ ਨਵਾਂ ਸਟ੍ਰੇਨ ਅਫਰੀਕਾ ਤੋਂ ਨਿਕਲਦਾ ਹੈ ਤਾਂ ਦੁਨੀਆ ਦੇ ਹੋਰ ਹਿੱਸਿਆਂ ਵਿਚ ਇਸ ਦੇ ਫੈਲਣ ਦੀ ਸੰਭਾਵਨਾ ਵਧ ਜਾਵੇਗੀ।

### ਕੀ ਹੈ ਮੌਂਕੀਪੌਕਸ ?

ਮੌਂਕੀਪੌਕਸ ਮਨੁੱਖਾਂ ਵਿੱਚ ਚੇਚਕ ਵਰਗੀ ਇੱਕ ਵਾਇਰਲ ਲਾਗ ਹੈ। ਇਹ ਪਹਿਲੀ ਵਾਰ 1958 ਵਿੱਚ ਖੋਜ ਲਈ ਰੱਖੇ ਗਏ ਬਾਂਦਰਾਂ ਵਿੱਚ ਪਾਇਆ ਗਿਆ ਸੀ। ਇਸੇ ਕਰਕੇ ਇਸਨੂੰ ਮੌਂਕੀਪੌਕਸ ਕਿਹਾ ਜਾਂਦਾ ਸੀ। ਮਨੁੱਖਾਂ ਵਿੱਚ ਮੌਂਕੀਪੌਕਸ ਦੀ ਲਾਗ ਦਾ ਪਹਿਲਾ ਕੇਸ 1970 ਵਿੱਚ ਦਰਜ ਕੀਤਾ ਗਿਆ ਸੀ। ਇਹ ਬਿਮਾਰੀ ਮੁੱਖ ਤੌਰ 'ਤੇ ਮੱਧ ਅਤੇ ਪੱਛਮੀ ਅਫ਼ਰੀਕਾ ਦੇ ਗਰਮ ਖੰਡੀ ਮੀਂਹ ਵਾਲੇ ਖੇਤਰਾਂ ਵਿੱਚ ਹੁੰਦੀ ਹੈ ਅਤੇ ਕਦੇ-ਕਦਾਈਂ ਦੂਜੇ ਖੇਤਰਾਂ ਵਿੱਚ ਪਹੁੰਚ ਜਾਂਦੀ ਹੈ। ਦੁਨੀਆ ਵਿਚ ਇਸ ਦੇ ਮਾਮਲੇ ਪਹਿਲਾਂ ਹੀ ਸਾਹਮਣੇ ਆ ਚੁੱਕੇ ਹਨ ਅਤੇ ਵਿਸ਼ਵ ਸਿਹਤ ਸੰਗਠਨ ਨੇ ਇਸ ਸਬੰਧੀ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਹਨ। ਪਰ ਹੁਣ ਇਸ ਦਾ ਨਵਾਂ ਸਟਰੇਨ ਸਾਹਮਣੇ ਆਇਆ ਹੈ ਜੋ ਕਿ ਬਹੁਤ ਘਾਤਕ ਦੱਸਿਆ ਜਾ ਰਿਹਾ ਹੈ।

### ਇਹ ਵਾਇਰਸ ਕਿਵੇਂ ਫੈਲਦਾ ਹੈ ?

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਮੌਂਕੀਪਾਕਸ ਇੱਕ ਛੂਤ ਦੀ ਬਿਮਾਰੀ ਹੈ ਜੋ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲਦੀ ਹੈ। ਇਹ ਰੇਸਪਿਰੇਟਰੀ ਡਰਾਪਲੇਟਸ, ਸਕਿਨ ਦੇ ਸੰਪਰਕ ਵਿੱਚ ਆਉਣ, ਜੇਨਿਟਲਸ ਵਲੋਂ ਨਿਕਲਣ ਵਾਲੇ ਫਲੂਇਡ, ਮਿਊਕਲਸਲ ਸਰਫੇਸੇਸ ਜਾਂ ਰੇਸਪਿਰੇਟਰੀ ਟ੍ਰੈਕਟ ਦੇ ਸੰਪਰਕ ਵਿੱਚ ਆਉਣ ਆਦਿ ਤਰੀਕਾਂ ਵਲੋਂ ਸਰੀਰ ਵਿੱਚ ਪ੍ਰਵੇਸ਼ ਕਰ ਸਕਦਾ ਹੈ।

### ਕੀ ਹਨ ਇਸ ਦੇ ਲੱਛਣ ?

ਇਸ ਬਿਮਾਰੀ ਦੇ ਲੱਛਣ ਆਮ ਤੌਰ 'ਤੇ ਦੋ ਤੋਂ ਚਾਰ ਹਫ਼ਤਿਆਂ ਤੱਕ ਦਿਖਾਈ ਦਿੰਦੇ ਹਨ, ਜੋ ਆਪਣੇ ਆਪ ਦੂਰ ਹੋ ਜਾਂਦੇ ਹਨ। ਹਾਲਾਂਕਿ ਇਸ ਦੇ ਮਾਮਲੇ ਗੰਭੀਰ ਵੀ ਹੋ ਸਕਦੇ ਹਨ। ਇਸਦੇ ਲੱਛਣ ਰੈਸ਼ੇਜ, ਬੁਖਾਰ, ਥਕਾਣ, ਸਿਰਦਰਦ, ਸ਼ਰੀਰ ਦਰਦ ਜਾਂ ਪਿੱਠ ਦਰਦ, ਠੰਡ ਲਗਨਾ, ਮਾਂਸਪੇਸ਼ੀਆਂ ਵਿੱਚ ਦਰਦ, ਲਿੰਫ ਨੋਡਸ ਵਿੱਚ ਸੋਜ ਹਨ।

ਮਾਮਲਾ ਸੀਬੀਐਸਈ ਦੀ ਭਰਤੀ ਲਈ ਕਰਵਾਈ ਪ੍ਰੀਖਿਆ ਵਿਚ ਕੜੇ ਲੁਹਾਉਣ ਦਾ

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਕੀਤੀ ਨਿੰਦਾ

## ✪ ਕਿਹਾ ਕਿ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਕਾਰਵਾਈ




ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੀ. ਬੀ. ਐੱਸ. ਈ. ਦੇ ਸਹਾਇਕ ਸਕੱਤਰ (ਪ੍ਰਸ਼ਾਸਨ) ਦੀ ਭਰਤੀ ਲਈ ਕਰਵਾਈ ਗਈ ਪ੍ਰੀਖਿਆ ਦੌਰਾਨ ਚੰਡੀਗੜ੍ਹ ਦੇ ਸੈਕਟਰ 7 ਸਥਿਤ ਨਿੱਜੀ ਸਕੂਲ ਵਿਖੇ ਬਣੇ ਕੇਂਦਰ ਵਿਖੇ ਸਿੱਖ ਉਮੀਦਵਾਰਾਂ ਦੇ ਕੜੇ ਲੁਹਾਉਣ ਦੀ ਹਰਕਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਐਡਵੋਕੇਟ ਧਾਮੀ ਨੇ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਨੂੰ ਪ੍ਰਸ਼ਾਸਨਿਕ ਮੁਖੀ ਹੋਣ ਦੇ ਨਾਤੇ ਸੀ. ਬੀ. ਐੱਸ. ਈ. ਦੇ ਅਧਿਕਾਰੀ ਦੇ ਅਹੁਦੇ ਲਈ ਭਰਤੀ ਪ੍ਰੀਖਿਆ ਵਿੱਚ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਇਮਤਿਹਾਨ ਦੇਣ ਗਏ ਉਮੀਦਵਾਰਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਕੇਂਦਰ ਵਿੱਚ ਦਾਖ਼ਲੇ ਤੋਂ ਪਹਿਲਾਂ ਮੌਕੇ 'ਤੇ ਮੌਜੂਦ ਅਧਿਕਾਰੀਆਂ ਵੱਲੋਂ ਕੜੇ ਲੁਹਾਉਣ ਦੀ ਇਤਰਾਜ਼ਯੋਗ ਕਾਰਵਾਈ ਕੀਤੀ ਗਈ ਹੈ, ਜੋ ਧਾਰਮਿਕ ਅਜ਼ਾਦੀ ਦੇ ਹੱਕ ਦੀ ਉਲੰਘਣਾ ਹੈ। ਕੜਾ ਸਿੱਖਾਂ ਦੇ ਪੰਜ ਕਕਾਰਾਂ ਦਾ ਹਿੱਸਾ ਹੈ, ਜਿਸ ਨੂੰ ਉਤਾਰਨ ਲਈ ਮਜ਼ਬੂਰ ਕਰਨਾ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਘਟਨਾ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਅੱਗੇ ਵੀ ਸਾਹਮਣੇ ਆਈਆਂ ਹਨ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਹਮੇਸ਼ਾ ਹੀ ਇਨ੍ਹਾਂ ਮਾਮਲਿਆਂ ਦੀ ਪੈਰਵਾਈ ਕੀਤੀ ਜਾਂਦੀ ਹੈ, ਪਰੰਤੂ ਸਰਕਾਰਾਂ ਮੁਕਾਬਲਾ ਇਮਤਿਹਾਨਾਂ ਦੌਰਾਨ ਸਾਰੇ ਧਰਮਾਂ ਖਾਸਕਰ ਸਿੱਖਾਂ ਦੇ ਧਾਰਮਿਕ ਸਰੋਕਾਰਾਂ ਤੇ ਅਕੀਦਿਆਂ ਪ੍ਰਤੀ ਸੰਜੀਦਾ ਨਜ਼ਰ ਨਹੀਂ ਆਉਂਦੀਆਂ। ਐਡਵੋਕੇਟ ਧਾਮੀ ਨੇ ਸਰਕਾਰਾਂ ਤੇ ਮੁਕਾਬਲਾ ਇਮਤਿਹਾਨ ਕਰਵਾਉਣ ਵਾਲੀਆਂ ਏਜੰਸੀਆਂ, ਕਮਿਸ਼ਨਾਂ ਤੇ ਬੋਰਡਾਂ ਨੂੰ ਸਿੱਖ ਕਕਾਰਾਂ ਪ੍ਰਤੀ ਸੰਜੀਦਾ ਪਹੁੰਚ ਅਪਨਾ ਕੇ ਅਜਿਹੇ ਵਰਤਾਰੇ ਨੂੰ ਠੱਲ੍ਹ ਪਾਉਣ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨਾਲ ਸਬੰਧਤ ਇਸ ਮਾਮਲੇ ਦੀ ਸਮੁੱਚੀ ਜਾਣਕਾਰੀ ਹਾਸਲ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ ਅਤੇ ਰਿਪੋਰਟ ਪ੍ਰਾਪਤ ਹੋਣ 'ਤੇ ਢੁਕਵੀਂ ਕਾਰਵਾਈ ਅੱਗੇ ਵਧਾਈ ਜਾਵੇਗੀ।

# ਹਾਈ ਕੋਰਟ ਨੇ ਡੇਰਾ ਸੌਦਾ ਦੇ ਮੁਖੀ ਨੂੰ ਪੈਰੋਲ ਦੇਣ ਤੋਂ ਰੋਕ ਹਟਾਈ

## ✪ ਆਪਣੇ ਪਿਛਲੇ ਹੁਕਮ ਨੂੰ ਉਲਟਾਇਆ ਹਾਈਕੋਰਟ ਨੇ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਤਾਜ਼ਾ ਹੁਕਮਾਂ ਵਿੱਚ ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦੇਣ ਤੋਂ ਰੋਕ ਹਟਾ ਦਿੱਤੀ ਹੈ। ਆਪਣੇ ਪਿਛਲੇ ਹੁਕਮ ਨੂੰ ਉਲਟਾਉਂਦੇ ਹੋਏ, ਹਾਈ ਕੋਰਟ ਨੇ ਕਿਹਾ ਕਿ ਹਰਿਆਣਾ ਸਰਕਾਰ ਹੁਣ ਡੇਰਾ ਸੱਚਾ ਸੌਦਾ ਮੁਖੀ ਨੂੰ ਹਰਿਆਣਾ ਚੰਗੇ ਆਚਰਨ ਕੈਦੀ (ਆਰਜ਼ੀ ਰਿਹਾਈ) ਐਕਟ, 2022 ਦੇ ਤਹਿਤ ਪੈਰੋਲ ਦੇ ਸਕਦੀ ਹੈ। ਹਾਈ ਕੋਰਟ ਨੇ ਇਸ ਸਾਲ ਫਰਵਰੀ ਵਿਚ ਸੂਬਾ ਸਰਕਾਰ ਨੂੰ ਬਿਨਾਂ ਇਜਾਜ਼ਤ ਡੇਰਾ ਮੁਖੀ ਨੂੰ ਪੈਰੋਲ ਦੇਣ ਤੋਂ ਰੋਕ ਦਿੱਤਾ ਸੀ। ਚੀਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਅਨਿਲ ਖੇਤਰਪਾਲ ਦੇ ਡਿਵੀਜ਼ਨ ਬੈਂਚ ਨੇ ਸ਼੍ਰੋਮਣੀ ਕਮੇਟੀ (ਐੱਸ.ਜੀ.ਪੀ.ਸੀ.) ਵੱਲੋਂ ਖੁਦ ਨੂੰ ਅਸਥਾਈ ਤੌਰ 'ਤੇ ਰਿਹਾਈ ਦੇਣ ਲਈ ਕਾਨੂੰਨ ਦੀ ਕਥਿਤ ਦੁਰਵਰਤੋਂ ਵਿਰੁੱਧ ਦਾਇਰ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਹਾਈ ਕੋਰਟ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਡੇਰਾ ਮੁਖੀ ਨੂੰ ਫਾਇਦਾ ਪਹੁੰਚਾਉਣ ਲਈ ਹਰਿਆਣਾ ਚੰਗੇ ਆਚਰਣ ਕੈਦੀ (ਅਸਥਾਈ ਰਿਹਾਈ) ਐਕਟ, 2022 ਨੂੰ ਸਹੀ ਢੰਗ ਨਾਲ ਲਾਗੂ ਕੀਤਾ ਸੀ। ਨੇ ਇਸ ਦਲੀਲ ਨੂੰ ਵੀ ਰੱਦ ਕਰ ਦਿੱਤਾ ਕਿ ਹਰਿਆਣਾ ਚੰਗੇ ਆਚਰਣ ਕੈਦੀ (ਅਸਥਾਈ ਰਿਹਾਈ) ਐਕਟ, 1988 ਨੂੰ ਉਸ ਦੇ ਕੇਸ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਸੀ।

# ਰੇਹੜੀ ਤੋਂ ਕੇਲੇ ਖਰੀਦ ਰਹੇ ਵਿਅਕਤੀ ਦਾ ਦਾਤਰ ਮਾਰ ਕੇ ਪਰਸ ਖੋਹਿਆ

## ✪ ਦੋ ਲੁਟੇਰਿਆਂ ਨੂੰ ਪੁਲਿਸ ਨੇ ਕੀਤਾ ਕਾਬੂ

ਭਿੱਖੀਵਿੰਡ-ਕਸਬਾ ਭਿੱਖੀਵਿੰਡ ਵਿਖੇ ਰੇਹੜੀ ਤੋਂ ਕੇਲੇ ਖਰੀਦ ਰਹੇ ਵਿਅਕਤੀ ਵਿੱਕੀ ਮਹਿਤਾ ਨੂੰ ਦਾਤਰ ਮਾਰ ਕੇ ਬਾਈਕ ਸਵਾਰ ਦੋ ਲੁਟੇਰਿਆਂ ਨੇ ਉਸਦਾ ਪਰਸ ਖੋਹ ਲਿਆ ਤੇ ਫਰਾਰ ਹੋ ਗਏ। ਮੌਕੇ 'ਤੇ ਪੁੱਜੇ ਥਾਣਾ ਭਿੱਖੀਵਿੰਡ ਦੇ ਏਐੱਸਆਈ ਕੁਲਦੀਪ ਸਿੰਘ ਨੇ ਦੱਸਿਆ ਕਿ ਵਿੱਕੀ ਮਹਿਤਾ ਨੇ ਖੋਹ ਕਰਨ ਵਾਲਿਆਂ ਦੀ ਪਛਾਣ ਰਣਜੀਤ ਸਿੰਘ ਜੀਤੂ ਪੁੱਤਰ ਸੁਖਦੇਵ ਸਿੰਘ ਅਤੇ ਰੇਸ਼ਮ ਸਿੰਘ ਢੋਟੀਆਂ ਵਜੋਂ ਹੋਈ ਹੈ। ਜਿਨ੍ਹਾਂ ਨੂੰ ਸਪਲੈਂਡਰ ਮੋਟਰਸਾਈਕਲ ਅਤੇ ਦਾਤਰ ਸਮੇਤ ਕਾਬੂ ਕਰਕੇ ਵਿੱਕੀ ਮਹਿਤਾ ਕੋਲੋਂ ਖੋਹਿਆ ਪਰਸ ਵੀ ਬਰਾਮਦ ਕਰ ਲਿਆ ਹੈ। ਜਦੋਕਿ ਮੁਲਜ਼ਮਾਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

### ਮਾਮਲਾ ਰੇਹੜੀ ਵਾਲਿਆਂ ਨੂੰ ਪੁਲਿਸ ਵਲੋਂ ਪਰੇਸ਼ਾਨ ਕਰਨ ਦਾ

# ਪੁਲਸੀਆ ਅੰਮ੍ਰਿਤਧਾਰੀ ਸਰਪੰਚ ਨਾਲ ਗੁੰਡਾਗਰਦੀ ਉਪਰ ਉਤਰਿਆ

## ✪ ਅਖੇ ਸਰਪੰਚਾ ਦਾੜ੍ਹੀ ਨਾ ਪੁੱਟਵਾ ਲਈ, ਜਲੂਸ ਕੱਢੂ ਮੈਂ ਤੇਰਾ, ਚੌਕੀ ਇੰਚਾਰਜ ਨੇ ਦਿੱਤੀ ਧਮਕੀ

ਨੌਸ਼ਿਹਰਾ ਪੰਨੂਆਂ-ਨੌਸ਼ਹਿਰਾ ਪੰਨੂਆਂ ਦੇ ਅੱਡਾ ਬਾਜ਼ਾਰ ਵਿਚ ਰੇਹੜੀ ਫੜ੍ਹੀ ਵਾਲਿਆਂ ਨੂੰ ਸੜਕ ਤੋਂ ਹਟਾਉਣ ਮੌਕੇ ਮਾਮਲਾ ਇੰਨਾ ਤੂਲ ਫੜ ਗਿਆ ਕਿ ਚੌਕੀ ਇੰਚਾਰਜ ਗੱਜਣ ਸਿੰਘ ਨੇ ਸਰਪੰਚ ਤਰਸੇਮ ਸਿੰਘ ਦੀ ਦਾੜ੍ਹੀ ਨੂੰ ਹੱਥ ਪਾਉਣ ਦੀ ਗੱਲ ਤੱਕ ਕਹਿ ਦਿੱਤੀ। ਸਾਰੇ ਘਟਨਾਕ੍ਰਮ ਦੀ ਵੀਡੀਓ ਵਾਇਰਲ ਹੋਣ ਮਗਰੋਂ ਧਾਰਮਿਕ ਅਤੇ ਰਾਜਸੀ ਆਗੂਆਂ ਵੱਲੋਂ ਇਸ ਦੀ ਨਿਖੇਧੀ ਕਰਨ ਦੇ ਨਾਲ ਸੰਘਰਸ਼ ਦੇ ਰਾਹ ਪੈਣ ਦੀ ਗੱਲ ਕਹੀ ਜਾ ਰਹੀ ਹੈ ਹਾਲਾਂਕਿ ਉਕਤ ਮਾਮਲੇ ਨੂੰ ਲੈ ਕੇ ਚੌਕੀ ਇੰਚਾਰਜ ਦੋਸ਼ਾਂ ਨੂੰ ਬੇਬੁਨਿਆਦ ਦੱਸ ਰਹੇ ਹਨ ਪਰ ਸਰਪੰਚ ਤਰਸੇਮ ਸਿੰਘ ਵੱਲੋਂ ਜ਼ਿਲ੍ਹਾ ਪੁਲਸ ਮੁਖੀ ਗੌਰਵ ਤੂਰਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਕਾਨੂੰਨੀ ਕਾਰਵਾਈ ਦੀ ਗੁਹਾਰ ਲਗਾਈ ਗਈ।



ਜਾਣਕਾਰੀ ਦਿੰਦਿਆਂ ਸਰਪੰਚ ਤਰਸੇਮ ਸਿੰਘ ਨੇ ਆਪਣੇ ਸਮਰਥਕਾਂ ਦੀ ਹਾਜ਼ਰੀ 'ਚ ਦੱਸਿਆ ਕਿ ਬਾਜ਼ਾਰ ਵਿਚ ਛੋਟੇ ਵਾਹਨਾਂ ਤੇ ਰੇਹੜੀਆਂ 'ਤੇ ਸਬਜ਼ੀ ਤੇ ਫਲ ਵੇਚਣ ਵਾਲੇ ਦੁਕਾਨਦਾਰ ਨੂੰ ਚੌਕੀ ਇੰਚਾਰਜ ਸਿਆਸੀ ਸ਼ਹਿ 'ਤੇ ਤੰਗ ਪ੍ਰੇਸ਼ਾਨ ਕਰ ਰਿਹਾ ਸੀ, ਜਿਸ ਸਬੰਧੀ ਪੀੜਤ ਦੁਕਾਨਦਾਰਾਂ ਦੇ ਕਹਿਣ 'ਤੇ ਉਹ ਮੌਕੇ 'ਤੇ ਗਏ, ਜਿੱਥੇ ਗੁੱਸੇ ਵਿਚ ਚੌਕੀ ਇੰਚਾਰਜ ਨੇ ਮੇਰੇ ਨਾਲ ਤਲਖਕਲਾਮੀ ਕਰਦਿਆਂ ਮੇਰੇ ਧਾਰਮਿਕ ਚਿੰਨ੍ਹ ਦਾੜ੍ਹੀ ਨੂੰ ਪੁੱਟਣ ਦੀ ਗੱਲ ਕਹੀ।

ਉਨ੍ਹਾਂ ਕਿਹਾ ਕਿ ਮੈਂ ਅੰਮ੍ਰਿਤਧਾਰੀ ਗੁਰਸਿੱਖ ਹੋਣ ਦੇ ਨਾਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਨੂੰ ਮੰਨਦਾ ਹਾਂ, ਇਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਨਾਲ ਐੱਸ. ਐੱਸ. ਪੀ. ਤਰਨਤਾਰਨ ਨੂੰ ਸ਼ਿਕਾਇਤ ਦੇ ਕੇ ਹੈਂਕੜਬਾਜ਼ ਥਾਣੇਦਾਰ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਤਰਸੇਮ ਸਿੰਘ ਦੀ ਹਮਾਇਤ 'ਤੇ ਉੱਤਰੇ ਸਿੱਖ ਆਗੂਆਂ ਨੇ ਕਿਹਾ ਕਿ ਜੇਕਰ ਜਥੇਦਾਰ ਤਰਸੇਮ ਸਿੰਘ ਨੂੰ ਇਨਸਾਫ ਦੇਣ ਵਿਚ ਪੁਲਸ ਪ੍ਰਸ਼ਾਸਨ ਨੇ ਆਨਾਕਾਨੀ ਕੀਤੀ ਤਾਂ ਸੰਘਰਸ਼ ਦੇ ਨਤੀਜਿਆਂ ਦੀ ਜ਼ਿੰਮੇਵਾਰ ਜ਼ਿਲ੍ਹਾ ਪੁਲਸ ਹੋਵੇਗੀ। ਇਸ ਸਬੰਧੀ ਚੌਕੀ ਇੰਚਾਰਜ ਗੱਜਣ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ।

# ਮੁਹਾਲੀ ਦੇ ਪਿੰਡ ਜੰਡਪੁਰ ਵਿਚ ਤਮਾਕੂ ਤੇ ਭਈਆਂ ਵਿਰਧ ਸਖਤ ਫੈਸਲੇ ਲਏ

## ✪ ਗੁਟਖਾ-ਬੀੜੀ 'ਤੇ ਪਾਬੰਦੀ, ਰਾਤ 9 ਵਜੇ ਤੋਂ ਬਾਅਦ ਕੋਈ ਵੀ ਬਾਹਰ ਨਹੀਂ ਘੁੰਮੇਗਾ ✪ ਸਾਰਿਆਂ ਨੂੰ ਕਰਨੀ ਹੋਵੇਗੀ 11 ਨਿਯਮਾਂ ਦੀ ਪਾਲਣਾ

ਮੁਹਾਲੀ-ਪਿਛਲੇ ਹਫ਼ਤੇ ਪਿੰਡ ਮੁਧੋ ਸੰਗਤੀਆਂ ਵਿੱਚ ਕੁਝ ਸਥਾਨਕ ਲੋਕਾਂ ਨੇ ਪਿੰਡ ਵਿੱਚ ਦੂਜੇ ਰਾਜਾਂ ਦੇ ਲੋਕਾਂ ਦੇ ਦਾਖ਼ਲੇ 'ਤੇ ਪਾਬੰਦੀ ਲਾਉਣ ਦੀ ਗੱਲ ਆਖੀ ਸੀ। ਹੁਣ ਖਰੜ ਦੇ ਪਿੰਡ ਜੰਡਪੁਰ ਦੇ ਸਥਾਨਕ ਲੋਕਾਂ ਨੇ ਇੱਕ ਹੁਕਮ ਜਾਰੀ ਕੀਤਾ ਹੈ। ਪਿੰਡ ਦੀ ਨੌਜਵਾਨ ਸਭਾ ਨਾਲ ਜੁੜੇ ਲੋਕਾਂ ਨੇ ਕਈ ਥਾਵਾਂ 'ਤੇ ਬੋਰਡ ਲਗਾਏ ਹਨ, ਜਿਨ੍ਹਾਂ 'ਤੇ ਲਿਖਿਆ ਹੈ ਕਿ ਦੂਜੇ ਰਾਜਾਂ ਦੇ ਲੋਕਾਂ ਨੂੰ ਪਿੰਡ 'ਚ ਰਹਿਣ ਲਈ 11 ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।

### ਬੋਰਡ 'ਤੇ 11 ਨਿਯਮ ਲਿਖੇ

ਇਹ 11 ਨਿਯਮ ਬੋਰਡ 'ਤੇ ਵੀ ਦਰਸਾਏ ਗਏ ਹਨ। ਅਜਿਹੇ ਮਾਮਲਿਆਂ ਵਿੱਚ ਦੂਜੇ ਸੂਬਿਆਂ ਦੇ ਲੋਕ ਸ਼ਾਮਲ ਹੋਣ ਦੇ ਬਾਵਜੂਦ ਪੁਲਿਸ ਪ੍ਰਸ਼ਾਸਨ ਨੇ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ। ਖਰੜ ਨਗਰ ਕੌਂਸਲ ਦੇ ਵਾਰਡ ਨੰਬਰ 4 ਦੇ ਕੌਂਸਲਰ ਅਤੇ ਪਿੰਡ ਜੰਡਪੁਰ ਦੇ ਨੌਜਵਾਨ ਸਭਾ ਦੇ ਮੈਂਬਰ ਗੋਵਿੰਦਰ ਸਿੰਘ ਚੀਮਾ ਨੇ ਦੱਸਿਆ ਕਿ ਉਨ੍ਹਾਂ ਨੇ ਪਿੰਡ ਦੇ ਹੋਰ ਲੋਕਾਂ ਨੂੰ ਨਾਲ ਲੈ ਕੇ ਇਹ ਫ਼ੈਸਲਾ ਲਿਆ ਹੈ। ਇਹ ਫ਼ੈਸਲਾ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਲਿਆ ਗਿਆ ਹੈ।

### ਤੈਅ ਕੀਤੇ ਗਏ ਇਹ ਨਿਯਮ

ਪਿੰਡ 'ਚ ਰਹਿਣ ਲਈ ਪੁਲਿਸ ਵੈਰੀਫਿਕੇਸ਼ਨ ਜ਼ਰੂਰੀ ਹੈ, ਰਾਤ ??9 ਵਜੇ ਤੋਂ ਬਾਅਦ ਕੋਈ ਵੀ ਪਿੰਡ 'ਚੋਂ ਬਾਹਰ ਨਹੀਂ ਜਾ ਸਕਦਾ, ਪਿੰਡ 'ਚ ਪਾਨ, ਗੁਟਖਾ, ਬੀੜੀ ਦੇ ਸੇਵਨ 'ਤੇ ਪਾਬੰਦੀ ਹੈ, ਪਿੰਡ 'ਚ ਇਕ ਕਮਰੇ 'ਚ ਦੋ ਤੋਂ ਵੱਧ ਵਿਅਕਤੀ ਨਹੀਂ ਰਹਿ ਸਕਦੇ। ਘੱਟ ਕੱਪੜੇ ਪਾ ਕੇ ਘੁੰਮਣ-ਫਿਰਨ 'ਤੇ ਪਾਬੰਦੀ ਹੈ, ਪ੍ਰਤੀ ਘਰ ਸਿਰਫ਼ ਇੱਕ ਪੀਣ ਵਾਲੇ ਪਾਣੀ ਦਾ ਕੁਨੈਕਸ਼ਨ ਮਿਲੇਗਾ, ਖੁਸਰਿਆਂ ਨੂੰ ਸਵਾਗਤ ਵਜੋਂ 2100 ਰੁਪਏ ਦੇਣੇ ਪੈਣਗੇ, ਵਾਹਨ ਪਾਰਕਿੰਗ ਵਿੱਚ ਹੀ ਪਾਰਕ ਕਰਨੇ ਪੈਣਗੇ। ਸੜਕ ਜਾਂ ਗਲੀ 'ਤੇ ਪਾਰਕਿੰਗ ਨਹੀਂ ਹੋਣੀ ਚਾਹੀਦੀ।

### -ਮਾਮਲਾ ਮਨੀ ਲਾਂਡਰਿੰਗ ਅਤੇ ਭ੍ਰਿਸ਼ਟਾਚਾਰ ਦਾ-

# ਮਨੀਸ਼ ਸਿਸੋਦੀਆ ਨੂੰ 17 ਮਹੀਨਿਆਂ ਬਾਅਦ ਮਿਲੀ ਜਮਾਨਤ, ਜੇਲ੍ਹ ਤੋਂ ਬਾਹਰ ਆਏ

ਨਵੀਂ ਦਿੱਲੀ-ਆਬਕਾਰੀ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਅਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਹੁਣ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਜੇਲ੍ਹ ਤੋਂ ਬਾਹਰ ਆ ਗਏ ਹਨ।

# ਲਵ ਮੈਰਿਜ ਦਾ ਬਦਲਾ ਲੈਣ ਲਈ ਲੜਕੇ ਦੀ ਭੈਣ ਨਾਲ ਬਲਾਤਕਾਰ

## ✪ ਮੁਲਜ਼ਮਾਂ ਨੇ ਪੀੜਤਾ ਨੂੰ ਬਲੈਕਮੇਲ ਕਰਨ ਲਈ ਵੀਡੀਓ ਬਣਾਈ, ਪੁਲਿਸ ਸਰਗਰਮ

ਲੁਧਿਆਣਾ-ਇੱਥੇ ਇੱਕ ਨੌਜਵਾਨ ਨੇ ਲੜਕੀ ਨੂੰ ਭਜਾ ਕੇ ਉਸ ਨਾਲ ਪ੍ਰੇਮ ਵਿਆਹ ਕਰਵਾ ਲਿਆ ਪਰ ਨੌਜਵਾਨ ਦੀ ਗਲਤੀ ਦੀ ਸਜ਼ਾ ਉਸ ਦੀ ਭੈਣ ਨੂੰ ਮਿਲੀ। ਜਿਸ ਲੜਕੀ ਨੂੰ ਭਜਾ ਕੇ ਨੌਜਵਾਨ ਨੇ ਵਿਆਹ ਕਰਵਾਇਆ ਸੀ, ਉਸ ਦੇ ਪਿਤਾ, ਚਾਚੇ ਅਤੇ ਭਰਾ ਨੇ ਬਦਲਾ ਲੈਣ ਲਈ ਨੌਜਵਾਨ ਦੀ ਭੈਣ ਨਾਲ ਕਥਿਤ ਤੌਰ 'ਤੇ ਸਮੂਹਿਕ ਜਬਰ-ਜਨਾਹ ਕੀਤਾ। ਇਸ ਤੋਂ ਬਾਅਦ ਮੁਲਜ਼ਮ ਉੱਤਰ ਪ੍ਰਦੇਸ਼ (ਯੂਪੀ) ਫ਼ਰਾਰ ਹੋ ਗਏ। ਇਸ ਮਾਮਲੇ 'ਚ ਥਾਣਾ ਟਿੱਬਾ ਦੀ ਪੁਲੀਸ ਨੇ ਪੀੜਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਮੁਲਜ਼ਮ ਰਵਿੰਦਰ ਸਿੰਘ, ਵਰਿੰਦਰ ਸਿੰਘ, ਸੰਤੋਸ਼ ਸਿੰਘ ਤੇ ਅਮਨ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਪੀੜਤਾ ਨੇ ਪੁਲੀਸ ਨੂੰ ਦੱਸਿਆ ਕਿ ਉਸ ਦੇ ਭਰਾ ਨੇ 30 ਅਪਰੈਲ ਨੂੰ ਇੱਕ ਲੜਕੀ ਨਾਲ ਅਦਾਲਤੀ ਵਿਆਹ ਕਰਵਾ ਲਿਆ। ਲੜਕੀ ਦੇ ਪਰਿਵਾਰ ਵਾਲੇ ਇਸ ਵਿਆਹ ਦੇ ਖ਼ਿਲਾਫ਼ ਸਨ ਇਸ ਲਈ ਉਨ੍ਹਾਂ ਨੇ ਉਸ ਦੇ ਭਰਾ ਪ੍ਰਤੀ ਰੰਜਿਸ਼ ਰੱਖੀ। ਉਸ ਨੇ ਦੱਸਿਆ ਕਿ ਬੀਤੇ ਦਿਨੀਂ ਲੜਕੀ ਦਾ ਪਿਤਾ ਰਵਿੰਦਰ ਸਿੰਘ, ਚਾਚਾ ਵਰਿੰਦਰ ਸਿੰਘ ਚਾਚਾ, ਭਰਾ ਅਮਨ ਭਰਾ ਅਤੇ ਦੋਸਤ ਸੰਤੋਸ਼ ਨੇ ਉਸ ਨਾਲ ਜਬਰ-ਜਨਾਹ ਕੀਤਾ। ਇਸ ਦੌਰਾਨ ਮੁਲਜ਼ਮਾਂ ਨੇ ਪੀੜਤਾ ਨੂੰ ਬਲੈਕਮੇਲ ਕਰਨ ਲਈ ਉਸ ਦੀ



ਵੀਡੀਓ ਵੀ ਬਣਾ ਲਈ। ਪਹਿਲਾਂ ਉਹ ਡਰ ਗਈ ਪਰ ਬਾਅਦ ਵਿੱਚ ਹਿੰਮਤ ਕਰ ਕੇ ਉਸ ਨੇ ਪੁਲੀਸ ਨੂੰ ਸ਼ਿਕਾਇਤ ਕੀਤੀ।

ਥਾਣਾ ਟਿੱਬਾ ਦੇ ਐੱਸਐੱਚਓ ਭਗਤਵੀਰ ਸਿੰਘ ਨੇ ਕਿਹਾ ਕਿ ਸ਼ਿਕਾਇਤ ਮਿਲਣ ਮਗਰੋਂ ਉਨ੍ਹਾਂ ਰਵਿੰਦਰ ਸਿੰਘ, ਸੰਤੋਸ਼ ਸਿੰਘ, ਵਰਿੰਦਰ ਸਿੰਘ ਤੇ ਅਮਨ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਹੁਣ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲੀਸ ਟੀਮਾਂ ਯੂਪੀ ਭੇਜੀਆਂ ਗਈਆਂ ਹਨ। ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਕਰਾਈਮ ਨਿਊਜ਼

### ਫਰੀਦਕੋਟ ਵਿਚ ਪ੍ਰੇਮ ਸਬੰਧਾਂ ਕਾਰਨ ਵਿਆਹੀ ਔਰਤ ਦਾ ਪ੍ਰੇਮੀ ਵਲੋਂ ਕਤਲ

ਪੰਜਗਰਾਈਆਂ ਕਲਾਂ-ਇੱਥੋਂ ਨੇੜਲੇ ਪਿੰਡ ਔਲਖ ਵਿਖੇ ਦਿਨ ਦਿਹਾੜੇ ਕਿਰਚ ਮਾਰ ਕੇ ਔਰਤ ਦਾ ਕਤਲ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਸੁਖਪ੍ਰੀਤ ਕੌਰ (45) ਪਤਨੀ ਤਾਰਾ ਸਿੰਘ ਦੇ ਗੁਰਮੀਤ ਸਿੰਘ ਗੋਰੀ ਵਾਸੀ ਕੋਟਕਪੂਰਾ ਨਾਲ ਪ੍ਰੇਮ ਸਬੰਧ ਸਨ। ਗੁਰਮੀਤ ਸਿੰਘ ਉਰਫ਼ ਗੋਰੀ ਸੁਖਪ੍ਰੀਤ ਕੌਰ ਨੂੰ ਕੋਟਕਪੂਰਾ ਵਿਖੇ ਆਪਣੇ ਘਰ ਰੱਖਣਾ ਚਾਹੁੰਦਾ ਸੀ ਪ੍ਰੰਤੂ ਸੁਖਪ੍ਰੀਤ ਕੌਰ ਇਸ ਲਈ ਤਿਆਰ ਨਹੀਂ ਸੀ। ਇਸ ਤੋਂ ਖ਼ਫਾ ਹੋ ਕੇ ਉਸਨੇ ਸੁਖਪ੍ਰੀਤ ਕੌਰ ਨੂੰ ਮਾਰਨ ਦੀ ਯੋਜਨਾ ਬਣਾਈ। ਜਦੋਂ ਸੁਖਪ੍ਰੀਤ ਕੌਰ ਕਿਸੇ ਕੰਮ ਲਈ ਆਪਣੇ ਘਰ ਤੋਂ ਬਾਹਰ ਜਾ ਰਹੀ ਸੀ ਤਾਂ ਪਹਿਲਾਂ ਹੀ ਮੌਕੇ ਦੀ ਤਾਕ ’ਚ ਬੈਠੇ ਗੁਰਮੀਤ ਸਿੰਘ ਉਰਫ਼ ਗੋਰੀ ਨੇ ਉਸ ਉੱਪਰ ਕਿਰਚ ਨਾਲ਼ ਵਾਰ ਕਰਨੇ ਸ਼ੁਰੂ ਕਰ ਦਿੱਤੇ। ਸੁਖਪ੍ਰੀਤ ਕੌਰ ਦਾ ਰੌਲਾ ਸੁਣ ਕੇ ਜਿਉਂ ਹੀ ਪਿੰਡ ਵਾਸੀ ਇਕੱਠੇ ਹੋਏ ਤਾਂ ਗੁਰਮੀਤ ਸਿੰਘ ਉਰਫ਼ ਗੋਰੀ ਮੌਕੇ ਤੋਂ ਭੱਜਣ ’ਚ ਕਾਮਯਾਬ ਹੋ ਗਿਆ। ਪਿੰਡ ਵਾਸੀਆਂ ਵਲੋਂ ਸੁਖਪ੍ਰੀਤ ਕੌਰ ਨੂੰ ਜ਼ਖ਼ਮੀ ਹਾਲਤ ਵਿਚ ਫਰੀਦਕੋਟ ਵਿਖੇ ਦਾਖਲ ਕਰਵਾਇਆ, ਜਿੱਥੇ ਉਸ ਦੀ ਮੌਤ ਹੋ ਗਈ।



# ਬੱਬਰ ਖਾਲਸਾ ਦੇ ਤਰਸੇਮ ਸਿੰਘ ਦੀ ਸੀਬੀਆਈ ਵੱਲੋਂ ਵਿਦੇਸ਼ ਤੋਂ ਹਵਾਲਗੀ!

## ✪ ਲੰਡਾ ਦਾ ਭਰਾ, ਮੁਹਾਲੀ ਆਰਪੀਜੀ ਹਮਲੇ ’ਚ ਦੋਸ਼ੀ!

ਮੋਹਾਲੀ-ਬੱਬਰ ਖਾਲਿਸਤਾਨ ਇੰਟਰਨੈਸ਼ਨ ਦੇ ਮੈਂਬਰ ਤਰਸੇਮ ਸਿੰਘ ਨੂੰ ਅਬੂਧਾਬੀ ਤੋਂ ਭਾਰਤ ਲਿਆਂਦਾ ਗਿਆ ਹੈ। ਉਸ ‘ਤੇ ਮੁਹਾਲੀ ਵਿੱਚ ਪੰਜਾਬ ਪੁਲਿਸ ਦੇ ਖੁਫਿਆ ਹੈੱਡਕੁਆਟਰ ‘ਤੇ ਆਰਪੀਜੀ ਹਮਲੇ ਦਾ ਇਲਜ਼ਾਮ ਸੀ। ਸੀਬੀਆਈ ਨੇ ਤਰਸੇਮ ਸਿੰਘ ਦੀ ਵਾਪਸੀ ਦੇ ਲਈ ਐਨਆਈਏ ਅਤੇ ਇੰਟਰਪੋਲ ਨਾਲ ਤਾਲਮੇਲ ਕੀਤਾ ਸੀ। ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਕਿ ਇੰਟਰਪੋਲ ਰੈੱਡ ਨੋਟਿਸ ਦਾ ਸਾਹਮਣਾ ਕਰ ਰਹੇ ਤਰਸੇਮ ਸਿੰਘ ਨੂੰ ਬੀਤੇ ਦਿਨੀਂ ਦਿੱਲੀ ਪਹੁੰਚਣ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਸੀ। ਰੈੱਡ ਨੋਟਿਸ ਐਨਆਈਏ ਵੱਲੋਂ ਉਨ੍ਹਾਂ ਲਈ ਜਾਰੀ ਕੀਤਾ ਜਾਂਦਾ ਹੈ ਜਿਨਾਂ ਦਾ ਨਾਂ ਦਹਿਸ਼ਤਗਰਦੀ ਫੰਡਿੰਗ ਵਿੱਚ ਸ਼ਾਮਲ ਹੋਵੇ। ਸੀਬੀਆਈ ਨੇ ਤਰਸੇਮ ਸਿੰਘ ਖਿਲਾਫ ਰੈੱਡ ਨੋਟਿਸ 13 ਨਵੰਬਰ 2023 ਨੂੰ ਜਾਰੀ ਕੀਤਾ ਸੀ। ਇੰਟਰਪੋਲ ਨਾਲ ਜੁੜੇ ਸਾਰੇ ਦੇਸ਼ਾਂ ਵਿੱਚ ਰੈੱਡ ਨੋਟਿਸ ਜਾਰੀ ਕਰ ਦਿੱਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਤਰਮੇਸ ਸਿੰਘ ਗੈਂਗਸਟਰ ਲਖਬੀਰ ਸਿੰਘ ਲੰਡਾ ਦਾ ਭਰਾ ਹੈ ਅਤੇ ਉਹ ਬੱਬਰ ਖਾਲਿਸਤਾਨ ਇੰਟਰਨੈਸ਼ਨਲ ਜਥੇਬੰਦੀ ਨਾਲ ਜੁੜਿਆ ਹੋਇਆ ਹੈ। ਸੀਬੀਆਈ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਰਸੇਮ ਰਿੰਦਾ ਅਤੇ ਲੰਡਾ ਦੇ ਲਈ ਯੂਏਈ ਵਿੱਚ ਕੰਮ ਕਰਦਾ ਸੀ।



ਸੀਬੀਆਈ ਮੁਤਾਬਿਕ ਤਰਮੇਸ ਸਿੰਘ ਨੂੰ ਇੰਟਰਪੋਲ ਨੇ ਨਵੰਬਰ 2023 ਵਿਚ ਰੈੱਡ ਕਾਰਨਰ ਨੋਟਿਸ ਦੇ ਆਧਾਰ ‘ਤੇ ਅਬੂ ਧਾਬੀ ਵਿੱਚ ਗ੍ਰਿਫਤਾਰੀ ਕੀਤੀ ਅਤੇ ਹੁਣ ਉਸ ਦੀ ਹਵਾਲਗੀ ਭਾਰਤ ਨੂੰ ਕੀਤੀ ਗਈ ਹੈ। ਤਰਮੇਸ ਸਿੰਘ ਦਾ ਕੰਮ ਹੁੰਦਾ ਸੀ ਕਿ ਉਹ ਹਰਵਿੰਦਰ ਸਿੰਘ ਰਿੰਦਾ ਅਤੇ ਲਖਬੀਰ ਸਿੰਘ ਲੰਡਾ ਲਈ ਫੰਡਾਂ ਦਾ ਪ੍ਰਬੰਧ ਕਰਦਾ ਸੀ।

ਐਨਆਈਏ ਨੇ ਤਰਸੇਮ ਸਿੰਘ ਨੂੰ ਸਭ ਤੋਂ ਪਹਿਲਾਂ 20 ਅਗਸਤ 2022 ਵਿੱਚ ਕੇਐਲ ਅ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨਾਲ ਜੁੜੇ ਹੋਣ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ।

## ਕੈਨੇਡਾ ਵਿਚ ਪੰਜਾਬੀ ਗਭਰੂਆਂ ਦੀ ਗੈਂਗ ਵਾਰ, ਹੋ ਗਏ ਥੱਪੜੋ-ਥੱਪੜੀ, ਵੀਡੀਓ ਵਾਇਰਲ

ਬਰੈਂਪਟਨ-ਬਰੈਂਪਟਨ ਸਥਿਤ ਟ੍ਰਿਨਿਟੀ ਕਾਮਨ ਪਲਾਜ਼ਾ ਦੀ ਪਾਰਕਿੰਗ ਵਿਚ ਪੰਜਾਬੀ ਗਭਰੂਆਂ ਦੀ ਗੈਂਗਵਾਰ ਹੋਈ, ਜਿੱਥੇ ਕੁਝ ਨੌਜਵਾਨ ਤੇਜ਼ ਰਫ਼ਤਾਰ ’ਚ ਗੱਡੀਆਂ ਚਲਾ ਰਹੇ ਸਨ। ਇਸੇ ਦੌਰਾਨ ਉਨ੍ਹਾਂ ਦੀ ਕਿਸੇ ਗੱਲ ਕਾਰਨ ਬਹਿਸਬਾਜ਼ੀ ਹੋ ਗਈ ਤੇ ਉਹ ਇਕ ਦੂਜੇ ਦੇ ਆਹਮੋ-ਸਾਹਮਣੇ ਆ ਗਏ। ਇਸ ਤੋਂ ਬਾਅਦ ਦੋਵਾਂ ਧਿਰਾਂ ਦੇ ਨੌਜਵਾਨਾਂ ਨੇ ਇਕ-ਦੂਜੇ ’ਤੇ ਹਮਲਾ ਬੋਲ ਦਿੱਤਾ ਤੇ ਰੱਜ ਕੇ ਛਿੱਤਰੋ-ਛਿੱਤਰੀ ਹੋਏ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੀਲ ਰੀਜਨਲ ਪੁਲਸ ਅਧਿਕਾਰੀ ਰਿਚਰਡ ਚਿਨ ਨੇ ਕਿਹਾ ਕਿ ਉਨ੍ਹਾਂ ਨੂੰ 9 ਅਗਸਤ, ਸ਼ੁੱਕਰਵਾਰ ਸ਼ਾਮ ਕਰੀਬ 10 ਵਜੇ ਫ਼ੋਨ ਆਇਆ ਸੀ ਕਿ ਬਰੈਂਪਟਨ ਦੇ ਗ੍ਰੇਟ ਲੇਕ ਬੁਲੇਵਰਡ ਤੇ ਬੋਵੇਅਰਡ ਡ੍ਰਾਈਵ ਵਿਖੇ ਕੁਝ ਲੋਕ ਵੱਡੀ ਗਿਣਤੀ ’ਚ ਤੇਜ਼ ਰਫ਼ਤਾਰ ਨਾਲ ਗੱਡੀਆਂ ਚਲਾ ਰਹੇ ਹਨ, ਜਿਸ ਤੋਂ ਬਾਅਦ ਉਨ੍ਹਾਂ ਦੀ ਲੜਾਈ ਹੋ ਗਈ। ਇਸ ਲੜਾਈ-ਝਗੜੇ ’ਚ 1 ਵਿਅਕਤੀ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਮਿਲੀ ਹੈ।



# ਪੰਜਾਬ ਪੁਲਿਸ ਵਲੋਂ 487 ਕਿਲੋ ਡਰੱਗ ਦਾ ਵੱਡਾ ਸਰਗਨਾ ਸਿਮਰਨਜੋਤ ਨੂੰ ਵਿਦੇਸ਼ ਤੋਂ ਗ੍ਰਿਫਤਾਰ

## ✪ ਭਾਰਤ ਅਤੇ ਯੂਰੋਪ ਦੇ ਕਈ ਦੇਸ਼ਾਂ ਵਿੱਚ ਕੌਮਾਂਤਰੀ ਡਰੱਗ ਸਮੱਗਲਿੰਗ ਨੂੰ ਲੈਕੇ ਵੱਡੇ ਲਿੰਕ

ਦਿੱਲੀ-ਪੰਜਾਬ ਪੁਲਿਸ ਨੇ ਨਸ਼ੇ ਦੇ ਵੱਡੇ ਸਰਗਨਾਂ ਨੂੰ ਭਾਰਤੀ ਅਤੇ ਕੌਮਾਂਤਰੀ ਏਜੰਸੀਆਂ ਦੇ ਮਦਦ ਨਾਲ ਸਿਮਰਨਜੋਤ ਸੰਧੂ ਨੂੰ ਗ੍ਰਿਫਤਾਰ ਕੀਤਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਹੈ ਕਿ ਸੰਧੂ 487 ਕਿਲੋ ਕੋਕੀਨ ਸਮੱਗਲਿੰਗ ਕਰਨ ਦੇ ਲਈ 2020 ਤੋਂ ਜਰਮਨੀ ਵਿੱਚ ਲੋੜੀਂਦਾ ਸੀ। ਸਿਮਰਨਜੋਤ ਸੰਧੂ ਦੇ ਭਾਰਤ ਅਤੇ ਯੂਰੋਪ ਦੇ ਕਈ ਦੇਸ਼ਾਂ ਵਿੱਚ ਕੌਮਾਂਤਰੀ ਡਰੱਗ ਸਮੱਗਲਿੰਗ ਨੂੰ ਲੈਕੇ ਵੱਡੇ ਲਿੰਕ ਸਨ।

ਦੱਸਿਆ ਜਾਂਦਾ ਹੈ ਕਿ ਸਿਮਰਨਜੋਤ ਸੰਧੂ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ ਅਤੇ ਭਾਰਤ ਵਿੱਚ 300 ਕਿਲੋ ਹੈਰੋਈਨ ਸਮੱਗਲਿੰਗ ਦੇ ਕੇਸ ਵਿੱਚ ਲੋੜੀਂਦਾ ਸੀ। ਉਸ ਨੇ ਹੈਰੋਈਨ ਪਾਕਿਸਤਾਨ ਤੋਂ ਗੁਜਰਾਤ ਦੇ ਮਨਦਵੀ ਵਿੱਚ ਸਮੁੰਦਰੀ ਰਸਤੇ ਤੋਂ 2018 ਵਿੱਚ ਵੀ ਭੇਜੀ ਸੀ। ਸੰਧੂ ਭਾਰਤ ਵਿੱਚ ਡਰੱਗ ਸਮੱਗਲਿੰਗ ਦਾ ਵੱਡਾ ਸਰਗਨਾ ਸੀ ਗੁਜਰਾਤ ਏਟੀਐਸ ਨੇ ਜਦੋਂ ਡਰੱਗ ਦੀ ਵੱਡੀ ਖੇਪ ਨੂੰ ਫੜਿਆ ਸੀ ਤਾਂ ਉਹ ਇਟਲੀ ਭੱਜ ਗਿਆ ਸੀ। ਪਰ ਗੁਜਰਾਤ ਪੁਲਿਸ ਦੇ ਰੈੱਡ ਕਾਰਨਰ ਨੋਟਿਸ ਜਾਰੀ ਹੋਣ ਤੋਂ ਬਾਅਦ ਇਟਲੀ ਵਿੱਚ ਸੰਧੂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਪਰ ਬਾਅਦ ਵਿੱਚੋ ਉਹ ਫਰਾਰ ਹੋ ਗਿਆ ਸੀ।

ਜਨਵਰੀ 2020 ਵਿੱਚ ਪੰਜਾਬ ਐਸਟੀਐਫ ਨੇ 194 ਕਿਲੋਗਰਾਮ ਹੈਰੋਈਨ ਅਤੇ ਕੈਮੀਕਲ ਅੰਮ੍ਰਿਤਸਰ ਦੇ ਸੁਲਤਾਨਵਿੰਡ ਤੋਂ ਫੜੀ ਸੀ। ਜੋ ਕਿ ਐਸਐਸਐਸਬੀ ਬੋਰਡ ਦੇ ਸਾਬਕਾ ਮੈਂਬਰ ਅਨਵਰ ਮਸੀਹ ਦੇ ਨਾਂ ’ਤੇ ਥਾਂ ਰਜਿਸਟਰਡ ਸੀ। ਉਸ ਦੀ ਨਿਸ਼ਾਨ ਦੇਹੀ ’ਤੇ ਹੀ ਸੁਖਬੀਰ ਸਿੰਘ ਉਰਫ ਹੈਪੀ ਨੂੰ 6 ਕਿਲੋ ਹੈਰੋਈਨ ਨਾਲ ਮੁਹਾਲੀ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਪੁਲਿਸ ਨੇ 7 ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ ਇਸ ਵਿੱਚ ਮਸੀਹ ਅਤੇ ਅਫ਼ਗਾਨਿਸਥਾਨ ਦਾ ਇਕ ਨਾਗਰਿਕ ਵੀ ਸ਼ਾਮਲ ਸੀ। ਇੰਨ੍ਹਾਂ ਗ੍ਰਿਫ਼ਤਾਰੀਆਂ ਵਿੱਚ ਸਿਮਰਨਜੋਤ ਸੰਧੂ ਦਾ ਨਾਂ ਵੀ ਸਾਹਮਣੇ ਆਇਆ ਸੀ। ਉਸ ਨੇ ਹੀ ਪਾਕਿਸਤਾਨ ਤੋਂ ਗੁਜਰਾਤ ਦੇ ਰਸਤੇ ਡਰੱਗ ਸਮੱਗਲਿੰਗ ਕੀਤੀ ਸੀ। ਇਸ ਤੋਂ ਬਾਅਦ ਐਨਆਈਏ ਨੇ ਸੰਧੂ ਦੇ ਖਿਲਾਫ ਰੈੱਡ ਕਾਰਨਰ ਨੋਟਿਸ ਕੱਢਿਆ ਸੀ।

# ਲੁਧਿਆਣਾ ’ਚ 4 ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਸੀਲ, ਲਗਜ਼ਰੀ ਕਾਰਾਂ ਜ਼ਬਤ

ਲੁਧਿਆਣਾ ਵਿੱਚ ਪੁਲਿਸ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਦੇ ਤਹਿਤ ਦੋ ਨਸ਼ਾ ਤਸਕਰਾਂ ਦੀਆਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਨੂੰ ਸੀਲ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਲਗਜ਼ਰੀ ਕਾਰਾਂ ਵੀ ਜ਼ਬਤ ਕੀਤੀਆਂ ਗਈਆਂ ਹਨ। ਲੁਧਿਆਣਾ ਦੇ ਸੀਪੀ ਕੁਲਦੀਪ ਸਿੰਘ ਚਾਹਲ ਦੀਆਂ ਹਦਾਇਤਾਂ ’ਤੇ ਪੁਲਿਸ ਟੀਮਾਂ ਨੇ ਦੋ ਨਸ਼ਾ ਤਸਕਰਾਂ ਦੇ ਘਰਾਂ ਨੂੰ ਸੀਲ ਕਰ ਦਿੱਤਾ।

ਲੁਧਿਆਣਾ ਦੇ ਡੀਸੀਪੀ ਜਸਕਰਨ ਸਿੰਘ ਤੇਜਾ ਨੇ ਦੱਸਿਆ ਕਿ ਲੁਧਿਆਣਾ ਦੇ ਡੇਹਲੋਂ ਥਾਣਾ ਦੀ ਪੁਲਿਸ ਨੇ ਤਿੰਨ ਨਸ਼ਾ ਤਸਕਰਾਂ ਹੁਸ਼ਿਆਰ ਸਿੰਘ ਸੋਨੀ ਲੁਧਿਆਣਾ, ਮੁਕੇਸ਼ ਪਟਿਆਲਾ ਅਤੇ ਜੰਮੂ ਸਿੰਘ ਲੁਧਿਆਣਾ ਦੇ



ਖ਼ਿਲਾਫ਼ ਮਾਮਲਾ ਦਰਜ ਕਰਕੇ ਭਾਰੀ ਮਾਤਰਾ ਵਿੱਚ ਨਸ਼ਾ ਬਰਾਮਦ ਕੀਤਾ ਹੈ।

ਪੁਲੀਸ ਨੇ ਡਰੱਗ ਮਨੀ ਨਾਲ ਖਰੀਦੀ ਜਾਇਦਾਦ ਨੂੰ ਸੀਲ ਕਰ ਦਿੱਤਾ ਹੈ। ਇਸੇ ਤਰ੍ਹਾਂ ਦੂਜੇ ਮਾਮਲੇ ਵਿੱਚ ਪੁਲੀਸ ਨੇ ਲੁਧਿਆਣਾ ਦੇ ਰਹਿਣ ਵਾਲੇ ਅਨਿਲ ਸੱਭਰਵਾਲ ਖ਼ਿਲਾਫ਼ ਵੀ ਕੇਸ ਦਰਜ ਕਰਕੇ ਉਸ ਦੀ ਕਰੋੜਾਂ ਦੀ ਜਾਇਦਾਦ ਅਤੇ ਲਗਜ਼ਰੀ ਕਾਰ ਜ਼ਬਤ ਕਰ ਲਈ ਹੈ।

ਡੀਸੀਪੀ ਜਸਕਰਨ ਸਿੰਘ ਤੇਜਾ ਨੇ ਦੱਸਿਆ ਕਿ ਪਹਿਲੇ ਮਾਮਲੇ ਵਿੱਚ ਪੁਲੀਸ ਨੇ ਤਿੰਨ ਨਸ਼ਾ ਤਸਕਰਾਂ ਦੀਆਂ 5 ਕਰੋੜ 34 ਲੱਖ ਰੁਪਏ ਦੀਆਂ ਤਿੰਨ ਜਾਇਦਾਦਾਂ ਸੀਲ ਕਰ ਦਿੱਤੀਆਂ ਹਨ ਜਿਨ੍ਹਾਂ ਨੇ ਨਸ਼ਾ ਵੇਚ ਕੇ ਉਸ ਪੈਸੇ ਨਾਲ ਜਾਇਦਾਦ ਖਰੀਦੀ ਸੀ। ਇਸੇ ਤਰ੍ਹਾਂ ਦੂਜੇ ਮਾਮਲੇ ਵਿੱਚ ਪੁਲੀਸ ਨੇ ਨਸ਼ਾ ਤਸਕਰ ਅਨਿਲ ਸੱਭਰਵਾਲ ਕੋਲੋਂ 1 ਕਰੋੜ 56 ਲੱਖ 18 ਹਜ਼ਾਰ ਰੁਪਏ ਦੀ ਜਾਇਦਾਦ ਅਤੇ 7 ਲੱਖ ਰੁਪਏ ਦੀ ਲਗਜ਼ਰੀ ਕਾਰ ਵੀ ਜ਼ਬਤ ਕੀਤੀ ਹੈ।

## ਪ੍ਰਸਿਧ ਪੱਤਰਕਾਰ ਆਈ ਪੀ ਸਿੰਘ ਲਿਖਦੇ ਹਨ

# ਬਸੰਤੀ ਨਿਸ਼ਾਨ ਸਾਹਿਬ ਦੇ ਹੱਕ ਵਿਚ ਸਮੁੱਚਾ ਸਿੱਖ ਪੰਥ, ਸ਼੍ਰੋਮਣੀ ਅਕਾਲੀ ਦਲ ਪਰ ਟਕਸਾਲ ਕੇਸਰੀ ਝੰਡੇ ਦੇ ਹੱਕ ਵਿਚ

## ਨਿਊਜ਼ ਵਿਸ਼ਲੇਸ਼ਣ

## ✪ ਦਰਬਾਰ ਸਾਹਿਬ ਵਿਚ 13 ਨਿਸ਼ਾਨ ਸਾਹਿਬਾਨ ਦੇ ਚੋਲੇ ਬਸੰਤੀ ਰੰਗ ਵਿੱਚ ਬਦਲੇ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਆਈਪੀ ਸਿੰਘ ਪੱਤਰਕਾਰ ਟਾਈਮਜ਼ ਆਫ ਇੰਡੀਆ ਨੇ ਨਿਸ਼ਾਨ ਸਾਹਿਬ ਦੇ ਰੰਗ ਬਾਰੇ ਦਮਦਮੀ ਟਕਸਾਲ ਦੀ ਅਸਹਿਮਤੀ ਬਾਰੇ ਸਟੋਰੀ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਦਰਬਾਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਦਾ ਰੰਗ 'ਕੇਸਰੀ' ਤੋਂ 'ਬਸੰਤੀ' ਵਿੱਚ ਬਦਲਣਾ ਅਤੇ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਹੋਰ ਗੁਰਦੁਆਰਿਆਂ ਵਿੱਚ ਲਾਗੂ ਕਰਨਾ ਸ਼੍ਰੋਮਣੀ ਕਮੇਟੀ ਵੱਲੋਂ ਕੁਝ ਦਿਨਾਂ ਵਿੱਚ ਲਿਆ ਗਿਆ ਪਹਿਲਾ ਵੱਡਾ ਇਤਿਹਾਸਕ ਫੈਸਲਾ ਹੈ। ਇਹ ਫੈਸਲਾ ਬਾਦਲ ਅਕਾਲੀ ਦਲ ਦਾ ਕਰੀਬੀ ਸਾਥੀ ਦਮਦਮੀ ਟਕਸਾਲ ਦੀ ਮਰਜ਼ੀ ਨਾਲ ਮੇਲ ਨਹੀਂ ਖਾਂਦਾ।

ਦਮਦਮੀ ਟਕਸਾਲ 'ਕੇਸਰੀ ਨਿਸ਼ਾਨ ਸਾਹਿਬ' 'ਤੇ ਜ਼ੋਰ ਦਿੰਦੀ ਰਹੀ ਹੈ ਅਤੇ ਨਿਸ਼ਾਨ ਸਾਹਿਬ ਦੇ ਰੰਗ ਵਿਚ ਤਬਦੀਲੀ ਨਹੀਂ ਚਾਹੁੰਦੀ ਸੀ, ਪਰ ਇਸ ਨੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਸੁਖਮਤਾ ਅਤੇ ਸੰਤੁਲਿਤ ਪਹੁੰਚ ਦਾ ਸਹਾਰਾ ਲਿਆ। ਦਰਬਾਰ ਸਾਹਿਬ ਵਿਚ ਨਿਸ਼ਾਨ ਸਾਹਿਬ ਦਾ ਰੰਗ ਬਦਲਣਾ ਇਸ ਵਿਸ਼ੇ 'ਤੇ ਸਭ ਤੋਂ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ।

ਇਸ ਦੌਰਾਨ, ਸ਼ੁੱਕਰਵਾਰ ਸਵੇਰੇ ਰੰਗ ਬਦਲਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਆਈਆਂ ਸਿੱਖਾਂ ਦੇ ਪ੍ਰਤੀਕਰਮ ਨੂੰ ਦੇਖਦੇ ਹੋਏ, ਕੁਝ ਅਪਵਾਦਾਂ ਨੂੰ ਛੱਡ ਕੇ, ਵੱਡੇ ਸਿੱਖ ਪੰਥ ਦੁਆਰਾ ਇਸ ਤਬਦੀਲੀ ਨੂੰ ਸਰਬਸੰਮਤੀ ਨਾਲ ਸਵੀਕਾਰ ਕੀਤਾ ਗਿਆ ਹੈ।

2011 ਦੀਆਂ ਐਸਜੀਪੀਸੀ ਚੋਣਾਂ ਤੋਂ ਪਹਿਲਾਂ, ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦਾ ਵਿਰੋਧ ਕਰਨ ਵਾਲੇ ਸਿੱਖ ਸਮੂਹਾਂ ਅਤੇ ਜਥੇਬੰਦੀਆਂ ਦੇ ਬਦਲ ਵਜੋਂ ਦਮਦਮੀ ਟਕਸਾਲ ਸ਼੍ਰੋਮਣੀ ਅਕਾਲੀ ਦਲ ਦੇ ਨੇੜੇ ਆਈ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਕੁਝ ਟਿਕਟਾਂ ਵੀ ਪ੍ਰਾਪਤ ਕੀਤੀਆਂ।

ਪਿਛਲੇ ਇਕ ਦਹਾਕੇ ਤੋਂ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਕਰੀਬੀ ਸਹਿਯੋਗੀ ਰਿਹਾ ਹੈ ਅਤੇ ਵਿਧਾਨ ਸਭਾ ਅਤੇ ਸੰਸਦੀ ਚੋਣਾਂ ਦੌਰਾਨ ਵੀ ਸ਼੍ਰੋਮਣੀ ਅਕਾਲੀ ਦਲ ਦਾ ਸਮਰਥਨ ਕਰਦਾ ਰਿਹਾ ਹੈ।

ਸਿੱਖ ਹਲਕਿਆਂ ਵਿੱਚ ਆਮ ਧਾਰਨਾ ਇਹ ਹੈ ਕਿ ਦਮਦਮੀ ਟਕਸਾਲ ਨੇ, ਬਦਲੇ ਵਿੱਚ, ਮਹੱਤਵਪੂਰਨ ਨਿਯੁਕਤੀਆਂ ਲਈਆਂ ਸਮੇਤ, ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਕਾਫ਼ੀ ਪ੍ਰਭਾਵ ਪਾ ਰਹੀ ਹੈ। ਇਸ ਦੇ ਪ੍ਰਤੀ ਵਫ਼ਾਦਾਰ ਸਿੱਖ ਪ੍ਰਚਾਰਕਾਂ ਨੂੰ ਗੁਰਦੁਆਰਾ ਮੰਜੀ ਸਾਹਿਬ ਵਿਖੇ ਰੋਜ਼ਾਨਾ ਪ੍ਰਵਚਨ ਲਈ ਲੋੜੀਂਦੀ ਗਿਣਤੀ ਵਿਚ ਸਲਾਟ ਮਿਲ ਰਹੇ ਹਨ, ਜਿਸ ਦਾ ਸਿੱਧਾ ਪ੍ਰਸਾਰਣ ਕੀਤਾ ਜਾਂਦਾ ਹੈ।

ਪੰਜ ਸਿੰਘ ਸਾਹਿਬਾਨਾਂ ਵੱਲੋਂ 15 ਜੁਲਾਈ ਨੂੰ ਹੋਈ ਮੀਟਿੰਗ ਵਿੱਚ ਮਤਾ ਪਾਸ ਕਰਨ ਤੋਂ ਬਾਅਦ ਇਹ ਹਦਾਇਤ ਕੀਤੀ ਗਈ ਸੀ ਕਿ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਨੂੰ ਲੈ ਕੇ ਪੈਦਾ ਹੋਏ ਭੰਬਲਭੂਸੇ ਨੂੰ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੀ ਰੌਸ਼ਨੀ ਵਿੱਚ ਇਸ ਨੂੰ ਲਾਗੂ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਸੰਗਤ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਬਸੰਤੀ ਤੇ ਸੁਰਮਈ ਨਿਸ਼ਾਨ ਸਾਹਿਬ ਬਾਰੇ ਜਾਣਕਾਰੀ ਪ੍ਰਦਾਨ ਕਰੇ। ਇਸ ਨੂੰ ਲਾਗੂ ਕਰਨ ਲਈ ਸ਼੍ਰੋਮਣੀ ਕਮੇਟੀ ਨੇ 26 ਜੁਲਾਈ ਨੂੰ ਇੱਕ ਸਰਕੂਲਰ ਜਾਰੀ ਕੀਤਾ ਸੀ, ਜਿਸ ਤੋਂ ਬਾਅਦ ਟਕਸਾਲ ਔਖੀ ਹੋ ਗਈ ਸੀ। ਇਨ੍ਹਾਂ ਵਿੱਚ ਉਹ ਸਖਸ਼ੀਅਤਾਂ ਸ਼ਾਮਲ ਸਨ ਜੋ ਦਮਦਮੀ ਟਕਸਾਲ ਦੇ ਪ੍ਰਤੀ ਵਫ਼ਾਦਾਰ ਸਨ।

ਬਾਬਾ ਬੰਤਾ ਸਿੰਘ, ਜੋ ਕਿ ਟਕਸਾਲ ਦੇ ਪ੍ਰਤੀ ਨਿਸ਼ਠਾ ਰੱਖਦੇ ਹਨ ਅਤੇ ਮੰਜੀ ਸਾਹਿਬ ਸਟੇਜ ਤੋਂ ਪ੍ਰਵਚਨ ਵੀ ਕਰਦੇ ਹਨ, ਨੇ ਆਪਣੇ ਫੇਸਬੁੱਕ ਪੇਜ 'ਤੇ ਇਹ ਕਹਿ ਕੇ ਦੂਹਰੇ ਸਟੈਂਡਰਡ ਦੇ ਵਿਚਾਰ ਦਾ ਸਹਾਰਾ ਲਿਆ ਕਿ ਉਹ ਅਕਾਲ ਤਖ਼ਤ ਦੇ ਹੁਕਮਾਂ ਦੀ ਪਾਲਣਾ ਕਰਨਗੇ ਤੇ ਦੂਜੇ ਪਾਸੇ 'ਕੇਸਰੀ' ਰੰਗ ਦੀ ਮਹੱਤਤਾ ਨੂੰ ਰੇਖਾਂਕਿਤ ਕਰਨ ਲਈ ਇੱਕ ਵੀਡੀਓ ਵੀ ਪੋਸਟ ਕੀਤੀ ਹੈ। .

ਫੇਸਬੁੱਕ ਪੇਜ, "ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ", ਜੋ ਕਿ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦੇ ਪ੍ਰਵਚਨ ਲਗਾਤਾਰ ਪੋਸਟ ਕਰਦਾ ਹੈ, ਨੇ ਪਿਛਲੇ ਹਫ਼ਤੇ ਨਿਸ਼ਾਨ ਸਾਹਿਬ ਦੇ 'ਕੇਸਰੀ' ਰੰਗ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਦੇ ਭਾਸ਼ਣ ਦੀਆਂ ਕੁਝ ਵੀਡੀਓਜ਼ ਪੋਸਟ ਕੀਤੀਆਂ ਸਨ। ਬਾਅਦ ਵਿੱਚ, ਜਨਤਕ ਖੇਤਰ ਵਿੱਚ ਇਸ ਮੁੱਦੇ 'ਤੇ ਉਨ੍ਹਾਂ ਦੇ ਪੱਖ ਤੋਂ ਕੁਝ ਵੀ ਸਾਹਮਣੇ ਨਹੀਂ ਆਇਆ।

ਹਾਲਾਂਕਿ ਦਮਦਮੀ ਟਕਸਾਲ ਦੇ ਇੱਕ ਹੋਰ ਧੜੇ ਦੇ ਮੁਖੀ ਅਮਰੀਕ ਸਿੰਘ ਅਜਨਾਲਾ ਬਸੰਤੀ ਨਿਸ਼ਾਨ ਸਾਹਿਬ ਦੇ ਵਿਰੋਧ ਵਿੱਚ ਸਪੱਸ਼ਟ ਤੌਰ 'ਤੇ ਸਨ। ਟਕਸਾਲ ਦੇ ਇਨ੍ਹਾਂ ਦੋ ਧੜਿਆਂ ਨੂੰ ਛੱਡ ਕੇ ਕਿਸੇ ਹੋਰ ਸਿੱਖ ਸੰਪਰਦਾ (ਰਵਾਇਤੀ ਧੜੇ) ਨੇ ਸਿੰਘ ਸਾਹਿਬਾਨਾਂ ਅਤੇ ਸ਼੍ਰੋਮਣੀ ਕਮੇਟੀ ਦੇ ਤਾਜ਼ਾ ਨਿਰਦੇਸ਼ਾਂ ਨਾਲ ਅਸਹਿਮਤੀ ਨਹੀਂ ਪ੍ਰਗਟਾਈ ਹੈ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਫੇਸਬੁਕ ਪੇਜ 'ਤੇ ਨਿਸ਼ਾਨ ਸਾਹਿਬ ਦੀਆਂ ਤਸਵੀਰਾਂ ਨੂੰ ਨਿਸ਼ਾਨ ਸਾਹਿਬ ਦੇ ਇਤਿਹਾਸਕ ਨਵੇਂ ਰੰਗ ਬਸੰਤੀ ਨੂੰ ਪੋਸਟ ਕਰਕੇ ਇਸ ਕਦਮ ਦਾ ਸਵਾਗਤ ਕੀਤਾ ਹੈ।

ਆਈਪੀ ਸਿੰਘ ਦੀ ਇਸ ਸਟੋਰੀ ਤੋਂ ਸਪਸ਼ਟ ਹੈ ਕਿ ਸਮੁਚਾ ਸਿਖ ਪੰਥ ਸ੍ਰੀ ਅਕਾਲ ਤਖਤ ਸਾਹਿਬ ਦੇ ਇਸ ਫੈਸਲੇ ਨਾਲ ਸਹਿਮਤ ਹੈ। ਇਥੋਂ ਤਕ ਬਾਬਾ ਸਰਬਜੋਤ ਸਿੰਘ ਬੇਦੀ ਅੰਸ਼ ਵੰਸ਼ਜ ਖਾਲਸਾ ਰਾਜ ਦੇ ਬਾਨੀ ਤੇ ਅਠਾਰਵੀਂ ਸਦੀ ਦੇ ਜਥੇਦਾਰ ਅਕਾਲ ਤਖਤ ਬਾਬਾ ਸਾਹਿਬ ਸਿੰਘ ਬੇਦੀ ਨੇ ਅਕਾਲ ਤਖਤ ਸਾਹਿਬ ਦੇ ਪੰਥਕ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਠਾਰਵੀ ਸਦੀ ਦੌਰਾਨ ਦੋ ਰੰਗ ਹੀ ਸਨ ਬਸੰਤੀ ਤੇ ਸੁਰਮਈ। ਬਸੰਤੀ ਰੰਗ ਸਰੋਂ ਦੇ ਫੁਲ ਵਰਗਾ ਨਹੀਂ ਥੋੜਾ ਗੂੜਾ ਹੁੰਦਾ ਸੀ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਪੁਰਾਤਨ ਨਿਸ਼ਾਨ ਸਾਹਿਬ ਦੀ ਖੋਜ ਕਰਕੇ ਜੋ ਅਠਾਰਵੀਂ ਸਦੀ ਵਿਚ ਸਨ ਉਸਨੂੰ ਬਹਾਲ ਕਰੇ।

ਯਾਦ ਰਹੇ ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ 

ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਵਿਚਲੇ ਗੁਰਦੁਆਰਿਆਂ ਵਿੱਚ ਸਥਾਪਿਤ ਨਿਸ਼ਾਨ ਸਾਹਿਬਾਨ ਦੇ ਚੋਲਿਆਂ ਦੇ ਰੰਗ ਬਦਲਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਤਹਿਤ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਸਮੇਤ ਕੰਪਲੈਕਸ ਵਿੱਚ ਲਗਭਗ 13 ਨਿਸ਼ਾਨ ਸਾਹਿਬਾਨ ਦੇ ਚੋਲੇ ਕੇਸਰੀ ਤੋਂ ਬਸੰਤੀ ਰੰਗ ਵਿੱਚ ਬਦਲੇ ਗਏ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਅਰਦਾਸ ਮਗਰੋਂ ਜੈਕਾਰਿਆਂ ਦੀ ਗੂੰਜ ਵਿੱਚ ਮੀਰੀ ਪੀਰੀ ਦੇ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਬਦਲੇ ਗਏ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ, ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ, ਲਾਚੀ ਬੇਰ, ਬੇਰ ਬਾਬਾ ਬੁੱਢਾ ਸਾਹਿਬ, ਦੁਖ ਭੰਜਣੀ ਬੇਰੀ, ਸ੍ਰੀ ਦਰਬਾਰ ਸਾਹਿਬ ਦੀ ਮੁੱਖ ਇਮਾਰਤ, ਬਾਬਾ ਦੀਪ ਸਿੰਘ ਸ਼ਹੀਦ ਦਾ ਅਸਥਾਨ, ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਅਤੇ ਹੋਰ ਥਾਈਂ ਨਿਸ਼ਾਨ ਸਾਹਿਬਾਨ ਦੇ ਨਵੇਂ ਰੰਗ ਦੇ ਪੁਸ਼ਾਕੇ ਪਹਿਨਾਏ ਗਏ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਇਨ੍ਹਾਂ ਤੋਂ ਇਲਾਵਾ ਗੁਰਦੁਆਰਾ ਸ਼ਹੀਦਾਂ ਸਮੇਤ ਕੁੱਲ 18 ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਪਹਿਲੇ ਦਿਨ ਬਦਲੇ ਗਏ ਹਨ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਹੋਰ ਗੁਰਦੁਆਰਿਆਂ ਦੇ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਵੀ ਬਦਲ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਗਿਆ ਸੀ ਕਿ ਸਿੱਖ ਸੰਸਥਾ ਦੇ ਪ੍ਰਬੰਧ ਹੇਠਲੇ ਸਮੂਹ ਗੁਰਦੁਆਰਿਆਂ ਵਿੱਚ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਵਿੱਚ ਦਰਸਾਏ ਗਏ ਨਿਸ਼ਾਨ ਸਾਹਿਬ ਦੇ ਚੋਲੇ ਦੇ ਰੰਗ ਨੂੰ ਅਪਣਾਇਆ ਜਾਵੇ। ਰਹਿਤ ਮਰਿਆਦਾ ਵਿੱਚ ਨਿਸ਼ਾਨ ਸਾਹਿਬਾਨ ਦੇ ਚੋਲੇ ਦਾ ਰੰਗ ਬਸੰਤੀ ਅਤੇ ਸੁਰਮਈ ਦੱਸਿਆ ਗਿਆ ਹੈ।

ਸ੍ਰੀ ਅਕਾਲ ਤਖ਼ਤ ਵਿਖੇ ਵੱਖ ਵੱਖ ਸਿੱਖ ਜਥੇਬੰਦੀਆਂ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਗੁਰਦੁਆਰਿਆਂ ਵਿੱਚ ਸਿੱਖ ਰਹਿਤ ਮਰਿਆਦਾ ਵਿੱਚ ਦਰਸਾਏ ਗਏ ਨਿਸ਼ਾਨ ਸਾਹਿਬਾਨ ਦੇ ਚੋਲੇ ਦੇ ਰੰਗ ਦੀ ਥਾਂ ਭਗਵੇਂ ਰੰਗ ਦੇ ਚੋਲੇ ਚੜ੍ਹਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 85 ਤਹਿਤ ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ 70 ਤੋਂ ਵਧ ਇਤਿਹਾਸਕ ਗੁਰਦੁਆਰੇ ਹਨ, ਜਦੋਂ ਕਿ ਧਾਰਾ 87 ਤਹਿਤ ਸਥਾਨਕ ਕਮੇਟੀਆਂ ਦੇ ਪ੍ਰਬੰਧ ਹੇਠਲੇ 150 ਤੋਂ ਵੱਧ ਗੁਰਦੁਆਰੇ ਹਨ ਜਿੱਥੇ ਹੁਣ ਨਿਸ਼ਾਨ ਸਾਹਿਬਾਨ ਦੇ ਪੁਸ਼ਾਕੇ ਦਾ ਰੰਗ ਤਬਦੀਲ ਹੋਵੇਗਾ। ਸ੍ਰੀ ਅਕਾਲ ਤਖ਼ਤ ਦਾ ਆਦੇਸ਼ ਸਾਰੇ ਗੁਰਦੁਆਰਿਆਂ 'ਤੇ ਲਾਗੂ ਹੁੰਦਾ ਹੈ, ਇਸ ਲਈ ਦੇਸ਼-ਵਿਦੇਸ਼ ਵਿੱਚ ਗੁਰਦੁਆਰਿਆਂ 'ਚ ਸਥਾਪਿਤ ਨਿਸ਼ਾਨ ਸਾਹਿਬਾਨ ਦੇ ਚੋਲਿਆਂ ਦਾ ਰੰਗ ਵੀ ਤਬਦੀਲ ਹੋਵੇਗਾ।

### ਭਗਵੇਂ ਨਿਸ਼ਾਨ ਸਾਹਿਬ ਬਾਰੇ ਜਦੋਂ ਮੈਂ ਅਵਾਜ਼ ਉਠਾਈ

ਜਦੋਂ ਕ੍ਰਿਪਾਲ ਸਿੰਘ ਬਡੂੰਗਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸਨ ਤਾਂ ਜਲੰਧਰ ਵਿਚ ਪ੍ਰੈਸ ਕਾਨਫਰੰਸ ਸੀ ਤਾਂ ਉਦੋਂ ਮੈਂ ਹਿੰਦ ਸਮਾਚਾਰ ਅਦਾਰੇ ਦਾ ਵਿਸ਼ੇਸ਼ ਪਤਰਕਾਰ ਸੀ ਤੇ ਮੇਰੇ ਕੋਲ ਸਿਖ ਰਾਜਨੀਤੀ ਤੇ ਪੰਥਕ ਬੀਟ ਸੀ। ਮੈਂ ਉਸ ਸਮੇਂ ਬਡੂੰਗਰ ਜੀ ਕੋਲ ਸੁਆਲ ਕੀਤਾ ਕਿ ਖਾਲਸਾ ਰਾਜ ਦੇ ਨਿਸ਼ਾਨ ਬਸੰਤੀ ਹਨ ਜੋ ਰੋਪੜ ਕੋਲ ਮੌਜੂਦ ਹਨ ਤੇ ਅਕਾਲ ਤਖਤ ਸਾਹਿਬ ਦੀ ਪੰਥ ਪ੍ਰਵਾਨਿਤ ਮਰਿਯਾਦਾ ਅਨੁਸਾਰ ਬਸੰਤੀ ਜਾਂ ਸੁਰਮਈ ਹਨ। ਪਰ ਦਰਬਾਰ ਸਾਹਿਬ ਕੰਪਲੈਕਸ ਤੇ ਇਤਿਹਾਸਕ ਗੁਰਦੁਆਰਿਆਂ ਵਿਚ ਭਗਵੇਂ ਕਿਉਂ ਹਨ? ਇਸ ਗੱਲ ਦਾ ਜੁਆਬ ਬਡੂੰਗਰ ਸਾਬ ਨਹੀਂ ਦੇ ਸਕੇ। ਸ਼੍ਰੋਮਣੀ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਤੁਸੀਂ ਪੱਤਰਕਾਰ ਵਿਵਾਦ ਨਾ ਫੈਲਾਉ। ਮੈਂ ਅਗੋਂ ਕਿਹਾ ਕਿ ਤੁਸੀਂ ਸ਼੍ਰੋਮਣੀ ਕਮੇਟੀ ਮੈਂਬਰ ਹੋ ਤੇ ਅਕਾਲ ਤਖਤ ਦੀ ਮਰਿਆਦਾ ਅਨੁਸਾਰ ਦਲੀਲ ਦੇਵੋ। ਬਡੂੰਗਰ ਸਾਬ ਕਹਿਣ ਲਗੇ ਕਈ ਵਾਰ ਰੰਗਾਂ ਵਿਚ ਫਰਕ ਪੈ ਜਾਂਦਾ ਹੈ, ਪੜਤਾਲ ਕਰਕੇ ਠੀਕ ਕਰਵਾਂਗੇ।ਇਹ ਮਸਲਾ ਮੈਂ ਜਥੇਦਾਰ ਵੇਦਾਂਤੀ ਸਾਹਿਬ ਸਮੇਂ ਵੀ ਚੁਕਿਆ, ਪਰ ਉਹ ਕੋਈ ਸਾਰਥਕ ਜੁਆਬ ਨਹੀਂ ਦੇ ਸਕੇ। ਇਹਨਾਂ ਘਟਨਾਵਾਂ ਨੂੰ 25 ਸਾਲ ਹੋ ਗਏ ਹਨ। ਫੈਸਲਾ ਹੁਣ ਪੰਥਕ ਸੋਚ ਅਨੁਸਾਰ ਹੋਇਆ ਹੈ। ਇਸ ਦਾ ਸਮੁਚੇ ਸਿਖ ਪੰਥ ਵਲੋਂ ਸਵਾਗਤ ਕਰਨਾ ਚਾਹੀਦਾ ਹੈ। ਚਲੋ ਅਕਾਲੀ ਦਲ ਵੀ ਪੰਥਕ ਰੰਗ ਵਿਚ ਪਰਤਿਆ। ਇਸ ਦਾ ਵੀ ਸਵਾਗਤ ਹੈ ਖ਼ਬਰਾਂ ਉਸਨੇ ਸਿਖ ਦਾਰਸ਼ਨਿਕ ਤੇ ਸਿਧਾਂਤਕ ਪਹੁੰਚ ਵਲ ਸਫਰ ਕਰਨਾ ਹੈ।

* * * * * * * *

# ਸਿੱਖ ਕੌਮ ਨੂੰ ਇਕ ਲੜੀ ਵਿਚ ਪਰੋਣ ਲਈ ਇਕ 'ਆਲ ਇੰਡੀਆ ਗੁਰਦੁਆਰਾ ਐਕਟ' ਦੀ ਲੋੜ

## ✪ ਸ਼੍ਰੋਮਣੀ ਕਮੇਟੀ ਇਸ ਬਾਰੇ ਉਦਮ ਕਰੇ



ਅਕਾਲੀ ਲੀਡਰਸ਼ਿਪ ਨੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਨੂੰ ਠੰਢੇ ਬਸਤੇ ਵਿਚ ਪਾ ਕੇ ਸਿੱਖ ਕੌਮ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਬੇਸ਼ੱਕ ਹੁਣ ਆਲ ਇੰਡੀਆ ਗੁਰਦੁਆਰਾ ਐਕਟ ਬਣਵਾਉਣਾ ਸੌਖਾ ਨਹੀਂ, ਪਰ ਅਜੇ ਵੀ ਇਹ ਅਸੰਭਵ ਤੇ ਨਹੀਂ। ਇਸ ਨੂੰ ਫੈਡਰਲ (ਸੰਘਾਤਮਿਕ) ਤਰਜ਼ ਦਾ ਆਲ ਇੰਡੀਆ ਐਕਟ ਬਣਾਇਆ ਜਾ ਸਕਦਾ ਹੈ। ਬੇਸ਼ੱਕ ਹਾਲ ਦੀ ਘੜੀ ਅਕਾਲੀ ਲੀਡਰਸ਼ਿਪ ਆਪਸੀ ਲੜਾਈ ਵਿਚ ਉਲਝੀ ਹੋਈ ਹੈ ਪਰ ਇਹ ਲੜਾਈ ਸਦਾ ਤਾਂ ਜਾਰੀ ਨਹੀਂ ਰਹਿਣੀ। ਇਸਦਾ ਕੋਈ ਹੱਲ ਨਿਕਲੇਗਾ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਇਸ ਨੂੰ ਅੱਗੇ ਵਧਾ ਸਕਦੀ ਹੈ।

ਸਾਡੀ ਜਾਣਕਾਰੀ ਅਨੁਸਾਰ ਆਲ ਇੰਡੀਆ ਗੁਰਦੁਆਰਾ ਐਕਟ ਦਾ ਖਰੜਾ 2 ਜਾਂ 3 ਵਾਰ ਬਣ ਚੁੱਕਾ ਹੈ। ਆਖਰੀ ਖਰੜਾ ਸ਼ਾਇਦ ਜਸਟਿਸ ਕੇ.ਐੱਸ. ਟਿਵਾਣਾ ਦੀ ਅਗਵਾਈ ਵਾਲੇ 7 ਮੈਂਬਰੀ ਪੈਨਲ ਨੇ ਬਣਾਇਆ ਸੀ। ਇਸ ਪੈਨਲ ਵਿਚ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਉਸ ਵੇਲੇ ਦੇ ਸ਼੍ਰੋਮਣੀ ਦੇ ਕਮੇਟੀ ਪ੍ਰਧਾਨ ਵੀ ਮੈਂਬਰ ਸਨ। ਇਹ ਠੀਕ ਹੈ ਕਿ ਇਹ ਖਰੜਾ ਹੁਣ ਸ਼ਾਇਦ ਅੱਜ ਦੇ ਹਾਲਾਤ ਮੁਤਾਬਿਕ ਪੂਰੀ ਤਰ੍ਹਾਂ ਫਿਟ ਨਾ ਬੈਠਦਾ ਹੋਵੇ, ਕਿਉਂਕਿ ਇਸ ਦਰਮਿਆਨ ਗੁਰਦੁਆਰਾ ਪ੍ਰਬੰਧ ਵਿਚ ਬਹੁਤ ਕੁਝ ਬਦਲ ਚੁੱਕਾ ਹੈ ਪਰ ਇਸ ਵਿਚ ਅੱਜ ਦੇ ਹਾਲਾਤ ਦੀ ਨਜ਼ਰਸਾਨੀ ਕਰਕੇ ਅਤੇ ਲੋੜੀਂਦੀਆਂ ਸੋਧਾਂ ਕਰਕੇ ਸਿੱਖ ਕੌਮ ਨੂੰ ਇਕ ਲੜੀ ਵਿਚ ਪਰੋਣ ਲਈ ਇਕ 'ਆਲ ਇੰਡੀਆ ਗੁਰਦੁਆਰਾ ਐਕਟ' ਦੀ ਅੱਜ ਵੀ ਲੋੜ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਖਰੜੇ ਨੂੰ ਜਨਤਕ ਕਰਕੇ ਸਿੱਖਾਂ ਦੀਆਂ ਵੱਖ-ਵੱਖ ਸੰਸਥਾਵਾਂ, ਸੰਪਰਦਾਵਾਂ, ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ ਤੇ ਹੋਰ ਸਿੱਖ ਧਾਰਮਿਕ ਸ਼ਖ਼ਸੀਅਤਾਂ ਤੇ ਵਿਦਵਾਨਾਂ ਦੀ ਰਾਏ ਲੈ ਕੇ ਅੱਜ ਦੀ ਜ਼ਰੂਰਤ ਮੁਤਾਬਿਕ ਆਲ ਇੰਡੀਆ ਗੁਰਦੁਆਰਾ ਐਕਟ ਬਣਵਾਉਣ ਲਈ ਫਿਰ ਤੋਂ ਨਵੀਂ ਸ਼ੁਰੂਆਤ ਕਰੇ।

ਗੌਰਤਲਬ ਹੈ ਇਸ ਖਰੜੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਹਟਾਉਣ ਦੇ ਵਿਧੀ ਵਿਧਾਨ ਸੰਬੰਧੀ ਵੀ ਸੁਝਾਅ ਦਿੱਤੇ ਹੋਏ ਹਨ। ਜਾਣਕਾਰੀ ਅਨੁਸਾਰ ਇਸ ਖਰੜੇ ਵਿਚ ਕਿਹਾ ਗਿਆ ਹੈ ਕਿ ਜਥੇਦਾਰ ਬਣਨ ਦੇ ਚਾਹਵਾਨ ਤੇ ਆਪਣੇ-ਆਪ ਨੂੰ ਇਸ ਅਹੁਦੇ ਦੇ ਕਾਬਲ ਸਮਝਣ ਵਾਲੇ ਵਿਅਕਤੀ ਵਕਤ ਆਉਣ 'ਤੇ ਇਸ ਅਹੁਦੇ ਲਈ ਨਿਸ਼ਚਿਤ ਸਮੇਂ ਅੰਦਰ ਆਪਣੀਆਂ ਸੰਖੇਪ ਜੀਵਨੀਆਂ ਤੇ ਪ੍ਰਾਪਤੀਆਂ ਦਾ ਲੇਖਾ-ਜੋਖਾ ਪੇਸ਼ ਕਰਨ।

ਇਹ ਚਾਹਵਾਨ 15-15 ਦਿਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਕਥਾ ਕਰਨ ਤਾਂ ਜੋ ਸਭ ਨੂੰ ਉਨ੍ਹਾਂ ਦੀ ਸਿੱਖ ਇਤਿਹਾਸ, ਗੁਰਬਾਣੀ ਦੀ ਸਮਝ ਬਾਰੇ ਪਤਾ ਲੱਗ ਸਕੇ। ਇਸ ਵੇਲੇ ਸਾਰੇ ਸਿੱਖਾਂ ਅਤੇ ਸਿੱਖ ਸੰਸਥਾਵਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਵੇ ਕਿ ਉਨ੍ਹਾਂ ਬਾਰੇ ਆਪਣੇ ਵਿਚਾਰ ਤੇ ਸੁਝਾਅ ਪੇਸ਼ ਕਰਨ। ਇਸ ਉਪਰੰਤ ਬਹੁਮਤ ਦੀ ਸਲਾਹ ਦੀ ਰੌਸ਼ਨੀ ਵਿਚ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਜਥੇਦਾਰਾਂ ਦੀ ਨਿਯੁਕਤੀ ਕਰੇ। ਜਾਣਕਾਰੀ ਅਨੁਸਾਰ ਇਸ ਖਰੜੇ ਅਨੁਸਾਰ ਜਥੇਦਾਰ ਨੂੰ ਹਟਾਉਣ ਲਈ ਸ਼੍ਰੋਮਣੀ ਕਮੇਟੀ ਐਗਜ਼ੈਕਟਿਵ ਸਮਰੱਥ ਨਹੀਂ ਹੋਵੇਗੀ ਤੇ ਨਾ ਹੀ ਪ੍ਰਧਾਨ, ਸਗੋਂ ਜੇਕਰ ਜਥੇਦਾਰ ਤੋਂ ਧਰਮ ਪ੍ਰਤੀ ਕੋਈ ਨਾ-ਕਾਬਲ-ਏ-ਬਰਦਾਸ਼ਤ ਗ਼ਲਤੀ ਹੁੰਦੀ ਹੈ ਤਾਂ ਹਟਾਉਣ ਲਈ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦਾ ਦੋ ਤਿਹਾਈ ਬਹੁਮਤ ਹੋਣਾ ਜ਼ਰੂਰੀ ਹੋਵੇਗਾ। ਇਹ ਸਥਿਤੀ ਜਥੇਦਾਰ ਨੂੰ ਨਿਡਰਤਾ ਨਾਲ ਕੰਮ ਕਰਨ ਲਈ ਕਾਫੀ ਖੁੱਲ੍ਹ ਦੇ ਸਕਦੀ ਹੈ ਪਰ ਜੇਕਰ ਆਲ ਇੰਡੀਆ ਗੁਰਦੁਆਰਾ ਐਕਟ ਬਣ ਜਾਵੇ ਤਾਂ ਸਿਰਫ਼ ਸ਼੍ਰੋਮਣੀ ਕਮੇਟੀ ਹੀ ਨਹੀਂ, ਸਗੋਂ ਉਸ ਨਾਲ ਜੁੜੀਆਂ ਬਾਕੀ ਕਮੇਟੀਆਂ ਦੇ ਦੋ ਤਿਹਾਈ ਬਹੁਮਤ ਦੀ ਲੋੜ ਪਵੇਗੀ ਤੇ ਇਨ੍ਹਾਂ ਵਲੋਂ ਬਹੁਸੰਮਤੀ ਨਾਲ ਹੀ ਜਥੇਦਾਰ ਨੂੰ ਹਟਾਇਆ ਜਾ ਸਕੇਗਾ। ਇਹ ਸਥਿਤੀ ਜਥੇਦਾਰ ਸਾਹਿਬਾਨ ਨੂੰ ਇਕ ਆਜ਼ਾਦ ਹਸਤੀ ਵਜੋਂ ਕੰਮ ਕਰਨ ਦੇ ਸਮਰੱਥ ਬਣਾ ਸਕੇਗੀ।

ਪਰ ਮਸਲਾ ਇਹ ਹੈ ਕਿ ਅਕਾਲੀ ਲੀਡਰਸ਼ਿਪ ਵਲੋਂ ਆਲ ਇੰਡੀਆ ਗੁਰਦੁਆਰਾ ਐਕਟ ਦੀ ਲੋੜ ਕਿਉਂ ਨਹੀਂ ਸਮਝੀ ਜਾ ਰਹੀ ਕੀ ਸਮੁਚਾ ਗੁਰਦੁਆਰਾ ਪ੍ਰਬੰਧ ਸਿਖ ਪੰਥ ਦੀ ਅਗਵਾਈ ਤੇ ਪ੍ਰਬੰਧਾਂ ਵਿਚ ਆਵੇ। ਸਰਕਾਰੀ ਬੋਰਡ ਖਤਮ ਹੋਣ। ਸਰਕਾਰ ਦੀ ਦਖਲਅੰਦਾਜ਼ੀ ਖਤਮ ਹੋਵੇ।

## ਹੀਟ ਵੇਵ ਨਾਲ ਮਰਨ ਵਾਲਿਆਂ ਦੇ ਮਾਮਲੇ ਵਿਚ ਪੰਜਾਬ ਰਾਜਸਥਾਨ ਤੋਂ ਅਗੇ

### ✪ ਸੂਬਾ ਸਰਕਾਰ ਹੀਟ ਵੇਵ ਨਾਲ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਦੀ ਬਾਂਹ ਫੜਨ ਵਿਚ ਅਸਫਲ ਰਹੀ

ਰਾਮਪੁਰਾ ਫੂਲ-ਹੀਟ ਵੇਵ ਨਾਲ ਮਰਨ ਵਾਲਿਆਂ ਦੇ ਮਾਮਲੇ ਵਿਚ ਰਾਜਸਥਾਨ ਦੇ ਸੇਕ ਨੂੰ ਪੰਜਾਬ ਪਿੱਛੇ ਛੱਡ ਗਿਆ ਹੈ। 'ਹੀਟ ਵੇਵ' ਨਾਲ ਹੋ ਰਹੀਆਂ ਮੌਤਾਂ ਦੇ ਮਾਮਲੇ ਵਿਚ ਰਾਜਸਥਾਨ ਦੇ ਨਾਲ-ਨਾਲ ਪੰਜਾਬ ਦੀ ਹਾਲਤ ਹੋਰਨਾਂ ਕਈ ਸੂਬਿਆਂ ਦੇ ਮੁਕਾਬਲੇ ਮਾੜੀ ਬਣੀ ਹੋਈ ਹੈ। ਹਾਲਾਂਕਿ ਇਸ ਮਾਮਲੇ ਵਿਚ ਦੇਸ਼ ਦੇ ਹੋਰ ਵੀ ਕਈ ਸੂਬਿਆਂ ਦੀ ਸਥਿਤੀ ਪੰਜਾਬ ਨਾਲੋਂ ਬਿਹਤਰ ਬਣੀ ਹੋਈ ਹੈ। ਭਾਰਤ ਸਰਕਾਰ ਦੇ ਵਿਗਿਆਨ ਤੇ ਤਕਨਾਲੋਜੀ ਮੰਤਰਾਲੇ ਨੇ ਲੋਕ ਸਭਾ ਅੰਦਰ ਇਕ ਸਵਾਲ ਦੇ ਜਵਾਬ ਵਿਚ ਨੈਸ਼ਨਲ ਕਰਾਇਮ ਰਿਕਾਰਡ ਬਿਊਰੋ ਤੋਂ ਪ੍ਰਾਪਤ ਕੀਤੀ ਜਾਣਕਾਰੀ ਰਾਹੀਂ ਦੱਸਿਆ ਹੈ ਕਿ ਹੀਟ ਵੇਵ ਕਾਰਨ ਸਾਲ 2013 ਤੋਂ 2022 ਦਰਮਿਆਨ ਭਾਰਤ ਦੇ ਵੱਖ-ਵੱਖ ਰਾਜਾਂ ਵਿਚ 10,635 ਲੋਕ ਹੀਟ ਵੇਵ ਕਾਰਨ ਹੋਈਆਂ। ਇਸੇ ਤਰ੍ਹਾਂ ਪੰਜਾਬ 'ਚ 1030, ਰਾਜਸਥਾਨ ਵਿਚ 343, ਹਰਿਆਣਾ ਵਿਚ 461, ਪੱਛਮੀ ਬੰਗਾਲ 'ਚ 324 ਤੇ ਬਿਹਾਰ ਵਿਚ 938 ਮੌਤਾਂ ਹੋਈਆਂ ਹਨ। ਹਾਲਾਂਕਿ ਗੋਆ, ਕੇਰਲਾ, ਦਮਨ ਐਂਡ ਦਿਓ, ਲਕਸ਼ਦੀਪ, ਪਾਡੇਂਚਿਰੀ, ਜੰਮੂ ਕਸ਼ਮੀਰ, ਲਦਾਖ਼ ਅਤੇ ਚੰਡੀਗੜ੍ਹ ਆਦਿ ਵਿਚ ਹੀਟ ਵੇਵ ਨਾਲ ਕੋਈ ਮੌਤ ਨਾ ਹੋਣ ਦੀਆਂ ਵੀ ਸੂਚਨਾਵਾਂ ਹਨ । ਦੂਜੇ ਪਾਸੇ ਭਾਰਤ ਸਰਕਾਰ ਨੇ ਸਪੱਸ਼ਟ ਕਿਹਾ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਵਿਸ਼ਵ ਪੱਧਰ 'ਤੇ ਸਾਲਾਨਾ ਤਾਪਮਾਨ ਵੱਧ ਰਿਹਾ ਹੈ । ਜਲੰਧਰ ਤੋਂ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਵਲੋਂ ਲੋਕ ਸਭਾ 'ਚ ਪੁੱਛੇ ਗਏ ਸਵਾਲ ਕਿ ਗਰਮੀ ਕਾਰਨ ਮਰਨ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਸਰਕਾਰ ਵਲੋਂ ਕੋਈ ਮੁਆਵਜ਼ਾ ਦਿੱਤਾ ਗਿਆ ਹੈ, ਜੇਕਰ ਹਾਂ ਤਾਂ ਉਸ ਦਾ ਵੇਰਵਾ ਦੱਸਿਆ ਜਾਵੇ ਦੇ ਜਵਾਬ ਵਿਚ ਵਿਗਿਆਨ ਤੇ ਤਕਨਾਲੋਜੀ ਮੰਤਰਾਲੇ ਦੇ ਡਾਕਟਰ ਜਤਿੰਦਰ ਸਿੰਘ ਨੇ ਕਿਹਾ ਹੈ ਕਿ ਭਾਰਤੀ ਮੌਸਮ ਵਿਭਾਗ ਦੇਸ਼ ਦੇ ਵੱਖ-ਵੱਖ ਖੋਜ ਕੇਂਦਰਾਂ ਦੇ ਨਾਲ ਤਾਲਮੇਲ ਵਿਚ ਨਿਗਰਾਨੀ, ਸ਼ੁਰੂਆਤੀ ਚਿਤਾਵਨੀ ਪ੍ਰਣਾਲੀਆਂ ਵਿਚ ਸੁਧਾਰ ਕਰਨ ਲਈ ਕਈ ਕਦਮ ਚੁੱਕੇ ਗਏ ਹਨ ਜਿਸ ਨਾਲ ਗਰਮੀ ਦੀਆਂ ਲਹਿਰਾਂ ਸਮੇਤ ਮੌਸਮੀ ਘਟਨਾਵਾਂ ਦੌਰਾਨ ਜਾਨ ਤੇ ਮਾਲ ਦੇ ਨੁਕਸਾਨ ਨੂੰ ਘੱਟ ਕਰਨ ਵਿਚ ਮਦਦ ਮਿਲਦੀ ਹੈ। ਰਾਜ ਆਫ਼ਤ ਪ੍ਰਬੰਧਨ ਅਥਾਰਟੀਆਂ ਕੋਲ ਸਟੇਟ ਡਿਜ਼ਾਸਟਰ ਰਿਸਪਾਂਸ ਫ਼ੰਡ ਤੇ ਸਟੇਟ ਡਿਜ਼ਾਸਟਰ ਮਿਟੀਗੇਸਨ ਫ਼ੰਡ ਸਰੋਤ ਉਪਲਬਧ ਹਨ। ਜੇਕਰ ਰਾਜਾਂ ਵਲੋਂ ਬੇਨਤੀ ਕੀਤੀ ਜਾਂਦੀ ਹੈ ਤਾਂ ਕੇਂਦਰ ਸਰਕਾਰ ਵੀ ਇਸ ਮਾਮਲੇ 'ਤੇ ਗ਼ੌਰ ਕਰਦੀ ਹੈ। ਹਾਲਾਂਕਿ ਸੂਬਾ ਸਰਕਾਰ ਹੀਟ ਵੇਵ ਨਾਲ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਦੀ ਬਾਂਹ ਫੜਨ 'ਚ ਅਸਫਲ ਹੀ ਰਹੀ ਹੈ। ਦੱਸਣਾ ਬਣਦਾ ਹੈ ਕਿ ਪੰਜਾਬ 'ਚ 3058 ਵਰਗ ਕਿੱਲੋਮੀਟਰ ਰਕਬਾ ਜੰਗਲਾਂ ਅਧੀਨ ਕਾਨੂੰਨੀ ਤੌਰ 'ਤੇ ਅਧਿਸੂਚਿਤ ਕੀਤਾ ਹੋਇਆ ਹੈ ਜੋ ਕਿ ਭੂਗੋਲਿਕ ਖੇਤਰ ਦਾ 6.1 ਫ਼ੀਸਦੀ ਬਣਦਾ ਹੈ । ਇਹ ਵੀ ਕਿ ਪੰਜਾਬ ਵਿਚ ਜੰਗਲਾਤ ਰਕਬੇ 'ਤੇ ਨਾਜਾਇਜ਼ ਕਬਜ਼ੇ ਤੇ ਦਰੱਖਤਾਂ ਦੀ ਕਟਾਈ ਦੇ ਮਾਮਲੇ ਤੇ ਸਰਕਾਰ ਖ਼ਾਮੋਸ਼ ਬਣੀ ਹੋਈ ਹੈ।

## ਹਿੰਦੂ ਆਗੂ ਵਿਕਾਸ ਬੱਗਾ ਦੇ ਕਤਲ ਕੇਸ ਵਿਚ ਲੋੜੀਂਦਾ ਦੋਸ਼ੀ ਭਗਵਾਂ ਨਿਕਲਿਆ, ਹੋਇਆ ਗ੍ਰਿਫ਼ਤਾਰ



ਲੁਧਿਆਣਾ-ਕਾਊਂਟਰ ਇੰਟੈਲੀਜੈਂਸ (ਸੀ. ਆਈ.) ਲੁਧਿਆਣਾ ਅਤੇ ਕਮਿਸ਼ਨਰੇਟ ਪੁਲਿਸ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਨੰਗਲ ਦੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ. ਐਚ. ਪੀ.) ਆਗੂ ਦੇ ਕਤਲ ਮਾਮਲੇ ਵਿਚ ਲੋੜੀਂਦੇ ਵਿਅਕਤੀ ਮੁਕੁਲ ਮਿਸ਼ਰਾ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ. ਜੀ. ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਦੱਸਣਯੋਗ ਹੈ ਕਿ ਇਸ ਮਾਮਲੇ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ (ਐਨ. ਆਈ. ਏ.) ਵਲੋਂ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਿਕ ਇਸ ਸਾਲ 13 ਅਪ੍ਰੈਲ ਦੀ ਸ਼ਾਮ ਨੂੰ ਨੰਗਲ ਦੇ ਰੇਲਵੇ ਰੋਡ 'ਤੇ ਸਥਿਤ ਵੀ.ਐਚ.ਪੀ. ਨੰਗਲ ਮੰਡਲ ਦੇ ਪ੍ਰਧਾਨ ਵਿਕਾਸ ਪ੍ਰਭਾਕਰ ਉਰਫ਼ ਵਿਕਾਸ ਬੱਗਾ ਦੀ ਦੁਕਾਨ 'ਤੇ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ, ਜਿਨ੍ਹਾਂ ਦੀ ਪਹਿਚਾਣ ਮਨਦੀਪ ਉਰਫ਼ ਮੰਗੀ ਅਤੇ ਸੁਰਿੰਦਰ ਰਿੱਕਾ ਨੂੰ .32 ਬੋਰ ਦੇ ਦੋ ਪਿਸਤੌਲਾਂ ਅਤੇ ਅਪਰਾਧ ਵਿਚ ਵਰਤੀ ਗਈ ਸਕੂਟਰੀ ਸਮੇਤ ਗ੍ਰਿਫ਼ਤਾਰ ਕਰਨ ਤੋਂ ਚਾਰ ਮਹੀਨੇ ਬਾਅਦ ਪ੍ਰਾਪਤ ਹੋਈ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਸੀ.ਆਈ. ਲੁਧਿਆਣਾ ਨੇ ਲੁਧਿਆਣਾ ਕਮਿਸ਼ਨਰੇਟ ਪੁਲਿਸ ਨਾਲ ਜਾਣਕਾਰੀ ਸਾਂਝੀ ਕੀਤੀ ਤੇ ਪੰਜਾਬ ਤੇ ਜੰਮੂ-ਕਸ਼ਮੀਰ ਵਿਚ ਸਾਂਝੇ ਤੌਰ 'ਤੇ ਆਪਰੇਸ਼ਨ ਚਲਾਇਆ, ਜਿਸ ਨਾਲ ਦੋਸ਼ੀ ਮੁਕੁਲ ਮਿਸ਼ਰਾ ਵਾਸੀ ਜ਼ਿਲ੍ਹਾ ਗੋਂਡਾ, ਉਤਰ ਪ੍ਰਦੇਸ਼ (ਯੂਪੀ) ਨੂੰ ਗ੍ਰਿਫ਼ਤਾਰ ਕੀਤਾ ਗਿਆ।

# ਕੇਜਰੀਵਾਲ ਤੇ ਮੋਦੀ ਵਿਚਾਲੇ ਛਿੜੀ ਇਸ਼ਤਿਹਾਰਬਾਜ਼ੀ ਦੀ ਜੰਗ

**○ ਹਰਿਆਣਾ ਚੋਣਾਂ ਵਿਚ ਉਜਾੜਿਆ ਜਾ ਰਿਹਾ ਏ ਪੰਜਾਬ ਦਾ ਖਜਾਨਾ ○ ਨਿਯਮਾਂ ਦੀ ਉਲੰਘਣਾ ਕਾਰਣ ਕੇਂਦਰ ਸਰਕਾਰ ਪੰਜਾਬ ਦੇ ਪ੍ਰੋਜੈਕਟ ਕਰ ਰਹੀ ਏ ਬੰਦ**



ਸਰਕਾਰੀ ਇਸ਼ਤਿਹਾਰਾਂ ਰਾਹੀਂ ਆਪਣੇ ਅਕਸ ਚਮਕਾਉਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਦਾ ਮੁਕਾਬਲਾ ਸਿਰਫ਼ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਹੀ ਕਰ ਸਕਦੀ ਹੈ। ਹਰਿਆਣਾ ਵਿਚ ਅਗਲੇ ਦੋ ਮਹੀਨਿਆਂ ਵਿਚ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਹਰਿਆਣਾ ਦੇ ਨਾਲ ਲਗਦੇ ਸੂਬੇ ਪੰਜਾਬ ਵਿਚ 2027 'ਚ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ ਪਰ ਦੋਵਾਂ ਰਾਜਾਂ ਦੀਆਂ ਸਰਕਾਰਾਂ ਵਿਚਾਲੇ ਇਸ਼ਤਿਹਾਰਬਾਜ਼ੀ ਦੀ ਜੰਗ ਛਿੜ ਚੁੱਕੀ ਹੈ। ਦੋਵਾਂ ਰਾਜਾਂ ਦੀਆਂ ਸਰਕਾਰਾਂ ਦਿੱਲੀ ਦੇ ਅਖ਼ਬਾਰਾਂ 'ਚ ਰੋਜ਼ਾਨਾ ਘੱਟੋ ਘੱਟ ਇਕ-ਇਕ ਪੰਨੇ ਦਾ ਇਸ਼ਤਿਹਾਰ ਦੇ ਰਹੀਆਂ ਹਨ। ਹਰਿਆਣਾ 'ਚ ਅਜੇ ਚੋਣਾਂ ਹੋਣੀਆਂ ਹਨ, ਲਿਹਾਜ਼ਾ ਉਸ ਦਾ ਤਾਂ ਸਮਝਿਆ ਜਾ ਸਕਦਾ ਹੈ ਕਿ ਉੱਥੇ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਰਾਜ ਸਰਕਾਰ ਨੂੰ ਸਰਕਾਰੀ ਪੈਸਿਆਂ ਨਾਲ ਜੰਮ ਕੇ ਭਾਜਪਾ ਲਈ ਪ੍ਰਚਾਰ ਕਰਨਾ ਹੈ ਪਰ ਪੰਜਾਬ ਦਾ ਕੀ ਮਕਸਦ ਹੈ?

ਦਰਅਸਲ ਪੰਜਾਬ ਸਰਕਾਰ ਦੇ ਇੰਨੇ ਇਸ਼ਤਿਹਾਰ ਦੇਣ ਦਾ ਮਕਸਦ ਵੀ ਹਰਿਆਣਾ ਦੀਆਂ ਚੋਣਾਂ ਹੀ ਹਨ। ਪੰਜਾਬ ਦਾ ਖ਼ਜ਼ਾਨਾ ਹਰਿਆਣਾ ਚੋਣਾਂ ਉਪਰ ਉਜਾੜਿਆ ਜਾ ਰਿਹਾ ਹੈ।

ਆਮ ਆਦਮੀ ਪਾਰਟੀ ਨੇ ਹਰਿਆਣਾ ਦੀਆਂ ਸਾਰੀਆਂ 90 ਸੀਟਾਂ 'ਤੇ ਇਕੱਲਿਆਂ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਹਰਿਆਣਾ ਅਰਵਿੰਦ ਕੇਜਰੀਵਾਲ ਦਾ ਗ੍ਰਹਿ ਰਾਜ ਹੈ ਅਤੇ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਉੱਥੇ ਲਗਾਤਾਰ ਪ੍ਰਚਾਰ ਕਰ ਰਹੀ ਹੈ। ਪਿਛਲੀ ਵਾਰ ਵੀ ਪਾਰਟੀ ਨੇ ਹਰਿਆਣਾ 'ਚ ਚੋਣਾਂ ਲੜੀਆਂ ਸਨ, ਪਰ ਕੁਝ ਖ਼ਾਸ ਹਾਸਿਲ ਨਹੀਂ ਸੀ ਹੋਇਆ। ਉਸ ਤੋਂ ਬਾਅਦ ਪੰਜਾਬ 'ਚ ਜ਼ਰੂਰ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ।

ਸੋ, ਉਸ ਦਾ ਫਾਇਦਾ ਉਠਾਉਂਦਿਆਂ ਹੋਇਆ ਪੰਜਾਬ ਸਰਕਾਰ ਦੇ ਇਸ਼ਤਿਹਾਰ ਦਿੱਲੀ ਅਤੇ ਹਰਿਆਣਾ ਦੇ ਅਖ਼ਬਾਰਾਂ ਵਿਚ ਛਪ ਰਹੇ ਹਨ ਅਤੇ ਇਸ ਨਾਲ ਆਮ ਆਦਮੀ ਪਾਰਟੀ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਵੇਂ ਆਪ ਪਾਰਟੀ ਸਫਲ ਨਹੀਂ ਹੋ ਰਹੀ, ਪਰ ਆਪ ਪਾਰਟੀ ਪੰਜਾਬ ਦਾ ਖਜ਼ਾਨਾ ਪੂਰੇ ਭਾਰਤ ਵਿਚ ਸਿਆਸਤ ਚਮਕਾਉਣ ਲਈ ਉਜਾੜ ਰਹੀ ਹੈ।ਕਾਂਗਰਸ ਦੇ ਸੀਨੀਅਰ ਨੇਤਾ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਸਰਕਾਰੀ ਖ਼ਜ਼ਾਨੇ ਵਿੱਚੋਂ ਸੈਂਕੜੇ ਕਰੋੜ ਰੁਪਏ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨਸਭਾ ਚੋਣਾਂ ਦੇ ਦੌਰਾਨ ਇਸ਼ਤਿਹਾਰਾਂ 'ਤੇ ਖ਼ਰਚ ਕੀਤੇ ਸਨ। ਹੁਣ ਹਰਿਆਣੇ ਵਿਚ ਅਜਿਹਾ ਕਰ ਰਹੀ ਹੈ।

ਯਾਦ ਰਹੇ ਕਿ ਪੰਜਾਬ ਆਰਥਿਕ ਸੰਕਟ ਵਿਚ ਹੈ। ਲਗਾਤਾਰ ਕਰੋੜਾਂ ਦੇ ਕਰਜ਼ੇ ਚੁੱਕ ਕੇ ਇਸ਼ਤਿਹਾਰਬਾਜ਼ੀ ਤਾਂ ਕੀਤੀ ਜਾ ਸਕਦੀ ਹੈ,ਸਿਆਸਤ ਚਮਕਾਈ ਜਾ ਸਕਦੀ ਹੈ ਪਰ ਠੋਸ ਪ੍ਰਾਪਤੀਆਂ ਨਹੀਂ ਕੀਤੀਆਂ ਜਾ ਸਕਦੀਆਂ। ਸੂਬੇ ਵਿਚੋਂ ਵੱਡੇ ਸਨਅਤਕਾਰ ਅਤੇ ਵਪਾਰੀ ਗ਼ਾਇਬ ਹੁੰਦੇ ਜਾ ਰਹੇ ਹਨ। ਕੇਂਦਰ ਸਰਕਾਰ ਸੂਬੇ ਨਾਲ ਸਖ਼ਤ ਨਾਰਾਜ਼ ਚੱਲ ਰਹੀ ਹੈ, ਕਿਉਂਕਿ ਉਸ ਵਲੋਂ ਉਲੀਕੀਆਂ ਯੋਜਨਾਵਾਂ 'ਤੇ ਕਾਂਟਾ ਮਾਰ ਕੇ ਆਪਣੀ ਹੀ ਪਿੱਠ ਥਪਥਪਾਉਣ ਲਈ ਯੋਜਨਾਵਾਂ ਦੇ ਨਾਂਅ ਬਦਲ ਕੇ ਉਨ੍ਹਾਂ ਨੂੰ ਆਪਣੀਆਂ ਯੋਜਨਾਵਾਂ ਪ੍ਰਚਾਰ ਕੇ ਚਲਾਇਆ ਜਾ ਰਿਹਾ ਹੈ। ਰਾਜ ਨੂੰ ਕਈ ਪਿਛਲੀਆਂ ਯੋਜਨਾਵਾਂ ਲਈ ਭੇਜੀ ਆਰਥਿਕ ਸਹਾਇਤਾ ਦਾ ਹਿਸਾਬ-ਕਿਤਾਬ ਵੀ ਰਾਜ ਸਰਕਾਰ ਵਲੋਂ ਕੇਂਦਰ ਨੂੰ ਮੁਹੱਈਆ ਨਹੀਂ ਕੀਤਾ ਗਿਆ। ਪਿਛਲੇ ਲੰਮੇ ਸਮੇਂ ਤੋਂ, ਕੇਂਦਰ ਵਲੋਂ ਪੰਜਾਬ ਵਿਚ ਬਣਾਏ ਜਾਣ ਵਾਲੇ ਸ਼ਾਹਰਾਹਾਂ ਦੇ ਨਿਰਮਾਣ ਸੰਬੰਧੀ ਆ ਰਹੀਆਂ ਔਕੜਾਂ ਦਾ ਮੁੱਦਾ ਰਾਜ ਸਰਕਾਰ ਕੋਲ ਉਠਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਅੱਗੇ ਵਧਣ ਲਈ ਜਿਸ ਤਰ੍ਹਾਂ ਦੇ ਸਹਿਯੋਗ ਦੀ ਲੋੜ ਸੀ, ਸੂਬਾ ਸਰਕਾਰ ਉਹ ਦੇਣ ਤੋਂ ਅਸਮਰੱਥ ਰਹੀ ਹੈ। ਇਸ ਸੰਬੰਧੀ ਕੇਂਦਰੀ ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰੀ ਨਿਤਿਨ ਗਡਕਰੀ ਨੇ ਪਹਿਲਾਂ ਵੀ ਚਿਤਾਵਨੀਆਂ ਦਿੱਤੀਆਂ ਸਨ। ਸੂਬੇ ਦੇ ਸੰਬੰਧਿਤ ਮੰਤਰੀ ਅਤੇ ਅਫ਼ਸਰਾਂ ਨੂੰ ਵੀ ਬੁਲਾ ਕੇ ਉਨ੍ਹਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ ਗਈਆਂ ਸਨ ਅਤੇ ਇਕ ਨਿਸ਼ਚਿਤ ਸਮੇਂ ਵਿਚ ਦਰਪੇਸ਼ ਔਕੜਾਂ ਨੂੰ ਦੂਰ ਕਰਨ ਲਈ ਵੀ ਕਿਹਾ ਗਿਆ ਸੀ, ਪਰ ਸੂਬੇ ਦੇ ਪ੍ਰਸ਼ਾਸਨ ਦੀ ਚਾਲ ਸੁਸਤ ਬਣੀ ਰਹੀ। ਅਖ਼ੀਰ ਕੇਂਦਰ ਨੂੰ 104 ਕਿੱਲੋਮੀਟਰ ਲੰਮੇ ਤਿੰਨ ਪ੍ਰਾਜੈਕਟ ਬੰਦ ਕਰਨ ਦਾ ਐਲਾਨ ਕਰਨਾ ਪਿਆ। ਇਨ੍ਹਾਂ ਦੀ ਕੀਮਤ 23000 ਕਰੋੜ ਤੋਂ ਉੱਪਰ ਸੀ। ਇਸ ਤੋਂ ਵੀ ਸੂਬਾ ਸਰਕਾਰ ਦੀ ਜਾਗ ਨਹੀਂ ਖੁੱਲ੍ਹੀ। ਅਖ਼ੀਰ ਹੁਣ ਥੱਕ ਹਾਰ ਕੇ ਕੇਂਦਰੀ ਮੰਤਰੀ ਨੇ 8 ਹੋਰ ਸ਼ਾਹਰਾਹਾਂ ਦੀਆਂ ਯੋਜਨਾਵਾਂ, ਜਿਨ੍ਹਾਂ ਵਿਚ ਦਿੱਲੀ-ਅੰਮ੍ਰਿਤਸਰ-ਕੱਟੜਾ ਹਾਈਵੇਅ ਵੀ ਸ਼ਾਮਿਲ ਹੈ ਅਤੇ ਜਿਨ੍ਹਾਂ 'ਤੇ ਕੇਂਦਰ ਵਲੋਂ 14000 ਕਰੋੜ ਰੁਪਏ ਤੋਂ ਵਧੇਰੇ ਖ਼ਰਚ ਕੀਤੇ ਜਾਣੇ ਹਨ, ਸੰਬੰਧੀ ਵੀ ਚਿਤਾਵਨੀ ਦੇ ਦਿੱਤੀ ਹੈ।

ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਸ ਸੰਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਕ ਸਖ਼ਤ ਪੱਤਰ ਲਿਖਿਆ ਹੈ, ਜਿਸ ਵਿਚ ਉਨ੍ਹਾਂ ਨੇ ਇਹ ਕਿਹਾ ਹੈ ਕਿ ਜੇਕਰ ਸੂਬੇ ਵਿਚ ਸੰਬੰਧਿਤ ਇੰਜੀਨੀਅਰਾਂ ਅਤੇ ਅਫ਼ਸਰਾਂ ਨੂੰ ਧਮਕੀਆਂ ਦੇਣ ਅਤੇ ਉਨ੍ਹਾਂ ਨੂੰ ਮਾਰਨ-ਕੁੱਟਣ ਦੀਆਂ ਕਾਰਵਾਈਆਂ ਜਾਰੀ ਰਹੀਆਂ ਅਤੇ ਇਸ ਦੇ ਨਾਲ ਹੀ ਜੇਕਰ ਲੋੜੀਂਦੀਆਂ ਜ਼ਮੀਨਾਂ ਮੁਹੱਈਆ ਨਾ ਕਰਵਾਈਆਂ ਗਈਆਂ ਤਾਂ, ਇਨ੍ਹਾਂ ਯੋਜਨਾਵਾਂ ਨੂੰ ਵੀ ਰੱਦ ਕਰ ਦਿੱਤਾ ਜਾਏਗਾ। ਕੇਂਦਰੀ ਮੰਤਰੀ ਦੀ ਇਸ ਧਮਕੀ ਨੇ ਪੰਜਾਬ ਵਿਚ ਵਿਕਾਸ ਦੀ ਆਸ ਰੱਖਦੀਆਂ ਸਾਰੀਆਂ ਹੀ ਧਿਰਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਬਿਨਾਂ ਸ਼ੱਕ ਪੰਜਾਬ ਦੇ ਵਿਕਾਸ ਨੂੰ ਪਹਿਲਾਂ ਹੀ ਬਰੇਕਾਂ ਲੱਗ ਚੁੱਕੀਆਂ ਹਨ, ਪਰ ਨਵੇਂ ਬਣ ਰਹੇ ਮਾਹੌਲ ਵਿਚ ਜੇਕਰ ਕਰੋੜਾਂ ਰੁਪਏ ਦੇ ਸ਼ਾਹਰਾਹਾਂ ਦਾ ਕੰਮ ਕਾਜ ਵੀ ਠੱਪ ਹੋ ਜਾਂਦਾ ਹੈ ਤਾਂ ਰਾਜ ਵਿਚ ਜਿਥੇ ਮੁਢਲੇ ਢਾਂਚੇ ਦੇ ਵਿਕਾਸ ਦੇ ਪੱਖ ਤੋਂ ਵੱਡਾ ਨੁਕਸਾਨ ਹੋਵੇਗਾ, ਉਥੇ ਭਵਿੱਖ ਵਿਚ ਇਸ ਦੇ ਹੋਰ ਵੀ ਪਛੜ ਜਾਣ ਦੇ ਹਾਲਾਤ ਬਣ ਜਾਣਗੇ।

## ਈਰਾਨ ਅਮਰੀਕੀ ਚੋਣਾਂ ਨੂੰ ਕਰ ਰਿਹਾ ਹੈ ਪ੍ਰਭਾਵਿਤ

**○ ਵਧੀਆਂ ਸਾਈਬਰ ਗਤੀਵਿਧੀਆਂ...ਮਾਈਕ੍ਰੋਸਾਫਟ ਨੇ ਦਿੱਤੀ ਚੇਤਾਵਨੀ ○ ਇਰਾਨ ਨੇ ਦਖਲਅੰਦਾਜ਼ੀ ਤੋਂ ਕੀਤਾ ਇਨਕਾਰ**



ਦੁਨੀਆ ਦੀ ਪ੍ਰਮੁੱਖ ਆਈਟੀ ਕੰਪਨੀ ਮਾਈਕ੍ਰੋਸਾਫਟ ਨੇ ਬੀਤੇ ਦਿਨੀਂ ਦਾਅਵਾ ਕੀਤਾ ਕਿ ਈਰਾਨ ਆਨਲਾਈਨ ਗਤੀਵਿਧੀਆਂ ਨੂੰ ਤੇਜ਼ ਕਰ ਰਿਹਾ ਹੈ, ਜਿਸ ਦਾ ਮਕਸਦ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨਾ ਜਾਪਦਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਇਕ ਮਾਮਲੇ ਵਿਚ ਰਾਸ਼ਟਰਪਤੀ ਚੋਣ ਮੁਹਿੰਮ ਨੂੰ 'ਈਮੇਲ ਫਿਸ਼ਿੰਗ' ਹਮਲੇ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਔਨਲਾਈਨ ਖਾਤਿਆਂ ਤੋਂ ਨਿੱਜੀ ਜਾਣਕਾਰੀ ਜਾਂ ਜਾਣਕਾਰੀ ਚੋਰੀ ਕਰਨ ਦੀਆਂ ਕੋਸ਼ਿਸ਼ਾਂ ਨੂੰ 'ਫਿਸ਼ਿੰਗ' ਕਿਹਾ ਜਾਂਦਾ ਹੈ। ਇਸਦੇ ਲਈ, ਧੋਖਾਧੜੀ ਵਾਲੀਆਂ ਈਮੇਲਾਂ, ਸੰਦੇਸ਼ਾਂ, ਇਸ਼ਤਿਹਾਰਾਂ ਜਾਂ ਸਾਈਟਾਂ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਤੁਹਾਡੇ ਦੁਆਰਾ ਪਹਿਲਾਂ ਤੋਂ ਵਰਤ ਰਹੇ ਸਾਈਟਾਂ ਵਰਗੀਆਂ ਦਿਖਾਈ ਦਿੰਦੀਆਂ ਹਨ। ਮਾਈਕਰੋਸਾਫਟ ਦੀ ਇੱਕ ਨਵੀਂ ਖੁਫੀਆ ਰਿਪੋਰਟ ਦੇ ਨਤੀਜਿਆਂ ਤੋਂ ਪਤਾ ਚੱਲਦਾ ਹੈ ਕਿ ਇਰਾਨ, ਜੋ ਕਿ ਹਾਲ ਹੀ ਵਿੱਚ ਅਮਰੀਕੀ ਚੋਣਾਂ ਵਿੱਚ ਸਰਗਰਮ ਰਿਹਾ ਹੈ, ਇੱਕ ਹੋਰ ਚੋਣ ਲਈ ਆਪਣੀ ਰਣਨੀਤੀ ਤਿਆਰ ਕਰ ਰਿਹਾ ਹੈ ਜਿਸਦਾ ਵਿਸ਼ਵਵਿਆਪੀ ਪ੍ਰਭਾਵ ਹੋਣ ਦੀ ਉਮੀਦ ਹੈ।

ਇਸ ਦੌਰਾਨ, ਈਰਾਨ ਦੇ ਸੰਯੁਕਤ ਰਾਸ਼ਟਰ ਮਿਸ਼ਨ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਸ ਦੀ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਦਖਲ ਦੇਣ ਜਾਂ ਸਾਈਬਰ ਹਮਲੇ ਕਰਨ ਦੀ ਕੋਈ ਯੋਜਨਾ ਹੈ। ਰਿਪੋਰਟ ਵਿੱਚ ਅਮਰੀਕਾ ਵਿੱਚ ਅਰਾਜਕਤਾ ਫੈਲਾਉਣ ਤੋਂ ਇਲਾਵਾ ਈਰਾਨ ਦੇ ਇਰਾਦਿਆਂ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ ਹੈ। ਅਮਰੀਕੀ ਅਧਿਕਾਰੀਆਂ ਨੇ ਹਾਲਾਂਕਿ ਪਹਿਲਾਂ ਇਹ ਸੰਕੇਤ ਦਿੱਤਾ ਹੈ ਕਿ ਈਰਾਨ ਖਾਸ ਤੌਰ 'ਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਵਿਰੋਧੀ ਹੈ। ਰਿਪੋਰਟ ਇਹ ਵੀ ਦੱਸਦੀ ਹੈ ਕਿ ਕਿਸ ਤਰ੍ਹਾਂ ਰੂਸ ਅਤੇ ਚੀਨ ਭਵਿੱਖ ਵਿੱਚ ਆਪਣੇ ਵੰਡਵਾਦੀ ਸੰਦੇਸ਼ ਨੂੰ ਅੱਗੇ ਵਧਾਉਣ ਲਈ ਅਮਰੀਕਾ ਦੇ ਸਿਆਸੀ ਧਰੁਵੀਕਰਨ ਦਾ ਫਾਇਦਾ ਉਠਾ ਰਹੇ ਹਨ।

ਮਾਈਕਰੋਸਾਫਟ ਦੀ ਰਿਪੋਰਟ ਨੇ ਈਰਾਨ ਵਿੱਚ ਹਾਲ ਹੀ ਦੀਆਂ ਗਤੀਵਿਧੀਆਂ ਦੀਆਂ ਚਾਰ ਉਦਾਹਰਣਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਬਾਰੇ ਵਿਚ ਕੰਪਨੀ ਨੂੰ ਉਮੀਦ ਹੈ ਕਿ ਨਵੰਬਰ ਦੀਆਂ ਚੋਣਾਂ ਦੇ ਨੇੜੇ ਆਉਣ ਉਪਰੰਤ ਇਸ ਵਿਚ ਵਾਧਾ ਹੋਵੇਗਾ। ਮਾਈਕ੍ਰੋਸਾਫਟ ਨੇ ਕਿਹਾ ਕਿ ਉਹ ਇਸ ਗਲ ਉਪਰ ਨਿਗਰਾਨੀ ਕਰ ਰਿਹਾ ਹੈ ਕਿ ਵਿਦੇਸ਼ੀ ਵਿਰੋਧੀ ਏਆਈ ਤਕਨਾਲੋਜੀ ਦੀ ਵਰਤੋਂ ਕਿਵੇਂ ਕਰ ਰਹੇ ਹਨ? ਨਿਆਂ ਵਿਭਾਗ ਨੇ ਇਸ ਹਫ਼ਤੇ ਈਰਾਨ ਨਾਲ ਸਬੰਧ ਰੱਖਣ ਵਾਲੇ ਇੱਕ ਪਾਕਿਸਤਾਨੀ ਵਿਅਕਤੀ ਵਿਰੁੱਧ ਅਪਰਾਧਿਕ ਦੋਸ਼ਾਂ ਦਾਜ਼ਖੁਲਾਜ਼ਸਾ ਕੀਤਾ, ਜਿਸ 'ਤੇ ਟਰੰਪ ਸਮੇਤ ਕਈ ਅਧਿਕਾਰੀਆਂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ।

ਈਰਾਨ ਦੇ ਸੰਯੁਕਤ ਰਾਸ਼ਟਰ ਮਿਸ਼ਨ ਨੇ ਐਸੋਸੀਏਟਡ ਪ੍ਰੈਸ ਨੂੰ ਇੱਕ ਈਮੇਲ ਵਿੱਚ ਕਿਹਾ, "ਇਰਾਨ ਖੁਦ ਆਪਣੇ ਬੁਨਿਆਦੀ ਢਾਂਚੇ, ਜਨਤਕ ਸੇਵਾ ਕੇਂਦਰਾਂ ਅਤੇ ਉਦਯੋਗਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕਈ ਹਮਲਾਵਰ ਸਾਈਬਰ ਮੁਹਿੰਮਾਂ ਦਾ ਸ਼ਿਕਾਰ ਰਿਹਾ ਹੈ।"

ਈਰਾਨ ਦੀ ਸਾਈਬਰ ਸਮਰੱਥਾ ਰੱਖਿਆਤਮਕ ਹੈ। ਈਰਾਨ ਦਾ ਨਾ ਤਾਂ ਸਾਈਬਰ ਹਮਲੇ ਕਰਨ ਦਾ ਕੋਈ ਇਰਾਦਾ ਹੈ ਅਤੇ ਨਾ ਹੀ ਉਸ ਦੀ ਯੋਜਨਾ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਇੱਕ ਅੰਦਰੂਨੀ ਮਾਮਲਾ ਹੈ ਜਿਸ ਵਿੱਚ ਈਰਾਨ ਦਖ਼ਲ ਨਹੀਂ ਦਿੰਦਾ। ਸਮਝਿਆ ਜਾ ਸਕਦਾ ਹੈ ਕਿ ਇਜ਼ਰਾਈਲ ਦੇ ਹਮਾਇਤੀ ਹੋਣ ਕਾਰਣ ਅਮਰੀਕਾ ਦਾ ਈਰਾਨ ਨਾਲ ਟਕਰਾਅ ਵਧ ਸਕਦਾ ਹੈ। ਈਰਾਨ ਹਾਲਾਂਕਿ ਅਮਰੀਕਾ ਨਾਲ ਛੇੜ ਛਾੜ ਕਰਨ ਦੇ ਸਮਰਥ ਨਹੀਂ।

# ਵਿਨੇਸ਼ ਫੋਗਟ ਦਾ ਹਰ ਹਾਲਤ ਵਿੱਚ ਹੋਵੇਗਾ ਲੋਕ ਸਨਮਾਨ-ਪ੍ਰਿੰ. ਸਰਵਣ ਸਿੰਘ

**ਭਾਰਤੀ ਕੁਸ਼ਤੀ ਦਾ ਮਾਣ, ਖ਼ਾਸ ਕਰਕੇ ਔਰਤਾਂ ਦੀ ਆਣ ਅਣਖ ਦੀ ਸ਼ਾਨ, ਬੀਬੀ ਵਿਨੇਸ਼ ਫੋਗਟ ਦਾ ਸਨਮਾਨ ਭਾਰਤ ਦੇ ਕਰੋੜਾਂ ਲੋਕਾਂ ਵੱਲੋਂ ਹਰ ਹਾਲਤ ਵਿੱਚ ਕੀਤਾ ਜਾਵੇਗਾ। ਸਾਧਾਰਨ ਘਰ ਦੀ ਜਾਈ ਸਾਡੀ ਧੀ ਨੇ ਕੁਸ਼ਤੀਆਂ ਤੇ ਔਰਤਾਂ ਦੀ ਪੱਤ ਦੀ ਰਾਖੀ ਲਈ ਜੋ ਸੰਘਰਸ਼ ਲੜਿਆ ਹੈ, ਉਹ ਕਰੋੜਾਂ ਲੋਕਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਹੈ। ਅਸੀਂ ਲੇਖਕ ਲੋਕ ਕਲਮਾਂ ਨਾਲ ਉਸ ਸੰਘਰਸ਼ ਦਾ ਭਾਗ ਬਣ ਰਹੇ ਹਾਂ ਜਿਸ ਦਾ ਰੋਹ ਭਰਿਆ ਪਹਿਲਾ ਹੋਕਰਾ ਪੰਜਾਬੀ ਦੇ 'ਵਰਿਆਮ' ਲੇਖਕ ਵਰਿਆਮ ਸਿੰਘ ਸੰਧੂ ਨੇ ਮਾਰਿਆ ਸੀ।**

ਸਾਡੇ ਦੇਸ਼ ਦੀ ਇਸ ਧੀ ਨੇ ਬੜਾ ਜਫ਼ਰ ਜਾਲ ਕੇ ਰਾਸ਼ਟਰੀ, ਅੰਤਰਰਾਸ਼ਟਰੀ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿੱਚੋਂ ਤਾਂ ਬੜੇ ਮੈਡਲ ਜਿੱਤੇ ਸਨ। ਅੰਤਾਂ ਦੀ ਮਿਹਨਤ ਕਰ ਕੇ, ਸਿਦਕ ਪਾਲ ਕੇ, ਜਰਵਾਣੇ ਖੇਡ ਸਿਆਸਤਦਾਨਾਂ ਵਿਰੁੱਧ ਲੜ ਕੇ, ਦੁੱਖੜੇ ਝੱਲ ਕੇ, ਉਹ ਪੈਰਿਸ ਦੀਆਂ ਓਲੰਪਿਕ ਖੇਡਾਂ ਵਿੱਚ ਵੀ ਪਹੁੰਚ ਗਈ ਸੀ। ਪ੍ਰੀ ਕੁਆਟਰ, ਕੁਆਟਰ ਫਾਈਨਲ ਤੇ ਸੈਮੀ ਫਾਈਨਲ ਮੁਕਾਬਲੇ ਜਿੱਤ ਕੇ ਸੋਨੇ/ਚਾਂਦੀ ਦਾ ਮੈਡਲ ਗਲ ਪੁਆਉਣ ਲਈ ਵੀ ਕੁਆਲੀਫਾਈ ਕਰ ਗਈ ਸੀ ਪਰ ਅਜੇ ਤਕ ਉਸ ਨੂੰ ਕੋਈ ਓਲੰਪਿਕ ਮੈਡਲ ਨਹੀਂ ਮਿਲਿਆ। 50 ਕਿਲੋ ਤੋਂ ਘੱਟ ਸਰੀਰਕ ਵਜ਼ਨ ਨਾਲ ਸੈਮੀ ਫਾਈਨਲ ਕੁਸ਼ਤੀ ਜਿੱਤ ਕੇ ਉਹ ਘੱਟੋ-ਘੱਟ ਚਾਂਦੀ ਦਾ ਓਲੰਪਿਕ ਮੈਡਲ ਤਾਂ ਜਿੱਤ ਹੀ ਗਈ ਸੀ। ਪਰ ਕੇਸ ਅਜੇ ਕੋਰਟ ਵਿੱਚ ਹੈ ਜਿਸ ਦਾ ਫੈਸਲਾ 13 ਅਗਸਤ ਨੂੰ ਸੁਣਾਇਆ ਜਾਣਾ ਹੈ।

ਓਲੰਪਿਕ ਖੇਡਾਂ ਦਾ ਮੇਲਾ ਮੁੱਕ ਚੁੱਕੈ। ਮੈਡਲ ਵੰਡੇ ਜਾ ਚੁੱਕੇ ਨੇ। ਹੁਣ 'ਮਹਾਨ' ਦੇਸ਼ ਦੀ ਮਹਾਨ ਧੀ ਵਿਨੇਸ਼ ਫੋਗਟ ਨੂੰ, ਜੋ ਦੇਸ਼ ਦੀ ਇੱਜ਼ਤ, ਅਣਖ ਅਤੇ ਔਰਤਾਂ ਦੀ ਪੱਤ ਲਈ ਜੂਝੀ ਹੈ, ਉਸ ਨੂੰ ਦੇਸ਼ ਦੇ ਕਰੋੜਾਂ ਲੋਕ 'ਮਹਾਨ ਲੋਕ ਸਨਮਾਨ' ਨਾਲ ਸਨਮਾਨਿਤ ਕਰਨਗੇ।

ਖੇਡ ਲੇਖਣ ਤੇ ਖੇਡ ਪ੍ਰਮੋਸ਼ਨ ਨਮਿੱਤ ਮੇਰੀਆਂ ਉਮਰ ਭਰ ਦੀਆਂ ਤੁੱਛ ਸੇਵਾਵਾਂ ਲਈ ਖੇਡ ਪ੍ਰੇਮੀਆਂ ਨੇ ਮੈਨੂੰ 2023 ਦੇ 'ਪੁਰੇਵਾਲ ਖੇਡ ਮੇਲੇ' ਵਿੱਚ 'ਖੇਡ ਰਤਨ' ਪੁਰਸਕਾਰ ਨਾਲ ਸਨਮਾਨਿਆ ਸੀ। ਉਸ ਪੁਰਸਕਾਰ ਵਿੱਚ ਸ਼ੁਧ ਸੋਨੇ ਦਾ ਇੱਕ ਮੈਡਲ ਵੀ ਸੀ। ਦੇਸ਼ ਦੀ ਜੁਝਾਰੂ ਧੀ ਵਿਨੇਸ਼ ਦੇ ਸਿਰ 'ਤੇ ਹੱਥ ਰੱਖਦਾ, ਉਸ ਨੂੰ ਧਰਵਾਸ ਦਿੰਦਾ ਮੈਂ ਆਪਣਾ 'ਖੇਡ ਰਤਨ' ਦਾ ਮੈਡਲ ਉਸ ਦੀ ਝੋਲੀ ਪਾ ਰਿਹਾਂ। ਮੈਨੂੰ ਆਸ ਹੈ 'ਲੋਕ ਸਨਮਾਨ' ਦੇਣ ਵਾਲੇ ਸੱਜਣ ਅਤੇ ਸਾਡੀ ਬਹਾਦਰ ਬੀਬੀ ਵਿਨੇਸ਼ ਮੇਰੀ ਤਿੱਲ-ਫੁੱਲ ਜਹੀ ਭੇਟਾ ਪਰਵਾਨ ਕਰ ਲੈਣਗੇ। ਕਰੋੜਾਂ ਲੋਕਾਂ ਦੀ ਮਨੋਕਾਮਨਾ ਹੈ ਕਿ 'ਚੈਂਪੀਅਨਾਂ ਦੀ ਚੈਂਪੀਅਨ' ਵਿਨੇਸ਼ ਹਾਲੇ ਕੁਸ਼ਤੀਆਂ ਲੜਨੀਆਂ ਨਾ ਛੱਡੇ ਅਤੇ ਅਗਲੀਆਂ ਓਲੰਪਿਕ ਖੇਡਾਂ ਤੱਕ ਮੈਡਲ ਜਿੱਤਣ ਲਈ ਜੂਝਦੀ ਰਹੇ।

ਹੋਣਹਾਰ ਧੀਏ! ਅਸੀਂ ਤੈਨੂੰ ਹਾਰੀ ਨਹੀਂ, ਜਿੱਤੀ ਹੀ ਮੰਨਦੇ ਹਾਂ। ਡਿਸਕੁਆਲੀਫਾਈਡ ਨਹੀਂ, ਕੁਆਲੀਫਾਈਡ ਮੰਨਦੇ ਹਾਂ।

pirnicpalsarwanisngh@gmial.com




# ਇੰਡੀਅਨ ਵਰਕਰਜ ਐਸੋਸੀਏਸ਼ਨ (ਜੀ ਬੀ) ਗਰੀਨਿਚ ਅਤੇ ਬੈਕਸਲੇ ਬ੍ਰਾਂਚ ਵੱਲੋਂ ਪਬਲਿਕ ਮੀਟਿਗ



**ਇੰਡੀਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਗ੍ਰੀਨਵਿਚ ਅਤੇ ਬੇਕਸਲੇ ਬ੍ਰਾਂਚ ਨੇ 10 ਅਗਸਤ, 2024 ਨੂੰ ਇੱਕ ਬਹੁਤ ਹੀ ਸਫਲ ਸਲਾਨਾ ਜਨਤਕ ਮੀਟਿੰਗ ਕੀਤੀ, ਜਿੱਥੇ ਸੁਚੇਤਕ ਰੰਗਮੰਚ ਸਮੂਹ ਦੀ ਇੱਕ ਰੀਨੌਂਡ ਟੀਵੀ ਸੀਰੀਅਲ ਅਤੇ ਮੂਵੀ ਅਦਾਕਾਰਾ ਅਨੀਤਾ ਸੁਦੀਸ਼, ਨੇ "ਗੁੰਮਸ਼ੁਧਾ ਔਰਤ" ਖੇਡਿਆ, ਜੋ ਕਿ ਇੱਕ ਬਹੁਤ ਪ੍ਰਭਾਵਸ਼ਾਲੀ ਨਾਟਕ ਹੈ। ਔਰਤਾਂ ਦੀ ਜ਼ਿੰਦਗੀ ਜੋ ਆਪਣੇ ਸਮਾਜਿਕ ਜੀਵਨ ਵਿੱਚ ਗੁਆਚੀਆਂ ਮਹਿਸੂਸ ਕਰਦੀਆਂ ਹਨ, ਬਿਨਾਂ ਇਹ ਮਹਿਸੂਸ ਕੀਤੇ ਕਿ ਉਨ੍ਹਾਂ ਨੇ ਸਭ ਕੁਝ ਗੁਆ ਦਿੱਤਾ ਹੈ। ਇਸ ਨਾਟਕ ਦਾ ਸਾਰੇ ਦਰਸ਼ਕਾਂ ਨੇ ਇੱਕ ਹਾਲ ਵਿੱਚ ਆਨੰਦ ਮਾਣਿਆ ਜੋ ਸਮਰੱਥਾ ਤੋਂ ਵੱਧ ਸੀ। ਇਸ ਮੀਟਿੰਗ ਵਿੱਚ ਆਈਆਂ ਸਮੂਹ ਬੀਬੀਆਂ ਵੱਲੋਂ ਇਸ ਨਾਟਕ ਦੀ ਵਿਸ਼ੇਸ਼ ਸ਼ਲਾਘਾ ਕੀਤੀ ਗਈ। ਇਸ ਨਾਟਕ ਦੀ ਪੇਸ਼ਕਾਰੀ ਲਈ ਲੋੜੀਂਦੀ ਸਟੇਜ, ਸਾਊਂਡ ਸਿਸਟਮ ਆਦਿ ਦਾ ਪ੍ਰਬੰਧ ਇਸ ਸ਼ਾਖਾ ਦੇ ਜਨਰਲ ਸਕੱਤਰ ਮਨਦੀਪ ਢਿੱਲੋਂ ਨੇ ਕੀਤਾ।ਇਸ ਨਾਟਕ ਤੋਂ ਇਲਾਵਾ, ਸਾਡੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਕਾਮਰੇਡ ਝਲਮਣ ਬੈਂਸ ਦੁਆਰਾ "ਭਾਰਤ ਵਿੱਚ ਮੋਦੀ ਸਰਕਾਰ ਦੀਆਂ ਮੌਜੂਦਾ ਨੀਤੀਆਂ ਦਾ ਪਰਦਾਫਾਸ਼ ਕਰਦੇ ਹੋਏ ਇੱਕ ਚੱਲਦੀ ਕਵਿਤਾ ਸੁਣਾਈ ਗਈ। ਕਵਿਤਾ ਵਿੱਚ ਮੁੱਖ ਨੁਕਤੇ ਉਠਾਏ ਗਏ ਸਨ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੁਆਰਾ ਜੋ ਵੀ ਕੀਤਾ ਗਿਆ ਹੈ ਉਹ ਸਭ ਕੁਝ ਕਾਰਪੋਰੇਟ ਪੱਖੀ ਅਤੇ ਭਾਰਤ ਦੇ ਲੋਕ ਵਿਰੋਧੀ ਹੈ। ਉਹ "ਹਿੰਦੂਤਵ" ਨੂੰ ਅੱਗੇ ਵਧਾਉਣ ਲਈ ਤੁਲਿਆ ਹੋਇਆ ਹੈ ਅਤੇ "ਮੁਸਲਿਮ" ਆਬਾਦੀ ਅਤੇ ਭਾਰਤ ਦੇ ਆਮ ਮਿਹਨਤਕਸ਼ ਲੋਕਾਂ ਨੂੰ ਨਿੰਦਣ ਲਈ ਕੋਈ ਪਲ ਨਹੀਂ ਛੱਡ ਰਿਹਾ। ਇਸ ਕਵਿਤਾ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਤੋਂ ਉਪਰੰਤ ਅਦਿਤਅ ਨੇ ਆਪਨੇ ਸੰਗੀਤ ਨਾਲ ਦਰਸ਼ਕਾਂ ਦਾ ਮੰਨ ਮੋਹ ਲਿਆ। ਇਸ ਬ੍ਰਾਂਚ ਦੇ ਪ੍ਰਧਾਨ ਕਾਮਰੇਡ ਬਲਬੀਰ ਜੌਹਲ ਨੇ ਵੀ ਅਨੀਤਾ ਦਾ ਉਸ ਦੇ ਨਾਟਕ ਲਈ ਧੰਨਵਾਦ ਕੀਤਾ ਅਤੇ ਮੈਂਬਰਾਂ ਨੂੰ ਦੱਸਿਆ ਕਿ ਬਰਤਾਨਵੀ ਰਾਜਨੀਤੀ ਦਾ ਅਤਿ ਅਧਿਕਾਰ ਨਰਕ ਭਰਿਆ ਸਿਰ ਚੁੱਕਣ ਲਈ ਤੁਲਿਆ ਹੋਇਆ ਹੈ ਅਤੇ ਯੂਕੇ ਦੇ ਕਈ ਸ਼ਹਿਰਾਂ ਵਿੱਚ ਦੰਗੇ ਹੋਏ ਹਨ। ਉਸਨੇ ਹੋਰ ਸਾਰੀਆਂ ਜਥੇਬੰਦੀਆਂ, ਮੰਦਰਾਂ, ਗੁਰਦਵਾਰਿਆ ਅਤੇ ਮਸਜਿਦਾਂ ਨੂੰ ਇੱਕਜੁੱਟ ਹੋ ਕੇ ਇਸ ਖਤਰੇ ਦਾ ਵਿਰੋਧ ਕਰਨ ਅਤੇ ਲੋੜ ਪੈਣ 'ਤੇ IWA (GB) ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਅੰਤ ਵਿੱਚ ਉਨ੍ਹਾਂ ਨੇ ਅਨੀਤਾ ਜੀ ਅਤੇ ਪ੍ਰਤੀਯੋਗੀਆਂ ਦੇ ਸਹਿਯੋਗ ਲਈ ਧੰਨਵਾਦ ਕੀਤਾ।**

**ਆਪ ਦਾ ਬਲਬੀਰ ਜੋਹਲ** Preisdent IWA(GB) Greeniwch & Bexley

# ਹਲਕਾ ਨਕੋਦਰ ਦੇ ਸੀਨੀਅਰ ਅਕਾਲੀ ਆਗੂ ਐਡਵੋਕੇਟ ਰਾਜ ਕਮਲ ਸਿੰਘ ਦਾ ਲੈਸਟਰ ਪਹੁੰਚਣ ਤੇ ਹਰਿੰਦਰ ਸਿੰਘ ਅਟਵਾਲ ਅਤੇ ਸਾਥੀਆਂ ਵੱਲੋਂ ਨਿੱਘਾ ਸਵਾਗਤ



**ਐਡਵੋਕੇਟ ਰਾਜ ਕਮਲ ਸਿੰਘ ਦਾ ਸਵਾਗਤ ਕਰਦੇ ਹੋਏ ਹਰਿੰਦਰ ਸਿੰਘ ਅਟਵਾਲ ਅਤੇ ਉਨ੍ਹਾਂ ਦੇ ਸਾਥੀ**

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਲੈਸਟਰ ਵਿਖੇ ਸ਼੍ਰੋਮਣੀ ਅਕਾਲੀ ਦਲ ਯੂ ਕੇ ਦੇ ਸੀਨੀਅਰ ਆਗੂ ਸ ਗੁਰਜੀਤ ਸਿੰਘ ਅਠਵਾਲ ਅਤੇ ਅਕਾਲੀ ਹਰਿੰਦਰ ਸਿੰਘ ਅਟਵਾਲ ਦੀ ਅਗਵਾਈ ਹੇਠ ਨੂਰਮਹਿਲ ਦੇ ਸਾਬਕਾ ਵਿਧਾਇਕ ਸ ਗੁਰਦੀਪ ਸਿੰਘ ਭੁੱਲਰ ਦੇ ਸਪੁੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਕੋਰ ਕਮੇਟੀ ਮੈਂਬਰ ਅਤੇ ਹਲਕਾ ਨਕੋਦਰ ਦੇ ਸੀਨੀਅਰ ਅਕਾਲੀ ਆਗੂ ਐਡਵੋਕੇਟ ਰਾਜ ਕਮਲ ਸਿੰਘ ਦਾ ਲੈਸਟਰ ਆਉਣ ਤੇ ਸਵਾਗਤ ਕੀਤਾ ਗਿਆ।**

ਇਸ ਮੌਕੇ ਤੇ ਹਾਜਰ ਵੱਡੀ ਗਿਣਤੀ ਚ ਅਕਾਲੀ ਵਰਕਰਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਵਾਸਤੇ ਅਤੇ ਪੰਜਾਬ ਦੇ ਤਾਜ਼ਾ ਹਾਲਾਤਾਂ ਵਾਰੇ ਗੰਭੀਰ ਚਰਚਾ ਵੀ ਕੀਤੀ ਗਈ। ਪਾਰਟੀ ਨੂੰ ਮਜਬੂਤ ਕਰਨ ਲਈ ਵੱਖ-ਵੱਖ ਮੁੱਦਿਆਂ ਤੇ ਗੱਲ ਕਰਦਿਆਂ ਹਰਿੰਦਰ ਸਿੰਘ ਅਟਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਿਸ਼ਵਾਸ ਦਿਵਾਇਆ ਕਿ ਸਮੁੱਚਾ ਐਨ ਆਰ ਆਈ ਭਾਈਚਾਰਾ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਅਰਦਾਸ ਕਰਦਾ ਹੈ। ਉਹਨਾਂ ਐਡਵੋਕੇਟ ਰਾਜ ਕਮਲ ਸਿੰਘ ਨੂੰ ਵਿਸ਼ਵਾਸ ਦਵਾਇਆ ਕਿ ਉਹ ਦਿਨ ਰਾਤ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਮਿਹਨਤ ਕਰਨ ਨੂੰ ਤਿਆਰ ਹਨ ਅਤੇ ਨਾਲ ਉਹਨਾਂ ਨੇ ਇਹ ਵੀ ਕਿਹਾ ਕਿ ਐਨ ਆਰ ਆਈ ਵੀਰਾਂ ਦੇ ਲਈ ਜੋ ਸ਼੍ਰੋਮਣੀ ਅਕਾਲੀ ਦਲ ਸਰਕਾਰ ਨੇ ਕੀਤਾ ਉਹ ਕੋਈ ਹੋਰ ਨਹੀਂ ਕਰ ਸਕਦਾ।

ਇਸ ਮੌਕੇ ਤੇ ਉਨ੍ਹਾਂ ਐਨ ਆਰ ਆਈ ਵੀਰਾਂ ਨੂੰ ਬੇਨਤੀ ਵੀ ਕੀਤੀ ਕਿ ਆਪਾਂ ਤਕੜੇ ਹੋ ਕੇ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਈਏ ਅਤੇ ਤਕੜਾ ਕਰੀਏ। ਇਸ ਮੌਕੇ ਉਹਨਾਂ ਨਾਲ ਸ: ਹਰਭਜਨ ਸਿੰਘ ਅਠਵਾਲ, ਅਮਰਜੀਤ ਸਿੰਘ ਗਿੱਲ, ਗੁਰਦੀਪ ਸਿੰਘ ਗਿੱਲ, ਸ: ਸੰਤੋਖ ਸਿੰਘ ਉਪਲ, ਤੇਜਨਵੀਰ ਸਿੰਘ, ਮਨਵੀਰ ਸਿੰਘ ਢਿੱਲੋ, ਪ੍ਰਭਵੀਰ ਸਿੰਘ, ਰਵਿੰਦਰਪਾਲ ਸਿੰਘ, ਗੁਰਮੀਤ ਸਿੰਘ ਬਾਸੀ, ਕੁੰਦਨ ਸਿੰਘ ਰਾਣਾ, ਸੁਰਜੀਤ ਸਿੰਘ, ਬਿੱਲਾ ਸੰਧੂ, ਰਵੀ ਸਿੰਘ ਅਤੇ ਕਾਫ਼ੀ ਹੋਰ ਹਾਜ਼ਰ ਸਨ ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੀ ਸਿਧੂ ਮੂਸੇਵਾਲ ਦੇ ਕਤਲ ਲਈ ਸਰਕਾਰ, ਗੈਂਗਸਟਰ, ਦਾਗੀ ਅਫਸਰ ਮਿਲੇ ਹੋਏ ਨੇ ?

## ✪ ਲਾਰੈਂਸ ਦੀ ਇੰਟਰਵਿਊ ਸੰਬੰਧੀ ਖੁਲਾਸੇ ਤੋਂ ਬਾਅਦ ਸਰਕਾਰ ਕੁੜਿਕੀ ਵਿਚ ਫਸੀ ✪ ਜੇਲਾਂ ਵਿਚ ਦਿੱਤੀਆਂ ਜਾ ਰਹੀਆਂ ਨੇ ਗੈਂਗਸਟਰਾਂ ਨੂੰ ਸਹੂਲਤਾਂ, ✪ ਹਾਈਕੋਰਟ ਕੋਲ ਜੇਲ੍ਹ ਦੇ ਅੰਦਰੋਂ ਉਗਰਾਹੀ ਤੇ ਧਮਕੀ ਦੇ ਮਾਮਲੇ ਸਾਹਮਣੇ ਆਏ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਸੰਬੰਧੀ ਹੋਏ ਖੁਲਾਸੇ ਕਿ ਇਹ ਇੰਟਰਵਿਊ ਨਸ਼ਿਆਂ ਤੇ ਗੈਂਗਸਟਰਾਂ ਸੰਬੰਧੀ ਵਿਸ਼ੇਸ਼ ਟਾਸਕ ਫੋਰਸ ਦੇ ਪੁੱਛਗਿੱਛ ਸੈਂਟਰ ਸੀ.ਆਈ.ਏ. (ਖਰੜ) ਵਿਖੇ ਹੋਈ ਸੀ, ਨੇ ਜਿਥੇ ਪੰਜਾਬ ਸਰਕਾਰ ਕੁੜਿੱਕੀ ਵਿਚ ਫਸਾ ਦਿੱਤੀ ਹੈ, ਉਥੇ ਮੁੱਖ ਮੰਤਰੀ, ਡੀ.ਜੀ.ਪੀ. ਲਤੇ ਸੰਬੰਧਿਤ ਦੂਜੇ ਅਧਿਕਾਰੀ ਵੀ ਸੁੰਨ ਹੋਏ ਪਏ ਹਨ ਅਤੇ ਕੋਈ ਵੀ ਇਸ ਮੁੱਦੇ 'ਤੇ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਹੈ।

ਯਾਦ ਰਹੇ ਕਿ ਹਿਰਾਸਤ ਦੌਰਾਨ ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਖਰੜ ਸੀਆਈਏ ਕੰਪਲੈਕਸ ਵਿਚ ਹੋਈ ਸੀ। ਸਤੰਬਰ 2023 ਵਿਚ ਰਿਕਾਰਡ ਕੀਤੀ ਗਈ ਇਹ ਇੰਟਰਵਿਊ ਸੱਤ ਮਹੀਨੇ ਬਾਅਦ ਮਾਰਚ 2023 ਵਿਚ ਜਾਰੀ ਕੀਤੀ ਗਈ ਸੀ। ਦੂਜੀ ਇੰਟਰਵਿਊ ਰਾਜਸਥਾਨ ਦੀ ਜੇਲ੍ਹ ਵਿਚ ਹੋਈ ਸੀ। ਇਹ ਖ਼ੁਲਾਸਾ ਇਸ ਮਾਮਲੇ ਦੀ ਜਾਂਚ ਲਈ ਗਠਿਤ ਐੱਸਆਈਟੀ ਦੀ ਰਿਪੋਰਟ ਵਿਚ ਹੋਇਆ ਹੈ। ਇਸ ਰਿਪੋਰਟ ਨਾਲ ਪੰਜਾਬ ਸਰਕਾਰ ਦੇ ਉਸ ਦਾਅਵੇ ਦੀ ਪੋਲ ਖੁੱਲ੍ਹ ਗਈ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਇਹ ਇੰਟਰਵਿਊ ਪੰਜਾਬ ਵਿਚ ਇੰਟਰਵਿਊ ਨਹੀਂ ਹੋਈ। ਇਸ ਤੋਂ ਸਪਸ਼ਟ ਹੈ ਕਿ ਜੇਲੀਂ ਬੈਠੇ ਗੈਂਗਸਟਰਾਂ ਪਿਛੇ ਵਡੀਆਂ ਸਿਆਸੀ ਤਾਕਤਾਂ ਹਨ।

ਖਰੜ ਸੀਆਈਏ ਥਾਣੇ ਵਿਚ ਹੋਈ ਸੀ ਲਾਰੈਂਸ ਦੀ ਪਹਿਲੀ ਇੰਟਰਵਿਊ, ਸਿਟ ਵੱਲੋਂ ਹਾਈਕੋਰਟ ਨੂੰ ਸੌਂਪੀ ਰਿਪੋਰਟ ਮਗਰੋਂ ਪੰਜਾਬ ਸਰਕਾਰ ਦੇ ਦਾਅਵਿਆਂ ਦੀ ਖੁੱਲ੍ਹੀ ਪੋਲਖਰੜ ਸੀਆਈਏ ਥਾਣੇ ਵਿਚ ਹੋਈ ਸੀ।

ਸੰਗਰੂਰ ਦੀ ਜੇਲ੍ਹ ਵਿਚ ਪਾਕਸੋ ਐਕਟ ਤਹਿਤ ਵਿਚਾਰ ਅਧੀਨ ਇਕ ਕੈਦੀ ਵੱਲੋ ਪੀੜਤਾ ਨੂੰ ਜੇਲ੍ਹ ਦੇ ਅੰਦਰੋਂ ਮੋਬਾਈਲ ਫੋਨ ਰਾਹੀਂ ਵੀਡੀਓ ਭੇਜਣ ਦਾ ਮਾਮਲੇ ਦੀ ਸੁਣਵਾਈ ਦੌਰਾਨ ਦੌਰਾਨ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਵਿਚ ਕੀਤੀ ਗਈ ਇੰਟਰਵਿਊ ਦਾ ਮਾਮਲਾ ਸਾਹਮਣੇ ਆਇਆ ਸੀ। ਇਸ 'ਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ। ਬਾਦ ਵਿਚ ਹਾਈ ਕੋਰਟ ਨੇ ਇਸ ਮਾਮਲੇ ਦੀ ਜਾਂਚ ਸਪੈਸ਼ਲ ਡੀਜੀਪੀ ਹਿਊਮਨ ਰਾਈਟਸ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਐੱਸਆਈਟੀ ਨੂੰ ਸੌਂਪੀ ਸੀ।

ਐੱਸਆਈਟੀ ਨੇ ਬੀਤੇ ਹਫਤੇ ਜਾਂਚ ਸਬੰਧੀ ਸੀਲਬੰਦ ਰਿਪੋਰਟ ਹਾਈ ਕੋਰਟ ਵਿਚ ਪੇਸ਼ ਕੀਤੀ ਸੀ। ਹਾਈ ਕੋਰਟ ਨੇ ਰਿਪੋਰਟ ਦਾ ਕੁਝ ਹਿੱਸਾ ਕੋਰਟ ਵਿਚ ਪੜ੍ਹਿਆ। ਐੱਸਆਈਟੀ ਨੇ ਰਿਪੋਰਟ ਵਿਚ ਦੱਸਿਆ ਹੈ ਕਿ ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਸੀਆਈਏ ਕੰਪਲੈਕਸ ਖਰੜ ਵਿਚ ਹੋਈ ਸੀ। ਖ਼ਾਸ ਗੱਲ ਇਹ ਹੈ ਕਿ ਸਤੰਬਰ 2022 ਵਿਚ ਰਿਕਾਰਡ ਹੋਈ ਇਹ ਇੰਟਰਵਿਊ ਸੱਤ ਮਹੀਨੇ ਬਾਅਦ ਮਾਰਚ 2023 ਵਿਚ ਜਾਰੀ ਕੀਤੀ ਗਈ। ਦੂਜੀ ਇੰਟਰਵਿਊ ਬਾਰੇ ਦੱਸਿਆ ਗਿਆ



ਕਿ ਇਹ ਰਾਜਸਥਾਨ ਦੀ ਜੇਲ੍ਹ ਵਿਚ ਹੋਈ ਸੀ।

ਖਰੜ ਵਿਚ ਹੋਈ ਇੰਟਰਵਿਊ ਦੇ ਮਾਮਲੇ ਵਿਚ ਹਾਈ ਕੋਰਟ ਨੇ ਹੁਣ ਉਨ੍ਹਾਂ ਮੁਲਾਜ਼ਮਾਂ ਦੀ ਪਛਾਣ ਕਰ ਕੇ ਕਾਰਵਾਈ ਦਾ ਆਦੇਸ਼ ਦਿੱਤਾ ਹੈ ਜਿਨ੍ਹਾਂ ਨੇ ਇੰਟਰਵਿਊ ਕਰਾਉਣ ਵਿਚ ਭੂਮਿਕਾ ਨਿਭਾਈ ਸੀ। ਕੋਰਟ ਨੇ ਮਾਮਲੇ ਦੀ ਜਾਂਚ ਲਈ ਪੰਜਾਬ ਦੇ ਮੁੱਖ ਸਕੱਤਰ ਤੇ ਡੀਜੀਪੀ ਨੂੰ ਐੱਸਆਈਟੀ ਦਾ ਸਹਿਯੋਗ ਕਰਨ ਦਾ ਆਦੇਸ਼ ਦਿੱਤਾ ਹੈ। ਇਸੇ ਤਰ੍ਹਾਂ ਰਾਜਸਥਾਨ ਵਿਚ ਹੋਈ ਇੰਟਰਵਿਊ 'ਤੇ ਹਾਈ ਕੋਰਟ ਨੇ ਕੋਰਟ ਮਿੱਤਰ ਨੂੰ ਆਦੇਸ਼ ਦਿੱਤਾ ਹੈ ਕਿ ਉਹ ਰਾਜਸਥਾਨ ਸਰਕਾਰ ਨੂੰ ਮੁੱਖ ਸਕੱਤਰ ਜ਼ਰੀਏ ਧਿਰ ਬਣਾਉਣ। ਕੋਰਟ ਨੇ ਰਾਜਸਥਾਨ ਦੇ ਐਡਵੋਕੇਟ ਜਨਰਲ ਨੂੰ ਅਗਲੀ ਸੁਣਵਾਈ 'ਤੇ ਵੀਸੀ ਰਾਹੀਂ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

ਸੁਣਵਾਈ ਦੌਰਾਨ ਹਾਈ ਕੋਰਟ ਨੇ ਸੁਣਵਾਈ ਦੌਰਾਨ ਜੇਲ੍ਹ ਵਿਚੋਂ ਉਗਰਾਹੀ ਤੇ ਧਮਕੀਆਂ ਦਿੱਤੇ ਜਾਣ ਦੇ ਮਾਮਲੇ 'ਤੇ ਵੀ ਚਿੰਤਾ ਪ੍ਰਗਟਾਈ। ਕੋਰਟ ਨੇ ਕਿਹਾ ਕਿ ਜੇਲ੍ਹ ਦੇ ਅੰਦਰੋਂ ਉਗਰਾਹੀ ਤੇ ਧਮਕੀ ਦੇ ਮਾਮਲੇ ਸਭ ਤੋਂ ਜ਼ਿਆਦਾ ਪੰਜਾਬ ਤੋਂ ਹੀ ਸਾਹਮਣੇ ਆਉਂਦੇ ਹਨ। ਇਸ ਹਾਲਤ ਵਿਚ ਅਗਲੀ ਸੁਣਵਾਈ 'ਤੇ ਇਹ ਦੱਸਿਆ ਜਾਵੇ ਕਿ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਇਸ ਤਰ੍ਹਾਂ ਦੇ ਫੋਨ ਕੀਤੇ ਜਾਣ ਦੇ ਕਿੰਨੇ ਮਾਮਲੇ ਸਾਹਮਣੇ ਆਏ ਹਨ ਤੇ ਉਨ੍ਹਾਂ ਮਾਮਲਿਆਂ 'ਚ ਕੀ ਕਾਰਵਾਈ ਕੀਤੀ ਗਈ ਹੈ।

ਸੁਆਲ ਤਾਂ ਇਹ ਹੈ ਕਿ ਪੁਲਿਸ ਵਿਭਾਗ ਦੇ ਇਕ ਮਹੱਤਵਪੂਰਨ ਪੁੱਛਗਿੱਛ ਸੈਂਟਰ ਇਕ ਗੈਂਗਸਟਰ ਦੀ ਇੰਟਰਵਿਊ ਲਈ ਟੀ.ਵੀ. ਸਟੂਡੀਓ ਵਿਚ ਕਿਸ ਦੀ ਇਜਾਜ਼ਤ ਨਾਲ ਤਬਦੀਲ ਹੋਇਆ ਅਤੇ ਇੰਟਰਵਿਊ ਨੂੰ 6 ਮਹੀਨੇ ਤੋਂ ਵੀ ਬਾਅਦ ਰਿਲੀਜ਼ ਜਾਂ ਜਨਤਕ ਕਰਨ ਦਾ ਫ਼ੈਸਲਾ ਕਿਸ ਪੱਧਰ 'ਤੇ ਹੋਇਆ ਅਤੇ ਇਸ ਇੰਟਰਵਿਊ ਪਿੱਛੇ ਏਜੰਡਾ, ਮੰਤਵ ਜਾਂ ਸਾਜ਼ਿਸ਼ ਕੀ ਸੀ ?

ਇਸ ਸੰਬੰਧੀ ਵੀ ਸਥਿਤੀ ਸਪਸ਼ਟ ਹੋਣੀ ਅਜੇ ਬਾਕੀ ਹੈ। ਰਾਜ ਸਰਕਾਰ ਵਲੋਂ ਇੰਟਰਵਿਊ ਮੌਕੇ ਇਥੇ ਤਾਇਨਾਤ ਇਕ ਡੀ. ਐਸ. ਪੀ. ਅਤੇ ਇੰਸਪੈਕਟਰ ਨੂੰ ਅੰਮਿਬਸਰ ਤੇ ਜਲੰਧਰ ਵਿਖੇ ਤਬਦੀਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਹਾਲਾਂਕਿ, ਤਬਾਦਲੇ ਨੂੰ ਕੋਈ ਸਜ਼ਾ ਨਹੀਂ ਸਮਝਿਆ ਜਾ ਸਕਦਾ ਅਤੇ ਇਹ ਵੀ ਸਪਸ਼ਟ ਨਹੀਂ ਕੀਤਾ ਗਿਆ ਕਿ ਇਹ ਤਬਾਦਲੇ ਕਿਉਂ ਹੋਏ ਹਨ ਪਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਵਿਸ਼ੇਸ਼ ਜਾਂਚ ਟੀਮ ਵਲੋਂ ਜੋ ਬੰਦ ਲਿਫ਼ਾਫ਼ਾ ਰਿਪੋਰਟ ਦਿੱਤੀ ਗਈ ਹੈ, ਉਸ ਸੰਬੰਧੀ ਚਰਚਾ ਹੈ ਕਿ ਉਸ ਵਿਚ ਕੁਝ ਹਰ ਮਹੱਤਵਪੂਰਨ ਜਾਣਕਾਰੀਆਂ ਤੇ ਅਧਿਕਾਰੀਆਂ ਦੇ ਨਾਂਅ ਵੀ ਹੋ ਸਕਦੇ ਹਨ।

ਹਾਈ ਕੋਰਟ ਦੇ ਬੈਂਚ ਵਲੋਂ ਜਿਵੇਂ ਟਿੱਪਣੀਆਂ ਕੀਤੀਆਂ ਗਈਆਂ ਹਨ ਕਿ ਜਾਂਚ ਨੂੰ ਹੇਠਲੇ ਪੱਧਰ ਤੱਕ ਹੀ ਸੀਮਤ ਨਾ ਰੱਖਿਆ ਜਾਵੇ ਅਤੇ ਸੀਨੀਅਰ ਅਧਿਕਾਰੀਆਂ ਦੇ ਰੋਲ ਅਤੇ ਜ਼ਿੰਮੇਵਾਰੀ ਨੂੰ ਵੀ ਘੋਖਿਆ ਜਾਵੇ, ਉਸ ਕਾਰਨ ਸਮਝਿਆ ਜਾ ਰਿਹਾ ਹੈ ਕਿ ਹਾਈ ਕੋਰਟ ਨੂੰ ਸੀਨੀਅਰ ਅਧਿਕਾਰੀਆਂ ਦੇ ਰੋਲ ਸੰਬੰਧੀ ਵੀ ਕੋਈ ਜਾਣਕਾਰੀ ਜਾਂ ਸ਼ੱਕ ਹੋ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਡੀ.ਜੀ.ਪੀ. ਪੰਜਾਬ ਵਲੋਂ ਇੰਟਰਵਿਊ ਰਿਲੀਜ਼ ਹੋਣ ਮੌਕੇ ਜੋ ਇਹ ਦਾਅਵਾ ਕੀਤਾ ਗਿਆ ਸੀ ਕਿ ਇਹ ਇੰਟਰਵਿਊ ਪੰਜਾਬ ਦੇ ਕਿਸੇ ਜੇਲ੍ਹ ਵਿਚ ਨਹੀਂ ਹੋਈ। ਉਨ੍ਹਾਂ ਦਾ ਇਹ ਦਾਅਵਾ ਤਾਂ ਠੀਕ ਸੀ ਕਿ ਇਹ ਇਹ ਇੰਟਰਵਿਊ ਜੇਲ੍ਹ ਵਿਚ ਨਹੀਂ ਹੋਈ ਸੀ, ਪ੍ਰੰਤੂ ਹੋਈ ਪੰਜਾਬ ਵਿਚ ਹੀ ਸੀ ਪਰ ਪੁਲਿਸ ਵਿਭਾਗ ਤੇ ਸਰਕਾਰ ਲਗਾਤਾਰ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕਿਉਂ ਕਰਦੀ ਰਹੀ। ਹਾਲਾਂਕਿ, ਸਮਝਿਆ ਜਾਂਦਾ ਹੈ ਕਿ ਸਰਕਾਰ ਕੋਲ ਕਾਫੀ ਜਾਣਕਾਰੀ ਸੀ। ਸਰਕਾਰ ਵਲੋਂ ਇਸ ਮਾਮਲੇ ਵਿਚ ਹੁਣ ਤੱਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ ?

ਮੁੱਖ ਮੰਤਰੀ ਭਗਵੰਤ ਮਾਨ ਜੋ ਮੁੱਖ ਮੰਤਰੀ ਦੇ ਨਾਲ ਗ੍ਰਹਿ ਮੰਤਰੀ ਤੇ ਜੇਲ੍ਹ ਮੰਤਰੀ ਵੀ ਹਨ, ਅਜਿਹੇ ਵੱਡੇ ਇਨਸਾਫ਼ ਤੋਂ ਬਾਅਦ ਖਾਮੋਸ਼ ਕਿਉਂ ਹਨ ?

ਕੀ ਉਨ੍ਹਾਂ ਦੇ ਗ੍ਰਹਿ ਮੰਤਰੀ ਹੁੰਦਿਆਂ ਇਸ ਮਾਮਲੇ ਵਿਚ ਕੋਈ ਜ਼ਿੰਮੇਵਾਰੀ ਨਹੀਂ ਬਣਦੀ ?

ਪੁਲਿਸ ਵਿਭਾਗ ਅਤੇ ਗੈਂਗਸਟਰਾਂ ਦਰਮਿਆਨ ਇਸ ਮਾਮਲੇ ਵਿਚ ਜੋ ਸਾਂਝ ਸਾਹਮਣੇ ਆਈ ਹੈ, ਪੁਲਿਸ ਵਿਭਾਗ ਤੇ ਮੁੱਖ ਮੰਤਰੀ ਹੁਣ ਤੱਕ ਇਸ ਨੂੰ ਕਿਉਂ ਲੁਕੋ ਰਹੇ ਸਨ ?

ਕੀ ਇੰਟਰਵਿਊ ਨੂੰ ਰਿਲੀਜ਼ ਕਰਨ ਦੀ ਟਾਈਮਿੰਗ ਵੀ ਸੂਬੇ ਵਿਚ ਉਠ ਰਹੇ ਕੁਝ ਹੋਰ ਮੁੱਦਿਆਂ ਨੂੰ ਦਬਾਉਣ ਲਈ ਹੋਈ, ਇਹ ਵੀ ਜਾਂਚ ਦਾ ਵਿਸ਼ਾ ਹੈ ?

ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬੀਤੇ ਦਿਨੀਂ ਕਿਹਾ ਸੀ ਕਿ ਇਸ ਘਟਨਾ ਨੇ ਲੋਕਾਂ ਦਾ ਪੁਲਿਸ ਵਿਭਾਗ ਤੋਂ ਵਿਸ਼ਵਾਸ ਹੀ ਉਠਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚੋਂ ਜੋ ਵੀ ਮੋਬਾਈਲ ਫੜੇ ਜਾਂਦੇ ਹਨ, ਉਨ੍ਹਾਂ ਵਿਚ ਸਿੰਮ ਕਾਰਡ ਜਿਨ੍ਹਾਂ ਦੇ ਨਾਂਅ 'ਤੇ ਹੋਣ ਮੈਂ ਉਨ੍ਹਾਂ ਸੰਬੰਧੀ ਜਾਂਚ ਤੇ ਕੇਸ ਦਰਜ ਕਰਨ ਲਈ ਕਈ ਵਾਰ ਲਿਖਿਆ ਹੈ ਪਰ ਅੱਜ ਤਕ ਇਸ ਸੰਬੰਧੀ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਮੈਂ ਇਕ ਨਾਮੀ ਗੈਂਗਸਟਰ ਦਾ ਮੋਬਾਈਲ ਕੁੰਵਰ ਵਿਜੇ ਪ੍ਰਤਾਪ ਸਿੰਘ (ਜੋ ਉਸ ਵੇਲੇ ਜੇਲ੍ਹਾਂ ਦੇ ਮੁਖੀ ਸਨ) ਨੂੰ ਕਹਿ ਕੇ ਕਾਬੂ ਕਰਵਾਇਆ ਸੀ ਪਰ ਉਸ ਸਮੇਂ ਦੇ ਡੀ.ਜੀ.ਪੀ. ਵੀ ਮੈਨੂੰ ਅਜਿਹਾ ਨਾ ਕਰਨ ਲਈ ਕਹਿੰਦੇ ਰਹੇ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਅਜਿਹੇ ਗੈਂਗਸਟਰ ਨੂੰ ਟੈਲੀਫ਼ੋਨ ਦੇਣ ਦੇ ਹੁਕਮ ਸਾਨੂੰ ਉਪਰੋਂ ਹਨ। ਪ੍ਰੰਤੂ ਜਦੋਂ ਮੈਂ ਕਿਹਾ ਕਿ ਮੈਨੂੰ ਇਸ ਸੰਬੰਧੀ ਲਿਖ ਕੇ ਭੇਜਿਆ ਜਾਵੇ ਤਾਂ ਉਹ ਖਾਮੋਸ਼ ਹੋ ਗਏ। ਸ. ਰੰਧਾਵਾ ਨੇ ਕਿਹਾ ਕਿ ਮੌਜੂਦਾ ਸਰਕਾਰ ਵਿਚ ਤਾਂ ਸਿਆਸਤਦਾਨ ਪੁਲਿਸ ਤੇ ਗੈਂਗਸਟਰਾਂ ਸਾਰੇ ਹੀ ਘੁਲੇ ਮਿਲੇ ਲੱਗਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਖ਼ਾਮੋਸ਼ੀ ਬਹੁਤ ਕੁਝ ਦੱਸ ਰਹੀ ਹੈ।

ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਪੰਜਾਬ ਅਤੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਤਾਂ ਉਨ੍ਹਾਂ ਨੇ ਬਹੁਤ ਪਹਿਲਾਂ ਹੀ ਦੱਸ ਦਿੱਤਾ ਸੀ, ਪਰ ਪੰਜਾਬ ਦੇ ਡੀਜੀਪੀ ਅਦਾਲਤ ਵਿੱਚ ਇਹ ਇੰਟਰਵਿਊ ਪੰਜਾਬ ਤੋਂ ਬਾਹਰ ਹੋਣ ਦਾ ਦਾਅਵਾ ਕਰ ਰਹੇ ਸਨ। ਹੁਣ ਜਦੋਂ ਅਦਾਲਤ ਵਿੱਚ ਇਸ ਦਾ ਖ਼ੁਲਾਸਾ ਹੋ ਗਿਆ ਹੈ ਤਾਂ ਡੀਜੀਪੀ ਇਸ ਦਾ ਜਵਾਬ ਦੇਣ। ਉਨ੍ਹਾਂ ਕਿਹਾ ਕਿ ਅਦਾਲਤ ਵੱਲੋਂ ਇਹ ਖ਼ੁਲਾਸਾ ਹੋਣ ਮਗਰੋਂ ਉਨ੍ਹਾਂ ਨੂੰ ਇਨਸਾਫ਼ ਮਿਲਣ ਦੀ ਉਮੀਦ ਜਾਗੀ ਹੈ।ਉਨ੍ਹਾਂ ਸਪਸ਼ਟ ਕਿਹਾ ਕਿ ਸਰਕਾਰ, ਪੁਲਿਸ ਅਫਸਰ ਤੇ ਗੈਂਗਸਟਰ ਆਪਸ ਵਿਚ ਮਿਲੇ ਹੋਏ ਹਨ।ਇਸੇ ਕਰਕੇ ਸਾਨੂੰ ਸਿਧੂ ਮੂਸੇਵਾਲ ਦੇ ਕਤਲ ਦਾ ਇਨਸਾਫ ਨਹੀਂ ਮਿਲਿਆ।

# ਕਿਸਮਤ ਦੇ ਸਿਤਾਰੇ

## ਵੀਰਵਾਰ 15 ਅਗਸਤ ਬੁੱਧਵਾਰ 21 ਅਗਸਤ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਧਰਮ-ਕਰਮ ਵੱਲ ਰੁਝਾਨ ਰਹੇਗਾ। ਪਰਿਵਾਰ ਵਿੱਚ ਸ਼ੁੱਭ ਕੰਮ ਹੋਣ 'ਤੇ ਪਰਿਵਾਰ ਦਾ ਪੂਰਾ ਸਹਿਯੋਗ ਮਿਲੇਗਾ। ਵਪਾਰਕ ਖੇਤਰਾਂ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਮੁਕਾਬਲਾ ਕਰਨਾ ਪਵੇਗਾ। ਗੈਰ-ਜਰੂਰੀ ਖਰਚੇ ਵਿੱਚ ਵਾਧਾ ਤੇ ਫਜ਼ੂਲ ਦੀ ਭੱਜ-ਦੌੜ ਰਹੇਗੀ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਖਾਨਾ ਜਰੂਰ ਖਵਾਉ,

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਕਿਸੇ ਖਾਸ ਵਿਅਕਤੀ ਦੀ ਮਦਦ ਨਾਲ ਧਨ ਲਾਭ ਹੋਵੇਗਾ। ਭਾਈ-ਬੰਧੂਆਂ ਦਾ ਪੂਰਾ ਸਹਿਯੋਗ ਮਿਲੇਗਾ। ਅਚਾਨਕ ਕਿਸੇ ਧਾਰਮਿਕ ਸਥਾਨ ਦੀ ਯਾਤਰਾ ਹੋਵੇਗੀ। ਪਰਿਵਾਰ ਵਿੱਚ ਖੁਸ਼ੀ ਦੇ ਮੌਕੇ ਮਿਲਣਗੇ, ਪਰ ਦੁਸ਼ਮਣ ਨੁਕਸਾਨ ਦੇਣ ਦੀ ਕੋਸ਼ਿਸ਼ ਕਰਨਗੇ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਕੁਝ ਸੋਚੀਆਂ ਯੋਜਨਾਵਾਂ ਤੇ ਉਮੀਦਾਂ ਵਿੱਚ ਕੁਝ ਕਾਮਯਾਬੀ ਮਿਲੇਗੀ। ਧਨ ਲਾਭ ਤੇ ਤਰੱਕੀ ਦੇ ਮੌਕੇ ਮਿਲਣਗੇ। ਨਵੇਂ ਕੰਮ ਨੂੰ ਕਾਰਜ ਰੂਪ ਦੇਣ ਦੀ ਕੋਸ਼ਿਸ਼ ਲਾਭਕਾਰੀ ਹੋਵੇਗੀ। ਉਤਸ਼ਾਹ ਨਾਲ ਕੰਮ ਕਰਨ ਨਾਲ ਕੋਈ ਵਿਗੜਿਆ ਕੰਮ ਬਣੇਗਾ। ਕਿਸੇ ਦੀ ਨਿੰਦਾ-ਚੁਗਲੀ ਤੋਂ ਦੂਰ ਰਹੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਕਿਸੇ ਖਾਸ ਜਰੂਰੀ ਕੰਮ ਲਈ ਭੱਜ-ਦੌੜ ਰਹੇਗੀ। ਫਜ਼ੂਲ ਦੀ ਫਿਕਰ ਅਤੇ ਬਣਦੇ ਕੰਮਾਂ ਵਿੱਚ ਦੇਰੀ ਦੇ ਯੋਗ ਹਨ। ਪਰਿਵਾਰ ਵਿੱਚ ਖੁਸ਼ੀ ਦੇ ਮੌਕੇ ਮਿਲਣਗੇ। ਆਪਣੀ ਆਮਦਨ ਮੁਤਾਬਕ ਖਰਚ ਕਰਨ ਦੀ ਕੋਸ਼ਿਸ਼ ਕਰੋ, ਨਹੀਂ ਤਾਂ ਨੁਕਸਾਨ ਦਾ ਡਰ ਹੈ। ਦੁਸ਼ਮਣ ਸਰਗਰਮ ਰਹਿਣਗੇ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਇਸ ਹਫ਼ਤੇ ਕਾਰੋਬਾਰ ਵਿੱਚ ਤਰੱਕੀ ਦੇ ਰਸਤੇ ਖੁੱਲ੍ਹਣਗੇ। ਪਰਿਵਾਰ ਵਿੱਚ ਖੁਸ਼ੀ ਦੇ ਮੌਕੇ ਮਿਲਣਗੇ। ਸਿਹਤ ਪੱਖੋਂ ਪ੍ਰੇਸ਼ਾਨੀ, ਸੁਭਾਵ ਵਿੱਚ ਤੇਜ਼ੀ, ਬਣਦੇ ਕੰਮਾਂ ਵਿੱਚ ਰੁਕਾਵਟਾਂ ਦਾ ਡਰ ਰਹੇਗਾ। ਮਨ ਉਚਾਟ ਤੇ ਉਦਾਸੀਨ ਰਹੇਗਾ। ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਕਿਸੇ ਨਵੇਂ ਕੰਮ ਵੱਲ ਰੁਝਾਨ ਹੋਵੇਗਾ। ਉੱਚ ਪੱਧਰੀ ਲੋਕਾਂ ਨਾਲ ਮੇਲ-ਜੋਲ ਵਧੇਗਾ। ਭਾਵੇਂ ਵਪਾਰ/ਕਾਰੋਬਾਰ ਵਿੱਚ ਧਨ ਲਾਭ ਦੇ ਮੌਕੇ ਮਿਲਣਗੇ, ਪਰ ਉਸ ਦਾ ਪੂਰਾ ਲਾਭ ਨਹੀਂ ਮਿਲੇਗਾ। ਦੁਸ਼ਮਣ ਨੁਕਸਾਨ ਦੇਣ ਦੀ ਕੋਸ਼ਿਸ਼ ਕਰਨਗੇ। ਗਰੀਬ ਪਰਿਵਾਰ ਦੇ ਬੱਚੇ ਨੂੰ ਧਾਰਮਿਕ ਜਾਂ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਦਿਉ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਸੰਘਰਸ਼ ਤੇ ਮਿਹਨਤ ਨਾਲ ਹੀ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਕੋਈ ਰੁਕਿਆ ਕੰਮ ਬਣੇਗਾ। ਮਾਣ-ਇੱਜ਼ਤ ਵਿੱਚ ਵਾਧਾ, ਪਰ ਫਜ਼ੂਲ ਖਰਚ, ਫਜ਼ੂਲ ਦੀ ਯਾਤਰਾ, ਭੱਜ-ਦੌੜ ਤੇ ਸਿਹਤ ਵੀ ਢਿੱਲੀ ਰਹੇਗੀ। ਸੁਭਾਅ ਵਿੱਚ ਗੁੱਸਾ ਤੇ ਉਤੇਜਨਾ ਵਧੇਗੀ। ਪਰਿਵਾਰ ਸਮੇਤ ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਨੌਕਰੀ ਵਿੱਚ ਤਰੱਕੀ ਦੇ ਯੋਗ ਹਨ। ਜ਼ਮੀਨ-ਜਾਇਦਾਦ ਦੇ ਖਰੀਦਣ ਜਾਂ ਵੇਚਣ ਦੀ ਯੋਜਨਾ ਬਣ ਸਕਦੀ ਹੈ। ਸੁਭਾਵ ਵਿੱਚ ਤੇਜ਼ੀ ਰਹੇਗੀ। ਜਲਦਬਾਜੀ ਜਾਂ ਉਤੇਜਨਾ ਨਾਲ ਨੁਕਸਾਨ ਹੋ ਸਕਦਾ ਹੈ। ਫਜ਼ੂਲ ਦੀ ਭੱਜ-ਦੌੜ ਤੇ ਖਰਚ ਵੀ ਜ਼ਿਆਦਾ ਰਹੇਗਾ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਹੋਵੋ, ਕਾਰੋਬਾਰ ਠੀਕ ਹੋਣਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਧਰਮ-ਕਰਮ ਵਿੱਚ ਦਿਲਚਸਪੀ ਵਧੇਗੀ। ਰਾਜ ਦਰਬਾਰ ਵਿੱਚ ਮਾਣ-ਇੱਜ਼ਤ ਵਿੱਚ ਵਾਧਾ ਅਤੇ ਸੁੱਖ-ਸਾਧਨਾਂ ਵਿੱਚ ਵੀ ਵਾਧਾ ਹੋਵੇਗਾ। ਗੁੱਸਾ ਜ਼ਿਆਦਾ ਤੇ ਕੋਈ ਬਣਿਆ ਕੰਮ ਵਿਗੜਨ ਕਰਕੇ ਨੁਕਸਾਨ ਹੋ ਸਕਦੈ। ਸਿਹਤ ਪੱਖੋਂ ਸੁਚੇਤ ਰਹਿਣ ਦੀ ਲੋੜ ਹੈ। ਘਰੇਲੂ ਸੁੱਖ ਵਿੱਚ ਕਮੀ ਆਵੇਗੀ। ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਕੁਝ ਰੁਕੇ ਹੋਏ ਕੰਮਾਂ ਵਿੱਚ ਅਚਾਨਕ ਲਾਭ ਮਿਲੇਗਾ। ਧਨ ਲਾਭ ਤੇ ਤਰੱਕੀ ਦੇ ਖਾਸ ਮੌਕੇ ਮਿਲਣਗੇ। ਘਰੇਲੂ ਉਲਝਣਾਂ ਤੇ ਆਰਥਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਰਹੇਗਾ। ਭਾਈ-ਬੰਧੂਆਂ ਨਾਲ ਮਨ-ਮੁਟਾਵ ਪੈਦਾ ਹੋਣਗੇ। ਗੁਰੂ ਘਰ ਬੱਚਿਆਂ ਸਮੇਤ ਹਾਜ਼ਰੀ ਭਰ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਪਵੇਗੀ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਕਾਰੋਬਾਰੀ ਖੇਤਰਾਂ ਵਿੱਚ ਹਾਲਾਤ ਸੰਘਰਸ਼ਭਰੇ ਰਹਿਣਗੇ। ਆਰਾਮ ਘੱਟ ਅਤੇ ਦੌੜ-ਭੱਜ ਜ਼ਿਆਦਾ ਰਹੇਗੀ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਦਾ ਡਰ ਹੈ। ਬਣਦੇ ਕੰਮਾਂ ਵਿੱਚ ਰੁਕਾਵਟਾਂ ਅਤੇ ਧਨ ਖਰਚ ਜ਼ਿਆਦਾ ਹੋਵੇਗਾ। ਪਰਿਵਾਰ ਵਿੱਚ ਕੁਝ ਮਤਭੇਦ ਵੀ ਹੋ ਸਕਦੇ ਹਨ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਇਸ ਹਫ਼ਤੇ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਜ਼ਮੀਨ-ਮਕਾਨ ਆਦਿ ਦੀ ਖਰੀਦੋ-ਫਰੋਖਤ ਕਰਨ ਦੀ ਯੋਜਨਾ ਵੀ ਬਣੇਗੀ। ਸੰਤਾਨ ਸਬੰਧੀ ਚਿੰਤਾ ਅਤੇ ਕੈਰੀਅਰ ਵਿੱਚ ਰੁਕਾਵਟਾਂ ਦਾ ਸਾਹਮਣਾ ਰਹੇਗਾ। ਆਰਾਮ ਘੱਟ ਤੇ ਭੱਜ-ਦੌੜ ਜ਼ਿਆਦਾ ਰਹੇਗੀ। ਮਨ ਅੰਦਰ ਸਿਰਫ ਪ੍ਰਮਾਤਮਾ ਨੂੰ ਯਾਦ ਕਰੋ।

## ਹਾਸੇ ਦੀ ਪਟਾਰੀ

**ਰਾਜੂ** (ਪੱਪੂ ਨੂੰ), ਯਾਰ ਮੇਰੀ ਘਰਵਾਲੀ ਗੁੱਸਾ ਬਹੁਤ ਕਰਦੀ ਹੈ।

ਪੱਪੂ, ਮੇਰੀ ਘਰਵਾਲੀ ਵੀ ਪਹਿਲਾਂ ਬਹੁਤ ਗੁੱਸਾ ਕਰਦੀ ਸੀ, ਪਰ ਹੁਣ ਨਹੀਂ ਕਰਦੀ।

ਰਾਜੂ, ਤੂੰ ਕੀ ਇਲਾਜ ਕੀਤਾ ?

ਪੱਪੂ, ਕੁਝ ਖਾਸ ਨਹੀਂ, ਇਕ ਦਿਨ ਉਹ ਗੁੱਸੇ ਵਿੱਚ ਸੀ ਤਾਂ ਮੈਂ ਕਹਿ ਦਿੱਤਾ ਕਿ ਬੁਢਾਪੇ ਵਿੱਚ ਗੁੱਸਾ ਆ ਹੀ ਜਾਂਦਾ ਹੈ। ਬੱਸ ਉਹ ਦਿਨ ਹੈ ਅਤੇ ਅੱਜ ਦਾ ਦਿਨ, ਉੱਚੀ ਆਵਾਜ਼ ਵਿੱਚ ਵੀ ਗੱਲ ਨਹੀਂ ਕਰਦੀ।

**ਇਕ** ਗੁਜਰਾਤੀ ਤੇ ਬਿਹਾਰੀ ਦੀਆਂ ਘਰਵਾਲੀਆਂ ਗੁਆਚ ਗਈਆਂ। ਦੋਵੇਂ ਖੋਜ ਦੌਰਾਨ ਇਕ-ਦੂਜੇ ਨਾਲ ਟਕਰਾਏ।

ਬਿਹਾਰੀ ਨੇ ਪੁੱਛਿਆ, ਤੇਰੀ ਘਰਵਾਲੀ ਦੀ ਕੀ ਪਛਾਣ ਹੈ ?

ਗੁਜਰਾਤੀ ਬੋਲਿਆ, 5 ਫੁੱਟ 7 ਇੰਚ, ਗੋਰੀ, ਭੂਰੀਆਂ ਅੱਖਾਂ, ਦੁਬਲੀ-ਪਤਲੀ, ਸਲੀਵਲੈੱਸ ਨੀਲੀ ਟੀ-ਸ਼ਰਟ ਤੇ ਲਾਲ ਮਿੰਨੀ ਸਕਰਟ ਪਾਈ ਹੋਈ ਹੈ। ਹੁਣ ਦੱਸ ਤੇਰੇ ਵਾਲੀ ਦੀ ਕੀ ਪਛਾਣ ਹੈ ?

ਬਿਹਾਰੀ, ਹਮਾਰ ਵਾਲੀ ਕੋ ਮਾਰ ਗੋਲੀ, ਚੱਲ ਤੋਰੇ ਵਾਲੀ ਕੋ ਖੋਜਤ ਜਾਏਂ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐

1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.................................................................................

ADDRESS..........................................................................

..............................................POST CODE..............................

TEL....................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਨਿਸ਼ਾਨ ਸਾਹਿਬ ਜੀ ਦੇ ਰੰਗਾਂ ਬਾਰੇ ਬੇਲੋੜਾ ਵਾਦ-ਵਿਵਾਦ ਕਿਉਂ ?

ਮਨਜੀਤ ਸਿੰਘ (ਗਤਕਾ ਮਾਸਟਰ)



ਸਿੱਖ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੁੰਦਾ ਹੈ, ਉੱਥੇ ਉਸਦਾ ਸੀਸ ਨਿਸ਼ਾਨ ਸਾਹਿਬ ਜੀ ਅੱਗੇ ਵੀ ਝੁਕਦਾ ਹੈ ਕਿਉਂਕਿ ਨਿਸ਼ਾਨ ਸਾਹਿਬ ਦੇ ਰੂਪ ਵਿਚ ਇਹ ਅਕਾਲ ਧਵਜਾ ਸਿੱਖ ਪੰਥ ਦੀ ਆਨ, ਸ਼ਾਨ, ਮਾਣ ਤੇ ਸਤਿਕਾਰ ਦਾ ਪ੍ਰਤੀਕ ਹੈ। ਇਸ ਤੋਂ ਇਲਾਵਾ ਗੁਰੂਘਰ ਵਿੱਖੇ ਝੂਲਦੇ ਨਿਸ਼ਾਨ ਸਾਹਿਬ ਨੂੰ ਵੇਖ ਕੇ ਜਰੂਰਤਮੰਦ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਇਸ ਅਸਥਾਨ ਤੇ ਉਸਦੀ ਰਿਹਾਇਸ਼ ਤੇ ਲੰਗਰ ਤੋਂ ਇਲਾਵਾ ਅਧਿਆਤਮਕ ਤ੍ਰਿਪਤੀ ਦੀ ਵੀ ਜਰੂਰਤ ਪੂਰੀ ਹੋਵੇਗੀ।

ਇਤਿਹਾਸ ਵਿਚ ਕੋਈ ਪੁਖ਼ਤਾ ਜਾਣਕਾਰੀ ਤਾਂ ਨਹੀਂ ਮਿਲਦੀ ਪਰ ਕਈ ਲਿਖਾਰੀਆਂ ਅਨੁਸਾਰ ਤੇ ਸੀਨਾ ਬਸੀਨਾ ਚਲੀਆਂ ਆ ਰਹੀਆਂ ਕਥਾਵਾਂ ਅਨੁਸਾਰ ਜਿਕਰ ਆਉਂਦਾ ਹੈ ਕਿ ਪੰਜਵੇਂ ਪਾਤਿਸ਼ਾਹ ਜੀ ਤੱਕ ਗੁਰੂ ਸਾਹਿਬ ਜੀ ਦੇ ਦਰਬਾਰ ਵਿੱਖੇ ਚਿੱਟਾ ਨਿਸ਼ਾਨ ਸਾਹਿਬ ਝੂਲਦਾ ਰਿਹਾ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿੱਖੇ ਵਲਾ ਬਾਈਪਾਸ ਉਪਰ ਇਕ ਗੁਰਘਰ ' ਗੁਰਦਵਾਰਾ ਗੁਰੂ ਸਰ ਸੰਤ ਬਾਬਾ ਤਾਰਾ ਸਿੰਘ ਜੀ ' ਸਥਿਤ ਹੈ, ਜਿੱਥੇ ਚਿੱਟਾ ਨਿਸ਼ਾਨ ਸਾਹਿਬ ਝੁਲ ਰਿਹਾ ਹੈ। ਇਸ ਅਸਥਾਨ ਉਪਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਹੈ। ਦਾਸ ਨੇ ਜਦ ਉੱਥੇ ਮੌਜੂਦ ਗੁਰਸਿੱਖਾਂ ਨੂੰ ਚਿੱਟੇ ਰੰਗ ਦੇ ਨਿਸ਼ਾਨ ਸਾਹਿਬ ਬਾਰੇ ਇਤਿਹਾਸ ਪੁੱਛਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਸੰਨ ੧੯੯੬ ਵਿਚ ਅਕਾਲ ਚਲਾਨਾ ਕਰਨ ਤੋਂ ਪਹਿਲਾਂ ਸੰਨ ੧੯੯੫ ਵਿਚ ਬਾਬਾ ਤਾਰਾ ਸਿੰਘ ਜੀ ਇਹ ਨਿਸ਼ਾਨ ਸਾਹਿਬ ਖ਼ੁਦ ਝੁਲਾ ਕੇ ਗਏ ਹਨ।

ਇਤਿਹਾਸ ਅਨੁਸਾਰ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਨ ਤੋਂ ਬਾਅਦ ਛੇਵੇਂ ਪਾਤਿਸ਼ਾਹ ਜੀ ਨੇ ਅਕਾਲ ਬੁੰਗਾ ( ਸ੍ਰੀ ਅਕਾਲ ਤਖ਼ਤ ਸਾਹਿਬ ) ਵਿੱਖੇ ਦੋ ਨਿਸ਼ਾਨ ਸਾਹਿਬ ਇੱਕਠੇ ਝੁਲਵਾਏ। ਜੋਕਿ ਹੁਣ ਦੇ ਨਿਸ਼ਾਨ ਸਾਹਿਬ ਨਾਲੋਂ ਉੱਚਾਈ ਵਿਚ ਛੋਟੇ ਸਨ। ਗੁਰੂ ਕਾਲ ਸਮੇਂ ਇਨ੍ਹਾਂ ਦਾ ਰੰਗ ਬਸੰਤੀ ਹੋਣ ਦਾ ਜਿਕਰ ਮਿਲਦਾ ਹੈ ਪਰ ਸਿੱਖ ਰਾਜ ਤੇ ਮਿਸਲ ਕਾਲ ਦੌਰਾਨ ਇੱਥੇ ਨੀਲੇ ਰੰਗ ਝੁਲਣ ਦਾ ਵੀ ਜ਼ਿਕਰ ਮਿਲਦਾ ਹੈ। ਸੰਨ ੧੯੦੮ ਦੀ ਦੋਵੇਂ ਨਿਸ਼ਾਨ ਸਾਹਿਬ ਦੀ ਇਕ ਫ਼ੋਟੋ ਮਿਲਦੀ ਹੈ, ਜਿਸ ਵਿਚ ਇਕ ਨਿਸ਼ਾਨ ਸਾਹਿਬ ਨੀਲਾ ਤੇ ਇਕ ਨਿਸ਼ਾਨ ਸਾਹਿਬ ਬਸੰਤੀ ਰੰਗ ਦਾ ਹੈ ਤੇ ਇਨ੍ਹਾਂ ਉਪਰ ਕ੍ਰਿਪਾਨ, ਢਾਲ ਤੇ ਕਟਾਰ ਦੀ ਫ਼ੋਟੋ ਹੈ। ਇੰਝ ਹੀ ਸੰਨ ੧੯੨੪ ਵਿਚ ਜਿਹੜੇ ਸਿੰਘ ਜੈਤੋ ਦੇ ਮੋਰਚੇ ਲਈ ਨਿਸ਼ਾਨ ਸਾਹਿਬ ਜੀ ਦੀ ਅਗਵਾਈ ਹੇਠ ਚਲੇ ਸਨ, ਉਹ ਨਿਸ਼ਾਨ ਸਾਹਿਬ ਵੀ ਨੀਲੇ ਸਨ ਤੇ ਉਨ੍ਹਾਂ ਉਪਰ ਵੀ ਸ਼ਸਤਰਾਂ ਦੀ ਹੀ ਫ਼ੋਟੋ ਸੀ।

ਇਸ ਗੱਲ ਵਿਚ ਇਤਿਹਾਸਕ ਸਚਾਈ ਹੈ ਕਿ ਸਿੱਖਾਂ ਨੇ ਇਤਿਹਾਸ ਤੇ ਬਣਾਇਆ ਪਰ ਉਸਨੂੰ ਸਹੀ ਢੰਗ ਨਾਲ ਸੰਭਾਲਨ ਤੇ ਰੱਖ ਰਖਾਅ ਦਾ ਉੱਚਿਤ ਮੌਕਾ ਨਹੀਂ ਮਿਲਿਆ, ਕਿਉਂਕਿ ਪਹਿਲਾਂ ਮੁਗਲਾਂ ਨਾਲ ਤੇ ਫ਼ੇਰ ਅੰਗਰੇਜ਼ਾਂ ਨਾਲ ਉਲਝਦਿਆਂ ਸਿੱਖ ਸ਼ਹੀਦ ਤਾਂ ਹੁੰਦੇ ਰਹੇ ਪਰ ਆਪਣੇ ਵਿਰਸੇ ਨੂੰ ਸੰਭਾਲਣ ਤੋਂ ਖੁੰਝ ਗਏ, ਜਿਸ ਦਾ ਅਸਰ ਅਜੋਕੇ ਸਮੇਂ ਕਈ ਰੂਪਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਇਤਿਹਾਸਕ ਲਿਖਤਾਂ ਅਨੁਸਾਰ ਸ੍ਰੀ ਦਰਬਾਰ ਸਾਹਿਬ ਜੀ ਵਿੱਖੇ ਤਕਰੀਬਨ 60 ਸਾਲ ਮਹੰਤਾਂ ਦਾ ਕਬਜ਼ਾ ਰਿਹਾ,



ਇਸ ਦੌਰਾਨ ਜਿੱਥੇ ਸਿੱਖ ਰਹੁ ਰੀਤਾਂ ਦਾ ਘਾਣ ਹੋਇਆ, ਉੱਥੇ ਸਿੱਖੀ ਸਿਧਾਂਤ ਵੀ ਆਪਣੀ ਮਰਜੀ ਅਨੁਸਾਰ ਚਲਾਏ ਗਏ। ਇਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਜੀ ਦੀ 13ਵੀ ਪੀੜ੍ਹੀ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਵੀ ਰਹੇ ਬਾਬਾ ਖੇਮ ਸਿੰਘ ਬੇਦੀ ਨੇ ਆਪਣੇ - ਆਪ ਨੂੰ ਜਿੱਥੇ ਸਿੱਖਾਂ ਦਾ 12ਵਾਂ ਗੁਰੂ ਵੀ ਐਲਾਨਿਆ, ਉੱਥੇ ਉਸ ਦੀ ਅਗਵਾਈ ਹੇਠ ਨਿਸ਼ਾਨ ਸਾਹਿਬ ਜੀ ਦੇ ਰੰਗ, ਮਰਿਯਾਦਾ ਤੇ ਸਿਧਾਂਤ ਵੀ ਬਦਲੇ ਗਏ। ਅੰਗ੍ਰੇਜ਼ ਹਕੂਮਤ ਦੇ ਜ਼ਰਖਰੀਦ ਇਸ ਮਹੰਤ ਬੇਦੀ ਨੇ ਬੇਸ਼ੱਕ ਉਪਰੋਂ ਗਾਤਰੇ ਸ੍ਰੀ ਸਾਹਿਬ ਧਾਰਨ ਕੀਤੀ ਹੋਈ ਸੀ ਪਰ ਥੱਲੇ ਜਨੇਊ ਵੀ ਪਾਇਆ ਹੋਇਆ ਸੀ ਤੇ ਇਸੀ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪ੍ਰਕਰਮਾ ਵਿਚ ਮੂਰਤੀਆਂ ਰੱਖ ਕੇ ਪੰਡਿਤਾਂ ਨੇ ਟੇਵੇ,ਕੁੰਡਲੀਆਂ ਦੇਖਣ ਦੀ ਰੀਤ ਸ਼ੁਰੂ ਕੀਤੀ। ਇਹ ਜਿਹੜੀ ਗੱਦੀ ਲਾ ਕੇ ਉਪਰ ਬੈਠ ਆਪਣੇ - ਆਪ ਨੂੰ ਗੁਰੂ ਸਮਝੀ ਬੈਠਾ ਸੀ,ਉਹ ਗੱਦੀ ਪੰਥ ਦੀ ਮਹਾਨ ਸ਼ਖ਼ਸੀਅਤ ਗਿਆਨੀ ਦਿੱਤ ਸਿੰਘ ਜੀ ਨੇ ਸਰੋਵਰ ਵਿੱਚ ਵਗਾਹ ਮਾਰੀ ਸੀ। ਕਹਿਣ ਦਾ ਭਾਵ ਕਿ ਕਈ ਸਿੱਖਾਂ ਨੂੰ ਵੀ ਅਜੋਕੇ ਸਮੇਂ ਇਹ ਹੋ ਰਿਹਾ ਬਦਲਾਅ ਠੀਕ ਨਹੀਂ ਲੱਗ ਰਿਹਾ ਕਿਉਂਕਿ ਉਹ ਦਹਾਕਿਆਂ ਤੋਂ ਜੋ ਦੇਖ ਰਹੇ ਹਨ,ਉਹੀ ਉਨ੍ਹਾਂ ਦੇ ਦਿਲ - ਦਿਮਾਗ ਵਿਚ ਬੈਠ ਗਿਆ,ਜੋਕਿ ਬਾਹਰ ਕਢਣ ਨੂੰ ਤਿਆਰ ਨਹੀਂ ਪਰ ਬੇਨਤੀ ਹੈ ਕਿ ਬੇਸ਼ੱਕ ਦਹਾਕਿਆਂ ਤੱਕ ਕੋਈ ਗ਼ਲਤੀ ਲਗਾਤਾਰ ਹੁੰਦੀ ਰਹੇ,ਜਦੋਂ ਜਾਗ੍ਰਤੀ ਆ ਜਾਵੇ ਤਾਂ ਉਹ ਗ਼ਲਤੀ ਸੁਧਾਰ ਕਰਨ ਵਿਚ ਹੀ ਕੌਮਾਂ ਦਾ ਭਲਾ ਹੁੰਦਾ ਹੈ।

ਹੁਣ ਗੱਲ ਕਰਦੇ ਹਾਂ ਪਿਛਲੇ ਦਿਨਾਂ ਤੋਂ ਸਿੱਖ ਪੰਥ ਦੇ ਨਿਸ਼ਾਨ ਸਾਹਿਬ ਜੀ ਦੇ ਰੰਗਾਂ ਨੂੰ ਲੈ ਕੇ ਸ਼ੁਰੂ ਹੋਏ ਬੇਲੋੜੇ ਵਾਦ - ਵਿਵਾਦ ਬਾਰੇ ਕਿ ਇਹ ਕਿਉਂ ਸ਼ੁਰੂ ਹੋਇਆ। ਸਿੱਖ ਰਹਿਤ ਮਰਿਯਾਦਾ ਦਾ ਹਵਾਲਾ ਦਿੰਦਿਆ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਾਂ ਉਪਰ ਪਹਿਰਾ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਅਹਿਮ ਵਿਭਾਗ ਧਰਮ ਪ੍ਰਚਾਰ ਕਮੇਟੀ ਨੇ ਇਕ ਸਰਕੂਲਰ ਜਾਰੀ ਕਰਕੇ ਆਪਣੇ ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਨੂੰ ਇਸ ਸੰਬੰਧੀ ਜਾਣਕਾਰੀ ਮੁਹਈਆ ਕਰਵਾਉਣ ਨੂੰ ਕਿਹਾ। ਇਸ ਬਾਬਤ ਪੁਰਾਤਨ ਸ੍ਰੋਤਾਂ, ਦਸਤਾਵੇਜਾਂ ਤੇ ਪੁਰਾਤਨ ਲਿਖਤਾਂ ਦੀ ਮੱਦਦ ਨਾਲ ਖ਼ੋਜ ਕਰਕੇ ਪੰਥ ਦੇ ਵਿਦਵਾਨਾਂ ਦੀ ਇਕਮੱਤ ਰਾਏ ਨਾਲ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਅਸਲੀ ਬਸੰਤੀ ਰੰਗ ਪੰਥ ਦੇ ਸਾਹਮਣੇ ਪ੍ਰਗਟ ਕਰਨ ਹੋਵੇਗਾ ਤੇ ਹੋ ਸਕੇ ਤਾਂ ਇਤਿਹਾਸਕ ਗੁਰੂਘਰਾਂ ਵਿੱਖੇ ਵਿਸ਼ੇਸ਼ ਕਾਊਂਟਰ ਲਾ ਕੇ ਇਸ ਰੰਗ ਦੇ ਨਿਸ਼ਾਨ ਸਾਹਿਬ ਜੀ ਦੇ ਪੋਸ਼ਾਕੇ ਤੇ ਦਸਤਾਰਾਂ ਉੱਚਿਤ ਭਾਅ ਉਪਰ ਸੰਗਤਾਂ ਨੂੰ ਦੇਣੀਆਂ ਚਾਹੀਦੀਆਂ ਹਨ।

ਸਿੱਖ ਰਹਿਤ ਮਰਿਯਾਦਾ ਮੁਤਾਬਿਕ ਦੂਸਰਾ ਰੰਗ ਸੁਰਮਈ ਹੈ ਪਰ ਇੱਥੇ ਵੀ ਬਹੁਤ ਵੱਡੀ ਦੁਬਿੱਧਾ ਹੈ ਕਿ ਸੁਰਮਈ ਰੰਗ ਹੈ ਕਿਹੜਾ...? ਕਿਉਂਕਿ ਅਸੀਂ ਨੀਲੇ ਰੰਗ ਨੂੰ ਹੀ ਸੁਰਮਈ ਰੰਗ ਕਹਿ ਰਹੇ ਹਾਂ,ਜਦਕਿ ਅੱਖਾਂ ਵਿਚ ਪਾਏ ਜਾਣ ਵਾਲੇ ਸੁਰਮੇ ਨੂੰ ਉਸਦੇ ਸੁਰਮਈ ਰੰਗ ਕਰਕੇ ਸੁਰਮਾ ਕਿਹਾ ਜਾਂਦਾ ਹੈ। ਪੰਜਾਬ ਕੋਸ਼ ਮੁਤਾਬਿਕ ਸੁਰਮਈ ਰੰਗ ਹਲਕਾ ਨੀਲਾ, ਗ੍ਰੇਇਸ ਨੀਲਾ ਤੇ ਸਟੀਲ ਗ੍ਰੇ ਹੁੰਦਾ ਹੈ। ਇਹ ਗੱਲ ਤੇ ਬਿਲਕੁਲ ਸਪਸ਼ਟ ਹੈ ਕਿ ਸੁਰਮਈ ਰੰਗ ਅਕਾਲੀ ਫ਼ੌਜ ਨਿਹੰਗ ਸਿੰਘਾਂ ਵੱਲੋਂ ਵਰਤੇ ਜਾਣ ਵਾਲੇ ਨੀਲੇ ਰੰਗ ਦੇ ਬਿਲਕੁਲ ਵੀ ਨੇੜੇ ਨਹੀਂ ਤਾਂ ਫ਼ੇਰ ਸੁਰਮਈ ਰੰਗ ਕਿਹੜਾ ਹੈ...?

ਸਿੱਖ ਇਤਿਹਾਸ ਅਨੁਸਾਰ ਸੰਨ ੧੬੯੯ ਦੀ ਵਿਸਾਖੀ ਨੂੰ ਜਦੋਂ ਪੰਜ ਪਿਆਰਿਆਂ ਤੋਂ ਬਾਅਦ ਦਸਵੇਂ ਪਾਤਿਸ਼ਾਹ ਜੀ ਨੇ ਖੰਡੇ ਬਾਟੇ ਦੀ ਪਾਹੁਲ ਹਾਸਿਲ ਕੀਤੀ ਤਾਂ ਦੂਜੇ ਜੱਥੇ ਵਿਚ ਗੁਰੂ ਸਾਹਿਬ ਜੀ ਦੇ ਚਵਰ ਬਰਦਾਰ ਭਾਈ ਰਾਮ ਸਿੰਘ ਨੇ ਆਪਣੇ ਚਾਰ ਸਾਥੀਆਂ ਭਾਈ ਦੇਵਾ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ ਤੇ ਭਾਈ ਫ਼ਤਿਹ ਸਿੰਘ ਸਹਿਤ ਅੰਮ੍ਰਿਤ ਦੀ ਦਾਤ ਹਾਸਿਲ ਕੀਤੀ ਤੇ ਪੰਜ ਮੁਕਤੇ ਕਹਾਏ। ਦਸਵੇਂ ਪਾਤਿਸ਼ਾਹ ਜੀ ਨੇ ਭਾਈ ਰਾਮ ਸਿੰਘ ਮੁਕਤਾ ਨੂੰ ਇਕ ਨਿਸ਼ਾਨ ਸਾਹਿਬ ਬਖਸ਼ਿਸ਼ ਕੀਤਾ। ਇੰਝ ਤੱਤ ਖ਼ਾਲਸਾ ਤੇ ਬੰਦਈ ਖ਼ਾਲਸਾ ਦੇ ਆਪਸੀ ਮਨ ਮੁਟਾਵ ਦੌਰਾਨ ਗੁਰੂ ਸਾਹਿਬ ਜੀ ਦੇ ਮਹਿਲ ਮਾਤਾ ਸੁੰਦਰ ਕੌਰ ਜੀ ਨੇ ਭਾਈ ਰਾਮ ਸਿੰਘ ਮੁਕਤਾ ਨੂੰ ਪਹਿਲੇ ਵਰਗਾ ਹੀ ਇਕ ਹੋਰ ਨਿਸ਼ਾਨ ਸਾਹਿਬ ਦੇ ਕੇ ਭਾਈ ਮਨੀ ਸਿੰਘ ਜੀ ਨਾਲ ਸ੍ਰੀ ਦਰਬਾਰ ਸਾਹਿਬ ਜੀ ਵਿੱਖੇ ਸੇਵਾ ਸੰਭਾਲ ਤੇ ਆਪਸੀ ਝਗੜਾ ਖ਼ਤਮ ਕਰਨ ਲਈ ਦਿੱਲੀ ਤੋਂ ਭੇਜਿਆ। ਇਨ੍ਹਾਂ ਦੋਨਾਂ ਨਿਸ਼ਾਨ ਸਾਹਿਬ ਜੀ ਉਪਰ ਕ੍ਰਿਪਾਨ ,ਢਾਲ ਤੇ ਕਟਾਰ ਭਾਵ ਸ਼ਸਤ੍ਰ ਅੰਕਿਤ ਸਨ। ਇਹ ਨਿਸ਼ਾਨ ਸਾਹਿਬ ਹਰੇਕ ਸਾਲ ਹੋਲੇ ਮਹੱਲੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਕਲਦੇ ਮਹੱਲੇ ਦੌਰਾਨ ਭਾਈ ਰਾਮ ਸਿੰਘ ਮੁਕਤਾ ਦੀ ਅੰਸ਼ ਬੰਸ ਵੱਲੋਂ ਝੁਲਾਏ ਜਾਂਦੇ ਹਨ, ਜਿਨ੍ਹਾਂ ਦਾ ਰੰਗ ਸੁਰਮੇ ਦੇ ਕਾਲੇ ਰੰਗ ਵਰਗਾ ਹੈ ਨਾ ਕਿ ਨਿਹੰਗ ਸਿੰਘਾਂ ਦੇ ਨਿਸ਼ਾਨ ਸਾਹਿਬ ਵਰਗਾ ਨੀਲੇ ਰੰਗ ਦਾ।

ਦੂਸਰੇ ਪਾਸੇ ਇਤਿਹਾਸ ਦੱਸਦਾ ਹੈ ਕਿ ਜਦੋਂ ਦਸਵੇਂ ਪਾਤਿਸ਼ਾਹ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਨਾਂਦੇੜ ਤੋਂ ਪੰਜਾਬ ਨੂੰ ਭਾਈ ਬਿਨੋਦ ਸਿੰਘ , ਭਾਈ ਕਾਹਨ ਸਿੰਘ , ਭਾਈ ਬਾਜ ਸਿੰਘ , ਭਾਈ ਭਗਵੰਤ ਸਿੰਘ ਬੰਗੇਸ਼ਰੀ ਤੇ ਭਾਈ ਰਣ ਸਿੰਘ ਦੀ ਅਗਵਾਈ ਹੇਠ ਨਗਾਰਾ ਤੇ ਨਿਸ਼ਾਨ ਸਾਹਿਬ ਦੇ ਕੇ ਭੇਜਿਆ ਤਾਂ ਉਸ ਦਾ ਰੰਗ ਨੀਲਾ ਸੀ,ਜਿਸ ਉਪਰ ਕ੍ਰਿਪਾਨ ,ਢਾਲ ਤੇ ਕਟਾਰ ਅੰਕਿਤ ਸੀ। ਇਸ ਤੋਂ ਇਲਾਵਾ ਇਤਿਹਾਸ ਵਿੱਚ ਜਿਕਰ ਆਉਂਦਾ ਹੈ ਕਿ ਸੰਨ ੧੬੯੮ ਦੀ ਮਾਰਚ ਨੂੰ ਗੁਰੂ ਕਾ ਚੱਕ ( ਸ੍ਰੀ ਅੰਮ੍ਰਿਤਸਰ ਸਾਹਿਬ ) ਦੀ ਸੰਗਤ ਦਸਵੇਂ ਪਾਤਿਸ਼ਾਹ ਜੀ ਦੇ ਦਰਸ਼ਨਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਵਿੱਖੇ ਆਈ ਤੇ ਉਨ੍ਹਾਂ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਪ੍ਰਿਥੀ ਚੰਦ ਦੇ ਵਾਰਸ ਮੀਣੇ ਗੁਰੂ ਕਾ ਚੱਕ ਛੱਡ ਗਏ ਹਨ, ਇਸ ਲਈ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਸਹੀ ਨਹੀਂ ਹੋ ਰਹੀ। ਗੁਰੂ ਸਾਹਿਬ ਜੀ ਨੇ ਉਸੀ ਸਮੇਂ ਭਾਈ ਮਨੀ ਸਿੰਘ ਦੀ ਅਗਵਾਈ ਹੇਠ ਭਾਈ ਭੂਪਤ ਸਿੰਘ , ਭਾਈ ਗੁਲਜ਼ਾਰ ਸਿੰਘ , ਭਾਈ ਕੋਇਰ ਸਿੰਘ , ਭਾਈ ਕਾਹਨ ਸਿੰਘ ਅਤੇ ਭਾਈ ਕੀਰਤ ਸਿੰਘ ਨੂੰ ਇੱਕ ਨੀਲਾ ਨਿਸ਼ਾਨ ਸਾਹਿਬ, ਇਕ ਨਗਾਰਾ ਅਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਮਦਮੀ ਸਰੂਪ ਦਾ ਇਕ ਉਤਾਰਾ ਦੇ ਕੇ ਭੇਜਿਆ। ਇਹ ਸਾਰੇ ਗੁਰਸਿੱਖ ਸ੍ਰੀ ਦਰਬਾਰ ਸਾਹਿਬ ਵਿੱਖੇ ਪਹੁੰਚੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨੀਲਾ ਸਾਹਿਬ ਝੁਲਾਇਆ। ਗੁਰੂ ਸਾਹਿਬ ਜੀ ਨੇ ਜਿਹੜਾ ਨਿਸ਼ਾਨ ਸਾਹਿਬ ਨਾਂਦੇੜ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਦੇ ਕੇ ਭੇਜਿਆ ਸੀ, ਇਹ ਅੱਜ ਵੀ ਨੀਲੇ ਰੰਗ ਵਾਲਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਕੋਲ ਸੁਰੱਖਿਅਤ ਹੈ, ਜਿਸ ਦੇ ਸਮੇਂ-ਸਮੇਂ ਅਨੁਸਾਰ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾਏ ਜਾਂਦੇ ਹਨ।

ਗੁਰੂ ਸਾਹਿਬ ਜੀ ਦੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਵੱਲੋਂ ਜੋ ਨਿਸ਼ਾਨ ਸਾਹਿਬ ਝੁਲਾਏ ਜਾਂਦੇ ਹਨ,ਉਨ੍ਹਾਂ ਦਾ ਰੰਗ ਵੀ ਨੀਲਾ ਹੁੰਦਾ ਹੈ ਤੇ ਜੋ ਫ਼ਰਲਾ ਸੀਸ ਉਪਰ ਸਜਾਇਆ ਜਾਂਦਾ ਹੈ, ਉਸ ਦਾ ਰੰਗ ਵੀ ਨੀਲਾ ਹੁੰਦਾ ਹੈ। ਇਨ੍ਹਾਂ ਨੀਲੇ ਰੰਗ ਦੇ ਨਿਸ਼ਾਨ ਸਾਹਿਬ ਤੇ ਹੋਲੇ ਮਹੱਲੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਕੱਢੇ ਜਾਂਦੇ ਮਹੱਲੇ ਦੌਰਾਨ ਝੁਲਾਏ ਜਾਂਦੇ ਨਿਸ਼ਾਨ ਸਾਹਿਬ ਦੇ ਰੰਗ ਦੀ ਆਪਸੀ ਦੂਰ ਤੱਕ ਕੋਈ ਸਾਂਝ ਨਹੀਂ। ਕਹਿਣ ਨੂੰ ਇਹ ਦੋਨੋ ਰੰਗ ਸੁਰਮਈ ਹਨ ਪਰ ਪੰਥ ਨੂੰ ਇਹ ਸਪਸ਼ਟ ਕਰਨਾ ਹੋਵੇਗਾ ਕਿ ਅਸਲੀ ਸੁਰਮਈ ਰੰਗ ਕਿਹੜਾ ਹੈ ਤਾਂ ਜੋ ਮੌਜੂਦਾ ਤੇ ਭਵਿੱਖ ਵਿਚ ਹੋਰ ਕੋਈ ਉਲਝਣ ਪੈਦਾ ਨਾ ਹੋਵੇ ਤੇ ਮੌਜੂਦਾ ਸਮੇਂ ਵਾਂਗ ਇਹ ਵੀ ਵਾਦ-ਵਿਵਾਦ ਦਾ ਵਿਸ਼ਾ ਨਾ ਬਣ ਜਾਵੇ।

ਅਗਲੀ ਗੱਲ ਕਿ ਗੁਰੂ ਕਾਲ ਤੋਂ ਸਿੱਖ ਪੰਥ ਦੇ ਨਿਸ਼ਾਨ ਸਾਹਿਬ ਵਿਚ ਕ੍ਰਿਪਾਨ, ਢਾਲ ਤੇ ਕਟਾਰ ਇਹ ਤਿੰਨ ਸ਼ਸਤ੍ਰ ਉਕਰੇ ਹੋਏ ਹਨ,ਇਹ ਨਿਸ਼ਾਨ ਸਾਹਿਬ ਤੇ ਉਸ ਵਿਚ ਅੰਕਿਤ ਸ਼ਸਤ੍ਰ ਗੁਰੂ ਸਾਹਿਬ ਜੀ ਆਪ ਖੁਦ ਆਪਣੇ ਪੰਥ ਖ਼ਾਲਸੇ ਨੂੰ ਦੇ ਕੇ ਗਏ ਹਨ,ਜਿਸ ਵਿਚ ਤਬਦੀਲੀ ਕਰਨ ਜਾਂ ਬਦਲਣ ਦਾ ਹੱਕ ਕਿਸੇ ਨੂੰ ਨਹੀਂ ਹੈ। ਨਿਸ਼ਾਨ ਸਾਹਿਬ ਤੇ ਉਸ ਵਿਚਲੇ ਸ਼ਸਤ੍ਰ ਸਿੱਖ ਪੰਥ ਦੀ ਅਜ਼ਾਦ ਪ੍ਰਭੂਸੱਤਾ, ਗ਼ੈਰਤ, ਅਣਖ,ਸ਼ਾਨ, ਮਾਣ ਤੇ ਸੂਰਬੀਰਤਾ ਦਾ ਪ੍ਰਤੀਕ ਹਨ,

ਬਾਕੀ ਹਿਸਾ ਸਫ਼ਾ 28 ਤੇ ਪੜ੍ਹੋ

27 ਸਫ਼ੇ ਦੀ ਬਾਕੀ

ਇਹੀ ਗੱਲ ਅੰਗ੍ਰੇਜ਼ ਹਕੂਮਤ ਨੂੰ ਹਰ ਸਮੇਂ ਚੁੱਭਦੀ ਸੀ ਤੇ ਕਿਉਂਕਿ ਇਸੇ ਨਿਸ਼ਾਨ ਸਾਹਿਬ ਜੀ ਦੀ ਅਗਵਾਈ ਹੇਠ ਖ਼ਾਲਸਾ ਫ਼ੌਜ ਨੇ ਮੁਗ਼ਲ ਹਕੂਮਤ ਤੋਂ ਬਾਅਦ ਅੰਗ੍ਰੇਜ਼ ਹਕੂਮਤ ਨਾਲ ਬੇਅੰਤ ਯੁੱਧ ਲੜੇ ਤੇ ਫ਼ਤਿਹ ਹਾਸਿਲ ਕੀਤੀ। ਸਿੱਖ ਰਾਜ ਦੇ ਚੜ੍ਹਦੇ ਸੂਰਜ ਦੌਰਾਨ ਤਾਂ ਅੰਗ੍ਰੇਜ਼ ਦੇਸ਼ ਪੰਜਾਬ ਵੱਲ ਕਹਿਰੀ ਅੱਖ ਨਾਲ ਝਾਕ ਵੀ ਨਾ ਸਕਿਆ ਪਰ ਜਿਵੇਂ ਹੀ ਸਿੱਖ ਰਾਜ ਦਾ ਸੂਰਜ ਅਸਤ ਹੋਇਆ ਤਾਂ ਅੰਗ੍ਰੇਜ਼ ਹਕੂਮਤ ਨੇ ਆਪਣੇ ਖਰੀਦੇ ਹੋਏ ਪਾਸਿਆਂ ਨਾਲ ਉਹ ਚਾਲ ਖੇਡੀ ਕਿ ਜਿੱਥੇ ਸਿੱਖ ਰਾਜ ਦਾ ਪਤਨ ਹੋਇਆ,ਉੱਥੇ ਸਿੱਖ ਸਿਧਾਂਤ, ਸੱਭਿਆਚਾਰ, ਰਹੁ ਰੀਤਾਂ ਤੇ ਇਤਿਹਾਸ ਵਿਚ ਭਾਰੀ ਰਲਗੱਡ ਹੋ ਗਈ। ਇਨ੍ਹਾਂ ਵਿੱਚੋਂ ਹੀ ਜਿੱਥੇ ਇਕ ਨਿਸ਼ਾਨਾ ਸਿੱਖ ਪੰਥ ਦੇ ਨਿਸ਼ਾਨ ਸਾਹਿਬ ਨੂੰ ਬਣਾਇਆ ਗਿਆ ਤੇ ਉੱਥੇ ਇਨ੍ਹਾਂ ਵਿੱਚੋਂ ਸ਼ਸਤਰ ਇਕਦਮ ਖ਼ਤਮ ਕਰਕੇ ਆਪਣੇ ਵੱਲੋਂ ਡਿਜ਼ਾਇਨ ਕੀਤਾ ਖੰਡਾ ਲਗਾ ਦਿੱਤਾ ਗਿਆ।

ਸੰਨ ੧੮੪੯ ਨੂੰ ਖ਼ਾਲਸਾ ਰਾਜ ਤੇ ਕਬਜ਼ਾ ਕਰਨ ਤੋਂ ੩੭ ਸਾਲ ਬਾਅਦ ਅੰਗਰੇਜ਼ਾਂ ਨੇ ਸੰਨ ੧੮੮੬ ਵਿੱਚ ੪੫ ਰੈਟਰੀ ਸਿੱਖ ਇਕ ਰੈਜਮੈਂਟ ਤਿਆਰ ਕੀਤੀ, ਜਿਨ੍ਹਾਂ ਦੀਆਂ ਦਸਤਾਰਾਂ ਉਪਰ ਲਾਉਣ ਲਈ ਇਕ ਗੋਲ ਚੱਕਰ ਤੇ ਉਸ ਉਪਰ ਦੋ ਧਾਰਾ ਖੰਡਾ ਡਿਜ਼ਾਇਨ ਕੀਤਾ ਗਿਆ,ਜੋਕਿ ਹਰੇਕ ਸਿੱਖ ਫੌਜੀ ਦੀ ਦਸਤਾਰ ਤੇ ਸਜਾਇਆ ਗਿਆ। ਹੁਣ ਸਿੱਖ ਫ਼ੌਜੀ ਅੰਗਰੇਜ਼ਾਂ ਵੱਲੋਂ ਵਿਸ਼ਵ ਯੁੱਧ ਲੜਨ ਵਿਦੇਸ਼ਾਂ ਨੂੰ ਗਏ।

ਇੰਝ ਹੀ ਨਾਭਾ ਰਿਆਸਤ ਨੇ ਨਾਭਾ ਅਕਾਲ ਰੀਫਰੈਂਟਰੀ ਜੋ ਕਿ ਸੰਨ ੧੯੨੨ ਵਿੱਚ ਤਿਆਰ ਕੀਤੀ ਗਈ ਤੇ ੧੯੪੭ ਨੂੰ ਦੇਸ਼ ਵੰਡ ਤੱਕ ਚੱਲੀ,ਉਸ ਲਈ ਅੰਗਰੇਜ਼ਾਂ ਤੋਂ ਇਕ ਲੋਗੋ ਖੰਡੇ ਦੇ ਰੂਪ ਵਿਚ ਤਿਆਰ ਕਰਵਾਇਆ। ਫ਼ੇਰ ਫੂਲ ਰਿਆਸਤ ਜਿਸ ਦੇ ਅਧੀਨ ਨਾਭਾ,ਜਿੰਦ ਤੇ ਪਟਿਆਲਾ ਰਿਆਸਤ ਆਉਂਦੀ ਸੀ,ਉਨ੍ਹਾਂ ਨੇ ਵੀ ਇਕ ਲੋਗੋ Sprinks & Sons ਤੋਂ ਡਿਜ਼ਾਇਨ ਕਰਵਾਇਆ ਜੋਕਿ ਇੰਗਲੈਂਡ ਦੀ Gerrand & Company London ਨੇ ਤਿਆਰ ਕੀਤਾ ਜੋਕਿ ਅੱਜਕਲ ਦੇ ਉਸ ਖੰਡੇ ਵਰਗਾ ਹੈ। ਜਿਸ ਨੂੰ ਹੌਲੀ - ਹੌਲੀ ਸਿੱਖਾਂ ਨੇ ਅਗਿਆਨਤਾਵੱਸ ਅਪਣਾ ਲਿਆ, ਜਦਕਿ ਗੁਰੂ ਕਾਲ, ਬਾਬਾ ਬੰਦਾ ਸਿੰਘ ਬਹਾਦਰ, ਮਿਸਲ ਕਾਲ ਜਾਂ ਸਿੱਖ ਰਾਜ ਸਮੇਂ ਮੌਜੂਦਾ ਖੰਡੇ ਦਾ ਕੋਈ ਜਿਕਰ ਨਹੀਂ ਮਿਲਦਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਿੱਥੇ ਨਿਸ਼ਾਨ ਸਾਹਿਬ ਦੇ ਪੌਸ਼ਾਕੇ ਦੇ ਰੰਗ ਬਦਲਣ ਦੀ ਪਹਿਲ ਕੀਤੀ ਹੈ, ਉੱਥੇ ਲੱਗਦੇ ਹੱਥ ਮੌਜੂਦਾ ਖੰਡੇ ਦੀ ਜਗ੍ਹਾ ਗੁਰੂ ਸਾਹਿਬ ਜੀ ਦੇ ਬਖਸ਼ਿਸ਼ ਸ਼ਸਤਰ ਨਿਸ਼ਾਨ ਸਾਹਿਬ ਵਿੱਚ ਲਾਉਣ ਦੀ ਪਹਿਲ ਵੀ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਭਵਿੱਖ ਵਿਚ ਕੋਈ ਹੋਰ ਸਵਾਲ ਖੜ੍ਹੇ ਨਾ ਹੋਣ।

ਸਿੱਖ ਕੌਮ ਦਾ ਇਹ ਖੰਡਾਂ ਜਿਸ ਇਕ ਦੋ ਧਾਰਾ ਖੰਡਾਂ,ਇਕ ਚੱਕਰ ਤੇ ਦੋ ਕਿਰਪਾਨਾਂ ਹਨ, ਇਹ ਲੋਗੋ ਤੇ ਹੈ ਪਰ ਗੁਰੂ ਸਾਹਿਬ ਜੀ ਦਾ ਉਹ ਖੰਡਾ ਨਹੀਂ, ਜਿਹੜਾ ਗੁਰੂ ਸਾਹਿਬ ਜੀ ਨੇ ਸੰਨ ੧੬੯੯ ਦੀ ਵਿਸਾਖੀ ਨੂੰ ਅੰਮ੍ਰਿਤ ਤਿਆਰ ਕਰਨ ਲਗਿਆਂ ਬਾਟੇ ਵਿੱਚ ਫ਼ੇਰਿਆ ਸੀ।

ਆਓ ਸਾਰੇ ਰਲ-ਮਿਲ ਕਿਸੇ ਵੀ ਦੁਬਿੱਧਾ ਨੂੰ ਸਿੱਖੀ ਸਿਧਾਂਤਾਂ ਤੇ ਇਤਿਹਾਸਕ ਪੱਖ ਤੋਂ ਵਿਚਾਰ ਕੇ ਪੰਥ ਦੇ ਭਲੇ ਹਿਤ ਦੂਰ ਕਰੀਏ ਤਾਂ ਜੋ ਪੰਥ ਦੀ ਚੜ੍ਹਦੀਕਲਾ ਹਮੇਸ਼ਾਂ ਸਦੀਵੀ ਕਾਇਮ ਰਹੇ।

# ਵਿਦੇਸ਼ਾਂ ਵਿਚ ਪੜ੍ਹਾਈ ਦੀਆਂ ਸ਼ਰਤਾਂ ਸਖ਼ਤ ਹੋਣ ਕਾਰਨ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਵਿਚ ਆਈ ਕਮੀ

## ✪ ਮੈਡੀਕਲ ਵਿਦਿਆਰਥੀਆਂ ਦਾ ਰੁਝਾਨ ਭਾਰਤ ਵਿਚ ਸਟਡੀ ਕਰਨ ਦਾ ਵਧਿਆ

• ਖਾਸ ਖਬਰ •



ਵਿਦੇਸ਼ਾਂ ਵਿਚ ਪੜ੍ਹਾਈ ਦੀਆਂ ਸ਼ਰਤਾਂ ਸਖ਼ਤ ਹੋਣ ਕਾਰਨ ਇਸ ਵਰ੍ਹੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਵਿਚ ਰੁਚੀ ਘਟੀ ਹੈ। ਜਿਸ ਕਾਰਨ ਪੰਜਾਬ ਦੇ ਮੈਡੀਕਲ ਤੇ ਨਰਸਿੰਗ ਕਾਲਜਾਂ ਵਿਚ ਸੀਟਾਂ ਭਰ ਗਈਆਂ ਹਨ ਅਤੇ ਸਰਕਾਰੀ ਡਿਗਰੀ ਕਾਲਜਾਂ ਅੰਦਰ ਵੀ ਮੈਰਿਟ ਦਾ ਪੱਧਰ ਹੋਰ ਉੱਚਾ ਹੋ ਗਿਆ ਹੈ। ਰਾਜ ਦੇ 12 ਮੈਡੀਕਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀ ਪੜ੍ਹਾਈ ਕਰ ਰਹੇ 1550 ਵਿਦਿਆਰਥੀਆਂ ਦੀਆਂ 5 ਫ਼ੀਸਦ ਫ਼ੀਸਾਂ ਵਿਚ ਵਾਧਾ ਹੋਇਆ ਹੈ। ਨੋਟੀਫਿਕੇਸ਼ਨ ਅਨੁਸਾਰ ਐਨ.ਆਰ.ਆਈ. ਸੀਟਾਂ ਦੀਆਂ ਫ਼ੀਸਾਂ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਹੈ। ਪਹਿਲਾਂ ਐਮ. ਬੀ. ਬੀ. ਐਸ. ਕੋਰਸਾਂ ਅੰਦਰ ਸੀਟਾਂ ਖਾਲੀ ਰਹਿ ਜਾਂਦੀਆਂ ਸਨ। ਹੁਣ ਵਿਦੇਸ਼ਾਂ ਅੰਦਰ ਖ਼ਾਸ ਕਰਕੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੋਰ ਯੂਰਪੀ ਮੁਲਕਾਂ ਅੰਦਰ ਭਾਰਤੀ ਵਿਦਿਆਰਥੀਆਂ ਲਈ ਬਾਰ੍ਹਵੀਂ ਦੀ ਜਗ੍ਹਾ ਗਰੈਜੂਏਸ਼ਨ ਦੀ ਸ਼ਰਤ ਲਗਾ ਦਿੱਤੀ ਗਈ ਹੈ। ਇਸ ਤੋਂ ਬਾਅਦ ਵੀ ਉਥੋਂ ਦੀਆਂ ਸਰਕਾਰਾਂ ਉਨ੍ਹਾਂ ਲਈ ਵਰਕ ਪਰਮਿਟ ਤੇ ਪੀ.ਆਰ. ਦੇਣ ਦਾ ਫ਼ੈਸਲਾ ਕਰਨਗੀਆਂ। ਇਨ੍ਹਾਂ ਸ਼ਰਤਾਂ ਕਾਰਨ ਪੰਜਾਬ ਦੇ ਨੌਜਵਾਨਾਂ ਵਿਚ ਵੀ ਵਿਦੇਸ਼ ਜਾਣ ਦੀ ਰੁਚੀ ਘੱਟ ਨਜ਼ਰ ਆਈ ਹੈ। ਉਨ੍ਹਾਂ ਨੇ ਪੰਜਾਬ ਵਿਚ ਹੀ ਪੜ੍ਹਾਈ ਕਰਨ ਦਾ ਮਨ ਬਣਾ ਲਿਆ ਹੈ। ਪੰਜਾਬ ਦੇ ਨਰਸਿੰਗ ਕਾਲਜਾਂ ਵਿਚ ਵੀ ਸੀਟਾਂ ਪਹਿਲੀ ਕਾਉਂਸਿਲੰਗ ਵਿਚ ਹੀ ਭਰੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਵਾਰ ਪੰਜਾਬ ਪੈਰਾ ਮੈਡੀਕਲ ਪ੍ਰਵੇਸ਼ ਪ੍ਰੀਖਿਆ (ਪੀ. ਪੀ. ਐਮ. ਟੀ.) ਵਿਚ ਪ੍ਰੀਖਿਆਰਥੀਆਂ ਦੀ ਗਿਣਤੀ ਪੰਜਾਬ ਦੀਆਂ ਕੁੱਲ ਸੀਟਾਂ ਤੋਂ ਦੁੱਗਣੀ ਸੀ। ਨਰਸਿੰਗ ਟਰੇਨਿੰਗ ਇੰਸਟੀਚਿਊਟ ਪੰਜਾਬ ਦੇ ਚੇਅਰਮੈਨ ਡਾ. ਮਨਜੀਤ ਸਿੰਘ ਢਿੱਲੋਂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਸਾਲ ਨਰਸਿੰਗ ਕਾਲਜਾਂ 'ਚ ਦਾਖਲਿਆਂ ਨੂੰ ਦੇਖਦਿਆਂ ਫ਼ੀਸਾਂ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਜਿਸ ਕਾਰਨ ਪੰਜਾਬ ਅੰਦਰ 5800 ਦੇ ਕਰੀਬ ਸਰਕਾਰੀ ਤੇ ਨਿੱਜੀ ਨਰਸਿੰਗ ਕਾਲਜਾਂ ਵਿਚ ਸੀਟਾਂ ਭਰ ਗਈਆਂ ਹਨ। ਇਸੇ ਹੀ ਤਰ੍ਹਾਂ ਪੰਜਾਬ ਦੇ ਸਰਕਾਰੀ ਤੇ ਗੈਰ ਸਰਕਾਰੀ ਡਿਗਰੀ ਕਾਲਜਾਂ ਵਿਚ ਦਾਖਲਿਆਂ ਦੀ ਗਿਣਤੀ ਵਧੀ ਹੈ।

# ਨਵਜੋਤ ਸਿੰਘ ਸਿੱਧੂ ਦੀ ਹੋ ਸਕਦੀ ਸਿਆਸਤ ਵਿਚ ਵਾਪਸੀ !

ਅੰਮ੍ਰਿਤਸਰ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਇਕ ਵਾਰ ਫਿਰ ਸਿਆਸਤ ਵਿੱਚ ਸਰਗਰਮ ਹੋ ਸਕਦੇ ਹਨ। ਇਸ ਸਬੰਧੀ ਉਨ੍ਹਾਂ ਨੇ ਬੀਤੇ ਦਿਨੀਂ ਸੋਸ਼ਲ ਮੀਡੀਆ ਰਾਹੀਂ ਇਸ਼ਾਰਾ ਜ਼ਰੂਰ ਦੇ ਦਿੱਤਾ ਹੈ। ਇਹ ਸਮਾਂ ਦੱਸੇਗਾ ਕਿ ਉਹ ਕਦੋਂ ਵਾਪਸੀ ਕਰਦੇ ਹਨ। ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਕ ਨਵੀਂ ਵੀਡੀਓ ਅਪਲੋਡ ਕੀਤੀ ਗਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਮੁੜ ਪੰਜਾਬ ਦੀ ਸਿਆਸਤ ਵਿਚ ਵਾਪਸੀ ਕਰ ਰਹੇ ਹਨ। ਨਵਜੋਤ ਸਿੰਘ ਸਿੱਧੂ ਨੇ ਆਪਣੀ ਨਵੀਂ ਵੀਡੀਓ ਵਿਚ ਕੁਝ ਹੀ ਸ਼ਬਦ ਬੋਲੇਹਨ ਪਰ ਨਿਸ਼ਾਨਾ ਪੰਜਾਬ ਦੀ ਸੱਤਾਧਾਰੀ ਪਾਰਟੀ ਅਤੇ ਉਨ੍ਹਾਂ ਦੀ ਪਾਰਟੀ 'ਚ ਉਨ੍ਹਾਂ ਖਿਲਾਫ ਖੜ੍ਹੇ ਨੇਤਾਵਾਂ 'ਤੇ ਹੈ। ਉਸਨੇ ਆਪਣੀ ਵੀਡੀਓ ਵਿੱਚ ਕਿਹਾ ਕਿ ਚਾਹੇ ਇਹ ਸ਼ਤਰੰਜ ਦਾ ਮੰਤਰੀ ਹੋਵੇ ਜਾਂ ਮਨੁੱਖ ਦੀ ਜ਼ਮੀਰ ਡਿੱਗ ਗਈ ਹੈ, ਖੇਡ ਨੂੰ ਖਤਮ ਸਮਝੋ।

ਦੱਸ ਦੇਈਏ ਕਿ ਸਿੱਧੂ ਨੇ ਲੰਬੇ ਸਮੇਂ ਤੋਂ ਸਿਆਸਤ ਤੋਂ ਦੂਰੀ ਬਣਾ ਕੇ ਰੱਖੀ ਹੋਈ ਹੈ। ਉਹ ਲੋਕ ਸਭਾ ਚੋਣਾਂ ਵਿੱਚ ਐਕਟਿਵ ਨਹੀਂ ਸਨ। ਉਨ੍ਹਾਂ ਦਾਂ ਥਾਂ ਤੇ ਪਾਰਟੀ ਨੇ ਉਸ ਦੇ



ਹਲਕੇ ਅੰਮ੍ਰਿਤਸਰ ਉੱਤਰੀ ਤੇ ਖਡੂਰ ਸਾਹਿਬ ਤੋਂ ਸਾਬਕਾ ਸੰਸਦ ਮੈਂਬਰ ਜਸਬੀਰ ਸਿੰਘ ਡਿੰਪਾ ਨੂੰ ਹਲਕਾ ਇੰਚਾਰਜ ਲਗਾ ਦਿੱਤਾ ਹੈ। ਇਹ ਹੁਣ ਦੇਖਣ ਵਾਲੀ ਗੱਲ ਹੋਵੇਗੀ ਕਿ ਉਨ੍ਹਾਂ ਦੀ ਸਿਆਸਤ ਵਿੱਚ ਵਾਪਸੀ ਕਾਂਗਰਸ ਵਿੱਚ ਕਿਸ ਕਰਵਟ ਤੇ ਬੈਠੇਗੀ ? ਸਮਝਿਆ ਜਾਂਦਾ ਹੈ ਕਿ ਪਿਪੰਕਾ ਗਾਂਧੀ ਉਸਨੂੰ ਸਿਆਸਤ ਵਿਚ ਵਾਪਸ ਲਿਆਉਣਾ ਚਾਹੁੰਦੇ ਹਨ ਤਾਂ ਜੋ ਪੰਜਾਬ ਵਿਚ ਕਾਂਗਰਸ ਨੂੰ ਸਿਆਸੀ ਤੌਰ ਉਪਰ ਉਭਾਰਿਆ ਜਾ ਸਕੇ।

# ਰੂਸ ਨੇ ਰੂਸੀ ਫ਼ੌਜ ਵਿੱਚ ਭਾਰਤੀਆਂ ਦੀ ਭਰਤੀ 'ਤੇ ਰੋਕ ਲਗਾਈ

## ✪ ਜਲਦ ਹੋਵੇਗੀ ਘਰ ਵਾਪਸੀ !

ਮਾਸਕੋ-ਰੂਸ ਦੀ ਫੌਜ ਵੱਲੋਂ ਯੂਕ੍ਰੇਨ ਵਿਚ ਲੜ ਰਹੇ ਭਾਰਤੀਆਂ ਨੂੰ ਲੈ ਕੇ ਰੂਸ ਨੇ ਐਲਾਨ ਕੀਤਾ ਹੈ ਕਿ ਉਸ ਨੇ ਰੂਸੀ ਫੌਜ ਵਿੱਚ ਭਾਰਤੀਆਂ ਦੀ ਭਰਤੀ 'ਤੇ ਰੋਕ ਲਗਾ ਦਿੱਤੀ ਹੈ। ਇਸ ਤੋਂ ਇਲਾਵਾ ਰੂਸੀ ਅਧਿਕਾਰੀ ਉਨ੍ਹਾਂ ਭਾਰਤੀਆਂ ਨੂੰ ਜਲਦੀ ਡਿਸਚਾਰਜ ਕਰਨ ਲਈ ਕੰਮ ਕਰ ਰਹੇ ਹਨ ਜਿਨ੍ਹਾਂ ਨੇ "ਸਵੈ-ਇੱਛਾ ਨਾਲ" ਫੌਜੀ ਸੇਵਾ ਲਈ ਇਕਰਾਰਨਾਮਾ ਕੀਤਾ ਸੀ।

ਰੂਸੀ ਦੂਤਘਰ ਨੇ ਕਿਸੇ ਵੀ ਜਨਤਕ ਜਾਂ ਗੁਪਤ ਮੁਹਿੰਮ ਵਿੱਚ ਸ਼ਾਮਲ ਹੋਣ ਜਾਂ ਧੋਖਾਧੜੀ ਵਾਲੀਆਂ ਯੋਜਨਾਵਾਂ ਰਾਹੀਂ ਭਾਰਤੀਆਂ ਦੀ ਭਰਤੀ ਕਰਨ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਰੂਸੀ ਦੂਤਘਰ ਨੇ ਇਹ ਵੀ ਯਕੀਨੀ ਬਣਾਇਆ ਕਿ ਸਾਰੀਆਂ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਅਤੇ ਮੁਆਵਜ਼ੇ ਦੇ ਭੁਗਤਾਨਾਂ ਨੂੰ ਪੂਰੀ ਤਰ੍ਹਾਂ ਪੂਰਾ ਕੀਤਾ ਜਾਵੇਗਾ। ਰੂਸ ਨੇ ਕਿਹਾ ਕਿ ਉਸ ਨੇ ਅਪ੍ਰੈਲ 'ਚ ਹੀ ਰੂਸੀ ਫੌਜ 'ਚ ਭਾਰਤੀਆਂ ਦੀ ਭਰਤੀ 'ਤੇ ਰੋਕ ਲਗਾ ਦਿੱਤੀ ਸੀ।


ਜੈਸ਼ੰਕਰ ਨੇ ਲੋਕ ਸਭਾ ਵਿੱਚ ਪ੍ਰਸ਼ਨਕਾਲ ਦੌਰਾਨ ਕਿਹਾ ਕਿ ਸਰਕਾਰ ਰੂਸੀ ਫੌਜ ਵਿੱਚ ਸੇਵਾ ਕਰ ਰਹੇ 69 ਭਾਰਤੀਆਂ ਦੀ ਵਾਪਸੀ ਦਾ ਇੰਤਜ਼ਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਈ ਮਾਮਲਿਆਂ ਵਿੱਚ ਅਜਿਹੇ ਸੰਕੇਤ ਮਿਲੇ ਹਨ ਕਿ ਭਾਰਤੀ ਨਾਗਰਿਕਾਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਗੁੰਮਰਾਹ ਕੀਤਾ ਗਿਆ ਸੀ।

ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਵਿਦੇਸ਼ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਮਾਮਲਾ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਕੋਲ ਵੀ ਉਠਾਇਆ ਸੀ। ਕੁੱਲ 91 ਭਾਰਤੀ ਨਾਗਰਿਕਾਂ ਦੇ ਰੂਸੀ ਫੌਜ ਵਿੱਚ ਭਰਤੀ ਹੋਣ ਦੀ ਸੂਚਨਾ ਹੈ, ਜਿਨ੍ਹਾਂ ਵਿੱਚੋਂ ਅੱਠ ਦੀ ਮੌਤ ਹੋ ਗਈ ਹੈ ਅਤੇ 14 ਨੂੰ ਛੁੱਟੀ ਦੇ ਦਿੱਤੀ ਗਈ ਹੈ ਜਾਂ ਵਾਪਸ ਭੇਜ ਦਿੱਤਾ ਗਿਆ ਹੈ। 69 ਨਾਗਰਿਕ ਰੂਸੀ ਫੌਜ ਤੋਂ ਬਾਹਰ ਕੱਢਣ ਦੀ ਉਡੀਕ ਕਰ ਰਹੇ ਹਨ।

# ਵਿਆਹੁਤਾ ਨਾਲ ਸਹੁਰੇ ਤੇ ਦਿਓਰ ਵਲੋਂ ਬਲਾਤਕਾਰ, ਪਤੀ ਗਿਆ ਹੋਇਆ ਸੀ ਵਿਦੇਸ਼

ਦੇਵੀਗੜ੍ਹ-ਪੰਜਾਬ ਦੇ ਦੇਵੀਗੜ੍ਹ ਵਿਖੇ ਇਕ ਸਹੁਰੇ ਅਤੇ ਦਿਓਰ ਵੱਲੋਂ ਵਿਆਹੁਤਾ ਨੂੰ ਹਵਸ ਦਾ ਸ਼ਿਕਾਰ ਬਣਾਇਆ ਗਿਆ। ਥਾਣਾ ਜੁਲਕਾਂ ਅਧੀਨ ਪਿੰਡ ਰੱਤਾਖੇੜਾ ਦੇ ਮੁਦੈਲਾ ਦੇ ਸਹੁਰੇ ਦਰਸ਼ਨ ਲਾਲ ਅਤੇ ਦਿਓਰ ਜਤਿੰਦਰ ਸ਼ਰਮਾ ਵਿਰੁਧ ਮੁਦੈਲਾ ਵੱਲੋਂ ਬਲਾਤਕਾਰ ਦਾ ਕੇਸ ਦਰਜ ਕਰਵਾਇਆ ਗਿਆ ਹੈ। ਥਾਣਾ ਜੁਲਕਾਂ ਦੀ ਪੁਲਸ ਨੂੰ ਮੁਦੈਲਾ ਨੇ ਦੱਸਿਆ ਕਿ ਉਸ ਦਾ ਪਤੀ ਵਿਦੇਸ਼ ਗਿਆ ਹੋਇਆ ਹੈ ਅਤੇ ਪਿੱਛੇ ਉਹ ਇਕੱਲੀ ਬੱਚਿਆਂ ਨਾਲ ਘਰ ਰਹਿੰਦੀ ਹੈ ਪਰ ਇਨ੍ਹਾਂ ਕਥਿਤ ਦੋਸ਼ੀਆਂ ਨੇ ਮੌਕਾ ਪਾ ਕੇ ਮੇਰੇ ਨਾਲ ਜ਼ਬਰਦਸਤੀ ਜਬਰ-ਜ਼ਿਨਾਹ ਕੀਤਾ। ਇਸ ਸਬੰਧੀ ਥਾਣਾ ਜੁਲਕਾਂ ਦੀ ਪੁਲਸ ਨੇ ਸਹੁਰੇ ਅਤੇ ਦਿਓਰ ਖ਼ਿਲਾਫ਼ ਜ਼ੀਰੋ ਐੱਫ਼. ਆਈ. ਆਰ. ਦਰਜ ਕੀਤੀ ਹੈ।

# ਆਜ਼ਾਦੀ



ਰਣਵੀਰ ਸਿੰਘ ਰਾਣਾ

ਅੰਗਰੇਜ਼ ਲੋਕਾ ਨੇ 'ਈਸਟ ਇੰਡੀਆ 'ਕੰਪਨੀ ਦੇ ਰਾਹੀਂ ਭਾਰਤ ਵਿੱਚ ਪੈਰ ਰੱਖਿਆ ਸੀ। ਕੁਝ ਕੁ ਸਾਲ ਵਪਾਰ ਚੱਲਣ 'ਤੋਂ ਬਾਅਦ ਉੱਥੇ ਦਾ ਸਿਸਟਮ ਵੇਖਕੇ ਅੰਗਰੇਜ਼ਾਂ ਨੇ ਸੋਚਿਆ, ਇਹਨਾਂ ਨੂੰ ਗੁਲਾਮ ਬਣਾਉਣਾ ਬਹੁਤ ਸੌਖਾ। 'ਕਿਉਂਕਿ ਉੱਥੇ ਜਾਤ -ਪਾਤ ਦੇ ਝਗੜੇ, ਧਰਮਾਂ ਦੇ ਝਗੜੇ, ਉਚ ਨੀਚ ਦੇ ਝਗੜੇ, ਮੰਦਰ ਮਸਜਿਦ ਦੇ ਝਗੜੇ, ਵਹਿਮਾਂ ਭਰਮਾਂ ਮਾਰੇ ਲੋਕ, ਅੰਗਰੇਜ਼ਾਂ ਨੂੰ ਬਹੁਤਾ ਤਰਦੱਦ ਨੀਂ ਕਰਨਾ ਪਿਆ।' ਬੜੇ ਸੌਖੇ ਤਰੀਕੇ ਨਾਲ ਦੇਸ਼ ਗੁਲਾਮ ਬਣਾ ਲਿਆ ਗਿਆ। ਆਪਣਾ ਰਾਜ -ਭਾਗ ਕਾਇਮ ਕਰ ਲਿਆ। ਪਰ ਪੰਜਾਬ ਨੂੰ ਹੱਥ ਨ੍ਹੀਂ ਪਾਇਆ , ਅੰਗਰੇਜ਼ ਬੜਾ ਦੂਰ ਅੰਦੇਸ਼ੀ ਸੀ। ਪੂਰੇ 100 ਸਾਲ ਸੋਚਦਾ ਰਹਿਆ ਕਈ ਤਰੀਕੇ, ਕਿੱਦਾ ਪੰਜਾਬ ਨੂੰ ਹੱਥ ਹੇਠ ਲਿਆ ਜਾਵੇ। ਅੰਗਰੇਜ਼ ਨੂੰ ਪਤਾ ਸੀ 'ਸਿੱਖਾਂ ਦੇ ਇਤਿਹਾਸ 'ਵਾਰੇ ਸਿੱਖਾਂ ਨੂੰ ਸਿੱਧਾ ਹੱਥ ਪਾਉਣਾ "ਭੂੰਡਾਂ ਦੇ ਖੱਖਰ "ਨੂੰ ਹੱਥ ਲਾਕੇ ਮੁੜ੍ਹਨ ਵਾਲੀ ਗੱਲ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਦੀ ਦੇਰ ਸੀ। ਕੁਝ "ਵਿਕਾਊ ਮਾਲ "ਆਪਣੇ

ਹੱਥ ਹੇਠ ਕਰ ਲਿਆ ਗਿਆ। ਅੰਦਰਲੇ ਭੇਤ ਅੰਗਰੇਜ਼ਾਂ ਕੋਲ ਪਹੁੰਚਣ ਲੱਗੇ। ਸਿੱਖਾਂ ਨੇ ਬੜੀ ਬਹਾਦਰੀ ਦਿਖਾਈ, ਪਰ ਉਹੀ ਗੱਲ ਹੋਈ। "ਰਾਵਣ ਮਾਰਿਆ ਘਰ ਦੇ ਭੇਤ ਮੀਆਂ "ਅਖੀਰ ਸਾਰਾ ਭਾਰਤ ਅੰਗਰੇਜ਼ਾਂ ਦਾ ਗ਼ੁਲਾਮ ਹੋ ਗਿਆ। ਪੰਜਾਬੀ ਟਿੱਕ ਕੇ ਬੈਠਣ ਵਾਲੇ ਨਹੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਹਾਲੇ ਥੋੜ੍ਹਾ ਚਿਰ ਹੋਇਆ ਸੀ ਗਏ ਨੂੰ। ਪੰਜਾਬੀ ਆਪਣੇ ਆਪ ਗ਼ੁਲਾਮ ਮਹਿਸੂਸ ਕਰਨ ਲੱਗ ਪਏ। ਫੇਰ ਇੱਕ ' ਅਨਿਐਲਨੀਆ 'ਅੰਗਰੇਜ਼ਾਂ ਵਿਰੁੱਧ ਜੰਗ ਛੇੜ ਦਿੱਤੀ ਗਈ। ਇਹ ਕੋਈ ਨਵੀਂ ਗੱਲ ਨਹੀਂ ਸੀ, ਇਹਨਾਂ ਦੇ ਦਾਦੇ ਪੜ੍ਹਦਾਦੇ ਮੁਗਲਾਂ ਨਾਲ ਮੱਥਾ ਲਾਉਂਦੇ ਰਹੇ ਸੀ। ਇਹ ਉਹਨਾਂ ਦੇ ਪੁੱਤ ਪੋਤਰੇ ਸੀ, ਜਿਹਨੀਂ 'ਮੁਗਲ ਸਾਮਰਾਜ 'ਦੀ ਜੜ੍ਹ ਪੁੱਟੀ ਸੀ। ਜਿੱਧਰੋ ਮੁ਼ਗਲ ਆਏ ਸੀ ਉੱਧਰ ਨੂੰ ਮੋੜ ਦਿੱਤੇ। ਭਾਵੇਂ ਪੰਜਾਬ 'ਤੋਂ ਪਹਿਲਾਂ ਭਾਰਤ 100 ਸਾਲ ਗੁਲਾਮ ਹੋ ਚੁੱਕਾ ਸੀ। 'ਕੋਈ ਆਜ਼ਾਦੀ ਦੀਆਂ ਖ਼ਾਸ ਲਹਿਰ ਨਹੀਂ ਉੱਠੀ ਸੀ।' ਜਦੋ ਪੰਜਾਬ 'ਚੋ 'ਅਜ਼ਾਦੀ ਦੀ ਲਹਿਰ 'ਉੱਠੀ ਉਸ ਵੇਲੇ ਦੇ "ਸੂਝਵਾਨ ਆਗੂ "ਨੇ ਨਾਲ ਨਾਲ ਸਾਹਿਤ ਛਾਪਕੇ ਦੂਰ ਦੂਰ ਤੱਕ ਪਹੁੰਚ ਦਿੱਤਾ। ਇਹਦਾ ਇਹ ਅਸਰ ਹੋਇਆ ਭਾਰਤੀ ਲੋਕ ਮਹਿਸੂਸ ਕਰਨ ਲੱਗ ਪਏ, ਅਸੀਂ ਗੁਲਾਮ ਹਾਂ। ਹੋਰ ਕਈ ਪਾਸਿਆਂ 'ਤੋ ਲਹਿਰਾ ਉੱਠਣ ਲੱਗ ਪਈਆਂ, 'ਪਰ ਪੰਜਾਬ ਮੂਹਰਲੀ ਕਤਾਰ ਵਿੱਚ ਰਹਿਆ।' ਕਨੇਡਾ ਵਰਗੇ ਦੇਸ਼ ਵਿੱਚੋਂ ਸਾਡੇ 'ਗਦਰੀ ਬਾਬੇ 'ਉੱਠ ਤੁਰੇ, 'ਭਗਤ ਸਿੰਘ 'ਉਧਮ ਸਿੰਘ, ਸਰਾਭੇ, ਬੱਬਰ ਅਕਾਲੀ, ਹੋਰ ਹਜ਼ਾਰਾਂ ਨੌਜਵਾਨ, ਘਰ ਬਾਰ ਛੱਡ ਅਜ਼ਾਦੀ ਦੇ ਰਾਹ ਤੁਰ ਪਏ, ਆਪਣੇ ਘਰ ਘਾਟ ਜਵਾਨੀਆਂ ਦੇਸ਼ ਲੇਖੇ ਲਾ ਦਿੱਤੀਆਂ।' ਉਹਨਾਂ ਸੂਰਮਿਆਂ ਦੀ ਕੁਰਬਾਨੀ ਰੰਗ ਲਿਆਈ, ਦੇਸ਼ ਅਜ਼ਾਦ ਹੋ ਗਿਆ। ਪਰ ਪੰਜਾਬ ਨੂੰ ਹੱਦੋ ਵੱਧ ਕੀਮਤ ਚੁਕਾਉਣੀ ਪਈ, ਸੋਨਾ ਉੱਗਦੀ ਧਰਤੀ, ਮਹਿਲ ਮੁਨਾਰੇ, ਕਰੋੜਾ ਦੇ ਕਾਰੋਬਾਰ, ਜਾਨ 'ਤੋਂ ਪਿਆਰੇ ਗੁਰੂਘਰ, ਔਰਤਾਂ ਦੀਆਂ ਇੱਜ਼ਤਾਂ, ਸਭ ਕੁਝ ਗੁਆਕੇ 'ਅਜ਼ਾਦ ਦੇਸ 'ਵਿੱਚ ਖਾਲੀ ਹੱਥੀਂ ਪਹੁੰਚ ਗਏ। ਭਾਰਤੀ ਲੋਕ ਸੋਚਦੇ ਸੀ, "ਜੇਲ ਭਾਵੇਂ ਪੱਕੀ ਹੋਵੇ, ਛੱਤ ਵੀ ਚੋਂਦੀ ਨਾਂ ਹੋਵੇ, ਕੰਧਾਂ ਵੀ ਮਜ਼ਬੂਤ ਹੌਣ, ਰੋਟੀ ਪਾਣੀ ਦਾ ਵੀ ਕੋਈ ਫ਼ਿਕਰ ਨੀ ਹੁੰਦਾ, ਕੋਈ ਵੀ ਕੈਦੀ ਉੱਥੇ ਰਹਿ ਕੇ ਖ਼ੁਸ਼ ਨੀ ਹੁੰਦਾ ਕਿਉਂਕਿ ਉਹ ਗੁਲਾਮ ਹੁੰਦਾ, ਆਪਣੀ ਮਰਜ਼ੀ ਦਾ ਮਾਲਕ ਨਹੀ ਹੁੰਦਾ। ਹਰ ਵੇਲੇ ਇੱਥੋ ਨਿਕਲਣ ਦੀ ਸੋਚਦਾ ਰਹਿੰਦਾ, ਉਹ ਆਪਣੇ (ਕੱਚੇ ਘਰ) ਵਿੱਚ ਰਹਿਕੇ ਖੁਸ ਹੁੰਦਾ ਕਿਉਂਕਿ ਉੱਥੋਂ ਉਹਨੂੰ 'ਪੂਰਨ ਅਜ਼ਾਦੀ 'ਹੁੰਦੀ ਆ।" ਭਾਰਤ ਵਾਸੀਆਂ ਨੇ ਵੀ ਸੋਚਿਆ ਸੀ ਅਜ਼ਾਦੀ 'ਤੋ ਥੋੜ੍ਹੇ ਚਿਰ ਬਾਅਦ ਸਾਡੀਆਂ ਆਪਣੀਆਂ ਸਰਕਾਰਾਂ ਸਾਡੇ ਕੁੱਲੀ ਗੁੱਲੀ ਜੁੱਲੀ ਵਰਗੇ ਸਭ ਮਸਲੇ ਹੱਲ ਕਰ ਦੇਣਗੀਆ। ਅਸੀਂ ਅਜ਼ਾਦੀ ਦਾ



ਨਿੱਘ ਮਾਣਾਂਗੇ। ਕੋਈ ਫ਼ਰਕ ਨੀ ਪਿਆ। ਕੁਝ ਸਮੇਂ ਬਾਅਦ ਭਗਤ ਸਿੰਘ ਦੇ ਕਹੇ ਬੋਲ ਯਾਦ ਆਉਣ ਲੱਗੇ "ਦੋਸਤੋ ਅਸੀਂ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇਕੇ ਅੰਗਰੇਜ਼ਾਂ 'ਤੋਂ ਤਾਂ ਦੇਸ਼ ਅਜ਼ਾਦ ਕਰਾ ਦੇਵਾਗੇਂ ਪਰ ਮੈਨੂੰ ਡਰ ਆ ਦੇਸ ਅਜ਼ਾਦ ਵਿੱਚ ਦੇਸ਼ ਦੀ ਡੋਰ 'ਕਾਲੇ ਅੰਗਰੇਜ਼ਾਂ 'ਹੱਥ ਆ ਜਾਵੇਗੀ, ਇਹ ਬੋਲ ਸੱਚ ਹੋਏ।" ਇਹ ਭਲੇਖਾ ਨਿਕਲ ਦਿਆਂ ਪੰਜਾਬੀਆ ਨੇ ਹੋਰ ਦੇਸਾ ਵੱਲ ਨੂੰ ਮੁੱਖ ਕਰ ਲਿਆ। ਪਰ 'ਹਿੰਦੂ ਭਾਈਚਾਰੇ ' ਨੂੰ ਇਹ ਭਲੇਖਾ ਬਣਿਆਂ ਰਹਿਆ ਅਸੀ ਇਸ ਦੇਸ਼ ਦੇ ਰਾਖੇ ਹਾਂ, ਕੋਈ ਫ਼ਿਕਰ ਵਾਲੀ ਗੱਲ ਨ੍ਹੀ, ਅਸੀਂ ਹਰ ਤਰਾਂ ਨਾਲ ਵਧਾਂ ਫੁੱਲਾਂਗੇ, ਪਰ 'ਅਜ਼ਾਦੀ ਦੀ ਅੱਧੀ ਸਦੀ 'ਬੀਤਣ ਬਾਅਦ 'ਹਿੰਦੂ ਭਾਈਚਾਰੇ 'ਦਾ ਵੀ ਇਹ ਭਲੇਖਾ ਨਿਕਲ ਗਿਆ, ਉਹ ਵੀ ਹੋਰ ਦੇਸ਼ਾਂ ਵੱਲ ਨਿਕਲ ਤੁਰੇ। 'ਅੱਜ ਪੌਣੀ ਸਦੀ 'ਬਾਅਦ ਵੀ ਸਰਕਾਰਾਂ ਲੋਕਾਂ ਦੇ ਮਸਲੇ ਹੱਲ ਨਹੀਂ ਕਰ ਸਕੀਆਂ। ਬਹੁਤ ਸਾਰੇ ਦੇਸ਼ ਸਾਡੇ 'ਤੋਂ ਪਿੱਛੋਂ ਆਜ਼ਾਦ ਹੋਏ। ਉੱਥੋਂ ਦੀਆਂ ਸਰਕਾਰਾਂ ਨੇ ਇਮਾਨਦਾਰੀ ਨਾਲ ਕੰਮ ਕੀਤਾ। 'ਇਕੱਲਿਆਂ ਲੋਕਾਂ ਨੂੰ ਸਹੂਲਤਾਂ ਨਹੀ ਪ੍ਰਦਾਨ ਕੀਤੀਆਂ, ਸਗੋਂ ਆਪਣੇ ਦੇਸ ਥੋੜ੍ਹੇ ਸਮੇਂ ਵਿੱਚ ਹੀ ਤਰੱਕੀ ਕਰਦੇ ਦੇਸ਼ਾਂ ਦੇ ਬਰਾਬਰ ਖੜ੍ਹੇ ਕਰ ਦਿੱਤੇ।' ਜੇ ਸਰਕਾਰਾਂ ਇਮਾਨਦਾਰ ਹੌਣ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰਨੀਆਂ ਔਖੀਆਂ ਨਹੀ, "ਕਿਉਂਕਿ ਸਾਡੇ ਦੇਸ਼ ਦੀ ਧਰਤੀ 'ਖਣਿਜ ਪਦਾਰਥਾਂ ਨਾਲ ਭਰਪੂਰ ' ਦੁਨੀਆ ਦੀ ਹਰ ਫ਼ਸਲ ਇੱਥੇ ਪੈਦਾ ਹੁੰਦੀ, ਹੋਰ ਵੀ ਕੁਦਰਤ ਦੀਆਂ ਅਨੇਕਾਂ ਦਾਤਾ ਹਨ।" ਸਭ 'ਤੋ ਵੱਡੀ ਸਮੱਸਿਆ ਵੱਧਦੀ ਆਬਾਦੀ ਦੀ ਆ। ਜਿਹਦੇ ਵੱਲ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਸਗੋਂ ਸਾਡੇ 'ਧਾਰਮਿਕ ਆਗੂ 'ਸਮੇਂ ਸਮੇਂ ਸਿਰ ਇਹ ਰੌਲੀ ਜ਼ਰੂਰ ਪਾਉਣ ਲੱਗ ਜਾਂਦੇ ਨੇ, ਬੱਚੇ ਪੰਜ ਪੰਜ ਜ਼ਰੂਰ ਬਣਾਉ ? ਨਹੀ ਤਾਂ ਤਹਾਨੂੰ ਦੂਜੇ ਧਰਮ ਵਾਲਿਆਂ ਨੇ 'ਕੁੱਟਣਾ ਤੇ ਖਾ ਜਾਣਾ।' ਪਰ ਇਹ ਕਦੇ ਨ੍ਹੀ ਦੱਸਦੇ ਇੰਨੇ ਬੱਚੇ ਅੱਜ ਦੇ ਸਮੇਂ ਪਾਲਣੇ ਕਿੰਨੇ ਔਖੇ ਨੇ ? 'ਇਹ ਬਹੁਤੇ 'ਧਾਰਮਿਕ ਆਗੂ 'ਆਪ ਛੜੇ ਨੇ। ਸਾਡੇ ਗੁਆਂਢੀ ਦੇਸ਼ ਨੇ ਇਸ ਦਾ ਹੱਲ ਬਹੁਤ ਸੌਖੇ ਤਰੀਕੇ ਨਾਲ ਕੱਢ ਲਿਆ। 'ਇੱਕ ਬੱਚਾ ਕਰਕੇ 'ਅੱਜ ਚੀਨ 'ਦਿਨ ਪੁਰ ਦਿਨ 'ਤਰੱਕੀ ਵੱਲ ਨੂੰ ਵੱਧ ਰਿਹਾ, ਤੇ ਆਬਾਦੀ ਥੱਲੇ ਵਾਲੇ ਪਾਸੇ ਨੂੰ ਆ ਰਹੀ ਹੈ। ਭਾਰਤ ਦੀ ਆਮਦਨ ਦੀ ਇੱਕ ਬਹੁਤ ਵੱਡਾ 'ਸਰੋਤ 'ਇਹ ਵੀ ਆ। ਅੱਜ ਕਰੋੜਾ ਭਾਰਤੀ ਪ੍ਰਦੇਸ਼ਾਂ ਵਿੱਚ ਬੈਠੇ ਹਰ ਰੋਜ਼ ਦਾ ਕਰੋੜਾ ਰੁਪਈਆ ਭਾਰਤ ਨੂੰ ਆ ਰਿਹਾ, ਜਿਹੜਾ ਕਈ ਸਾਲਾਂ 'ਤੋਂ ਲਾਗਾਤਾਰ ਜਾਰੀ ਆ। ਪਰ ਮਾੜਾ ਸਿਸਟਮ ਕਰਕੇ ਉਹਦੀ ਵੀ ਸਹੀ ਵਰਤੋਂ ਨਹੀਂ ਹੋ ਰਹੀ, 'ਪੌਣੀ ਸਦੀ 'ਬੀਤਣ ਬਾਂਆਦ ਸਿਸਟਮ 'ਚੋ ਕੋਈ ਬਹੁਤੀ ਤਬਦੀਲੀ ਨਹੀ ਆਈ। ਨਾਂ ਸਰਕਾਰਾਂ ਆਪਣੀ ਗੱਦੀ ਖ਼ਾਤਰ ਇਹੋ ਜਿਹਾ ਸਿਸਟਮ ਬਦਲਨੀਆ ਚਾਹੁੰਦੀਆਂ ਨੇ। ਸਗੋਂ "ਪਾੜੋ 'ਤੇ ਰਾਜ ਕਰੋ "ਵਾਲੀ ਨੀਤੀ ਪੂਰੀ ਤਰਾਂ ਅਪਣਾਈ ਜਾਂਦੀ ਆ। ਲੋਕੀ ਇਹਦੇ ਵਿੱਚ ਫਸ ਵੀ ਸੌਖੇ ਜਾਂਦੇ ਨੇ, ਬੱਸ ਆਪਣੇ ਧੀਆਂ ਪੁੱਤਾਂ ਨੂੰ ਅੱਗੇ ਰੱਖਿਆ ਜਾਂਦਾ। 'ਹਾਂਲਾਕਿ ਬਹੁਤ ਸਾਰੇ ਪੜ੍ਹੇ ਲਿਖੇ ਨੌਜਵਾਨ ਸਿਆਸਤ ਵਿੱਚ ਆਕੇ ਬਹੁਤ ਕੁਝ ਕਰਨੇ ਚਾਹੁੰਦੇ ਨੇ, ਪਰ ਉਹਨਾਂ ਨੂੰ ਲਾਗੇ ਨੀ ਲੱਗਣ ਦਿੱਤਾ ਜਾਂਦਾ। ਜੇ ਕੋਈ ਆ ਜਾਵੇ ਉਹਨੂੰ ਚੱਲਣ ਨਹੀਂ ਦਿੱਤਾ ਜਾਂਦਾ। ਅੱਜ ਹਜ਼ਾਰਾਂ ਪੈਸੇ ਵਾਲੇ ਲੋਕ ਇਸ ਸਿਸਟਮ 'ਤੋਂ ਤੰਗ ਆਕੇ ਭਾਰਤ ਦੇਸ ਨੂੰ ਸਦਾ ਲਈ ਸਾਰਾ ਕੁਝ ਵੇਚ ਵੱਟਕੇ ਅਲਵਿਦਾ ਕਹਿ ਰਹੇ ਨੇ। ਇਹ ਬਹੁਤ ਮਾੜਾ ਰੁਝਾਨ ਸ਼ੁਰੂ ਹੋ ਚੁੱਕਾ ਹੈ। ਲੋਕ ਵਿਚਾਰੇ ਵੀ ਕੀ ਕਰਨ, ਹਰ ਖੇਤਰ ਨਿਮਾਣ ਵੱਲ ਨੂੰ ਜਾ ਰਿਹਾ। ਨੌਜਵਾਨ ਡਿਗਰੀਆਂ ਲੈ ਕੇ ਘੁੰਮ ਰਹੇ ਨੇ, ਕਿਸਾਨ ਖੁਦਖੁਸੀਆ ਦੇ ਰਾਹ ਪੈ ਚੁੱਕਾ, ਮਜ਼ਦੂਰ ਦੀ ਤਾਂ ਹੁਣ ਗੱਲ ਕਰਨੀ ਬੰਦ ਹੋ ਚੁੱਕੀ ਆ। ਇਹ ਜ਼ਰੂਰ ਆਖਿਆ ਜਾਂਦਾ, 'ਅਸੀ ਗਰੀਬਾਂ ਨੂੰ ਮੁ਼ਫ਼ਤ ਅੰਨ ਦੇਵਾਂਗੇ 'ਪਰ ਉਹਨਾਂ ਨੂੰ ਗਰੀਬੀ 'ਤੋਂ ਕੱਢਣ ਵਾਸਤੇ ਕੋਈ ਉਪਰਾਲੇ ਨਹੀਂ ਕੀਤੇ ਜਾਂਦੇ। ਹੁਣ ਉਹ ਸਮਾਂ ਪਿੱਛੇ ਰਹਿ ਚੁੱਕਾ, ਜਦੋਂ ਮੰਦਰ ਮਸਜਿਦ, ਧਾਰਮਿਕ ਭਾਵਨਾ, ਜਾਤੀ ਵਾਦ, ਫੁੱਟ ਪਾਊ, ਦਾ ਰੌਲਾ ਪਾਕੇ ਆਪਣੀ ਗੱਦੀ ਕਾਇਮ ਕਰ ਲਿਉ। ਸਿਰਫ਼ ਝੰਡੇ ਲਹਿਰਕੇ, ਜਾਂ ਮੇਰਾ 'ਭਾਰਤ ਮਹਾਨ 'ਕਹਿਣ ਨਾਲ ਗੱਲ ਨੀ ਬਣਨੀ। ਜ਼ਰਾ ! ਉਹਨਾਂ ਪੁਰਖਿਆਂ ਨੂੰ ਯਾਦ ਕਰ ਲਿਆ ਕਰੋ, ਜਿਹਨਾ ਆਪਣੇ ਪ੍ਰਾਣ ਦੀ ਆਹੂਤੀ ਦੇਕੇ ਤਹਾਨੂੰ 'ਤਿਰੰਗਾ 'ਲਹਿਰਾਉਣ ਜੋਗੇ ਕੀਤਾ। ਉਹਨੀਂ ਇਹੋ ਜਿਹੇ ਆਜ਼ਾਦ ਦੇਸ਼ ਦੀ ਤਾਂ ਕਲਪਨਾ ਨਹੀਂ ਕੀਤੀ ਸੀ। ਬੇਸ਼ਕ ਦੇਸ਼ ਆਜ਼ਾਦ ਹੋਏ ਨੂੰ 'ਪੌਣੀ ਸਦੀ 'ਬੀਤ ਗਈ। ਪਰ 'ਅਸਲ ਆਜ਼ਾਦੀ 'ਅਜੇ ਵੀ ਲੋਕਾਂ 'ਤੋ ਬਹੁਤ ਦੂਰ ਆ। ਅੱਜ ਦੇ ਹਾਲਾਤ ਵੇਖਕੇ , ਅੱਜ ਵੀ ਸਿਆਣੇ ਲੋਕ ਕਹਿੰਦੇ ਨੇ, "ਗੋਰਿਆਂ ਦਾ ਰਾਜ ਅੱਜ ਨਾਲੋ ਕਈ ਗੁਣਾ ਚੰਗਾ ਸੀ ?" ਅੱਜ 'ਤੋ ਕਈ ਸਾਲ ਪਹਿਲਾਂ ਇੱਕ ਸ਼ਾਇਰ ਨੇ ਇਸ ਸਿਸਟਮ 'ਤ ਤੰਗ ਹੋਕੇ ਕੁਝ ਇੱਦਾਂ ਕਹਿਆ ਸੀ।

"ਛੱਡਦੇ ਚੂੜੇ ਵਾਲੀਏ ਮੇਰੀ ਬਾਂਹ
ਮੈਂ ਨਹੀ ਰਹਿਣਾ ਹੁਣ ਏਸ ਗਰਾਂ"

* * * * * * * *

## ਵਿਸ਼ੇਸ਼ ਲੇਖ

ਸ਼ਿਵਚਰਨ ਜੱਗੀ ਕੁੱਸਾ

# ਕੀ ਅੱਗ ਨਾਲ ਖੇਡਣ ਲਈ ਸ਼ੇਖ਼ ਹੁਸੀਨਾਂ ਮੁੜ ਬੰਗਲਾ ਦੇਸ਼ ਪਰਤੇਗੀ ?

## ਕੀ ਲੋਕ ਉਸ ਨੂੰ ਮੁੜ ਅਪਨਾਉਣ ਲਈ ਰਾਜ਼ੀ ਹੋਣਗੇ ?





ਬੰਗਲਾ ਦੇਸ਼ ਦੀ ਗੱਦੀਓਂ ਲੱਥੀ ਪ੍ਰਧਾਨ ਮੰਤਰੀ ਸ਼ੇਖ਼ ਹੁਸੀਨਾਂ ਬਾਰੇ ਸੋਚ ਕੇ ਮੈਨੂੰ ਬੜਾ ਪ੍ਰਚੱਲਤ ਸ਼ੇਅਰ ਯਾਦ ਆ ਰਿਹਾ ਹੈ, "ਆਦਮੀ ਕੋ ਚਾਹੀਏ ਕਿ ਵਕਤ ਸੇ ਡਰ ਕਰ ਰਹੇ, ਕਿਆ ਮਾਲੁਮ ਕਬ ਬਦਲੇ ਵਕਤ ਕਾ ਮਿਜ਼ਾਜ਼...।" ਦੁਨੀਆਂ ਭਰ ਵਿੱਚ ਸਭ ਤੋਂ ਲੰਮਾਂ ਸਮਾਂ ਪ੍ਰਧਾਨ ਮੰਤਰੀ ਦੇ ਪਦ ਦਾ ਸੁਖ ਮਾਨਣ ਵਾਲੀ ਸ਼ੇਖ ਹੁਸੀਨਾਂ ਹੁਣ ਇੱਕ ਤਰ੍ਹਾਂ ਨਾਲ 'ਟੱਪਰੀਵਾਸ ਬਣ ਕੇ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ। ਇੰਗਲੈਂਡ ਵਰਗੇ ਮੁਲਕ ਨੇ ਸ਼ੇਖ ਹੁਸੀਨਾਂ ਨੂੰ ਰੱਖਣ ਲਈ ਕੋਰਾ ਚਿੱਟਾ ਜਵਾਬ ਦੇ ਦਿੱਤਾ ਹੈ। ਹੁਣ ਉਹ ਨਰਿੰਦਰ ਮੋਦੀ ਦੀ ਸ਼ਰਨ ਵਿੱਚ ਜਾ ਕੇ ਭਾਰਤ ਵਿੱਚ 'ਦਿਨ-ਕਟੀ ਕਰ ਰਹੀ ਹੈ। ਪਰ ਹੁਣ ਇੱਕ ਅਜੀਬ ਹੀ ਗੱਲ ਸਾਡੇ ਸੁਣਨ ਵਿੱਚ ਆਈ ਹੈ। ਸਾਬਕਾ ਪ੍ਰਧਾਨ ਮੰਤਰੀ ਦੇ ਬੇਟੇ ਸਜੀਬ ਵਾਜੇਦ ਜੋਏ ਨੇ 'ਟਾਈਮਜ਼ ਆਫ਼ ਇੰਡੀਆ' ਨਾਲ ਇੱਕ ਇੰਟਰਵਿਊ ਵਿੱਚ ਕਿਹਾ ਕਿ ਜਿਵੇਂ ਹੀ ਅੰਤਰਿਮ ਸਰਕਾਰ ਚੋਣਾਂ ਕਰਵਾਉਣ ਦਾ ਫੈਸਲਾ ਕਰੇਗੀ, ਸ਼ੇਖ ਹੁਸੀਨਾ ਬੰਗਲਾਦੇਸ਼ ਵਾਪਸ ਆ ਜਾਵੇਗੀ। ਫਿਲਹਾਲ ਉਹ ਭਾਰਤ ਵਿੱਚ ਹੈ। ਅੰਤਰਿਮ ਸਰਕਾਰ ਵੱਲੋਂ ਚੋਣ ਕਰਵਾਉਣ ਦਾ ਫੈਸਲਾ ਕੀਤੇ ਜਾਣ 'ਤੇ ਉਹ ਬੰਗਲਾਦੇਸ਼ ਵਾਪਸ ਚਲੀ ਜਾਵੇਗੀ। ਇੰਨੇ ਥੋੜ੍ਹੇ ਸਮੇਂ ਵਿੱਚ ਮੇਰੀ ਮਾਂ ਦੀ ਜਾਨ ਬਚਾਉਣ ਲਈ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦੀ ਹਾਂ...। ਯਾਦ ਰਹੇ ਕਿ ਜਦੋਂ ਵਿਦਿਆਰਥੀਆਂ ਦੀ ਅਗਵਾਈ ਵਾਲੇ "ਜਨਰਲ ਜ਼ੈੱਡ" ਪ੍ਰਦਰਸ਼ਨ ਨੇ ਉਸਦੀ ਅਵਾਮੀ ਲੀਗ ਸਰਕਾਰ ਦੇ ਖਿਲਾਫ ਇੱਕ ਜਨ-ਵਿਦਰੋਹ ਦਾਫ਼ੈਲਾਦੀ ਫ਼ੈਸਲਾ ਲਿਆ, ਤਾਂ ਉਸ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ 5 ਅਗਸਤ ਨੂੰ ਬੰਗਲਾ ਦੇਸ਼ ਵਿੱਚੋਂ ਭਾਰਤ ਦੌੜ ਗਈ।

ਖ਼ਬਰਾਂ ਅਨੁਸਾਰ ਬੰਗਲਾ ਦੇਸ਼ ਵਿੱਚ ਪਿਛਲੇ ਤਿੰਨ ਹਫ਼ਤਿਆਂ ਵਿੱਚ 400 ਤੋਂ ਵੱਧ ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅਵਾਮੀ ਲੀਗ ਦੇ ਕਾਰਕੁਨਾਂ ਦੁਆਰਾ, ਪੁਲਸ ਗੋਲੀਬਾਰੀ ਅਤੇ ਝੜਪਾਂ ਵਿੱਚ ਮਾਰੇ ਗਏ ਸਨ। ਹੁਸੀਨਾਂ ਦੇ ਬੇਟੇ ਦੇ ਕਹਿਣ ਮੁਤਾਬਿਕ ਬੰਗਲਾਦੇਸ਼ ਵਿੱਚ ਅਵਾਮੀ ਲੀਗ ਦੇ ਨੇਤਾ ਅਜੇ ਵੀ ਕਥਿਤ ਤੌਰ 'ਤੇ ਹਮਲੇ ਦੇ ਘੇਰੇ ਵਿੱਚ ਹਨ। ਜੋਏ ਨੇ ਅੱਗੇ ਜਾ ਕੇ ਕਿਹਾ, ਕਿ ਮੈਂ ਪਾਰਟੀ ਅਤੇ ਇਸਦੇ ਵਰਕਰਾਂ ਨੂੰ ਬਚਾਉਣ ਲਈ ਜੋ ਵੀ ਕਰਨਾ ਪਏਗਾ, ਉਹ ਕਰਾਂਗਾ। ਜੇਕਰ ਮੈਨੂੰ ਰਾਜਨੀਤੀ ਵਿੱਚ ਆਉਣ ਦੀ ਜ਼ਰੂਰਤ ਪਈ, ਤਾਂ ਮੈਂ ਇਸ ਤੋਂ ਵੀ ਗੁਰੇਜ਼ ਨਹੀਂ ਕਰਾਂਗਾ। ਮੇਰੀ ਮਾਂ ਨੇ ਮੌਜੂਦਾ ਕਾਰਜਕਾਲ ਤੋਂ ਬਾਅਦ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਹੋਵੇਗਾ, ਮੇਰੀ ਕਦੇ ਵੀ ਕੋਈ ਸਿਆਸੀ ਲਾਲਸਾ ਨਹੀਂ ਸੀ ਅਤੇ ਇਸੇ ਲਈ ਮੈਂ ਅਮਰੀਕਾ ਵਿੱਚ ਆ ਵਸਿਆ ਸੀ। ਪਰ ਪਿਛਲੇ ਕੁਝ ਦਿਨਾਂ ਵਿੱਚ ਬੰਗਲਾਦੇਸ਼ ਵਿੱਚ ਵਾਪਰੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਉਥੇ ਲੀਡਰਸ਼ਿਪ ਦਾ 'ਖਲਾਅ ਹੈ। ਮੈਨੂੰ ਪਾਰਟੀ ਦੀ ਖ਼ਾਤਰ ਸਰਗਰਮ ਹੋਣਾ ਪਿਆ ਅਤੇ ਮੈਂ ਹੁਣ ਸਭ ਤੋਂ ਅੱਗੇ, ਮੁਢਲੀ ਕਤਾਰ ਵਿੱਚ ਹਾਂ...। ਹੁਸੀਨਾ ਦੇ ਭੱਜਣ ਤੋਂ ਬਾਅਦ 5 ਅਗਸਤ ਨੂੰ ਭੀੜ ਦੀ ਹਿੰਸਾ ਅਤੇ ਦੰਗਿਆਂ ਵਿੱਚ 140 ਤੋਂ ਵੱਧ ਲੋਕ ਮਾਰੇ ਗਏ ਸਨ। ਪਰ ਉਸ ਹਿੰਸਾ ਤੋਂ ਬਾਅਦ ਵਾਰਦਾਤਾਂ ਵਿੱਚ ਕਾਫ਼ੀ ਕਮੀ ਆਈ ਹੈ, ਕਿਉਂਕਿ ਕਾਨੂੰਨ ਲਾਗੂ ਕਰਨ ਦੀ ਅਣਹੋਂਦ ਵਿੱਚ ਵਿਦਿਆਰਥੀ ਸੜਕਾਂ 'ਤੇ ਹਨ। ਰਾਤ ਨੂੰ ਲੁੱਟ-ਖੋਹ ਦੀਆਂ ਖਬਰਾਂ ਨਸ਼ਰ ਹੋਣ ਬਾਅਦ ਸੁਰੱਖਿਆ ਬਲ ਵੀ ਸਰਗਰਮ ਹੋ ਗਏ ਹਨ।

ਤਾਜ਼ੀਆਂ ਖ਼ਬਰਾਂ ਮੁਤਾਬਿਕ ਹਿੰਦੂ ਭਾਈਚਾਰੇ ਦੇ ਮੈਂਬਰਾਂ 'ਤੇ ਵੀ ਘਾਤਕ ਹਮਲੇ ਹੋਏ ਹਨ। ਖ਼ਾਸ ਕਰਕੇ ਢਾਕਾ ਤੋਂ ਬਾਹਰ ਹਿੰਦੂ ਭਾਈਚਾਰੇ ਲਈ ਕਾਫ਼ੀ ਖ਼ਤਰਾ ਦੱਸਿਆ ਜਾ ਰਿਹਾ ਸੀ। ਜੋਏ ਦੇ ਇਹ ਬਿਆਨ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਕਾਰਜਕਾਰੀ ਚੇਅਰਮੈਨ ਖਾਲਿਦਾ ਜ਼ਿਆ ਦੇ ਪੁੱਤਰ ਤਾਰਿਕ ਰਹਿਮਾਨ ਦੇ ਬੰਗਲਾਦੇਸ਼ ਤੋਂ ਜਲਾਵਤਨੀ ਤੋਂ ਬਾਅਦ ਢਾਕਾ ਪਰਤਣ ਤੋਂ ਬਾਅਦ ਆਏ ਹਨ। ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਨਵੀਂ ਅੰਤਰਿਮ ਸਰਕਾਰ ਵੱਲੋਂ ਬੰਗਲਾਦੇਸ਼ ਦਾ ਕਾਰਜ ਸੰਭਾਲਣ ਤੋਂ ਤੁਰੰਤ ਬਾਅਦ ਬੋਲਦਿਆਂ ਜੋਏ ਨੇ ਕਿਹਾ, "ਮੈਨੂੰ ਯਕੀਨ ਹੈ ਕਿ ਅਵਾਮੀ ਲੀਗ ਚੋਣਾਂ ਵਿੱਚ ਹਿੱਸਾ ਲਵੇਗੀ ਅਤੇ ਅਸੀਂ ਜਿੱਤ ਵੀ ਸਕਦੇ ਹਾਂ। ਬੰਗਲਾਦੇਸ਼ ਵਿੱਚ ਸਾਡੇ ਕੋਲ ਸਭ ਤੋਂ ਵੱਡਾ ਸਮਰਥਕ ਆਧਾਰ ਹੈ।" ਉਸਨੇ ਇਹ ਵੀ ਦਾਅਵਾ ਕੀਤਾ ਕਿ ਉਸਦੀ ਮਾਂ (ਸ਼ੇਖ ਹੁਸੀਨਾ) ਦੀ ਕਿਸੇ ਵੀ ਦੇਸ਼ ਵਿੱਚ ਸ਼ਰਨ ਲੈਣ ਦੀ ਕੋਈ ਯੋਜਨਾ ਨਹੀਂ ਹੈ। ਜੋਏ ਨੇ ਜ਼ੋਰ ਦਿੱਤਾ ਕਿ ਮੈਂ ਮੰਨਦਾ ਹਾਂ ਕਿ "ਆਤਮ-ਨਿਰੀਖਣ" ਦੀ ਲੋੜ ਸੀ, ਯਕੀਨਨ ਕਈ 'ਗਲਤੀਆਂਵੀ ਹੋਈਆਂ ਸਨ। ਜਦੋਂ ਤੁਸੀਂ ਕੋਈ ਦੇਸ਼ ਚਲਾਉਂਦੇ ਹੋ, ਤਾਂ ਹਰ ਰੋਜ਼ ਬਹੁਤ ਸਾਰੇ ਫ਼ੈਸਲੇ ਲਏ ਜਾਂਦੇ ਹਨ। ਅਵਾਮੀ ਲੀਗ ਆਤਮ-ਨਿਰੀਖਣ ਵਿੱਚ ਵਿਸ਼ਵਾਸ ਕਰਦੀ ਹੈ, ਅਤੇ ਅਸੀਂ ਇਸ ਆਤਮ-ਨਿਰੀਖਣ ਲਈ ਤਿਆਰ ਸੀ। ਪਰ ਸਾਨੂੰ ਇਸ ਵਾਰ ਅਜਿਹਾ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਸਾਨੂੰ ਕਦੇ ਵੀ ਅਹਿਸਾਸ ਨਹੀਂ ਹੋਇਆ, ਕਿ ਰਾਜ ਦੀ ਸਥਿਤੀ ਇੰਨੀ ਤੇਜ਼ੀ ਨਾਲ ਵਿਗੜ ਜਾਵੇਗੀ। ਉਸ ਨੇ ਇਹ ਵੀ ਕਿਹਾ ਕਿ ਬੀ.ਐੱਨ.ਪੀ. ਅਤੇ ਜਮਾਤ-ਏ-ਇਸਲਾਮੀ ਦਾ ਗੱਠਜੋੜ ਘੱਟ ਗਿਣਤੀਆਂ ਨੂੰ ਨਹੀਂ ਬਚਾ ਸਕੇਗਾ। ਉਸ ਮੁਤਾਬਿਕ, ਜੇ ਅਵਾਮੀ ਲੀਗ ਸੱਤਾ ਵਿੱਚ ਨਹੀਂ ਹੈ, ਤਾਂ ਭਾਰਤ ਦੀ ਪੂਰਬੀ ਸਰਹੱਦ ਸੁਰੱਖਿਅਤ ਨਹੀਂ ਹੋਵੇਗੀ। ਜੇਕਰ ਬੀ.ਐੱਨ.ਪੀ. ਅਤੇ 'ਜਮਾਤ ਦਾ ਗੱਠਜੋੜ ਹੁੰਦਾ ਹੈ, ਤਾਂ ਇਹ ਭਾਰਤ ਲਈ ਚੰਗਾ ਨਹੀਂ ਹੋ ਸਕਦਾ, ਕਿਉਂਕਿ ਜਮਾਤ ਅੱਤਿਵਾਦ ਤੋਂ ਪ੍ਰਹੇਜ਼ ਨਹੀਂ ਕਰੇਗੀ। ਜੋਏ ਨੇ ਬੇਨਤੀ ਭਰੇ ਲਹਿਜੇ ਵਿੱਚ ਇਹ ਵੀ ਕਿਹਾ, ਕਿਮੈਂ ਆਸਵੰਦ ਹਾਂ ਕਿ ਭਾਰਤ ਬੰਗਲਾਦੇਸ਼ 'ਤੇ ਜਲਦੀ ਚੋਣਾਂ ਕਰਵਾਉਣ ਲਈ ਦਬਾਅ ਬਣਾਏਗਾ।ਅਵਾਮੀ ਲੀਗ ਸਰਕਾਰ ਆਪਣੀ 15 ਸਾਲਾਂ ਦੀ ਸੱਤਾ ਦੌਰਾਨ, ਅਤੇ ਹੁਸੀਨਾ ਖੁਦ ਘਰੇਲੂ ਨੀਤੀਆਂ ਵਿੱਚ ਵਿਦੇਸ਼ੀ ਦਬਾਅ ਦੀ ਮੰਗ ਕਰਨ ਵਾਲੇ ਕਿਸੇ ਵੀ ਰਾਜਨੀਤਿਕ ਵਿਰੋਧੀ, ਜਾਂ ਸਿਵਲ ਸੁਸਾਇਟੀ ਦੇ ਮੈਂਬਰ ਦੀ ਤਿੱਖੀ ਆਲੋਚਨਾ ਕਰਦੀ ਸੀ। ਜੋਏ ਦੀਆਂ ਟਿੱਪਣੀਆਂ ਉਦੋਂ ਆਈਆਂ ਹਨ, ਜਦੋਂ ਉਸਨੇ ਹਫ਼ਤੇ ਦੇ ਸ਼ੁਰੂ ਵਿੱਚ ਕਿਹਾ ਸੀ ਕਿ ਉਸਦੇ ਪ੍ਰੀਵਾਰ ਦਾ ਸਿਆਸੀ ਜੀਵਨ ਖ਼ਤਮ ਹੋ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਦਾ ਇੱਕ ਚੰਗਾ ਪੱਖ ਵੀ ਵਿਚਾਰਯੋਗ ਹੈ ਕਿ ਹੁਸੀਨਾਂ ਨੇ ਜੂਨ 1996 ਤੋਂ ਜੁਲਾਈ 2001 ਤੱਕ ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਵਜੋਂ ਆਪਣਾ ਪਹਿਲਾ ਕਾਰਜਕਾਲ ਪੂਰਾ ਕੀਤਾ। ਉਸ ਨੇ ਗੰਗਾ 'ਤੇ ਸ਼ਾਸ਼ਨ ਕਰਨ ਵਾਲੇ ਭਾਰਤ ਨਾਲ ਤੀਹ ਸਾਲ ਦੀ 'ਪਾਣੀ-ਵੰਡ ਸੰਧੀ 'ਤੇ ਦਸਤਖ਼ਤ ਕੀਤੇ। ਉਸ ਦੇ ਪ੍ਰਸ਼ਾਸਨ ਨੇ 'ਮੁਆਵਜ਼ਾ ਐਕਟ ਨੂੰ ਰੱਦ ਕਰ ਦਿੱਤਾ, ਜਿਸ ਨੇ ਸ਼ੇਖ ਮੁਜੀਬ ਦੇ ਕਾਤਲਾਂ ਨੂੰ ਮੁਕੱਦਮਾਂਚਲਾਉਣ ਤੋਂ 'ਛੋਟ ਦਿੱਤੀ ਸੀ।

ਸ਼ੇਖ ਹੁਸੀਨਾਂ ਦੇ ਪ੍ਰੀਵਾਰ ਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਹੁਸੀਨਾਂ ਦਾ ਪ੍ਰਧਾਨ ਮੰਤਰੀ ਦਾ ਅਹੁਦਾ ਮਾਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਕੇ ਤੇਜ਼ੀ ਨਾਲ ਖਰਾਬ ਹੋਇਆ, ਜੋ ਹੌਲੀ-ਹੌਲੀ 'ਤਾਨਾਸ਼ਾਹੀ ਵੱਲ ਖਿਸਕ ਰਿਹਾ ਸੀ। ਗ਼ੈਰ-ਕਾਨੂੰਨੀ ਕਤਲਾਂ, ਪੱਤਰਕਾਰਾਂ ਅਤੇ ਵਿਰੋਧੀ ਧਿਰ ਦੀਆਂ ਸਖ਼ਸ਼ੀਅਤਾਂ ਨੂੰ ਕੈਦ, ਕੁਝ ਕੁ ਨੂੰ ਲਾਪਤਾ ਕਰਨ ਅਤੇ ਉਸ ਦੀ ਸਰਕਾਰ ਅਤੇ ਸਹਿਯੋਗੀਆਂ ਦੁਆਰਾ ਭ੍ਰਿਸ਼ਟਾਚਾਰ ਅਤੇ ਸਰਕਾਰੀ ਦੌਲਤ ਦੀ ਦੁਰਵਰਤੋਂ ਦੀਆਂ ਰਿਪੋਰਟਾਂ ਦੀ ਵੀ ਭਰਮਾਰ ਰਹੀ। ਹੁਣ ਵਿਦਿਆਰਥੀਆਂ ਨੇ ਸਰਕਾਰੀ ਨੌਕਰੀਆਂ ਤੱਕ 'ਨਿਰਪੱਖ ਪਹੁੰਚ ਲਈ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ, ਜਿਸ ਵਿੱਚ ਤਕਰੀਬਨ 300 ਲੋਕਾਂ ਦੀ ਹੱਤਿਆ ਵੀ ਸ਼ਾਮਲ ਸੀ। ਨਤੀਜੇ ਵਜੋਂ ਨਿਆਂ ਲਈ 'ਵਿਆਪਕ ਅੰਦੋਲਨ ਸ਼ੁਰੂ ਹੋ ਗਿਆ। ਜਿਸ ਨੇ ਹੁਸੀਨਾਂ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ।

ਚਾਹੇ 76 ਸਾਲਾ ਸ਼ੇਖ ਹੁਸੀਨਾਂ ਦੇ ਬੇਟੇ ਨੇ 'ਵਾਪਸ ਆਉਣ ਜਿਹੇ ਦਾਅਵੇ ਕੀਤੇ ਹਨ। ਪਰ ਹੁਣ ਵੱਡਾ ਸੁਆਲ ਤਾਂ ਇਹ ਉਠਦਾ ਹੈ ਕਿ ਕੀ ਇਤਨਾ ਕੁਝ ਵਾਪਰਨ ਦੇ ਬਾਵਜੂਦ ਬੰਗਲਾ ਦੇਸ਼ ਦੇ ਲੋਕ ਉਸ ਨੂੰ ਮੁੜ ਅਪਨਾਉਣਗੇ...? ਜਾਂ ਕੀ ਉਹ ਮੁੜ ਅੱਗ ਨਾਲ ਖੇਡਣ ਲਈ ਵਾਪਸ ਪਰਤੇਗੀ..?? ਜੰਗ ਅਤੇ ਮੁਹੱਬਤ ਵਿੱਚ ਸਭ ਕੁਝ 'ਜਾਇਜ਼ ਮੰਨਿਆਂ ਜਾਂਦਾ ਹੈ। ਪਰ ਜੇ ਸ਼ੇਖ ਹੁਸੀਨਾਂ ਵਾਪਸ ਪਰਤਦੀ ਹੈ, ਤਾਂ ਅੱਗੇ ਤੋਂ ਲੋਕ ਜੰਗ, ਮੁਹੱਬਤ ਅਤੇ ਸਿਆਸਤ ਵਿੱਚ ਵੀ ਸਭ ਕੁਝ 'ਜਾਇਜ਼ ਹੀ ਮੰਨਿਆਂ ਕਰਨਗੇ। ਪਰ ਮੇਰੀ ਨਜ਼ਰ ਵਿੱਚ ਸ਼ੇਖ ਹੁਸੀਨਾਂ ਲਈ ਅੰਗੂਰ 'ਖੱਟੇ ਹੋਣ ਦੇ ਆਸਾਰ ਹੀ ਨਜ਼ਰ ਆ ਰਹੇ ਹਨ। ਫ਼ਿਲਹਾਲ 84 ਸਾਲਾ ਨੋਬਲ ਪੁਰਸਕਾਰ ਜੇਤੂ ਬੈਂਕਰ ਮੁਹੰਮਦ ਯੂਨਸ ਨੇ ਅੰਤਰਿਮ ਨੇਤਾ ਦਾ ਅਹੁਦਾ ਸੰਭਾਲ ਲਿਆ ਹੈ, ਆਸ ਕਰਦੇ ਹਾਂ ਕਿ ਉਹ ਦੇਸ਼ ਦੀ ਜਨਤਾ ਦੇ ਹਿਤਾਂ ਲਈ ਕੁਝ ਚੰਗਾ ਕਰਨਗੇ।

jaggikussa@yahoo.de

## ਵਿਸ਼ਲੇਸ਼ਣ

# ਪੈਰਿਸ ਉਲੰਪਿਕ ਖੇਡਾਂ ਵਿਚ ਭਾਰਤ ਦੀਆਂ ਕੀ ਪ੍ਰਾਪਤੀਆਂ ਹਨ ?

## ਸਿਰਫ਼ 6 ਤਗਮੇ ਜਿੱਤ ਕੇ 140 ਕਰੋੜ ਆਬਾਦੀ ਵਾਲੇ ਦੇਸ਼ ਭਾਰਤ ਦਾ ਸਫ਼ਰ ਹੋਇਆ ਸਮਾਪਤ

// ਡਾਕਟਰ ਜਤਿੰਦਰ ਸਾਬੀ //






ਪੈਰਿਸ ਉਲੰਪਿਕ ਵਿਚ ਭਾਰਤ ਨੇ ਲਗਭਗ ਆਪਣਾ ਸਫ਼ਰ ਸਮਾਪਤ ਕਰ ਲਿਆ ਹੈ ਤੇ ਵਿਸ਼ਲੇਸ਼ਣ ਲਿਖੇ ਜਾਣ ਤੱਕ 1 ਚਾਂਦੀ , 5 ਕਾਂਸੀ ਤੇ ਕੁੱਲ 6 ਤਗਮੇ ਜਿੱਤ ਕੇ ਤਗਮਾ ਸੂਚੀ ਵਿਚ 69 ਵੇਂ ਸਥਾਨ 'ਤੇ ਖੜ੍ਹਾ ਹੈ। ਭਾਰਤ ਨੇ ਟੋਕੀਓ ਉਲੰਪਿਕ 'ਚ 7 ਤਗਮੇ ਜਿੱਤੇ ਸਨ ਤੇ ਇਸ ਵਾਰੀ 1 ਤਗਮਾ ਹੇਠਾਂ ਖਿਸਕ ਗਿਆ ਹੈ। ਬੇਸ਼ੱਕ ਭਾਰਤ ਸਰਕਾਰ ਨੇ ਪੈਰਿਸ ਉਲੰਪਿਕ ਵਿਚ 10 ਤੋਂ ਵੱਧ ਤਗਮੇ ਜਿੱਤਣ ਦਾ ਟੀਚਾ ਰੱਖਿਆ ਸੀ, ਪਰ ਪਿਛਲੇ ਹਾਸਲ ਕੀਤੇ ਟੀਚੇ ਦੀ ਬਰਾਬਰੀ ਕਰਨ 'ਵਿਚ ਭਾਰਤ ਨਕਾਮ ਰਿਹਾ। ਪੈਰਿਸ ਉਲੰਪਿਕ ਖੇਡਾਂ 'ਚ ਵੀ ਭਾਰਤ ਦੇ ਨਿਸ਼ਾਨੇਬਾਜ਼ਾਂ ਨੇ ਲਾਜ ਰੱਖੀ ਹੈ ਤੇ ਉਨ੍ਹਾਂ ਨੇ ਤਿੰਨ ਕਾਂਸੀ ਦੇ ਤਗਮੇ ਜਿੱਤੇ। ਇਕ ਮਨੂੰ ਭਾਕਰ ਨੇ ਇਕੱਲਿਆਂ ਤੇ ਇਕ ਮਨੂੰ ਭਾਕਰ ਤੇ ਸਰਬਜੋਤ ਸਿੰਘ ਦੀ ਜੋੜੀ ਨੇ। ਇਕ ਸਵਪਨਿਲ ਕੁਸਾਲੇ ਨੇ ਜਿੱਤਿਆ ਹੈ।

ਨੀਰਜ ਚੋਪੜਾ ਨੇ ਜੈਵਲਿਨ ਥਰੋਅ ਵਿਚ ਚਾਂਦੀ , ਭਾਰਤੀ ਹਾਕੀ ਟੀਮ ਨੇ ਇਕ ਕਾਂਸੀ ਤੇ ਪਹਿਲਵਾਨ ਅਮਨ ਸਹਿਰਾਵਤ ਨੇ ਕੁਸ਼ਤੀ 'ਚ ਕਾਂਸੀ ਦਾ ਤਗਮਾ ਜਿੱਤ ਕੇ ਦੇਸ਼ ਦੀ ਲਾਜ ਰੱਖੀ ਹੈ। 1.4 ਅਰਬ ਦੀ ਆਬਾਦੀ ਵਾਲਾ ਦੇਸ਼ ਅਜੇ ਵੀ ਸੋਨ ਤਗਮੇ ਨੂੰ ਤਰਸ ਰਿਹਾ ਹੈ। ਭਾਰਤ ਦੀ ਆਬਾਦੀ ਦੀ ਬਰਾਬਰੀ ਕਰਨ ਵਾਲਾ ਚੀਨ 33 ਸੋਨ ਤੇ ਕੁੱਲ 83 ਤਗਮੇ ਜਿੱਤ ਕੇ ਤਗਮਾ ਸੂਚੀ 'ਚ ਦੂਜੇ ਸਥਾਨ 'ਤੇ ਖੜ੍ਹਾ ਹੈ।

ਯੁੱਧ ਦੀ ਮਾਰ ਝੱਲ ਰਿਹਾ ਯੂਕਰੇਨ 3 ਸੋਨ ਤਗਮਿਆਂ ਸਮੇਤ ਕੁੱਲ 11 ਤਗਮੇ ਜਿੱਤ ਕੇ ਤਗਮਾ ਸੂਚੀ 'ਚ 18ਵੇਂ ਸਥਾਨ 'ਤੇ ਰਿਹਾ। ਪੈਰਿਸ ਉਲੰਪਿਕ ਵਿਚੋਂ ਭਾਰਤੀ ਹਾਕੀ 'ਤੇ ਵੀ ਤਗਮੇ ਦਾ ਰੰਗ ਬਦਲਣ ਦੀ ਆਸ ਸੀ, ਪਰ ਟੋਕੀਓ ਦੇ ਇਤਿਹਾਸ ਨੂੰ ਹੀ ਦੁਹਰਾਇਆ ਗਿਆ ਤੇ ਪੈਰਿਸ ਉਲੰਪਿਕ 'ਚ ਕਈ ਖੇਡਾਂ 'ਚ ਅਸੀਂ ਤਗਮੇ ਦੇ ਨਜ਼ਦੀਕ ਜਾ ਕੇ ਵੀ ਖੁੰਝ ਗਏ।ਕਈ ਖੇਡਾਂ 'ਚ ਭਾਰਤ ਦੇ ਕਈ ਉਲੰਪੀਅਨ ਤੇ ਦਿੱਗਜ਼ ਹਾਰੇ ਤੇ ਕਈ ਚੌਥੇ ਸਥਾਨ 'ਤੇ ਰਹਿ ਕੇ ਤਗਮੇ ਨੂੰ ਛੂਹਣ ਤੋਂ ਵਾਂਝੇ ਰਹਿ ਗਏ, ਜਿਨ੍ਹਾਂ ਵਿਚ ਤੀਰਅੰਦਾਜ਼ੀ, ਸ਼ੂਟਿੰਗ, ਬੈਡਮਿੰਟਨ ਤੇ ਵੇਟ ਲਿਫਟਿੰਗ ਆਦਿ ਮੁੱਖ ਹਨ। ਦੇਸ਼ ਨੇ ਨਾਮੀ ਉਲੰਪੀਅਨਾਂ 'ਤੇ ਮੁੜ ਦਾਅ ਖੇਡਿਆ ਗਿਆ ਤੇ ਨਵੇਂ ਖਿਡਾਰੀਆਂ ਨੂੰ ਅੱਗੇ ਲੈ ਕੇ ਆਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ, ਕਿਤੇ ਨਾ ਕਿਤੇ ਇਸ ਦਾ ਨੁਕਸਾਨ ਭਾਰਤ ਨੂੰ ਪੈਰਿਸ ਉਲੰਪਿਕ 'ਚ ਝੱਲਣਾ ਪਿਆ।ਵੇਟ ਲਿਫ਼ਟਰ ਮੀਰਾ ਬਾਈ ਚਾਨੂੰ 1 ਕਿੱਲੋ ਘੱਟ ਭਾਰ ਨਾਲ ਚੌਥੇ ਸਥਾਨ 'ਤੇ, ਨਿਸ਼ਾਨੇਬਾਜ਼ ਅਰਜੁਨ ਬਬੂਟਾ ਵੀ ਚੌਥੇ ਅਤੇ ਹੋਰ ਵੀ ਕਈ ਖੇਡਾਂ ਵਿਚੋਂ ਭਾਰਤ ਦੇ ਖਿਡਾਰੀਆਂ ਨੇ ਚੌਥਾ ਸਥਾਨ ਹਾਸਲ ਕੀਤਾ, ਪਰ ਤਗਮਾ ਨਸੀਬ ਨਹੀਂ ਹੋਇਆ।

ਜੇਕਰ ਇਹ ਜਿੱਤ ਜਾਂਦੇ ਤਾਂ ਅੱਜ ਪੈਰਿਸ ਉਲੰਪਿਕ ਖੇਡਾਂ 'ਚ ਭਾਰਤ ਦੀ ਤਗਮਾ ਸੂਚੀ 'ਚ ਤਸਵੀਰ ਕੁਝ ਹੋਰ ਹੋਣੀ ਸੀ। ਸਭ ਤੋਂ ਵੱਧ ਧੱਕਾ ਇਸ ਉਲੰਪਿਕ ਵਿਚੋਂ ਭਾਰਤ ਨੂੰ ਨੀਰਜ ਚੋਪੜਾ ਤੋਂ ਲੱਗਾ ਜਿਸ ਨੂੰ ਸੋਨ ਤਗਮੇ ਦਾ ਤਕੜਾ ਦਾਅਵੇਦਾਰ ਮੰਨ ਰਹੇ ਸੀ, ਪਰ ਉਸ ਨੇ ਆਪਣੀ ਸਰਬੋਤਮ ਜੈਵਲਿਨ 89.45 ਮੀਟਰ ਸੁੱਟ ਕੇ ਚਾਂਦੀ ਦਾ ਤਗਮਾ ਹਾਸਲ ਕੀਤਾ, ਪਰ ਦੇਸ਼ ਵਾਸੀਆਂ ਦੇ ਪੱਲੇ ਨਿਰਾਸ਼ਾ ਪਈ। ਪਰ ਇਸ ਨਾਲ ਭਾਰਤ ਤੇ ਪਾਕਿਸਤਾਨ ਦਰਮਿਆਨ ਇਕ ਦੋਸਤੀ ਦੀ ਸਾਂਝ ਵੀ ਮਜ਼ਬੂਤ ਹੋਈ। ਪਾਕਿਸਤਾਨੀ ਖਿਡਾਰੀ ਅਰਸ਼ਦ ਨਦੀਮ ਨੇ ਸੋਨ ਤਗਮਾ ਜਿੱਤਿਆ ਸੀ ਤੇ ਦੋਵਾਂ ਖਿਡਾਰੀਆਂ ਦੀਆਂ ਮਾਵਾਂ ਨੇ ਇਕ-ਦੂਜੇ ਪ੍ਰਤੀ ਜੋ ਪਿਆਰ ਜਤਾਇਆ ਹੈ ਉਸ ਨੇ ਇਹ ਸਾਬਤ ਕਰ ਦਿੱਤਾ ਕਿ ਮਾਂ ਦੀ ਮਮਤਾ ਨੂੰ ਕਿਸੇ ਵੀ ਦੇਸ਼ ਦੀ ਸਰਹੱਦ ਬੰਨ੍ਹ ਕੇ ਨਹੀਂ ਰੱਖ ਸਕਦੀ। ਇਸ ਨਾਲ ਦੋਵਾਂ ਨੇ ਭਾਰਤ ਤੇ ਪਾਕਿਸਤਾਨ ਦੇ ਲੋਕਾਂ ਦੇ ਦਿਲ ਜਿੱਤ ਲਏ ਹਨ।

ਭਾਰਤੀ ਹਾਕੀ ਨੇ ਵੀ ਆਪਣਾ ਕਾਂਸੀ ਦਾ ਤਗਮਾ ਬੁਲੰਦ ਹੌਸਲੇ ਨਾਲ ਜਿੱਤਿਆ ਤੇ ਕੁਆਟਰ ਫਾਈਨਲ 'ਚ ਬਰਤਾਨੀਆ ਨੂੰ ਜਿਸ ਜਜ਼ਬੇ ਨਾਲ ਹਰਾਇਆ ਤੇ ਉਸ ਤੋਂ ਖਿਡਾਰੀਆਂ ਦੀ ਦੇਸ਼ ਪ੍ਰਤੀ ਖੇਡ ਭਾਵਨਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਨਾਲ ਹੀ 1972 ਦੀ ਮਿਊਨਿਖ ਉਲੰਪਿਕ ਤੋਂ ਬਾਅਦ ਭਾਰਤ ਨੇ ਆਸਟ੍ਰੇਲੀਆ 'ਤੇ ਜਿੱਤ ਦਰਜ ਕਰਕੇ ਵੀ 52 ਸਾਲਾਂ ਬਾਅਦ ਨਵਾਂ ਇਤਿਹਾਸ ਲਿਖਿਆ ਹੈ। ਭਾਰਤੀ ਹਾਕੀ ਟੀਮ 'ਚ ਕਿਤੇ ਨਾ ਕਿਤੇ ਗੋਲਕੀਪਰ ਪੀ.ਆਰ. ਸ਼੍ਰੀਜੇਸ਼ ਦੀ ਕਮੀ ਜ਼ਰੂਰ ਰੜਕਦੀ ਰਹੇਗੀ, ਜਿਸ ਨੇ ਚੀਨ ਦੀ ਦੀਵਾਰ ਬਣ ਕੇ ਭਾਰਤੀ ਹਾਕੀ ਟੀਮ ਦੀ ਰੱਖਿਆ ਕੀਤੀ। ਇਨ੍ਹਾਂ ਖੇਡਾਂ ਵਿਚ ਭਾਰਤ ਨੇ ਕਈ ਰਿਕਾਰਡ ਵੀ ਬਣਾਏ। ਮਨੂੰ ਭਾਕਰ ਨੇ ਇਕੋ ਉਲੰਪਿਕ ਵਿਚੋਂ ਦੋ ਤਗਮੇ ਜਿੱਤ ਕੇ ਵੀ ਰਿਕਾਰਡ ਬਣਾਇਆ ਤੇ ਗੋਲਡਨ ਬੁਆਏ ਨੀਰਜ ਚੋਪੜਾ ਨੇ ਵੀ ਟੋਕੀਓ ਉਲੰਪਿਕ 'ਤੋਂ ਬਾਅਦ ਪੈਰਿਸ ਉਲੰਪਿਕ ਵਿਚ ਦੂਜਾ ਤਗਮਾ ਜਿੱਤ ਕੇ ਚੌਥਾ ਭਾਰਤੀ ਖਿਡਾਰੀ ਬਣਨ ਦਾ ਮਾਣ ਹਾਸਲ ਕੀਤਾ। ਇਸ ਤੋਂ ਪਹਿਲਾਂ ਇਹ ਮਾਣ ਪਹਿਲਵਾਨ ਸੁਸ਼ੀਲ ਕੁਮਾਰ ਨੂੰ ਕੁਸ਼ਤੀ 'ਚ (2008 ਤੇ 2012 ) ਤੇ ਪੀ.ਵੀ. ਸਿੰਧੂ ਨੂੰ ਬੈਡਮਿੰਟਨ ਵਿਚ (2016 ਤੇ 2020) ਦੀ ਉਲੰਪਿਕ ਵਿਚ ਹਾਸਲ ਹੋਇਆ ਸੀ। ਮਨੂੰ ਭਾਕਰ ਨੇ ਵੀ ਨਵਾਂ ਇਤਹਾਸ ਵੀ ਲਿਖ ਦੇਣਾ ਸੀ ਪਰ ਇਕ ਅੰਕ ਨਾਲ ਉਹ ਤੀਜੇ ਤਗਮੇ ਤੋਂ ਖੁੰਝ ਗਈ। ਭਾਰਤ ਦੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਵੀ ਇਨ੍ਹਾਂ ਖੇਡਾਂ ਵਿਚ ਇਤਿਹਾਸ ਰਚਣ ਤੋਂ ਖੁੰਝ ਗਈ, ਕਹਿੰਦੇ ਹਨ ਜੋ ਜੀਤਾ ਵਹੀ ਸਿਕੰਦਰ... ਵਿਨੇਸ਼ ਫੋਗਾਟ ਨੇ ਜਿਸ ਤਰੀਕੇ ਨਾਲ ਪੈਰਿਸ ਉਲੰਪਿਕ ਦੇ ਫਾਈਨਲ ਵਿਚ ਥਾਂ ਬਣਾਉਣ 'ਚ ਸਫ਼ਲਤਾ ਹਾਸਲ ਕੀਤੀ ਸੀ, ਬਦਕਿਸਮਤੀ ਨਾਲ 100 ਗ੍ਰਾਮ ਵੱਧ ਭਾਰ ਹੋਣ ਕਰਕੇ ਉਸ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ।

ਦੇਸ਼ ਨੇ ਆਪਣੀ ਬੇਟੀ ਨੂੰ ਸੋਨ ਤਗਮੇ ਜਿੰਨਾ ਹੀ ਸਨਮਾਨ ਦਿੱਤਾ ਤੇ ਉਸ ਦੇ ਮਨੋਬਲ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ। ਬੇਸ਼ੱਕ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਫ਼ੈਸਲਾ ਉਸ ਨੇ ਭਾਵੁਕ ਹੋ ਕੇ ਕੀਤਾ, ਪਰ ਕੁਸ਼ਤੀ ਲਈ ਇਹ ਮਾੜਾ ਹੋਇਆ। ਇਸ ਤੋਂ ਭਾਰਤੀ ਖੇਡ ਪ੍ਰਬੰਧਕਾਂ ਨੂੰ ਸਬਕ ਲੈਣ ਦੀ ਲੋੜ ਹੈ ਤੇ ਵਿਨੇਸ਼ ਦੇ ਮਾਮਲੇ 'ਤੇ ਹੋਈ ਗ਼ਲਤੀ ਦੀ ਜਾਂਚ ਕਰਕੇ ਸੱਚ ਦੇਸ਼ ਵਾਸੀਆਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ।

ਬੇਸ਼ੱਕ ਭਾਰਤੀ ਖਿਡਾਰੀਆਂ ਨੇ ਆਪਣੀ ਪੂਰੀ ਵਾਹ ਲਾ ਕੇ ਪੈਰਿਸ ਉਲੰਪਿਕ 'ਚ ਚੰਗਾ ਪ੍ਰਦਰਸ਼ਨ ਕਰਨ ਦਾ ਯਤਨ ਕੀਤਾ ਹੈ ਪਰ ਇਹ ਖੇਡ ਪ੍ਰਾਪਤੀ 1.4 ਅਰਬ ਦੀ ਆਬਾਦੀ ਵਾਲੇ ਮੁਲਕ ਲਈ ਕਾਫ਼ੀ ਨਹੀਂ ਹੈ। ਦੂਜੇ ਪਾਸੇ ਜੇ ਕੈਨੇਡਾ ਦੀ ਗੱਲ ਕਰ ਲਈਏ ਤਾਂ ਉਸ ਦੀ ਆਬਾਦੀ ਸਾਡੇ ਦੇਸ਼ ਦੀ ਰਾਜਧਾਨੀ ਜਾਂ ਕਿਸੇ ਰਾਜ ਦੇ ਬਰਾਬਰ ਦੀ ਹੀ ਹੋਵੇਗੀ ਪਰ ਕੈਨੇਡਾ ਵਿਚ ਖਿਡਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ ਤੇ ਖਿਡਾਰੀ ਆਪਣੇ ਪੈਸੇ ਖਰਚ ਕੇ ਖੇਡਦੇ ਹਨ। ਉਥੇ ਕੋਈ ਖੇਡ ਵਿੰਗ ਤੇ ਖੇਡ ਸਕੀਮ ਨਹੀਂ ਤੇ ਖਿਡਾਰੀਆਂ ਨੂੰ ਨੌਕਰੀ ਵਿਚ ਵੀ ਖੇਡ ਦਾ ਕੋਈ ਲਾਭ ਨਹੀਂ ਮਿਲਦਾ। ਫਿਰ ਵੀ ਉਹ ਦੇਸ਼ ਅੱਜ ਪੈਰਿਸ ਉਲੰਪਿਕ ਦੀ ਤਗਮਾ ਸੂਚੀ ਵਿਚ 7 ਸੋਨ, 6 ਚਾਂਦੀ, 11 ਕਾਂਸੀ ਦੇ ਤਗਮਿਆਂ ਸਮੇਤ ਕੁੱਲ 24 ਤਗਮੇ ਜਿੱਤ ਕੇ ਤਗਮਾ ਸੂਚੀ ਵਿਚ 11ਵੇਂ ਸਥਾਨ 'ਤੇ ਆਇਆ ਹੈ।

ਜਿੱਥੋਂ ਤੱਕ ਰਾਜਾਂ ਨੂੰ ਖੇਡ ਫੰਡ ਅਲਾਟ ਕਰਨ ਦਾ ਸਵਾਲ ਹੈ ਤਾਂ ਕੇਂਦਰ ਵਲੋਂ ਰਾਜਾਂ ਨਾਲ ਸ਼ਰੇਆਮ ਧੱਕਾ ਕੀਤਾ ਜਾਂਦਾ ਹੈ ਤੇ ਇਸ ਵੇਲੇ 'ਖੇਲੋ ਇੰਡੀਆ' ਦੇ ਬਜਟ ਅਲਾਟਮੈਂਟ ਵਿਚ ਵੀ ਗੁਜਰਾਤ ਨੂੰ 608 ਕਰੋੜ ਤੇ ਉਸ ਦੇ ਖਿਡਾਰੀ ਉਲੰਪਿਕ 'ਚ 2, ਯੂ.ਪੀ. ਨੂੰ 503 ਕਰੋੜ ਤੇ ਉਸ ਦੇ ਉਲੰਪਿਕ 'ਚ ਖਿਡਾਰੀ 8, ਪੰਜਾਬ ਨੂੰ 91 ਕਰੋੜ ਤੇ ਉਸ ਦੇ ਉਲੰਪਿਕ ਵਿਚ ਖਿਡਾਰੀ 20, ਹਰਿਆਣਾ ਨੂੰ 89 ਕਰੋੜ ਤੇ ਉਸ ਦੇ ਉਲੰਪਿਕ ਵਿਚ ਖਿਡਾਰੀ 24 ਖੇਡ ਰਹੇ ਹਨ, ਤਾਂ ਕਿਵੇਂ ਅਸੀਂ ਉਲੰਪਿਕ ਖੇਡਾਂ 'ਚੋ ਤਗਮੇ ਦੀ ਆਸ ਕਰ ਸਕਦੇ ਹਾਂ। ਪੰਜਾਬ ਵਿਚ ਚਲ ਰਹੇ ਐਨ. ਆਈ. ਐਸ. ਪਟਿਆਲਾ ਵਿਚ ਇਸ ਵੇਲੇ ਹਾਕੀ ਦੀਆਂ ਸਾਰੀਆਂ ਖੇਡ ਸਕੀਮਾਂ ਬੰਦ ਪਈਆਂ ਹਨ ਤੇ ਕਈ ਖੇਡਾਂ ਦੇ ਡਿਪਲੋਮੇ ਇਥੋਂ ਬਾਹਰ ਸ਼ਿਫਟ ਕਰਕੇ ਇਸ ਨੂੰ ਹੌਲੀ-ਹੌਲੀ ਪੰਜਾਬ 'ਚੋਂ ਖ਼ਤਮ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਦੇਸ਼ ਦੀ ਹਾਕੀ ਟੀਮ ਵਿਚ ਪੰਜਾਬ ਦੇ ਇਸ ਵੇਲੇ 10 ਖਿਡਾਰੀ ਖੇਡ ਰਹੇ ਹਨ ਤੇ ਸਪੋਰਟਸ ਅਥਾਰਟੀ ਆਫ਼ ਇੰਡੀਆ ਨੇ ਪੰਜਾਬ ਵਿਚ ਕੋਈ ਵੀ ਹਾਕੀ ਦਾ ਸੈਂਟਰ ਫਾਰ ਐਕਸੀਲੈਂਸ ਜਾਂ ਕੋਈ ਹੋਰ ਹਾਕੀ ਦੀ ਵੱਡੀ ਸਕੀਮ ਕਦੇ ਵੀ ਅਲਾਟ ਨਹੀਂ ਕੀਤੀ। ਉਸ ਵਲੋਂ ਪੰਜਾਬ ਦੀ ਹਾਕੀ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ, ਸਾਡੇ ਮੈਂਬਰ ਪਾਰਲੀਮੈਂਟ ਇਸ ਮਾਮਲੇ 'ਤੇ ਖਾਮੋਸ਼ ਬੈਠੇ ਹਨ। ਸਿਆਸਤਦਾਨ ਖੇਡ ਸਹੂਲਤ ਤੇ ਫੰਡ ਦੇਣ ਸਮੇਂ ਵੀ ਵੋਟ ਰਾਜਨੀਤੀ ਨੂੰ ਪਹਿਲ ਦਿੰਦੇ ਹਨ। ਉਂਝ ਸੰਸਦ 'ਚ ਬਿਆਨ ਦੇ ਕੇ ਫੋਕੀ ਵਾਹ-ਵਾਹ ਜ਼ਰੂਰ ਕਰਵਾ ਲੈਂਦੇ ਹਨ ਤੇ ਖਿਡਾਰੀਆਂ ਵਲੋਂ ਜਿੱਤੇ ਤਗਮਿਆਂ ਦਾ ਸਿਹਰਾ ਲੈਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਖਿਡਾਰੀਆਂ ਨੂੰ ਸਹੂਲਤਾਂ ਦੇਣ ਦੀ ਗੱਲ ਹੁੰਦੀ ਹੈ ਤਾਂ ਖ਼ਾਮੋਸ਼ ਹੋ ਜਾਂਦੇ ਹਨ ਤੇ ਮਾੜੇ ਪ੍ਰਦਰਸ਼ਨ 'ਤੇ ਆਲੋਚਨਾ ਕਰਦੇ ਹਨ। ਜਦੋਂ ਕੋਈ ਖਿਡਾਰੀ ਆਪਣੇ ਬਲਬੂਤੇ ਤਗਮੇ ਜਿੱਤ ਲੈਂਦਾ ਹੈ ਤਾਂ ਉਸ ਵੇਲੇ ਆਪਣੀ ਤੇ ਆਪਣੀ ਸਰਕਾਰ ਦੀ ਆਪੇ ਪਿੱਠ ਥਾਪੜਨ ਲੱਗ ਜਾਂਦੇ ਹਨ। ਜੇ ਅੱਜ ਭਾਰਤੀ ਹਾਕੀ ਇਸ ਮੁਕਾਮ 'ਤੇ ਪੁੱਜੀ ਹੈ ਤੇ ਉਸ ਵਿਚ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਦਾ ਅਹਿਮ ਯੋਗਦਾਨ ਹੈ, ਕਿਉਂਕਿ ਉਹ ਆਪ ਹਾਕੀ ਦੇ ਖਿਡਾਰੀ ਰਹੇ ਹਨ। ਉਨ੍ਹਾਂ ਨੇ ਆਪਣੇ ਰਾਜ 'ਚ ਹਾਕੀ ਲਈ ਐਸਾ ਮਾਹੌਲ ਕਰੋੜਾਂ ਰੁਪਏ ਖ਼ਰਚ ਕਰਕੇ ਤਿਆਰ ਕੀਤਾ ਤੇ ਭਾਰਤੀ ਹਾਕੀ 'ਚ ਮੁੜ ਜਾਨ ਫੂਕ ਦਿੱਤੀ।

ਟੋਕੀਓ ਉਲੰਪਿਕ ਵਿਚੋ 41 ਸਾਲ ਦੇ ਅਰਸੇ ਬਾਅਦ ਕਾਂਸੀ ਦਾ ਤਗਮਾ ਜਿੱਤਣ ਵਿਚ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਹਰ ਸਾਲ 100 ਕੋਰੜ ਤੋਂ ਵੱਧ ਉਹ ਭਾਰਤੀ ਹਾਕੀ 'ਤੇ ਖ਼ਰਚ ਕਰਦੇ ਸਨ। ਅੱਜ ਜਦੋਂ ਪੈਰਿਸ ਉਲੰਪਿਕ 'ਚੋਂ ਭਾਰਤੀ ਹਾਕੀ ਨੇ ਮੁੜ ਕਾਂਸੀ ਦਾ ਤਗਮਾ ਜਿੱਤਿਆ ਹੈ ਤਾਂ ਕਿਸੇ ਵੀ ਖੇਡ ਅਧਿਕਾਰੀ, ਮੰਤਰੀ ਤੇ ਫੈਡਰੇਸ਼ਨ ਦੇ ਅਹੁਦੇਦਾਰ ਨੇ ਓਡੀਸ਼ਾ ਦੇ ਸਾਬਕਾ ਮੁੱਖ ਮੰਤਰੀ ਦੇ ਹਾਕੀ ਨੂੰ ਮੁੜ ਸੁਰਜੀਤ ਕਰਨ ਵਿਚ ਪਾਏ ਅਹਿਮ ਯੋਗਦਾਨ ਨੂੰ ਯਾਦ ਕਰਨਾ ਜ਼ਰੂਰੀ ਨਹੀਂ ਸਮਝਿਆ।ਦੇਸ਼ ਦੇ ਨੇਤਾਵਾਂ ਵਲੋਂ ਵੋਟ ਬੈਂਕ ਨੂੰ ਪੱਕਾ ਕਰਨ ਲਈ ਆਪਣੇ ਨਾਂਅ 'ਤੇ ਸਟੇਡੀਅਮਾਂ ਦੀ ਉਸਾਰੀ ਕਰਵਾਈ ਜਾਂਦੀ ਹੈ, ਐਵਾਰਡ ਵੀ ਆਪਣੇ ਨਾਂਅ 'ਤੇ ਦਿੱਤੇ ਜਾਂਦੇ ਹਨ ਤੇ ਜਦੋਂ ਕਿਸੇ ਵੀ ਖਿਡਾਰੀ ਨੂੰ ਭਰਤ ਰਤਨ ਦੇਣ ਦੀ ਮੰਗ ਖੇਡ ਜਗਤ ਵਲੋਂ ਕੀਤੀ ਜਾਂਦੀ ਹੈ ਤਾਂ ਉਸ ਵੇਲੇ ਇਨ੍ਹਾਂ ਦੀ ਬੋਲਤੀ ਬੰਦ ਹੋ ਜਾਂਦੀ ਹੈ। ਇਸ ਦੇ ਨਾਲ ਹੀ ਖੇਡ ਫੈਡਰੇਸ਼ਨਾਂ 'ਤੇ ਵੀ ਰਾਜਨੇਤਾਵਾਂ ਨੇ ਕਬਜ਼ਾ ਕੀਤਾ ਹੋਇਆ ਹੈ ਜਾਂ ਆਪਣੇ ਰਿਸ਼ਤੇਦਾਰ ਭਰਤੀ ਕੀਤੇ ਹੋਏ ਹਨ ਤੇ ਆਪਣੀਆਂ ਮਨਮਰਜ਼ੀਆਂ ਕਰਕੇ ਖਿਡਾਰੀਆਂ ਨੂੰ ਆਪਣੇ ਇਸ਼ਾਰਿਆ 'ਤੇ ਚੱਲਣ ਲਈ ਮਜਬੂਰ ਕਰਦੇ ਹਨ। ਜੇ ਕੋਈ ਵਿਨੇਸ਼ ਫੋਗਾਟ ਬਣ ਕੇ ਫੈਡਰੇਸ਼ਨ ਦੇ ਵਿਰੁੱਧ ਝੰਡਾ ਚੁੱਕ ਲੈਂਦੀ ਹੈ ਤਾਂ ਫੇਰ ਮੌਕੇ ਦੀਆਂ ਸਰਕਾਰਾਂ ਮੂਕ ਦਰਸ਼ਕ ਬਣ ਜਾਂਦੀਆਂ ਹਨ ਤੇ ਇਸੇ ਕਰਕੇ ਫੈਡਰੇਸ਼ਨਾਂ 'ਤੇ ਕਾਬਜ਼ ਬਾਹੂਬਲੀਆਂ ਨੇ ਖਿਡਾਰੀਆਂ ਨੂੰ ਸੜਕ 'ਤੇ ਸੰਘਰਸ਼ ਕਰਨ ਲਈ ਮਜਬੂਰ ਕਰ ਦਿੱਤਾ ਸੀ। ਖੇਡਾਂ ਅੰਦਰ ਸਿਆਸਤ ਲਿਆ ਕੇ ਖਿਡਾਰੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੀਆਂ ਨਵੀਆਂ ਪਿਰਤਾਂ ਪਾਈਆਂ ਹਨ।

ਦੇਸ਼ ਦੇ ਨੇਤਾ ਸਿਰਫ਼ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਆਪਣੀ ਗ੍ਰਾਂਟ ਉਥੇ ਖ਼ਰਚ ਕਰਦੇ ਹਨ, ਜਿਥੋਂ ਵੋਟਾਂ ਮਿਲ ਸਕਦੀਆਂ ਹੋਣ। ਖੇਡਾਂ ਦੇ ਸੈਂਟਰ, ਸਟੇਡੀਅਮ, ਖੇਡ ਸਕੀਮਾਂ ਤੇ ਹੋਰ ਸਹੂਲਤਾਂ ਵੱਲ ਇਨ੍ਹਾਂ ਦਾ ਕੋਈ ਧਿਆਨ ਨਹੀਂ ਹੈ। ਫਿਰ ਉਲੰਪਿਕ ਵਿਚ ਆਪਣੇ ਦੇਸ਼ ਦੇ ਖਿਡਾਰੀਆਂ ਤੋਂ ਅਸੀਂ ਤਗਮਿਆਂ ਦੀ ਆਸ ਕਿਸ ਮੂੰਹ ਨਾਲ ਕਰ ਰਹੇ ਹਾਂ ? ਪੈਰਿਸ ਉਲੰਪਿਕ ਦੀ ਤਗਮਾ ਸੂਚੀ ਵਿਚ ਭਾਰਤ ਅਜੇ ਵੀ 69ਵੇਂ ਸਥਾਨ 'ਤੇ ਖੜ੍ਹਾ ਹੈ ਤੇ ਇਸ ਪ੍ਰਦਰਸ਼ਨ ਨੂੰ ਨਿਰਾਸ਼ਾਜਨਕ ਕਹਿਣਾ ਕੋਈ ਗ਼ਲਤ ਨਹੀਂ ਹੋਵੇਗਾ। 140 ਕਰੋੜ ਆਬਾਦੀ ਵਾਲੇ ਦੇਸ਼ ਨੂੰ ਇਸ ਨਾਲੋਂ ਚੰਗਾ ਪ੍ਰਦਰਸ਼ਨ ਕਰਨਾ ਚਾਹੀਦਾ ਸੀ, ਜਦ ਕਿ ਭਾਰਤ 'ਚ ਪੈਸੇ ਦੀ ਕੋਈ ਸਮੱਸਿਆ ਨਹੀਂ ਹੈ। ਦੇਸ਼ ਵਿਚ ਉਲੰਪਿਕ ਪੱਧਰ ਦੇ ਖਿਡਾਰੀ ਤਿਆਰ ਕਰਨ ਵਿਚ ਸਾਡੀ ਸੋਚ ਚੰਗੀ ਨਹੀਂ ਹੈ। ਇਸ ਲਈ ਸਾਨੂੰ ਅੱਜ ਤੋਂ ਦੇਸ਼ ਅੰਦਰ ਖੇਡ ਸੱਭਿਆਚਾਰ ਪੈਦਾ ਕਰਨ ਦੀ ਜ਼ਰੂਰਤ ਹੈ ਨਾ ਕਿ ਸਾਨੂੰ ਚਾਰ ਸਾਲ ਬਾਅਦ ਆਉਣ ਵਾਲੀ ਉਲੰਪਿਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

# ਈਗੋ ਪ੍ਰਾਬਲਮ ਦਾ ਕੋਈ ਹੱਲ ਨਹੀਂ

**ਹਾਸ ਵਿਅੰਗ**

**ਸਰਬਜੀਤ ਸਿੰਘ ਬਿੰਦ**



ਅੱਜ ਕੱਲ੍ਹ ਹਰ ਵਿਅਕਤੀ ਕਿਸੇ ਨਾ ਕਿਸੇ ਪ੍ਰਾਬਲਮ ਦਾ ਸ਼ਿਕਾਰ ਹੋਇਆ ਪਿਆ ਹੈ। ਕਿਸੇ ਨੂੰ ਹਾਰਟ ਪ੍ਰਾਬਲਮ, ਕਿਸੇ ਨੂੰ ਗੈਸ ਪ੍ਰਾਬਲਮ, ਕਿਸੇ ਨੂੰ ਬਲੱਡ ਪ੍ਰੈਸ਼ਰ ਪ੍ਰਾਬਲਮ, ਕਿਸੇ ਨੂੰ ਚੁਗਲੀ ਪ੍ਰਾਬਲਮ। ਕੋਈ ਨੂੰਹ ਸੱਸ ਦੀ ਪ੍ਰਾਬਲਮ ਕਰ ਕੇ ਦੁਖੀ ਹੈ ਅਤੇ ਕੋਈ ਸੱਸ ਨੂੰਹ ਦੀ ਪ੍ਰਾਬਲਮ ਕਰ ਕੇ ਦੁਖੀ ਹੈ। ਗਰੀਬ ਵਿਅਕਤੀ ਨੂੰ ਦੋ ਟਾਈਮ ਦੀ ਰੋਟੀ ਦੀ ਪ੍ਰਾਬਲਮ ਹੈ। ਅਮੀਰ ਵਿਅਕਤੀ ਨੂੰ ਖਾਧਾ ਖਾਣਾ ਹਜ਼ਮ ਨਾ ਹੋਣ ਦੀ ਪ੍ਰਾਬਲਮ ਹੈ। ਗੱਲ ਕੀ ਹਰੇਕ ਵਿਅਕਤੀ ਨੂੰ ਕੋਈ ਨਾ ਕੋਈ ਪ੍ਰਾਬਲਮ ਹੈ। ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਭਾਵੇਂ ਹੋ ਜਾਵੇ, ਪਰ ਇੱਕ ਅਜਿਹੀ ਪ੍ਰਾਬਲਮ ਹੈ ਜਿਸ ਦਾ ਕੋਈ ਹੱਲ ਨਹੀਂ ਹੈ। ਉਹ ਹੈ ਈਗੋ ਪ੍ਰਾਬਲਮ।

ਕਾਫੀ ਸਮਾਂ ਪਹਿਲਾਂ ਇਹ ਪ੍ਰਾਬਲਮ ਪਿੰਡਾਂ ਵਿੱਚ ਨਹੀਂ ਸੀ ਹੁੰਦੀ, ਪਰ ਹੁਣ ਇਸ ਨੇ ਹੋਰਨਾਂ ਖੇਤਰਾਂ ਦੇ ਨਾਲ ਨਾਲ ਪਿੰਡਾਂ ਵਿੱਚ ਵੀ ਘਰ ਕਰ ਲਿਆ ਹੈ। ਪਹਿਲਾਂ ਪਿੰਡਾਂ ਵਿੱਚ ਸ਼ਹਿਰਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਭਾਈਚਾਰਾ ਹੁੰਦਾ ਸੀ। ਕੋਈ ਵੀ ਕਾਰਜ ਗਲੀ ਮੁਹੱਲੇ ਅਤੇ ਆਪਣੇ ਭਾਈਚਾਰੇ ਦੀ ਸਲਾਹ ਬਗੈਰ ਨਹੀਂ ਸੀ ਕੀਤਾ ਜਾਂਦਾ। ਰਿਸ਼ਤੇ ਵਰਗੇ ਅਹਿਮ ਮਸਲਿਆਂ ਵਿੱਚ ਆਪਣੇ ਸ਼ਰੀਕੇ ਕਬੀਲੇ ਦੀ ਪੂਰੀ ਸਲਾਹ ਲਈ ਜਾਂਦੀ ਸੀ, ਪਰ ਹੁਣ ਈਗੋ ਪ੍ਰਾਬਲਮ ਦੇ ਕਾਰਨ ਅਜਿਹੀ ਸਥਿਤੀ ਨਹੀਂ ਰਹੀ। ਕਿਸੇ ਮੁੰਡੇ ਕੁੜੀ ਦਾ ਰਿਸ਼ਤਾ ਭਾਵੇਂ ਚੰਡੀਗੜ੍ਹ ਹੋਇਆ ਹੋਵੇ, ਪਰ ਲੋਕਾਂ ਨੂੰ ਦੱਸਣਗੇ ਕਿ ਪਟਿਆਲੇ ਹੋਇਆ ਹੈ।

ਗੱਲ ਸਿਰਫ ਇਹ ਹੈ ਕਿ ਕੋਈ ਈਗੋ ਪ੍ਰਾਬਲਮ ਕਰ ਕੇ ਰਿਸ਼ਤੇ ਵਿੱਚ ਭਾਨੀ ਨਾ ਮਾਰ ਦੇਵੇ। ਚਾਚੀ ਚਿੰਤੋ ਨੂੰ ਇਹ ਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਗਲੀ ਮੁਹੱਲੇ ਵਿੱਚ ਕਿਸੇ ਲੜਕੀ ਜਾਂ ਲੜਕੇ ਦਾ ਰਿਸ਼ਤਾ ਉਸ ਨੂੰ ਬਿਨਾਂ ਪੁੱਛੇ ਕਿਤੇ ਹੋ ਨਾ ਜਾਵੇ ਭਾਵ ਕਿ ਸਾਰੇ ਗਲੀ-ਮੁਹੱਲੇ ਵਾਲੇ ਮੈਨੂੰ ਪੁੱਛ ਕੇ ਰਿਸ਼ਤਾ ਕਰਨ। ਇੱਕ ਦਿਨ ਚਾਚੀ ਚਿੰਤੋ ਨੇ ਗਲੀ ਵਿੱਚ ਇੱਕ ਘਰ ਵਿੱਚ ਚਹਿਲ ਪਹਿਲ ਜਿਹੀ ਵੇਖੀ। ਫਿਰ ਉਸ ਨੇ ਆਪਣੀ ਜਾਸੂਸੀ ਕਾਰਨ ਪਤਾ ਲਗਾ ਹੀ ਲਿਆ ਕਿ ਅੱਜ ਬਿੰਦਾਂ ਦੇ ਦੀਪੇ ਨੂੰ ਕਿਸੇ ਨੇ ਸ਼ਗਨ ਪਾਉਣ ਆਉਣਾ ਹੈ। ਵਿਚਾਰਾ ਦੀਪਾ ਪੜ੍ਹਿਆ ਤਾਂ ਸੁੱਖ ਨਾਲ ਸਕੂਲ ਦੇ ਮਗਰ ਕੱਟਾ ਲੈ ਕੇ ਲੰਘਣ ਬਰਾਬਰ ਸੀ ਅਤੇ ਰੰਗ ਪੱਖੋਂ ਵੀ ਕਾਲੇ ਝੋਟੇ ਨਾਲੋਂ ਗੋਰਾ ਸੀ। ਦੀਪੇ ਦੇ ਮਾਮੇ ਨੇ ਆਪਣੀ ਵਾਕਫੀ ਵਿੱਚ ਭੱਜ ਦੌੜ ਕਰ ਕੇ ਵਿਚਾਰੇ ਦਾ ਰਿਸ਼ਤਾ ਇੱਕ ਦਰਮਿਆਨੇ ਜਿਹੇ ਪਰਿਵਾਰ ਵਿੱਚ ਕਰਵਾ ਦਿੱਤਾ ਸੀ। ਚਾਚੀ ਚਿੰਤੋ ਨੂੰ ਜਦੋਂ ਇਹ ਸ਼ਗਨ ਦੀ ਜਾਣਕਾਰੀ ਮਿਲੀ ਤਾਂ ਉਸ ਦੀ ਵੀ ਈਗੋ ਪ੍ਰਾਬਲਮ ਜਾਗ ਪਈ ਕਿ ਮੇਰੇ ਘੀਲੇ ਨਾਲੋਂ ਪਹਿਲਾਂ ਰਿਸ਼ਤਾ ਕਿਵੇਂ ਹੋ ਜਾਵੇ। ਇਸੇ ਪ੍ਰਾਬਲਮ ਦੀ ਸ਼ਿਕਾਰ ਚਾਚੀ ਚਿੰਤੋ ਜਾ ਪਹੁੰਚੀ ਸ਼ਗਨ ਪੈਣ ਦੇ ਸਮੇਂ ਬਿੰਦਾਂ ਦੇ ਘਰ।

ਦੀਪਾ ਵੀ ਕੁਰਸੀ 'ਤੇ ਪੂਰੀ ਟੌਅਰ ਕੱਢੀ ਗਲ ਵਿੱਚ ਤੌਲੀਆ ਪਾਈ ਬੈਠਾ ਸੀ। ਘਰ ਦੇ ਮੈਂਬਰ ਅਤੇ ਰਿਸ਼ਤਾ ਕਰਨ ਆਏ ਸੰਬੰਧੀ ਹੇਠਾਂ ਫਰਸ਼ ਵਿਛਾ ਕੇ ਬੈਠੇ ਸਨ। ਚਾਚੀ ਚਿੰਤੋ ਨੇ ਜਾਂਦੀ ਨੇ ਹੀ ਦਸਾਂ ਦਾ ਨੋਟ ਖੀਸੇ ਵਿੱਚੋਂ ਕੱਢਿਆ ਅਤੇ ਸ਼ਗਨ ਪੈਣ ਤੋਂ ਪਹਿਲਾਂ ਹੀ ਦੀਪੇ ਦੇ ਪੱਲੇ ਵਿੱਚ ਰੱਖ ਦਿੱਤਾ ਤੇ ਨਾਲ ਹੀ ਰਿਸ਼ਤਾ ਕਰਨ ਆਏ ਲੋਕਾਂ ਨੂੰ ਸੁਣਾ ਕੇ ਦੀਪੇ ਨੂੰ ਸੰਬੋਧਨ ਕਰਦੀ ਕਹਿਣ ਲੱਗੀ ਕਿ ਫਿਕਰ ਨਾ ਕਰ ਭਾਈ ਦੀਪਿਆ ਜਿਵੇਂ ਤੇਰਾ ਰਿਸ਼ਤਾ ਹੋ ਗਿਆ ਉਵੇਂ ਤੇਰੀ ਮਿਰਗੀ ਵੀ ਇੱਕ ਦਿਨ ਹੱਟ ਜਾਣੀ।

ਜਦੋਂ ਰਿਸ਼ਤਾ ਕਰਨ ਆਏ ਰਿਸ਼ਤੇਦਾਰਾਂ ਨੇ ਮਿਰਗੀ ਬਾਰੇ ਸੁਣਿਆ ਤਾਂ ਉਨ੍ਹਾਂ ਨੇ ਵਾਪਸ ਜਾਣ ਲਈ ਆਪਣਾ ਸਮਾਨ ਸੰਭਾਲਣਾ ਸ਼ੁਰੂ ਕਰ ਦਿੱਤਾ। ਦੀਪੇ ਦਾ ਮਾਮਾ ਅਤੇ ਹੋਰ ਰਿਸ਼ਤੇਦਾਰ ਬਥੇਰੀਆਂ ਸਫਾਈਆਂ ਦੇਣ ਕਿ ਦੀਪੇ ਨੂੰ ਕੋਈ ਮਿਰਗੀ ਦੀ ਬਿਮਾਰੀ ਨਹੀਂ, ਪਰ ਰਿਸ਼ਤਾ ਕਰਨ ਆਏ ਨਵੇਂ ਰਿਸ਼ਤੇਦਾਰ ਕਿੱਥੇ ਮੰਨਣ। ਉਹ ਆਪਣੇ ਨਾਲ ਲਿਆਂਦੇ ਮਠਿਆਈ ਦੇ ਡੱਬੇ ਅਤੇ ਫਰੂਟਾਂ ਦੀ ਟੋਕਰੀ ਉਥੇ ਹੀ ਛੱਡ ਕੇ ਬਿਨਾਂ ਦੱਸੇ ਸਾਕ ਕੀਤਿਆਂ ਚਲੇ ਗਏ। ਚਾਚੀ ਚਿੰਤੋ ਦੀ ਈਗੋ ਪ੍ਰਾਬਲਮ ਨੇ ਵਿਚਾਰੇ ਦੀਪੇ ਦਾ ਰਿਸ਼ਤਾ ਹੁੰਦਾ ਹੋਇਆ ਰੋਕ ਦਿੱਤਾ। ਵਿਚਾਰਾ ਦੀਪਾ ਅਟਲ ਬਿਹਾਰੀ ਵਾਜਪਾਈ ਜੀ ਵਾਂਗ ਅੱਜ ਤੱਕ ਛੜੇ ਦਾ ਛੜਾ ਹੀ ਹੈ। ਇਹ ਤਾਂ ਹੋਈ ਪਿੰਡਾਂ ਦੀ ਈਗੋ ਪ੍ਰਾਬਲਮ ਦੀ ਗੱਲ। ਸਰਕਾਰੀ ਦਫਤਰਾਂ ਵਿੱਚ ਜਿੰਨੀ ਈਗੋ ਪ੍ਰਾਬਲਮ ਚਲਦੀ ਹੈ ਓਨੀ ਸ਼ਾਇਦ ਹੀ ਕਿਤੇ ਹੋਰ ਹੋਵੇ। ਹੁਣ ਤੁਸੀਂ ਕਹੋਗੇ ਕਿ ਸਰਕਾਰੀ ਦਫਤਰਾਂ ਵਿੱਚ ਹਰੇਕ ਕਰਮਚਾਰੀ ਆਪਣੀ ਆਪਣੀ ਤਨਖਾਹ ਲੈਂਦਾ ਹੈ ਫਿਰ ਈਗੋ ਪ੍ਰਾਬਲਮ ਕਾਹਦੀ। ਇਹੀ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਫਸਰ ਤਾਂ ਇੱਕ ਪਾਸੇ ਜਿਹੜਾ ਮਾੜਾ ਮੋਟਾ ਵੀ ਕਰਮਚਾਰੀ ਸੀਨੀਅਰ ਹੈ ਉਹ ਜੂਨੀਅਰ ਪ੍ਰਤੀ ਈਗੋ ਪ੍ਰਾਬਲਮ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਮੇਰਾ ਇੱਕ ਦੋਸਤ ਸੁਰਜੀਤ ਸੁਮਨ ਬਹੁਤ ਵਧੀਆ ਮਹਿਕਮੇ ਵਿੱਚ ਸਰਵਿਸ ਕਰਦਾ ਹੈ।

ਕੁਝ ਦਿਨ ਪਹਿਲਾਂ ਉਸ ਦੇ ਕੰਮ ਤੋਂ ਖੁਸ਼ ਹੋ ਕੇ ਸਭ ਤੋਂ ਉਪਰਲੇ ਅਫਸਰ ਨੇ ਬਰਾਂਚ ਇੰਚਾਰਜ ਨੂੰ ਹਦਾਇਤ ਕੀਤੀ ਕਿ ਇਸ ਨੂੰ ਮੇਰੇ ਵਲੋਂ ਪ੍ਰਸ਼ੰਸਾ ਪੱਤਰ ਜਾਰੀ ਕਰੋ। ਸੁਰਜੀਤ ਸੁਮਨ ਖੁਸ਼ੀ-ਖੁਸ਼ੀ ਇਹ ਗੱਲ ਸਭ ਨੂੰ ਦੱਸਦਾ ਫਿਰੇ, ਪਰ ਬਰਾਂਚ ਇੰਚਾਰਜ ਈਗੋ ਪ੍ਰਾਬਲਮ ਦਾ ਸ਼ਿਕਾਰ ਹੋ ਗਿਆ। ਦੋ ਤਿੰਨ ਦਿਨ ਤਾਂ ਪ੍ਰਸ਼ੰਸਾ ਪੱਤਰ ਲਈ ਟਾਲ ਮਟੋਲ ਜਿਹੀ ਕਰਦਾ ਰਿਹਾ। ਫਿਰ ਇੱਕ ਦਿਨ ਛੋਟੀ ਜਿਹੀ ਮਿਸਟੇਕ ਪਿੱਛੇ ਉਪਰਲੇ ਅਫਸਰ ਦੇ ਅਜਿਹੇ ਕੰਨ ਭਰੇ ਕਿ ਜਿਹੜਾ ਅਫਸਰ ਸੁਰਜੀਤ ਨੂੰ ਪ੍ਰਸ਼ੰਸਾ ਪੱਤਰ ਦੇਣ ਲਈ ਕਹਿ ਰਿਹਾ ਸੀ ਉਸ ਨੇ ਹੀ ਉਸ ਦੀ ਐਕਸਪਲੇਨੇਸ਼ਨ ਕਾਲ ਕਰ ਲਈ। ਉਹ ਵਿਚਾਰਾ ਹਾਰੇ ਹੋਏ ਐਮ ਐਲ ਏ ਦੀ ਤਰ੍ਹਾਂ ਢਿੱਲਾ ਜਿਹਾ ਹੋ ਕੇ ਐਕਸਪਲੇਨੇਸ਼ਨ ਦਾ ਜਵਾਬ ਲਿਖਾਉਣ ਲਈ ਸੀਨੀਅਰ ਕਰਮਚਾਰੀਆਂ ਦੇ ਚੱਕਰ ਕੱਢ ਰਿਹਾ ਹੈ।

* * * * * *

# ★ ਮਿੰਨੀ ਕਹਾਣੀਆਂ ★

## ਲੋੜ

ਦੋ ਮਹੀਨੇ ਤੀਕ ਮੈਂ ਮਲੇਰੀਆ ਨਾਲ ਜੂਝਦਾ ਰਿਹਾ। ਮੇਰੀ ਦੇਹ ਵਿੱਚ ਕਾਫ਼ੀ ਨਿਘਾਰ ਸੀ। ਡਾਕਟਰ ਨੇ ਮੈਨੂੰ ਆਗਾਹ ਕੀਤਾ ਕਿ ਜੇ ਮੈਂ ਇੱਕ ਦਫ਼ਾ ਹੋਰ ਬਿਮਾਰੀ ਦੀ ਚਪੇਟ ਵਿੱਚ ਆਇਆ ਤਾਂ ਬਚਾਂਗਾ ਨਹੀਂ।

ਮਲੇਰੀਆਗ੍ਰਸਤ ਹੋਣ ਤੋਂ ਪਹਿਲਾਂ ਮੈਂ ਦਸਵੀਂ ਦੇ ਇਮਤਿਹਾਨ ਦਿੱਤੇ ਸਨ ਜਿਨ੍ਹਾਂ ਵਿੱਚ ਮੈਂ ਫੇਲ੍ਹ ਹੋ ਗਿਆ ਸੀ। ਮੈਨੂੰ ਠੀਕ ਹੋਣ ਤੋਂ ਬਾਅਦ ਪਤਾ ਲੱਗਿਆ ਕਿ ਮੇਰੇ ਗੁਆਂਢ ਵਿੱਚ ਰਹਿੰਦੀ ਕੁੜੀ ਜਿਸ ਨੂੰ ਮੈਂ ਮਨ ਹੀ ਮਨ ਚਾਹੁੰਦਾ ਸੀ, ਦਾ ਵਿਆਹ ਹੋ ਗਿਆ। ਉਸ ਦਾ ਖਾਵੰਦ ਪੜ੍ਹਿਆ ਲਿਖਿਆ, ਸਿਹਤਮੰਦ ਆਦਮੀ ਹੈ।

ਇਨ੍ਹਾਂ ਦੋ ਘਟਨਾਵਾਂ ਨੇ ਮੈਨੂੰ ਨਾਉਮੀਦ ਕਰ ਦਿੱਤਾ।

ਮੈਂ ਸੋਚਣ ਲੱਗਿਆ ਕਿ ਇਨ੍ਹਾਂ ਹਾਲਤਾਂ ਵਿੱਚ ਮੈਨੂੰ ਖ਼ੁਦਕੁਸ਼ੀ ਕਰ ਲੈਣੀ ਚਾਹੀਦੀ ਹੈ। ਇਸ ਸੰਸਾਰ ਵਿੱਚ ਕਿਸੇ ਵੀ ਬੇਲੋੜੇ ਅਤੇ ਬੇਕਾਰ ਮਨੁੱਖ ਲਈ ਕੋਈ ਥਾਂ ਨਹੀਂ। ਫਿਰ ਮੇਰੀ ਕਿਸੇ ਨੂੰ ਕੀ ਲੋੜ? ਪਰ ਮੈਂ ਗ਼ਲਤ ਸੀ।

ਸ਼ੇਰ! ਆਪਣੀ ਵਿਗੜੀ ਹੋਈ ਹਾਲਤ ਦੇ ਬਾਵਜੂਦ ਮੈਂ ਨੌਕਰੀ ਦੀ ਤਲਾਸ਼ ਵਿੱਚ ਕਲਕੱਤਾ ਪੁੱਜਾ। ਹਿੰਦੂ ਹੋਟਲ ਵਿੱਚ ਠਹਿਰਿਆ। ਦੁਪਹਿਰ ਨੂੰ ਮੈਂ ਵਪਾਰੀ ਫਰਮ ਦੇ ਮਾਲਿਕ ਨੂੰ ਮਿਲਣ ਲਈ ਜਾ ਰਿਹਾ ਸੀ ਤਾਂ ਰਾਹ ਵਿੱਚ ਇੱਕ ਕਾਰ ਮੈਨੂੰ ਲਤਾੜ ਕੇ ਮੇਰੇ ਉਪਰੋਂ ਲੰਘ ਗਈ। ਉਸ ਤੋਂ ਬਾਅਦ ਦਾ ਮੈਨੂੰ ਕੁਝ ਯਾਦ ਨਹੀਂ।

ਹੁਣ ਮੈਂ ਹਸਪਤਾਲ ਵਿੱਚ ਹਾਂ। ਡਾਕਟਰੀ ਦੇ ਵਿਦਿਆਰਥੀ ਮੇਰੇ ਟੁੱਟੇ-ਭੱਜੇ ਸਰੀਰ ਨੂੰ ਕੱਟ-ਕੱਟ ਕੇ ਖੋਲ੍ਹ-ਖੋਲ੍ਹ ਕੇ ਅੰਗ ਵਿਗਿਆਨ ਦੀ ਸਮਝ ਵਿੱਚ ਵਾਧਾ ਕਰ ਰਹੇ ਹਨ।

ਮੇਰੀ ਖ਼ੁਸ਼ੀ ਦੀ ਹਰ ਹੱਦ ਟੁੱਟ ਚੁੱਕੀ ਹੈ।

ਅੰਤ ਵਿੱਚ ਮੈਂ ਬੇਲੋੜਾ ਨਹੀਂ ਹਾਂ।

ਜੀ ਹਾਂ, ਮੈਂ ਹੁਣ ਮਰ ਚੁੱਕਾ ਹਾਂ।

- ਡਾ. ਬਾਲਾਏਚੰਦ ਮੁਖੋਪਾਧਿਆਏ

## ਮੁਖੌਟਾ

ਉੱਘੇ ਸਮਾਜ ਸੁਧਾਰਕ ਕਰਤਾਰ ਸਿੰਘ ਦੀਆਂ ਖ਼ਬਰਾਂ ਅਤੇ ਫੋਟੋਆਂ ਅਖ਼ਬਾਰਾਂ ਵਿਚ ਅਕਸਰ ਛਪਦੀਆਂ ਰਹਿੰਦੀਆਂ। ਉਸ ਦਾ ਭਾਸ਼ਣ ਤਾਂ ਲੋਕਾਂ ਨੂੰ ਇਉਂ ਕੀਲਦਾ ਜਿਵੇਂ ਸਪੇਰਾ ਸੱਪ ਨੂੰ ਕੀਲਦਾ ਹੋਵੇ।

ਅੱਜ ਪਿੰਡ ਵਿੱਚ ਹੋਣ ਵਾਲੇ ਸਮਾਗਮ ਦੌਰਾਨ ਉਸ ਦਾ ਭਾਸ਼ਣ ਸੁਣਨ ਲਈ ਕਾਫ਼ੀ ਭੀੜ ਜਮ੍ਹਾਂ ਹੋ ਗਈ ਸੀ। ਬੜੇ ਹੀ ਵਿਲੱਖਣ ਅੰਦਾਜ਼ ਵਿੱਚ ਉਸ ਨੇ ਮਾਂ-ਪਿਉ ਦੇ ਆਦਰ-ਸਤਿਕਾਰ ਅਤੇ ਸਾਂਭ-ਸੰਭਾਲ ਬਾਰੇ ਅਜਿਹੀਆਂ ਗੱਲਾਂ ਕੀਤੀਆਂ ਕਿ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਉਸ ਦੇ ਸ਼ਬਦ: "ਮਾਂ-ਪਿਉ ਕਰਕੇ ਅਸੀਂ ਜੱਗ ਦੇਖਿਐ, ਜੋ ਕੁਝ ਵੀ ਅਸੀਂ ਹਾਂ ਸਭ ਇਨ੍ਹਾਂ ਦੀ ਬਦੌਲਤ ਐ। ਉਨ੍ਹਾਂ ਨੂੰ ਜਿਉਣ ਦਾ ਕੋਈ ਹੱਕ ਨਹੀਂ, ਜੋ ਆਪਣੇ ਮਾਪਿਆਂ ਦੀ ਕਦਰ ਨ੍ਹੀਂ ਕਰਦੇ ਅਤੇ ਉਨ੍ਹਾਂ ਦਾ ਬੁਢਾਪਾ ਰੋਲ ਦਿੰਦੇ ਐ।" ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਗੱਲਾਂ ਉਸ ਨੇ ਕੀਤੀਆਂ ਜੋ ਮੇਰੇ ਦਿਲ ਨੂੰ ਵਲੂੰਧਰ ਗਈਆਂ।

ਭਾਸ਼ਣ ਮੁਕਾ ਕੇ ਕਰਤਾਰ ਸਿੰਘ ਸਟੇਜ ਤੋਂ ਉਤਰਿਆ। ਮੈਂ ਭਾਵੁਕ ਹੋ ਕੇ ਉਸ ਦੇ ਪੀ ਏ ਤੋਂ ਪੁੱਛਿਆ, "ਵੀਰ ਜੀ! ਧੰਨ ਭਾਗ ਸਾਡੇ ਜੋ ਇਹੋ ਜਿਹੇ ਸੱਜਣ ਦੇ ਦਰਸ਼ਨ ਹੋਏ ਅਤੇ ਕਿਸਮਤ ਦੇ ਧਨੀ ਨੇ ਉਹ ਮਾਪੇ, ਜਿਨ੍ਹਾਂ ਨੇ ਇਹੋ ਜਿਹੇ ਹੀਰੇ ਨੂੰ ਜਨਮ ਦਿੱਤਾ। ਬੜੇ ਖ਼ੁਸ਼ ਹੋਣਗੇ ਇਨ੍ਹਾਂ ਦੇ ਮਾਪੇ ਬੜੀ ਸੇਵਾ ਕਰਦੇ ਹੋਣਗੇ ਇਹ ਰੋਜ਼ ਉਨ੍ਹਾਂ ਦੀ"

"ਨਾ ਜੀ ਨਾ, ਕਿੱਥੇ ਟੈਮ ਮਿਲਦੈ ਇਨ੍ਹਾਂ ਨੂੰ ਉਨ੍ਹਾਂ ਦੀ ਸੇਵਾ ਕਰਨ ਦਾ।"

"ਕਿਉਂ?" ਮੈਂ ਬੜਾ ਹੈਰਾਨ ਹੋਇਆ।

"ਉਹ ਤਾਂ ਜੀ ਬੜੇ ਚਿਰ ਤੋਂ ਬਿਰਧ ਆਸ਼ਰਮ ਵਿੱਚ ਰਹਿੰਦੇ ਨੇ। ਇਨ੍ਹਾਂ ਨੂੰ ਤਾਂ ਸਮਾਗਮਾਂ ਤੋਂ ਵਿਹਲ ਨ੍ਹੀਂ ਮਿਲਦੀ ਤੇ ਇਨ੍ਹਾਂ ਦੀ ਘਰਵਾਲੀ ਸਰਕਾਰੀ ਨੌਕਰੀ ਕਰਦੀ ਐ।" ਪੀ ਏ ਦਾ ਜਵਾਬ ਸੀ।

ਮੈਂ ਦੁਨੀਆਂ ਵਿਚ ਮਖੌਟਾ ਪਹਿਨ ਕੇ ਫਿਰਦੇ ਅਜਿਹੇ ਸਮਾਜ ਸੁਧਾਰਕਾਂ ਤੋਂ ਕਿਨਾਰਾ ਕਰਨ ਬਾਰੇ ਸੋਚ ਰਿਹਾ ਸੀ।

- ਗੁਰਪ੍ਰੀਤ ਪੁਰਬਾ

# ਅਕਾਲ ਤਖਤ ਸਾਹਿਬ ਦੀ ਸਰਬ-ਉੱਚਤਾ ਨੂੰ ਨੀਵਾਂ ਦਿਖਾਉਣ ਵਾਲੇ ਪੱਤਰਾਂ ਦੀ ਸੱਚਾਈ ਅਤੇ ਪ੍ਰਸੰਗਕਿਤਾ

**ਬਘੇਲ ਸਿੰਘ ਧਾਲੀਵਾਲ**
99142-58142



ਪਿਛਲੇ ਦਿਨੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਸਪੱਸ਼ਟੀਕਰਨ ਦੇਣ ਵਾਲਿਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸ਼ਾਮਲ ਸਨ। ਪਹਿਲਾਂ ਸ੍ਰ. ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਬੰਦ ਲਿਫਾਫਾ ਸਪੱਸ਼ਟੀਕਰਨ ਦੀ ਗੱਲ ਕਰਦੇ ਹਾਂ, ਜਿਸ ਵਿੱਚ ਉਨ੍ਹਾਂ ਇੱਕ ਪੱਤਰ ਉਹ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸੌਂਪਿਆ ਹੈ, ਜਿਹੜਾ ਮਰਹੂਮ ਸ੍ਰ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਸ ਮੌਕੇ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੌਂਪਿਆ ਗਿਆ ਸੀ। ਉਸ ਮੌਕੇ ਵੀ ਇਹ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਸ੍ਰ. ਪ੍ਰਕਾਸ਼ ਸਿੰਘ ਬਾਦਲ ਆਪਣੇ ਗੁਨਾਹਾਂ ਦਾ ਪਸ਼ਤਾਤਾਪ ਕਰਨ ਲਈ ਤਤਲਾਕੀ ਜਥੇਦਾਰ ਕੋਲ ਪੇਸ਼ ਹੋਏ ਹਨ ਅਤੇ ਉਨ੍ਹਾਂ ਵੱਲੋਂ ਆਪਣੀ ਭੁੱਲ ਬਖਸ਼ਾਈ ਗਈ ਹੈ, ਪਰ ਪੱਤਰ ਪੜ੍ਹਕੇ ਪਤਾ ਲੱਗਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਉਸ ਪੱਤਰ ਵਿੱਚ ਮੁਆਫੀ ਤਾਂ ਮੰਗੀ ਹੀ ਨਹੀਂ ਹੈ। ਉਨ੍ਹਾਂ ਨੇ ਤਾਂ ਇਹ ਕਿਹਾ ਕਿ ਹੈ ਕਿ ਕਈ ਵਾਰ ਵੱਡੀਆਂ ਜੁੰਮੇਵਾਰੀਆਂ ਨਿਭਾਉਂਦਿਆਂ ਗਲਤੀਆਂ ਹੋ ਜਾਂਦੀਆਂ ਹਨ, ਵਾਹਿਗੁਰੂ ਮੈਨੂੰ ਤਾਕਤ ਦੇਣ। ਉਹ 17 ਅਕਤੂਬਰ 2015 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸੌਂਪੇ ਆਪਣੇ ਪੱਤਰ ਵਿੱਚ ਲਿਖਦੇ ਹਨ ਕਿ ਪਿਛਲੇ ਦਿਨੀਂ ਜੋ ਘਟਨਾਕ੍ਰਮ ਵਾਪਰਿਆ ਹੈ ਉਹ ਬੇਹੱਦ ਦੁੱਖਦਾਈ ਅਤੇ ਪੀੜ੍ਹਾ ਭਰਿਆ ਹੈ, ਇਸ ਨਾਲ ਪੰਜਾਬੀ ਸਮਾਜ ਅਤੇ ਖਾਸ ਤੌਰ 'ਤੇ ਸਿੱਖ ਭਾਈਚਾਰੇ ਦੀ ਮਾਨਸਿਕਤਾ ਨੂੰ ਵੱਡੀ ਸੱਟ ਵੱਜੀ ਹੈ ਤੇ ਅਣਕਿਆਸੀਆਂ ਘਟਨਾਵਾਂ ਨਵੇਂ ਰਸਤੇ ਅਖਤਿਆਰ ਕਰ ਰਹੀਆਂ ਹਨ, ਜੋ ਹੋਰ ਵੀ ਜੋਖਮ ਭਰੇ ਬਣ ਸਕਦੇ ਹਨ। ਪੰਜਾਬ ਦਾ ਪ੍ਰਸ਼ਾਸ਼ਨਿਕ ਮੁੱਖੀ ਹੋਣ ਕਾਰਨ ਮੈਨੂੰ ਵਾਪਰ ਰਹੇ ਅਜਿਹੇ ਅਣਕਿਆਸੇ ਘਟਨਾਕ੍ਰਮ ਦਾ ਅਹਿਸਾਸ ਹੈ। ਪਿਛਲੇ ਲੰਬੇ ਸਮੇਂ ਤੋਂ ਮੈਂ ਸੌਂਪੇ ਗਏ ਫਰਜਾਂ ਦੀ ਪਾਲਣਾ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਕਰਨ ਦਾ ਯਤਨ ਕੀਤਾ ਹੈ। ਮੈਂ ਆਪਣਾ ਸਮੁਚਾ ਜੀਵਨ ਸਿਦਕ ਅਤੇ ਧਾਰਮਿਕ ਮਾਨਤਾਵਾਂ ਦੇ ਅਨੁਸਾਰੀ ਹੋ ਕੇ ਬਤੀਤ ਕੀਤਾ ਹੈ। ਸਿਦਕਦਿਲੀ ਨਾਲ ਆਪਣੇ ਫਰਜਾਂ ਦੀ ਪਾਲਣਾ ਕਰਦਿਆਂ ਕਈ ਵਾਰ ਅਜਿਹਾ ਕੁੱਝ ਵਾਪਰ ਜਾਂਦਾ ਹੈ ਜੋ ਕਿਆਸ ਤੋਂ ਬਾਹਰ ਹੁੰਦਾ ਹੈ, ਜਿਸ ਨਾਲ ਤੁਹਾਡੇ ਮਨ ਨੂੰ ਗਹਿਰੀ ਪੀੜ੍ਹਾ ਵਿਚੋਂ ਗੁਜਰਨਾ ਪੈਂਦਾ ਹੈ ਅਤੇ ਤੁਸੀਂ ਆਤਮਿਕ ਤੌਰ 'ਤੇ ਝੰਜੋੜੇ ਜਾਂਦੇ ਹੋ, ਤੁਹਾਡੇ ਅੰਦਰ ਪਸਚਾਤਾਪ ਦੀਆਂ ਭਾਵਨਾਵਾਂ ਪ੍ਰਬਲ ਹੋ ਜਾਂਦੀਆਂ ਹਨ। ਇਸ ਮੌਕੇ ਮੈਂ ਅਜਿਹੀ ਅੰਤਰ ਮਨ ਦੀਆਂ ਪੀੜਾ ਤੋਂ ਗੁਜ਼ਰ ਰਿਹਾ ਹਾਂ। ਇਸ ਦਿਸ਼ਾ ਵਿਚ ਪਿਛਲੇ ਸਮੇਂ ਵਿਚ ਜੋ ਵੀ ਦੁਖਦਾਈ ਵਾਪਰਿਆ ਹੈ ਉਸਨੇ ਆਤਮਿਕ ਤੌਰ 'ਤੇ ਮੈਨੂੰ ਧੁਰ ਅੰਦਰ ਝੰਜੋੜ ਕੇ ਰੱਖ ਦਿੱਤਾ ਹੈ। ਅਜਿਹੀਆਂ ਭਾਵਨਾਵਾਂ ਨੂੰ ਆਪਣੇ ਮਨ ਅੰਦਰ ਸਮੋਈ ਮੈਂ ਆਪਣੇ ਗੁਰੂ ਅੱਗੇ ਨਤਮਸਤਕ ਹੁੰਦਾ ਹਾਂ ਅਤੇ ਅਰਦਾਸ



ਕਰਦਾ ਹਾਂ ਕਿ ਵਾਹਿਗੁਰੂ ਬਲ ਬਖਸ਼ਣ ਅਤੇ ਮਿਹਰ ਕਰਨ।'' ਇਸ ਪੱਤਰ ਵਿੱਚ ਸ੍ਰ. ਬਾਦਲ ਅਹਿਸਾਸ ਤਾਂ ਕਰਦੇ ਹਨ ਪਰ ਮੁਆਫੀ ਲਈ ਖਿਮਾ ਯਾਚਨਾ ਸ਼ਬਦ ਦਾ ਜਿਕਰ ਤੱਕ ਵੀ ਸਾਰੇ ਪੱਤਰ ਵਿੱਚ ਕਿਧਰੇ ਵੀ ਨਹੀ ਕੀਤਾ ਗਿਆ। ਉਹ ਤਾਂ ਅਖੀਰ ਵਿੱਚ ਸਿਰਫ ਐਨਾ ਹੀ ਲਿਖਦੇ ਹਨ ਕਿ ਵਾਹਿਗੁਰੂ ਬਲ ਬਖਸ਼ਣ ਅਤੇ ਮਿਹਰ ਕਰਨ, ਜਦੋਂਕਿ ਵਿਰੋਧੀਆਂ ਨੂੰ ਸਬਕ ਸਿਖਾਉਣ ਲਈ ਤਾਂ ਜਥੇਦਾਰ ਵੱਲੋਂ ਸਜ਼ਾ ਲਾਈ ਜਾਂਦੀ ਹੈ, ਪੰਥ 'ਚੋਂ ਛੇਕਣ ਤੱਕ ਦਾ ਵਿਧੀ ਵਿਧਾਨ ਵੀ ਹੈ, ਇਹ ਪੱਤਰ ਭਾਵੇਂ ਸ਼ੁਰੂ ਸਿੰਘ ਸਾਹਿਬ ਨੂੰ ਸੰਬੋਧਨ ਹੋ ਕੇ ਕੀਤਾ ਗਿਆ ਹੈ, ਪਰ ਪੱਤਰ ਵਿੱਚ ਸ੍ਰ. ਬਾਦਲ ਨੇ ਜਥੇਦਾਰ ਨਾਲ ਗੱਲ ਹੀ ਨਹੀ ਕੀਤੀ, ਉਹ ਤਾਂ ਸਿਰਫ ਆਪਣੇ ਗੁਰੂ ਅੱਗੇ ਅਰਦਾਸ ਕਰਕੇ ਆਪ ਹੀ ਸੁਰਖਰੂ ਹੋਕੇ ਚਲੇ ਗਏ, ਜਦੋਂਕਿ ਸੁਖਬੀਰ ਸਿੰਘ ਬਾਦਲ ਵੱਲੋਂ ਜੋ ਪੱਤਰ ਦਿੱਤਾ ਗਿਆ ਹੈ, ਉਹਦੇ ਵਿੱਚ ਵਰਤੀ ਗਈ ਸ਼ੈਲੀ ਦਾ ਆਪਣੇ ਪਿਤਾ ਦੀ ਸ਼ੈਲੀ ਤੋਂ ਜਮੀਨ ਅਸਮਾਨ ਜਿੰਨਾ ਅੰਤਰ ਹੈ,ਉਹ ਸਿੰਘ ਸਾਹਿਬ ਨੂੰ ਸੰਬੋਧਨ ਹੋਕੇ ਲਿਖਦੇ ਹਨ ਕਿ ਅਕਾਲ ਤਖਤ ਸਾਹਿਬ ਬਖਸ਼ਿੰਦ ਗੁਰੂ ਦਾ ਬਖਸ਼ਿੰਦ ਤਖਤ ਹੈ, ਸਮਰੱਥ ਗੁਰੂ ਜਾਣੀ ਜਾਣ ਹੈ, ਤਰਕ ਤੇ ਦਲੀਲਾਂ ਉਥੇ ਹੁੰਦੀਆਂ ਹਨ, ਜਿਥੇ ਕਿਸੇ ਨੂੰ ਸਮਝਾਉਣ ਦੀ ਲੋੜ ਹੋਵੇ ਜਾਂ ਕੁਝ ਲੁਕਾਉਣ ਦੀ ਮਨਸ਼ਾ ਹੋਵੇ, ਦਾਸ ਗੁਰੂ ਘਰ ਦਾ ਨਿਮਾਣਾ ਸੇਵਕ ਹੈ, ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਰਿਹਾ ਹੈ। ਮੈਂ ਬਿਨਾਂ ਕਿਸੇ ਸਵਾਲ ਜਵਾਬ ਦੇ ਸੱਚੇ ਦਿਲੋਂ ਵਾਹਿਗੁਰੂ ਅੱਗੇ ਜੋਦੜੀ ਕਰ ਰਿਹਾ ਹਾਂ। ਜੋ ਵੀ ਸਾਡੇ ਖਿਲਾਫ਼ ਲਿਖਕੇ ਦਿੱਤਾ ਗਿਆ ਹੈ, ਦਾਸ ਉਸ ਵਾਸਤੇ ਗੁਰੂ ਦੇ ਮਹਾਨ ਤਖਤ 'ਤੇ ਹਾਜਰ ਹੋ ਕੇ ਗੁਰੂ ਸਾਹਿਬ ਅਤੇ ਗੁਰੂ ਪੰਥ ਪਾਸੋਂ ਬਿਨਾਂ ਸ਼ਰਤ ਖਿਮਾ ਜਾਚਨਾ ਕਰਦਾ ਹੈ, ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਦਾਸ ਸਾਰੀਆਂ ਭੁੱਲਾਂ ਨੂੰ ਆਪਣੀ ਝੋਲੀ ਪਾਉਂਦਾ ਹੈ, ਚਾਹੇ ਇਹ ਭੁੱਲਾਂ ਪਾਰਟੀ ਕੋਲੋਂ ਹੋਈਆਂ ਹਨ ਜਾਂ ਸਰਕਾਰ ਕੋਲੋਂ, ਦਾਸ ਚੇਤ-ਅਚੇਤ ਵਿਚ ਹੋਈਆਂ ਇਨ੍ਹਾਂ ਸਾਰੀਆਂ ਭੁੱਲਾਂ-ਚੁੱਕਾਂ ਲਈ ਖਿਮਾ ਦਾ ਜਾਚਕ ਹੈ। ਅਕਾਲ ਤਖਤ ਸਾਹਿਬ ਵੱਲੋਂ ਗੁਰਮਤਿ ਪ੍ਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਖਿੜੇ ਮੱਥੇ ਪ੍ਰਵਾਨ ਕਰਨਗੇ, ਮੇਰੀ ਅਰਦਾਸ ਹੈ ਕਿ ਅਕਾਲ ਪੁਰਖ ਪੰਥ ਅਤੇ ਪੰਜਾਬ ਨੂੰ ਹਮੇਸ਼ਾ ਚੜ੍ਹਦੀਕਲਾਂ 'ਚ ਰੱਖੇ'' ਇਹ ਦੋ ਪੱਤਰਾਂ ਵਿੱਚ ਜੋ ਅੰਤਰ ਹੈ ਉਹਦੇ ਪਿੱਛੇ ਵੱਖੋ ਵੱਖਰੇ ਕਾਰਨ ਹਨ। ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ ਇਹ ਪੱਤਰ ਸ੍ਰੀ ਅਕਾਲ ਤਖਤ ਸਾਹਿਬ ਤੇ ਸੌਂਪਿਆ, ਉਸ ਸਮੇਂ ਉਹ ਪੰਜਾਬ ਦੇ ਮੁੱਖ ਮੰਤਰੀ ਸਨ। ਉਹ ਬਤੌਰ ਨਿਮਾਣਾ ਸਿੱਖ ਪੇਸ਼ ਨਹੀਂ ਹੋਏ ਬਲਕਿ ਬਤੌਰ ਸ਼ਾਸਕ ਪੇਸ਼ ਹੋਏ। ਉਸ ਮੌਕੇ ਉਨ੍ਹਾਂ ਦੇ ਹੱਥ ਵਿਚ ਅਥਾਹ ਤਾਕਤ ਸੀ।

ਪੱਤਰ ਦਾ ਮਜਬੂਨ ਇਹ ਸਪੱਸ਼ਟ ਬਿਆਨ ਕਰਦਾ ਹੈ ਕਿ ਚੇਤ ਅਚੇਤ ਮਨ ਤੋਂ ਉਹ ਉਸ ਮੌਕੇ ਵੀ ਸੱਤਾ ਦੇ ਹੰਕਾਰ ਅਤੇ ਹਉਮੈਂ ਵਿੱਚ ਗ੍ਰਸੇ ਹੋਏ ਸਨ। ਉਹਨਾਂ ਨੂੰ ਜਥੇਦਾਰ ਕੋਲ ਪੇਸ਼ ਹੋਣਾ ਆਪਣੇ ਰੁਤਬੇ ਦੀ ਹੇਟੀ ਜਾਪਦਾ ਹੋਵੇਗਾ, ਕਿਉਕਿ ਜਿਹੜੇ ਜਥੇਦਾਰ ਉਹਦੇ ਘਰ ਆਕੇ ਉਹਨਾਂ ਦੇ ਹੁਕਮ ਲੈ ਕੇ ਜਾਂਦੇ ਹੋਣ, ਉਨ੍ਹਾਂ ਅੱਗੇ ਪੇਸ਼ ਹੋਣਾ ਉਹਨਾਂ ਦੇ ਅੰਦਰਲੇ ਸ਼ਾਸ਼ਕ ਨੂੰ ਗੁਵਾਰਾ ਨਹੀਂ ਸੀ ਖਾ ਸਕਦਾ। ਹੁਣ ਜਦੋਂ ਸੁਖਬੀਰ ਸਿੰਘ ਬਾਦਲ ਨੇ ਜਥੇਦਾਰ ਨੂੰ ਆਪਣਾ ਅਤੇ ਆਪਣੇ ਪਿਤਾ ਦਾ ਪੱਤਰ ਸੌਂਪਿਆ ਹੈ,ਉਦੋਂ ਹਾਲਾਤ 2015 ਤੋਂ ਬਿਲਕੁਲ ਉਲਟ ਹਨ। ਹੁਣ ਸੱਤਾ ਖੁਸ ਚੁੱਕੀ ਹੈ, ਸਿਆਸੀ ਜ਼ਮੀਨ ਖੁੱਸ ਚੁੱਕੀ ਹੈ। ਉਹਦੀਆਂ ਸੱਜੀਆਂ ਖੱਬੀਆਂ ਬਾਹਵਾਂ ਸਾਥ ਛੱਡ ਗਈਆਂ ਹਨ। ਨਜ਼ਦੀਕੀ ਰਿਸ਼ਤੇਦਾਰ ਵੀ ਪੱਲਾ ਛੁਡਵਾਉਂਦੇ ਪ੍ਰਤੀਤ ਹੁੰਦੇ ਹਨ। ਇੱਥੋਂ ਤੱਕ ਕਿ ਆਪਣੇ ਪਰਛਾਵੇ 'ਤੇ ਵੀ ਭਰੋਸਾ ਟੁੱਟਦਾ ਜਾ ਰਿਹਾ ਹੈ। ਉਸ ਮੌਕੇ ਉਹਨਾਂ ਦਾ ਪੱਤਰ ਜਥੇਦਾਰ ਸਾਹਿਬ ਦੇ ਰਾਹੀਂ ਸਿੱਖਾਂ ਤੋਂ ਰਹਿਮ ਦੀ ਭੀਖ ਮੰਗਦਾ ਪ੍ਰਤੀਤ ਹੁੰਦਾ ਹੈ। ਉਹ ਜਾਣਦੇ ਹਨ ਕਿ ਭਾਵੇਂ ਉਹਨਾਂ ਦੇ ਹੱਥੋਂ ਤਾਕਤ ਪੂਰੀ ਤਰਾਂ ਨਿਕਲ ਚੁੱਕੀ ਹੈ, ਪਰ ਫਿਰ ਵੀ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਦੇਣ ਲਈ ਸ਼੍ਰੋਮਣੀ ਕਮੇਟੀ ਅਤੇ ਤਖਤ ਸਾਹਿਬਾਨਾਂ ਦੇ ਜਥੇਦਾਰ ਉਹਨਾਂ ਦੇ ਹੁਕਮਾਂ ਦੀ ਤਾਮੀਲ ਜਰੂਰ ਕਰਨਗੇ, ਇਸ ਲਈ ਉਨ੍ਹਾਂ ਨੇ ਲਿਖਿਆ ਹੈ ਕਿ ਅਕਾਲ ਤਖਤ ਸਾਹਿਬ ਵੱਲੋਂ ਗੁਰਮਤਿ ਪ੍ਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਖਿੜੇ ਮੱਥੇ ਪ੍ਰਵਾਨ ਕਰਨਗੇ।'' ਭਾਵੇਂ ਉਨ੍ਹਾਂ ਦਾ ਭਰੋਸਾ ਹਰ ਪਾਸੇ ਤੋਂ ਟੁੱਟ ਚੁੱਕਾ ਹੈ, ਪਰ ਫਿਰ ਵੀ ਉਹ ਜਥੇਦਾਰ ਸਾਹਿਬ ਤੋਂ ਅਜੇ ਵੀ ਵਫਾਦਾਰੀ ਦੀ ਆਸ ਰੱਖਦੇ ਹਨ। ਜੇਕਰ ਭਰੋਸਾ ਨਾ ਹੁੰਦਾ ਤਾਂ ਸ਼ਾਇਦ ਉਹਨਾਂ ਨੇ ਵੀ ਹਰ ਹੁਕਮ ਮੰਨਣ ਵਾਲੀਆਂ ਉਪਰੋਕਤ ਸਤਰਾਂ ਨਹੀ ਲਿਖਣੀਆਂ ਸਨ। ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਸੌਂਪੇ ਪੱਤਰ ਸਬੰਧੀ ਚਰਚਾ ਕਰਨੀ ਬਣਦੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜੋ ਕੀਤਾ ਗਿਆ ਹੈ, ਉਹ ਬਿਲਕੁਲ ਹੀ ਸਿੱਖ ਸੰਗਤ ਨੂੰ ਮੂਰਖ ਬਣਾਉਣ ਵਾਲਾ ਵਰਤਾਰਾ ਹੈ, ਕਿਉਂਕਿ ਜੋ ਪੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੌਂਪਿਆ ਹੈ, ਉਹ ਪੱਤਰ ਬਿਲਕੁਲ ਝੂਠ ਦਾ ਪੁਲੰਦਾ ਅਤੇ ਨਿਰ-ਅਧਾਰ ਹੈ, ਕਿਉਂਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸੌਂਪੇ ਪੱਤਰ ਦੇ ਹੇਠਾਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਸਤਖਤ ਹੀ ਨਹੀ ਹਨ,ਬਲਕਿ ਇਕ ਸਕੱਤਰ ਦੇ ਦਸਤਖਤਾਂ ਵਾਲਾ ਪੱਤਰ ਜਥੇਦਾਰ ਨੂੰ ਸੌਂਪਕੇ ਜਿੱਥੇ ਸਿੱਖ ਸੰਗਤਾਂ ਨਾਲ ਧੋਖਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਓਥੇ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਦਾ ਵੀ ਅਪਮਾਨ ਕਰਨ ਦਾ ਗੁਨਾਹ ਕੀਤਾ ਗਿਆ ਹੈ। ਕਿਸੇ ਵੀ ਪੱਧਰ ਦੇ ਅਧਿਕਾਰੀ ਨੂੰ ਪੱਤਰ ਸੌਂਪਣ ਸਮੇ ਇਹ ਤਾਂ ਹੁੰਦਾ ਹੈ ਕਿ ਕਿਸੇ ਵੀ ਜਥੇਬੰਦੀ, ਸੰਸਥਾ ਜਾਂ ਕਲੱਬ ਦੇ ਪ੍ਰਧਾਨ ਦੇ ਦਸਤਖਤਾਂ ਵਾਲਾ ਪੱਤਰ ਉਹਨਾਂ ਦੇ ਜਨਰਲ ਸਕੱਤਰ ਜਾਂ ਮੀਤ ਪ੍ਰਧਾਨ ਆਦਿ ਅਧੀਨ ਅਹੁਦੇਦਾਰ ਕਿਸੇ ਉੱਚ ਅਧਿਕਾਰੀ ਨੂੰ ਸੌਂਪਣ, ਪਰ ਅਜਿਹਾ ਕਿਤੇ ਵੀ ਨਹੀਂ ਦੇਖਿਆ ਗਿਆ ਕਿ ਪ੍ਰਧਾਨ ਆਪਣੇ ਅਧੀਨ ਕੰਮ ਕਰਦੇ ਮੁਲਾਜ਼ਮਾਂ ਜਾਂ ਛੋਟੇ ਅਧਿਕਾਰੀ ਦੇ ਦਸਤਖਤਾਂ ਵਾਲਾ ਕੋਈ ਪੱਤਰ ਕਿਸੇ ਉੱਚ ਅਧਿਕਾਰੀ ਨੂੰ ਸੌਂਪਣ,ਫਿਰ ਇੱਥੇ ਤਾਂ ਉਹ ਸੰਸਥਾ ਹੈ, ਜਿਹੜੀ ਸਿੱਖ ਕੌਮ ਲਈ ਸਾਰੀ ਦੁਨੀਆਂ ਤੋਂ ਸਰਬ ਉੱਚ ਮੰਨੀ ਜਾਂਦੀ ਹੈ। ਇਹ ਸਰਾਸਰ ਅਪਮਾਨ, ਧੋਖਾ ਅਤੇ ਅਯੋਗ ਕਾਰਜ ਹੈ,ਜਿਸ ਲਈ ਜਥੇਦਾਰ ਨੂੰ ਚਾਹੀਦਾ ਹੈ ਕਿ ਉਹ ਕੌਮ ਦੀਆਂ ਭਾਵਨਾਵਾਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਅਤੇ ਆਣ, ਬਾਨ ਤੇ ਸ਼ਾਨ ਨੂੰ ਠੇਸ ਪਹੁੰਚਾਉਣ ਵਾਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਵੀ ਕਰੜੀ ਕਾਰਵਾਈ ਕਰਨ ਦੀ ਹਿੰਮਤ ਦਿਖਾਉਣ। ਸੁਖਬੀਰ ਸਿੰਘ ਬਾਦਲ ਤਾਂ ਖੁਦ ਹੀ ਕਹਿ ਚੁੱਕੇ ਹਨ ਕਿ ਉਹਨਾਂ ਨੂੰ ਹਰ ਹੁਕਮ ਪ੍ਰਵਾਨ ਹੋਵੇਗਾ, ਹੁਣ ਦੇਖਣਾ ਇਹ ਹੋਵੇਗਾ ਕਿ ਜਥੇਦਾਰ ਆਪਣੇ ਗੁਰੂ ਸਾਹਿਬ ਨੂੰ ਹਾਜ਼ਰ ਨਾਜ਼ਰ ਸਮਝਦੇ ਹਨ ਜਾਂ ਸੁਖਬੀਰ ਸਿੰਘ (ਬਾਦਲ ਹੀ ਉਹਨਾਂ ਲਈ ਗੁਰੂ ਤੋਂ ਪਹਿਲਾਂ ਹੋਵੇਗਾ? ਕੀ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਨਾਲ ਖਿਲਵਾੜ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪਹਿਲਾਂ ਹੋਣਗੇ ਜਾਂ ਮੀਰੀ ਪੀਰੀ ਦੇ ਸਿਧਾਂਤਕਾਰ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਵਰੋਸਾਈ ਇਹ ਉੱਚੀ ਸੁੱਚੀ ਸੰਸਥਾ ਸੇਵਾਦਾਰ ਹੋਣ ਦਾ ਫਰਜ਼ ਅਦਾ ਕਰਨਗੇ। ਉਹਨਾਂ ਨੇ ਨਿੱਜ ਲਾਲਸਾ ਖਾਤਰ ਆਪਣੇ ਗੁਰੂ ਅਤੇ ਕੌਮ ਨੂੰ ਧੋਖਾ ਦੇਣਾ ਹੈ ਜਾਂ ਫਿਰ ਸਰਬ ਉੱਚ ਸੰਸਥਾ ਦੇ ਅਸਲ ਪਹਿਰੇਦਾਰ ਹੋਣ ਦਾ ਫਰਜ ਅਦਾ ਕਰਨਾ ਹੈ, ਇਹ ਜਥੇਦਾਰ ਸਾਹਿਬ ਦੀ ਅੰਤਰ ਆਤਮਾ ਤੇ ਨਿਰਭਰ ਕਰਦਾ ਹੈ।

**ਜ਼ਰੂਰੀ ਸੂਚਨਾ**

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।

ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**555. ਸਤਿਗੁਰੂ ਦੇ ਦਯਾਲ ਹੋਣ ਨਾਲ਼ ਕੀ ਹੁੰਦਾ ਹੈ?**

ਸ਼ਰਧਾ ਪੂਰੀ ਹੁੰਦੀ ਹੈ । ਬੰਦਾ ਕਦੇ ਝੂਰਦਾ ਨਹੀਂ (ਜੋ ਮਿਲਿਆ ਉਸ ਵਿਚ ਸੰਤੁਸ਼ਟ ਰਹਿੰਦਾ ਹੈ) । ਦੁਖ ਮਹਿਸੂਸ ਨਹੀਂ ਹੁੰਦਾ। ਪਰਮੇਸ਼ਰ ਦੇ ਪ੍ਰੇਮ ਨੂੰ ਮਾਣੀਦਾ ਹੈ । ਜਮ ਦਾ ਕੀ ਡਰ ਹੈ? ਭਾਵ ਜਮ ਦਾ ਡਰ ਨਹੀਂ ਰਹਿੰਦਾ । ਨੌਂ ਨਿਧੀਆਂ (ਪ੍ਰਭੂ ਦੇ ਨਾਮ*) ਦੀ ਪ੍ਰਾਪਤੀ ਹੋ ਜਾਂਦੀ ਹੈ । ਸਦਾ ਥਿਰ ਪਰਮੇਸ਼ਰ 'ਚ ਲੀਨ ਹੋ ਜਾਈਦਾ ਹੈ । "ਪਉੜੀ ॥ ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥ ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥ ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥ ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥ ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥ ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥25॥ ਅੰਗ 149" । *"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ 293" ।

**556. ਸਤਿਗੁਰੂ ਨਾਨਕ ਦੇਵ ਜੀ ਨੇ ਸਰੇਵੜਿਆਂ (ਜੈਨੀਆਂ) ਨੂੰ ਕਿਉਂ ਮਾੜਾ ਗਿਣਿਆ ਹੈ?**

ਕਿਉਂਕਿ ਉਹ ਗੰਦੇ ਰਹਿੰਦੇ ਸਨ (ਇਸ਼ਨਾਨ ਵੀ ਨਹੀਂ ਸਨ ਕਰਦੇ) ਤੇ ਗੰਦਗੀ ਹੀ ਖਾਂਦੇ ਸਨ । ਜੀਵਨ/ਧਰਮ ਦੇ ਅਸਲੀ ਰਾਹ ਤੋਂ ਖੁੰਝੇ ਰਹਿੰਦੇ ਸਨ ।

**557. ਪ੍ਰਭੂ ਵਰਗੇ ਕੌਣ ਹੁੰਦੇ ਹਨ?**

ਹੇ ਪ੍ਰਭੂ ਜੋ ਤੈਥੋਂ ਤੇਰਾ ਸੱਚਾ (ਸਦਾ ਥਿਰ) ਨਾਮ ਮੰਗਦੇ ਹਨ ਉਹ ਤੇਰੇ ਵਰਗੇ ਹੁੰਦੇ ਹਨ। ਤੇਰਾ ਹੁਕਮ ਅਟੱਲ ਹੈ, ਤੇਰੇ ਸ਼ਬਦ (ਨਾਮ) ਰਾਹੀਂ ਹੀ ਅਸੀਂ ਸੋਂਹਦੇ (ਸੋਹਣੇ ਲੱਗਦੇ) ਹਾਂ । "ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥ ਅੰਗ 150" ।

**558. ਉਹਨਾਂ ਨੂੰ ਕੀ ਉਪਦੇਸ਼ੀਏ ਜਿਹਨਾਂ ਦਾ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਵੇ?**

ਕੋਈ ਉਪਦੇਸ਼ ਨਹੀਂ ਦੇ ਸਕਦੇ, ਕਿਉਂਕਿ ਉਹਨਾਂ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਹੀ ਉਪਦੇਸ਼ ਦਿੱਤਾ ਹੋਇਆ ਹੈ । ਜਿਨ੍ਹਾਂ ਨੂੰ (ਸਤਿਗੁਰੂ ਨਾਨਕ ਦੇਵ ਜੀ ਨੇ) ਸਿੱਖਿਆ ਦੇ ਕੇ ਸੂਝ ਬੂਝ ਦਿੱਤੀ ਹੈ ਤੇ ਪ੍ਰਭੂ ਦੀ ਸਿਫ਼ਤਿ-ਸਾਲਾਹ ਰਾਹੀਂ ਸੱਚ ਵਿਚ ਲੀਨ ਕਰ ਦਿਤਾ ਹੈ, ਉਹਨਾਂ ਨੂੰ ਕੋਈ ਕੀ ਉਪਦੇਸ਼ ਕਰ ਸਕਦਾ ਹੈ? ਭਾਵ ਉਹਨਾਂ ਨੂੰ ਕਿਸੇ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ। "ਸਲੋਕੁ ਮ: 2 ॥ ਦੀਖਿਆ ਆਖਿ ਬੁਝਾਇਆ ਸਿਫਤਿ ਸਚਿ ਸਮੇਉ ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥2॥ ਅੰਗ 150" । ਇਹ ਸਲੋਕ ਸਤਿਗੁਰੂ ਅੰਗਦ ਦੇਵ ਜੀ ਦਾ ਹੈ, ਜਿਹਨਾਂ ਨੂੰ ਜਦੋਂ ਗੁਰਗੱਦੀ ਮਿਲੀ ਤਾਂ ਉਹਨਾਂ ਦੇ ਸਮਕਾਲੀ ਸਾਰੇ ਸਿਖ ਸਤਿਗੁਰੂ ਨਾਨਕ ਦੇਵ ਜੀ ਦੇ ਚੇਲੇ ਸਨ । ਸਤਿਗੁਰੂ ਅੰਗਦ ਦੇਵ ਜੀ ਨਿਮਰਤਾ ਦਰਸਾਉਂਦੇ ਇਕ ਤਰ੍ਹਾਂ ਨਾਲ ਸਿਖਾਂ ਨੂੰ ਇਹ ਦੱਸਦੇ ਹਨ ਕਿ ਉਹ ਸਤਿਗੁਰੂ ਨਾਨਕ ਦੇਵ ਜੀ ਤੋਂ ਵੱਡੇ ਨਹੀਂ ਹਨ ।

**559. ਪਰਮੇਸ਼ਰ ਨੂੰ ਕੌਣ ਬੁੱਝ ਸਕਦਾ ਹੈ? ਸਭ ਕਿਛ ਕਿਸਨੂੰ ਸੁੱਝਦਾ ਹੈ?**

ਪਰਮੇਸ਼ਰ ਨੂੰ ਉਹੀ ਬੁੱਝ (ਜਾਣ) ਸਕਦਾ ਹੈ ਜਿਸਨੂੰ ਉਹ ਆਪ ਬੁਝਾਏ (ਆਪਣਾ ਬੋਧ/ਗਿਆਨ ਦੇਵੇ) । ਜਿਸਨੂੰ ਉਹ ਸੋਝੀ ਬਖਸ਼ਦਾ ਹੈ ਉਸਨੂੰ ਸਭ ਕੁਛ ਸੁੱਝ ਜਾਂਦਾ ਹੈ; ਭਾਵ ਹਰ ਤਰ੍ਹਾਂ ਦਾ ਗਿਆਨ ਹੋ ਜਾਂਦਾ ਹੈ । "ਮ: 1 ॥ ਆਪਿ ਬੁਝਾਏ ਸੋਈ ਬੂਝੈ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥ ਅੰਗ 150" ।

**560. ਅਸਲ ਢਾਢੀ ਕੌਣ ਹੈ?**

ਜਿਸਨੇ ਸੱਚੇ (ਸਦਾ ਥਿਰ) ਪ੍ਰਭੂ ਦੀ ਸਿਫ਼ਤ ਸਲਾਹ ਕਰਕੇ ਪੂਰੇ (ਸਰਬ ਪੱਖੋਂ ਪੂਰਨ) ਪ੍ਰਭੂ ਨੂੰ ਪਾ ਲਿਆ! ਮੈਂ ਵੇਹਲਾ ਢਾਢੀ ਸਾਂ, ਮੈਨੂੰ ਪ੍ਰਭੂ ਨੇ (ਅਸਲ) ਕੰਮ ਵਿਚ ਲਾ ਦਿੱਤਾ, ਪ੍ਰਭੂ ਨੇ ਧੁਰੋਂ ਹੁਕਮ ਦਿੱਤਾ ਕਿ ਭਾਵੇਂ ਰਾਤ ਹੋਵੇ ਭਾਵੇਂ ਦਿਨ ਪ੍ਰਭੂ ਦਾ ਜਸ ਕਰੋ । ਫੇਰ ਮੈਨੂੰ ਖਸਮ ਪ੍ਰਭੂ ਨੇ ਆਪਣੇ ਸੱਚੇ (ਅਟੱਲ) ਮਹਲ ਵਿਚ ਬੁਲਾ ਲਿਆ । ਉਸ ਨੇ ਮੈਨੂੰ ਸੱਚੀ ਸਿਫ਼ਤਿ-ਸਾਲਾਹ-ਰੂਪ ਸਿਰੋਪਾਉ ਦਿੱਤਾ । ਸਦਾ ਕਾਇਮ ਰਹਿਣ ਵਾਲ਼ਾ ਤੇ ਆਤਮਿਕ ਜੀਵਨ ਦੇਣ ਵਾਲ਼ਾ ਨਾਮ (ਮੇਰੀ ਆਤਮਾ ਲਈ ਮੈਨੂੰ) ਉਸ ਪਾਸੋਂ ਭੋਜਨ ਮਿਲਿਆ । ਜਿਸ ਨੇ ਗੁਰੂ ਦੀ ਸਿੱਖਿਆ ਤੇ ਤੁਰ ਕੇ ਇਹ 'ਅੰਮ੍ਰਿਤ ਨਾਮੁ' ਰੂਪੀ ਭੋਜਨ ਰੱਜ ਕੇ ਖਾਧਾ ਹੈ ਉਸ ਨੇ ਸਦੀਵੀ ਸੁਖ ਪਾ ਲਿਆ; ਭਾਵ ਜੰਮਣ ਮਰਨ ਤੋਂ ਛੁਟਕਾਰਾ ਪਾ ਲਿਆ । ਮੈਂ ਢਾਢੀ ਨੇ ਪ੍ਰਭੂ ਦੇ ਸ਼ਬਦ ਨੂੰ ਗਾ ਵਜਾ ਕੇ ਪ੍ਰਭੂ ਦੀ ਸਿਫ਼ਤਿ-ਸਾਲਾਹ (ਦੁਨੀਆਂ 'ਚ) ਫੈਲਾਈ ਹੈ । ਹੇ ਨਾਨਕ ! (ਮੈਂ ਢਾਢੀ ਨੇ) ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ ਉਸ ਪੂਰਨ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ । ਸੁਧ; ਭਾਵ ਸਤਿਗੁਰ ਨਾਨਕ ਦੇਵ ਜੀ ਦੀ ਵਾਰ ਮਾਝ ਕੀ ਸ਼ੁੱਧ ਹੈ, ਇਸ ਵਿਚ ਕੋਈ ਖੋਟ ਜਾਂ ਕਮੀ ਨਹੀਂ ਹੈ । "ਪਉੜੀ ॥ ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥27॥ ਸੁਧੁ ॥ ਅੰਗ 150" ।

**561. ਜਿੱਥੇ ਹਿੰਸਾ, ਮੋਹ, ਆਸਾ ਤੇ ਹੰਕਾਰ ਹੁੰਦਾ ਹੈ ਉੱਥੇ ਹੋਰ ਕੀ ਪ੍ਰਬਲ ਹੁੰਦਾ ਹੈ?**


ਤ੍ਰਿਸ਼ਨਾ! ਜਿੱਥੇ ਹਿੰਸਾ, ਮੋਹ, ਆਸਾ ਤੇ ਹੰਕਾਰ ਹੁੰਦਾ ਹੈ ਉੱਥੇ ਤ੍ਰਿਸ਼ਨਾ ਨਦੀ ਵਾਂਗ ਠਾਠਾਂ ਮਾਰਦੀ ਹੈ । "ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੁਖ ਬਹੁਤੁ ਨੈ ਸਾਨੁ ॥ ਅੰਗ 151"।

ਬਾਕੀ ਅਗਲੇ ਹਫ਼ਤੇ ਪੜ੍ਹੋ


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk



## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ

## ਦੋ ਧਾਰਮਿਕ ਸੇਵਾਦਾਰਾਂ ਦੀ ਲੋੜ

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਡਰਬੀ ਵਿਖੇ ਦੋ (ਧਾਰਮਿਕ ਸੇਵਾਦਾਰਾਂ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ।

ਵਾਜਾ ਤਬਲਾ ਜਾਣਦੇ ਹੋਣ । ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਹਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ । ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ । ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ ।

ਸ਼ਰਤਾਂ :- ਤਬਲੇ ਦੇ ਮਾਹਿਰ ਹੋਣ । ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ ।

ਚਾਹਵਾਨ ਸੇਵਾਦਾਰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰਨ ਜਾਂ ਦਿੱਤੇ ਪਤੇ 'ਤੇ 6 ਸਤੰਬਰ 2024 ਤੋਂ ਪਹਿਲਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ ।

ਜਨਰਲ ਸੈਕਟਰੀ : ਲਹਿੰਬਰ ਸਿੰਘ – 07846 776698

## 2 VACANCIES FOR RELIGIOUS WORKERS AT GADG DERBY U.K.

**Two Religious workers urgently required at Guru Arjan Dev Gurdwara Derby, UK.**

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to homes, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to Email:admin@gadgderby.co.uk

**General Secretary** Mr. Lehmber Singh - **07846 776698**

**Closing date - 6th September, 2024**

**GURU ARJAN DEV GURDWARA SAHIB**

**Stanhope Street, Derby, DE23 6QJ, U.K.**

**Tel: 01332 776872 / 01332 270644**

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ


ਲੜੀਵਾਰ ਨਾਵਲ


ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891

Email: jaggikussa@yahoo.de




# ਕੋਸੀ ਧੁੱਪ ਦਾ ਨਿੱਘ





**ਚਾਹੇ ਕੌਰਾ ਹੀਰੇ ਵਾਲ਼ੇ ਕਾਂਡ ਅਤੇ ਬੱਗੇ ਦੇ ਨਸ਼ਿਆਂ ਕਰ ਕੇ ਅਤੀ-ਅੰਤ ਦੁਖੀ ਅਤੇ ਨਿਰਾਸ਼ ਸੀ। ਪਰ ਹੁਣ ਉਸ ਨੂੰ ਇਹ ਤਸੱਲੀ ਅਤੇ ਸੰਤੁਸ਼ਟੀ ਸੀ ਕਿ ਘੱਟੋ ਘੱਟ ਅਮਰੋ ਤਾਂ ਕਿਸੇ ਰਾਹ 'ਤੇ ਆਈ ਸੀ। ਨਹੀਂ ਤਾਂ ਉਹ ਉਸ ਨੂੰ ਟਿੰਡੀ ਦੇ ਬੀਅ 'ਤੇ ਹੀ ਚਾੜ੍ਹੀ ਰੱਖਦੀ ਸੀ। ਮਾਨਸਿਕ ਪੱਖੋਂ ਦਿਨ ਰਾਤ ਉਸ ਨੂੰ ਸੂਲ਼ੀ ਟੰਗੀ ਰੱਖਿਆ ਅਤੇ ਨਾਲ਼ੇ ਉਂਗਲ਼ ਦੇ ਕੇ ਜੁਆਕਾਂ ਤੋਂ ਟੰਗਵਾਈ ਰੱਖਿਆ।**

**-"ਬਖਤੌਰ ਬਾਈ ਦਾ ਫ਼ੋਨ ਨੀ ਆਇਆ...!" ਕੌਰੇ ਨੇ ਪੈਗ ਲਾ ਕੇ ਕਿਹਾ।**

**-"ਸਾਰੀ ਦੁਨੀਆਂ ਨੇ 'ਮੁਬੈਲ ਫੂਨ' ਲੈ ਲਏ, ਤੂੰ ਵੀ ਲੈ ਲਾ, ਜਿੱਥੇ ਕੱਟਿਆਂ ਦੀਆਂ ਓਥੇ ਵੱਛਿਆਂ ਦੀਆਂ ਸਹੀ...!"**



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**


**ਕਿਸ਼ਤ-64**

## ਕਾਂਡ 26

-"ਦੱਸ...?"

-"ਬੀਬੀ ਪਿਸ਼ਾਬ ਵਾਲ਼ੀ ਬੋਤਲ ਡੋਲ੍ਹ ਦੇ...!" ਦੂਰ ਮੰਜੇ 'ਤੇ ਪਿਆ ਹੀਰਾ ਬੋਲ ਪਿਆ।

-"ਆਉਨੀ ਆਂ ਪੁੱਤ...?"

-"ਹੁਣ ਕੋਈ ਹੋਰ ਤਾਂ ਨੀ ਸਿੰਗੜੀ ਛੇੜਤੀ ਓਹਨੇ...?" ਕੌਰਾ ਚਿੰਤਤ ਹੋ ਕੇ ਬੋਲਿਆ।

-"ਨਹੀਂ, ਅਜੇ ਤਾਂ ਕੁਛ ਨੀ ਕੀਤਾ..! ਮੈਂ ਪਿਸ਼ਾਬ ਵਾਲ਼ੀ ਬੋਤਲ ਖਾਲੀ ਕਰ ਦਿਆਂ...!" ਉਹ ਹੀਰੇ ਵੱਲ ਨੂੰ ਅਹੁਲ਼ੀ।

-"ਤੂੰ ਮੇਰੀ ਗੱਲ ਸੁਣ ਧਿਆਨ ਨਾਲ਼...! ਉਹਨੂੰ ਮੋਟਰ ਛੈਂਕਲ ਲੈ ਕੇ ਦੇਣ ਦੀ ਗਲਤੀ ਨਾ ਕਰੀਂ, ਉਹ ਤਾਂ ਹੁਣ ਨੀ ਮਾਣ, ਜਦੋਂ ਮੋਟਰ ਛੈਂਕਲ ਹੇਠ ਆ ਗਿਆ, ਫ਼ੇਰ ਤਾਂ ਹਰਨਾਂ ਦੇ ਸਿੰਗੀਂ ਚੜ੍ਹਿਆ ਰਿਹਾ ਕਰੂ, ਮੈਨੂੰ ਤਾਂ ਲੱਗਦੈ ਡਰ...!"

-"ਪਰ ਹਰਖ਼ ਦਾ ਮਾਰਿਆ ਧੀ ਪੁੱਤ ਨਰਕ 'ਚ ਪੈ ਜਾਂਦੈ...! ਜੇ ਨਾ ਲੈ ਕੇ ਦਿੱਤਾ, ਹੋਰ ਸਿੰਗ ਮਿੱਟੀ ਚੱਕੂ..!"

-"........।" ਅਮਰੋ ਚੁੱਪ ਹੋ ਗਈ। ਗੱਲ ਕੌਰੇ ਦੀ ਸੱਚ ਸੀ।

-"ਇੱਕ ਅੱਗੇ ਬੱਜੋਰੱਤਾ ਹੋ ਕੇ ਮੰਜੇ ਨਾਲ਼ ਜੁੜ ਗਿਆ, ਹੁਣ ਇਹਦਾ ਫ਼ਿਕਰ ਤੋੜ ਤੋੜ ਖਾਂਦੈ, ਕਰੀਏ ਤਾਂ ਕੀ ਕਰੀਏ...?"

-"...............।" ਕੌਰਾ ਚੁੱਪ ਸੀ।

-"ਜਾਣੀਦੀ ਜਾਨ ਸਹਿ-ਸਹਿ ਕਰਦੀ ਐ...!" ਉਸ ਦਾ ਮਨ ਭਰ ਆਇਆ।

ਅਗਲੇ ਦਿਨ ਉਹੀ ਗੱਲ ਹੋਈ, ਜਿਸ ਦਾ ਉਹਨਾਂ ਨੂੰ ਡਰ ਸੀ। ਬੱਗਾ ਦਾਰੂ ਨਾਲ਼ ਧੁੱਤ ਹੋ ਕੇ ਘਰ ਆਇਆ। ਉਸ ਤੋਂ ਚੱਜ ਨਾਲ਼ ਬੋਲਿਆ ਨਹੀਂ ਜਾ ਰਿਹਾ ਸੀ।

-"ਬੀਬੀ, ਬੁੜ੍ਹਾ ਕਿੱਥੇ ਆ...?"

-"ਡਮਾਕ ਨਾਲ਼ ਬੋਲੀਦਾ ਹੁੰਦੈ, ਡਮਾਕ ਨਾਲ਼...! ਤੇਰਾ ਪਿਉ ਐ..!"

-"ਤੂੰ ਈ ਸਾਡੇ ਬੱਤੀਆਂ ਉਗੀਸਦੀ ਰਹਿੰਦੀ ਸੀ ਬਈ ਇਹਨੂੰ ਕੋਈ ਆਦਰ ਨੀ ਦੇਣਾ, ਇਹ ਲਾਚੜਜੂਗਾ...! ਹੁਣ ਦੱਸ ਮੈਂ ਕੀ ਓਹਨੂੰ ਪੱਗ ਦੇ ਦਿਆਂ...?" ਬੱਗੇ ਦੀ ਸੱਚੀ ਗੱਲ ਅਮਰੋ ਦੇ ਕਪਾਲ਼ 'ਚ ਵੱਜੀ।

-"ਹੁਣ ਪੁੱਤ ਓਹਦੇ ਧੌਲ਼ੇ ਆਗੇ, ਹੁਣ ਸਤਿਕਾਰ ਕਰਿਆ ਕਰੋ ਉਹਦਾ...!"

-"ਧੌਲ਼ੇ ਅੱਜ ਦੇ ਆਏ ਵੇ ਐ...? ਧੌਲ਼ੇ ਆਇਆਂ ਨੂੰ ਤਾਂ ਦਸ ਸਾਲ ਹੋਗੇ, ਪਰ ਲੱਗਦੈ ਤੈਨੂੰ ਈ ਅਕਲ ਹੁਣ ਆਈ ਐ...!" ਬੱਗਾ ਮਾਂ ਦੇ ਭਿਉਂ-ਭਿਉਂ ਛਿੱਤਰ ਮਾਰ ਰਿਹਾ ਸੀ। ਅਮਰੋ ਨੂੰ ਗੁੱਸਾ ਤਾਂ ਅੰਤਾਂ ਦਾ ਆਇਆ। ਪਰ ਉਹ ਪਾਣੀ ਵਾਂਗ ਪੀ ਗਈ। ਕਰ ਵੀ ਕੀ ਸਕਦੀ ਸੀ...? ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ਵਾਲ਼ੀ ਗੱਲ ਉਸ ਨਾਲ਼ ਹੋਈ ਪਈ ਸੀ।

-"ਹੌਲ਼ੀ ਬੋਲ ਪੁੱਤ...! ਆਪਣਾ ਹੀਰਾ ਬਿਮਾਰ ਐ, ਉਚਾ ਬੋਲ ਉਹਤੋਂ ਝੱਲਿਆ ਨੀ ਜਾਂਦਾ...!"

-"ਢਾਈ ਦਿਨਾਂ ਦਾ ਉਹ ਪ੍ਰਾਹੁੰਣੈ, ਉਹਦੀ ਖਾਤਰ ਮੈਂ ਐਵੇਂ ਈ ਮੂੰਹ 'ਤੇ ਛਿੱਕਲ਼ੀ ਚਾੜ੍ਹੀ ਰੱਖਾਂ...?" ਵਰਾਂਡੇ 'ਚ ਜਾ ਕੇ ਉਹ ਮੰਜੇ 'ਤੇ ਡਿੱਗ ਪਿਆ।

-"ਵੇ ਰੋਟੀ ਤਾਂ ਖਾ ਲੈ ਦੁਸ਼ਮਣਾ...!" ਉਸ ਨੇ ਬੱਗੇ ਨੂੰ ਹਲੂਣਿਆਂ। ਪਰ ਬੱਗਾ ਨਸ਼ੇ ਦੀ ਘੂਕੀ ਨਾਲ਼ ਸੌਂ ਗਿਆ ਸੀ।

ਜਦ ਕੌਰਾ ਪੱਠੇ ਲੈ ਕੇ ਘਰ ਆਇਆ ਤਾਂ ਬੱਗਾ ਪਿਆ ਘੁਰਾੜ੍ਹੇ ਮਾਰ ਰਿਹਾ ਸੀ। ਉਸ ਦਾ ਮੂੰਹ ਮਰੇ ਕਾਂ ਵਾਂਗ ਅੱਡਿਆ ਹੋਇਆ ਸੀ ਅਤੇ ਉਸ ਦੇ ਮੂੰਹ ਵਿੱਚੋਂ ਚੌਗੇ ਬਲ਼ਦ ਵਾਂਗ ਪਾਣੀ ਵਗ ਰਿਹਾ ਸੀ।

-"ਚੱਲ ਆ ਰੁੱਗ ਲਾ...! ਐਹਨਾਂ ਬੇਜੁਬਾਨਾਂ ਨੂੰ ਤਾਂ ਪੱਠੇ ਪਾਈਏ...!" ਕੌਰਾ ਕੁਤਰੇ ਵਾਲ਼ੀ ਮਸ਼ੀਨ ਅੱਗੇ ਜਾ ਖੜ੍ਹਾ। ਅਮਰੋ ਨੇ ਰੁੱਗ ਲਾਉਣੇ ਸ਼ੁਰੂ ਕਰ ਦਿੱਤੇ। ਕੌਰਾ ਚੁੱਪ ਸੀ।

-"ਫ਼ਰਜ਼ ਤਾਂ ਐਸ ਗੰਦੀ 'ਲ਼ਾਦ ਦਾ ਬਣਦੈ ਕੰਮ ਦੀ ਹੱਥ-ਪੜੱਥੀ ਕਰਵਾਉਣ ਦਾ...! ਦੇਖ ਕਿਮੇਂ ਮਗਰਮੱਛ ਮਾਂਗੂੰ ਲਿਟਿਆ ਪਿਐ ਨਸ਼ੇ ਖਾ ਕੇ...! ਦਿਲ ਕਰਦੈ ਅੱਖਾਂ 'ਚ ਤੋੜ ਦੇ ਦਿਆਂ...!" ਅਮਰੋ ਦਾ ਗੱਚ ਭਰ ਆਇਆ। ਪਰ ਕੌਰਾ ਨਾ ਬੋਲਿਆ। ਉਹ ਪੱਥਰ ਬਣਿਆਂ ਨਿਰੰਤਰ ਮਸ਼ੀਨ ਗੇੜੀ ਗਿਆ।

-"ਕੰਮ ਦਾ ਡੱਕਾ ਨੀ ਤੋੜਨਾ, ਭਾਲ਼ਦੇ ਐ ਮੋਟਰ ਛੈਂਕਲ, ਹਰਾਮਦੇ...!"

-"ਬੀਬੀ ਚੁੱਪ ਵੀ ਕਰ...! ਮੇਰਾ ਦਿਲ ਘਟਦੈ...!" ਹੀਰੇ ਨੇ ਵਰਜਿਆ। ਅਮਰੋ ਚੁੱਪ ਕਰ ਗਈ।

ਕੌਰੇ ਨੇ ਪੱਠੇ ਕੁਤਰ ਕੇ ਪਸ਼ੂਆਂ ਨੂੰ ਪਾ ਦਿੱਤੇ।

-"ਬਖਤੌਰ ਮੈਨੂੰ ਪੰਜ ਹਜਾਰ ਰੁਪੱਈਆ ਦੇ ਗਿਆ ਸੀ, ਆਹ ਚੱਕ ਜੇ ਪੇਕ ਪੂਕ ਲਾਉਣੈ ਤਾਂ...!" ਅਮਰੋ ਨੇ ਸੌ-ਸੌ ਦੇ ਦੋ ਨੋਟ ਕੌਰੇ ਦੇ ਅੱਗੇ ਕਰ ਦਿੱਤੇ। ਕੌਰੇ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉਸ ਸੋਚ ਰਿਹਾ ਸੀ ਕਿ ਅਮਰੋ ਨੇ ਤਾਂ ਕਦੇ ਉਸ ਨੂੰ ਪਿੰਡੇ ਦੀ ਜੂੰਅ ਨਹੀਂ ਦਿੱਤੀ ਸੀ। ਇਹ ਤਾਂ ਹੁਣ ਪੈੱਗ ਸ਼ੈੱਗ ਲਾਉਣ ਲਈ ਪੈਸੇ ਵੀ ਕੋਲ਼ੋਂ ਦੇਣ ਲੱਗ ਪਈ। ਉਹ ਅੱਖੀਂ ਸਤਿਯੁੱਗ ਦੇਖ ਰਿਹਾ ਸੀ।

-"ਬੋਤਲਾਂ ਤਾਂ ਦੋ ਬਚੀਆਂ ਪਈਐਂ, ਫੇਰ ਪੁੱਛੇਂ ਤਿੰਨ ਪਈਐਂ, ਇੱਕ ਦਿੱਲੀਓਂ ਵੀ ਬਚ ਕੇ ਆਗੀ ਸੀ...!" ਕੌਰਾ ਮਲ਼ਵੀਂ ਜਿਹੀ ਜੀਭ ਨਾਲ਼ ਬੋਲਿਆ।

-"ਫੇਰ ਲੈ ਲੱਜਤ, ਤੇ ਕਰ ਐਸ਼...! ਐਥੇ ਤਾਂ ਪੰਜ ਪਾਂਜੇ ਪੂਰੇ ਈ ਨੀ ਹੋਣੇ ਜੈ ਖਾਣੇ ਦੇ...! ਨਾਲ਼ੇ ਔਹਨੂੰ ਨਾ ਪਤਾ ਲੱਗਜੇ ਬੋਤਲਾਂ ਦਾ ਫਿੱਟਣੀਆਂ ਦੇ ਫੇਟ ਨੂੰ...! ਉਹ ਤਾਂ ਸਾਰੀਆਂ ਈ ਸੜ੍ਹਾਕ ਜੂ..!"

-"....................।"

-"ਲਾ ਪੈੱਗ ਤੇ ਕੰਡੇ 'ਚ ਹੋ ਸਰਦਾਰਾ...! ਭੁੱਲ ਜਾਹ ਬੀਤਿਆ ਸਮਾਂ...! ਸਮਝਲਾ ਸੰਤਾਪ ਸੀ, ਜਿਹੜਾ ਕੱਟਿਆ ਗਿਆ, ਕਦੇ-ਕਦੇ ਬੰਦੇ ਬੁੜ੍ਹੀ ਦੀ ਮੱਤ 'ਤੇ ਠੂੀਕਰਾ ਮੂਧਾ ਵੱਜ ਜਾਂਦੈ ਤੇ ਚੰਗੇ ਮੰਦੇ ਦਾ ਪਤਾ ਨੀ ਰਹਿੰਦਾ...!" ਉਹ ਫੱਟ ਦੇਣੇ ਪਾਣੀ ਦੀ ਗੜਵੀ ਅਤੇ ਖਾਲੀ ਗਿਲਾਸ ਲੈ ਆਈ।

-"ਹੀਰੇ ਨੇ ਰੋਟੀ ਖਾ ਲਈ...?"

-"ਥੋੜ੍ਹੀ ਜੀ ਖਾ ਲਈ...!"

ਚਾਹੇ ਕੌਰਾ ਹੀਰੇ ਵਾਲ਼ੇ ਕਾਂਡ ਅਤੇ ਬੱਗੇ ਦੇ ਨਸ਼ਿਆਂ ਕਰ ਕੇ ਅਤੀ-ਅੰਤ ਦੁਖੀ ਅਤੇ ਨਿਰਾਸ਼ ਸੀ। ਪਰ ਹੁਣ ਉਸ ਨੂੰ ਇਹ ਤਸੱਲੀ ਅਤੇ ਸੰਤੁਸ਼ਟੀ ਸੀ ਕਿ ਘੱਟੋ ਘੱਟ ਅਮਰੋ ਤਾਂ ਕਿਸੇ ਰਾਹ 'ਤੇ ਆਈ ਸੀ। ਨਹੀਂ ਤਾਂ ਉਹ ਉਸ ਨੂੰ ਟਿੰਡੀ ਦੇ ਬੀਅ 'ਤੇ ਹੀ ਚਾੜ੍ਹੀ ਰੱਖਦੀ ਸੀ। ਮਾਨਸਿਕ ਪੱਖੋਂ ਦਿਨ ਰਾਤ ਉਸ ਨੂੰ ਸੂਲ਼ੀ ਟੰਗੀ ਰੱਖਿਆ ਅਤੇ ਨਾਲ਼ੇ ਉਂਗਲ਼ ਦੇ ਕੇ ਜੁਆਕਾਂ ਤੋਂ ਟੰਗਵਾਈ ਰੱਖਿਆ।

-"ਬਖਤੌਰ ਬਾਈ ਦਾ ਫ਼ੋਨ ਨੀ ਆਇਆ...!" ਕੌਰੇ ਨੇ ਪੈੱਗ ਲਾ ਕੇ ਕਿਹਾ।

-"ਸਾਰੀ ਦੁਨੀਆਂ ਨੇ 'ਮੁਬੈਲ ਫੂਨ' ਲੈ ਲਏ, ਤੂੰ ਵੀ ਲੈ ਲਾ, ਜਿੱਥੇ ਕੱਟਿਆਂ ਦੀਆਂ ਓਥੇ ਵੱਛਿਆਂ ਦੀਆਂ ਸਹੀ...!"

-"ਪਰ ਫੂਨ ਤਾਂ ਬੱਗੇ ਆਲ਼ੇ 'ਮੁਬੈਲ' 'ਤੇ ਆਉਣਾ ਸੀ...!"

-"ਜੇ ਆਇਆ ਵੀ ਹੋਊ, ਓਹਨੇ ਕਿਹੜਾ ਦੱਸਣੈ...?"

-"ਦੱਸੂ ਤਾਂ ਫੇਰ, ਜੇ ਸੁਰਤ ਸਿਰ ਹੋਊ...!"

-"ਤੂੰ ਬਾਹਰੋਂ ਜਾ ਕੇ ਫੂਨ ਕਰ ਆਉਣਾ ਸੀ, ਪਹੁੰਚੇ ਦਾ ਪਤਾ ਤਾਂ ਲੱਗਦਾ...!"

-"ਜੇ ਸਵੇਰ ਤੱਕ ਨਾ ਆਇਆ, ਤਾਂ ਮੈਂ ਬਾਹਰੋਂ ਜਾ ਕੇ ਕਰਦੂੰ...! ਨਾਲ਼ੇ ਉਹ ਜਹਾਜ 'ਤੇ ਗਿਐ, ਕਿਸੇ ਯੱਕੇ 'ਤੇ ਥੋੜ੍ਹੋ ਗਿਐ ਬਈ ਉਖਲ਼ੀ 'ਚ ਵੱਜ ਕੇ ਟੇਢਾ ਹੋਜੂ...!" ਕੌਰਾ ਹੱਸਿਆ। ਅਮਰੋ ਨੂੰ ਲੱਗਿਆ ਜਿਵੇਂ ਕੌਰਾ ਜੁੱਗੜਿਆਂ ਬਾਅਦ ਹੱਸਿਆ ਸੀ।

-"ਜਦੋਂ ਰੋਟੀ ਖਾਣੀ ਹੋਈ ਦੱਸਦੀਂ, ਤੱਤੀ ਤੱਤੀ ਲਾਹਦੂੰ...!" ਅਮਰੋ ਬੋਲੀ।

-"ਬੀਬੀ ਮੈਨੂੰ ਪਾਸਾ ਦੁਆ ਦੇ...!" ਹੀਰੇ ਨੇ ਹਾਕ ਮਾਰੀ।

ਉਹ ਪਾਸਾ ਦੁਆਉਣ ਤੁਰ ਗਈ।

ਅਗਲੇ ਦਿਨ ਬਖਤੌਰ ਦਾ ਜੰਟੇ ਦੇ ਮੋਬਾਇਲ 'ਤੇ ਫ਼ੋਨ ਆ ਗਿਆ। ਉਹ ਠੀਕ ਠਾਕ ਪਹੁੰਚ ਗਿਆ ਸੀ। ਜੰਟਾ ਆ ਕੇ ਸੁਨੇਹਾਂ ਦੇ ਗਿਆ ਸੀ।

ਅਗਲੇ ਦਿਨ ਬੱਗੇ ਨੇ ਬੁਲਿਟ ਮੋਟਰ ਸਾਈਕਲ ਵਾਲ਼ੀ ਰੱਟ ਲਾ ਕੇ ਮੁੜ ਪੜਛੱਤੀ ਸਿਰ 'ਤੇ ਚੁੱਕ ਲਈ। ਹੁਣ ਕੌਰੇ ਨੂੰ ਭੱਜਣ ਨੂੰ ਕੋਈ ਰਾਹ ਨਹੀਂ ਰਹਿ ਗਿਆ ਸੀ। ਉਸ ਨੇ ਜੰਟੇ ਨੂੰ ਨਾਲ਼ ਲਿਆ, ਆੜ੍ਹਤੀਆਂ ਤੋਂ ਪੈਸੇ ਫ਼ੜੇ ਅਤੇ ਬੱਗੇ ਦਾ ਬੁਲਿਟ ਮੋਟਰ ਸਾਈਕਲ ਘਰੇ ਲਿਆ ਖੜ੍ਹਾ ਕੀਤਾ। ਬੱਗੇ ਨੇ ਬੁਲਿਟ ਦੁਆਲ਼ੇ ਭਲਵਾਨੀ ਗੇੜਾ ਦਿੱਤਾ। ਅਜੇ ਉਸ ਦਾ ਕੋਈ ਨਸ਼ਾ ਨਹੀਂ ਕੀਤਾ ਹੋਇਆ ਸੀ।

-"ਹੁਣ ਵਿਆਹਾਂਗੇ ਕਰਨਲ ਦੀ ਕੁੜੀ...!" ਉਸ ਨੇ ਕੱਛ 'ਚੋਂ ਨਵਾਂ ਹੀ ਮੂੰਗਲ਼ਾ ਚਲਾਇਆ।

-"ਕੀਹਦੀ ਕੁੜੀ...?" ਕੋਲ਼ ਹੀ ਮੰਜੇ 'ਤੇ ਪਿਆ ਹੀਰਾ ਬਿਮਾਰ ਜਿਹੀ ਅਵਾਜ਼ ਵਿੱਚ ਬੋਲਿਆ।

-"ਤੂੰ ਚੁੱਪ ਰਹਿ, ਸਾਲ਼ਾ ਚਗਲ਼...! ਤੈਨੂੰ ਕੀ ਪਤਾ ਡੱਡਾਂ ਕਦੋਂ ਪਾਣੀ ਪੀਂਦੀਐਂ...?"

-"ਵੇ ਤੂੰ ਕਿਸੇ ਬਿਮਾਰ ਠਮਾਰ ਦਾ ਲਿਹਾਜ ਵੀ ਕਰ ਲਿਆ ਕਰ, ਅੱਠੇ ਪਹਿਰ ਮੂੰਹੋਂ ਅੱਗ ਈ ਉਗਲ਼ਦਾ ਰਹਿੰਨੈ...?"

-"ਜੇ ਬਿਮਾਰ ਐ ਤਾਂ ਮੇਰੇ 'ਤੇ ਕੋਈ ਅਹਿਸਾਨ ਐਂ...?"

-"ਕੋਈ ਨਾ...! ਠੀਕ ਵੀ ਹੋਜੂਗਾ...!"

-"ਠੀਕ ਹੋ ਕੇ ਤਾਂ ਕਿਤੇ ਬੋਤੀਆਂ ਨਾ ਨਵੇਂ ਦੁੱਧ ਕਰਨ ਲੱਗਜੇ...!" ਉਸ ਨੇ ਮੂੰਹ ਵਿੱਚ ਹੀ ਕਿਹਾ।

-"ਬੱਗਿਆ ਮੈਨੂੰ ਪਾਸਾ ਦੁਆ ਦੇ...!" ਹੀਰੇ ਨੇ ਤਰਲੇ ਜਿਹੇ ਵਜੋਂ ਕਿਹਾ।

-"ਮੈਂ ਤਾਂ ਤੈਨੂੰ ਕਿਤੇ ਘਨ੍ਹੇੜੀਂ ਨਾ ਚੱਕਲਾਂ...! ਸਾਲ਼ਾ ਪਾਸੇ ਦਾ...!"

-"ਮੈਂ ਦਿਵਾਉਨੀ ਆਂ ਪਾਸਾ ਪੁੱਤ...! ਇਹਨੇ ਤਾਂ ਵੱਢੀ ਉਂਗਲ਼ੀ 'ਤੇ ਨੀ ਮੂਤਣਾ...!"

**ਚਲਦਾ...**



**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

TAIL PIECE

Dalip Singh Wasan, Advocate
Email: dalipsinghwassan@yahoo.co.in

## Let the agitating formers help in construction of teh MSP Bill- A suggestion

We are sorry to note that our farmers had been forced to come out in agitation and because this agitation, even our Parliament had towithdraw three Farms Acts. There was need of appointment of a specialCommission on teh subject because there is need of looking into theproblems of the farmers. At an earlier stage, Mr. Rahul was sthe first man who raised objections of Three Farms Acts andnow he has come out with a promise that he shall listen to farmers and shall prepare a Bill on MSP the basic demand of the farmers. The agitating farmers might have prepared their schemes and those must be given to Rahul jee and Mr.Rahul must have help of experts for preparation of the Bill. We know our Corporate Houses too have specific wings and they concentrate on fixing MSP of their production first and only then start working on the project. This fixation of MSP is not an easy task, but specificin formation must be there for the wing which fixes MSP of each production. And mostly the Corporate House work profitably and makeprogress. But since this fixation of MSP on their products is not based on scientific basis and always position of purchasers and consumers were kept in view, this farming class had beebn suffering. Time has come when farming too must commercial and instead of service, profits too must be in view for continuing this occupation. Whle preparing the Bill, Mr. Rahul jee must also keep in mind the provisions of three Farms Acts which had been withdraw because those provisions are still in mind of the government. The withdrawal of Acts passed by the parliament was just a historic decisoun and cannot be considered as final.



For the time being the agitation must stop and agitating farmers must try that this Bill is fully prepared and must solve all p[roblemsof the farmers. This is a very important occasion made available to them by Rahul Gandhi. Since this Bill is concerning a very important subject, is likely to be considered on merit and passed with majority. Let the Bill shall be prepared on the same basis whyich the Corporate Houses adopt because they are establishing a profitable business. What should be done for poor who are not in a position to face higher prices, that is not the problem of the farmers, but it is a nationalproblem, and let the state try to adopt other methods to ensure higher incomes in each family.

## For Independence Day15 August Hai Sabg Zamana Masrt Hai- Aaj Hua Ghar Ghar Main Ujala.....

Whe we got independence, all were singing this son of Independence . But slowely and slowely people lost interest in celebrating Independence Day and this day celebrations turned government day where a few important persons collected some school children and some others just to tell what they are doing for the people after attaining independence. Diwali=like celebration, lightsand sweet distribution and greeting cards could not be adopted by us, because of partition, deaths and uprooting on large scale.

It must be acepted that most of the people even today do not know what was slavery and what is independence. There had been noimprovements in life of most of the people. The system set up by the British continued and there had been some increase in number ofschools, colleges, universities, training institutions, hospital, roads,l canals, bridges, some rail lines, number of buses. Till date illiteracy, no choice of professions, trades, callings, employment adoption most of the people are just for general work. Unemployment is on higher side and number of dependants in each family being overside. And number of poor too had been increasing and two third of our population is being fed by government on free ration.

We talk of development and we declare that we shall be in line with developed countries by 2047 but till date none is talking on number of poor people which has touched 81 crore.

Let us start and bring situations like Diwali and ensure distribution of greeting cards, distribution of sweets, lights on houses and enjoyments a routine to keep alive this day 15tgh August. During those days, even school children were singing Milli Kursi Puraani hai Zarra soach samajh ke behna. Mere azaad veera Hindya zara soach samajh ke rehna.

## Strong opposition encouraged Rahul Gandhi to come out with Bill in Parliament

This is the first time when Oppositions could come in Parliament and this increased number encouraged Rahul Gandhi jee, the leader of the Oppssitions to come out with a Bill on the subject of MSP of food grains so that problems of the farmers could be solved. This farmingclass had been on agitation for the long time and all aids given to them had been just first aid benefits and agitations are still on.

When Rahul jee has taken up this matter in his hands, farmers are requested that all the materials which they had been collecting to place before government must be placed before Rahul jee or the committee which he has formed for preparation of the Bill. Help of those who prepare MSP of products in corporate Houses too must betaken because fixation of MSP is the only rout on which corporate houses run flourishing and are never in losses.

The governing side must take up the matter through which we can increase income of the people. Prices and cost of living both shall continue rising and only employment to all and increase in wages are the solutions. We shall have to come out with more currency because this circulation of more money shall enable each of us to live aproper life and currency shall remain in circulation only. Experts must come forward to give advice on this matter. Keeping a large number of families with low income is increasing number of poor in this country. We must accept that low income in families increase number of poor and poverty breeds poverty and one family of today turns three families of poor in tomorrow. Mr. Rahul must ensure that this bill must be complete so that there is less opposition and it gets through in Parliament. Coming of Bills from opposition sides must be encourated so that there isless opposition on government Bills, Schemes, Projects and Policies.

## On 15th August,1947 we upgraded from slaves to Masters of the country

A biggest Revolution came in India on 15th August, 1947 when we got Independence when we could attain ownership of our own country and since then people of this country are masters of their own destiny and future. Our all past including our mythology had been under ruls and in spite of all investifgations, there are very little instances, whenthose rulers could do somethingfor the welfare of the people.

Till Mughal-time we had been facing slavery of the first grade . Slavry of the worst type turned even our social life and common lifestyle which life cannot we call human life. We had been divided intoreligions, castes, poor and rich and illiterates and untrained people. And in spite of all efforts made till dates these divided social livesare disturbing us. We can be thankful to the British who could keep us as a colony and because of that they established a system in this country. Written laws, rules, regulations were established, works of government dividedinto departments, education, training, schools, colleges, universities were established. Roads, bridges, canals, dams were constructed. Police, Armies, Police, Judiciary, well organized administration was established and after Independence we had been following on those lines and today we are claiming that we are a recognised power, country in the world and we also claim that within some more years, we shall beone of the Most Developed Countries. Even we have claimed that within years, we shall be a Power in the world. This Independence could give up opportunity to establish Democracy and since 1952, we are holding Elections electing our Representatives to work for us, to serve us and nnow we are not under rulers, but our own Representatives are serving us. We are a rich country because of natural resources. Mountains, jungles, rivers, minerals, fertile land, different seasons, rains,food grains, vegitables, fruits, sand, cement, petroleums, coals,irons so many other metls are available in this country and with useof all these items, we shall be going ahyead. So this 15th August be celebrqted like Diwali just to remind ourgenerations that prior to this day, what type iof life we had beenforced to live.

*Continue on page 37*

# Guru Nanak's Words of Wisdom : A Guide to Lasting Fulfillment

**Iqbal Singh Lalpura**



As we navigate the complexities of modern life, we often find ourselves torn between two conflicting desires: the need for success and the quest for satisfaction. While success is often measured by external factors, satisfaction is a deeply personal and internal experience. Let us explore the importance of prioritizing satisfaction over success and the role of perspective in achieving a more fulfilling life, as guided by the timeless wisdom of Guru Nanak.

When faced with a difficult situation or person, we are often advised to take a step back and re-evaluate our approach. This is where the wisdom of the age-old adage comes in: "If anything about a person feels bad, think in two ways. If the person is important, then forget the thing. If the thing is important, then forget the person." This simple yet profound advice encourages us to reassess our priorities and focus on what truly matters. We should avoid unnecessary conflict and accept it as the will of God.

In many cases, we find ourselves investing time and energy into relationships or situations that leave us feeling drained and unfulfilled. This is often because we are prioritizing the person or situation over our own well-being. By recognizing the importance of forgetting the person or thing that is causing us harm, we can begin to break free from toxic patterns and cultivate a more positive and empowering mindset. The fault lies with us for having failed to identify the person and their capabilities.

But what about success? Is it not the ultimate goal we strive for? The answer lies in understanding that success is often measured by external factors, such as wealth, status, or recognition – that too, by others. While these achievements may bring temporary happiness, they rarely lead to long-term satisfaction. In fact, research has shown that once basic needs are met, additional wealth and material possessions do little to increase happiness. Contentment is the pillar of Guru Nanak's wisdom.

On the other hand, satisfaction is a deeply personal and internal experience. It is measured by our own soul, mind, and heart. When we prioritize satisfaction over success, we begin to focus on what truly brings us joy and fulfillment. This may mean pursuing a passion project, nurturing meaningful relationships, or simply taking time to appreciate the beauty in life. Anand, a mental state of bliss, comes from following the path of Guru.

Life is like the touch-me-not flower; the moment you grasp it, its beauty and charm fade away. Similarly, worldly pleasures – be it food, clothes, wealth, material possessions, or even intimate relationships – lose their allure once we become too attached. The more we indulge, the emptier we feel. This paradox of pleasure is a fundamental aspect of human experience, leading to sickness.

Guru Nanak's wisdom teaches us that true satisfaction lies not in external sources but in cultivating a happy conscience. This is achieved through selfless service to humanity and meditation on the divine. By focusing on the inner world, we find lasting peace and contentment. The Gurus' teachings emphasize the importance of living a life of purpose, guided by values of compassion, humility, and self-discipline.

The transient nature of worldly pleasures is a stark reminder that everything we see, touch, and feel is impermanent. Guru Nanak reminds us that everything will perish, except the divine spark within us. This eternal essence is not bound by physical senses; it can only be experienced through devotion and self-reflection. As we navigate life's journey, we must distinguish between the fleeting and the eternal.

Embracing this wisdom, we can live an honorable life, giving respect to others without compromising our values. By letting go of attachment to fleeting pleasures, we create space for meaningful connections, personal growth, and spiritual evolution. We learn to appreciate the beauty of life without becoming entangled in its impermanence.

In the words of Guru Nanak, "The ultimate goal is to realize the divine within, and to live a life that is in harmony with the universe." May we embody this wisdom, finding joy in the journey, and peace in the present moment. As we walk this path, we discover that true happiness lies not in external sources but in the depths of our own soul.

By embracing Guru Nanak's teachings, we can transform our lives and find lasting fulfillment. We learn to cherish the beauty of life without becoming attached to its impermanence. In the end, it is not what we accumulate or achieve that brings us happiness, but the love, compassion, and wisdom we cultivate along the way.

As we strive to build a more harmonious and inclusive society, let us draw inspiration from Guru Nanak's wisdom. May his teachings guide us towards a life of purpose, compassion and fulfillment.

*Chairman, National Commission for Minorities, Govt of India*
*iqbalsingh _73@yahoo.co.in*

**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**

*... Continue from page 36*

## Proper Employment and Proper Wages Shalol Root Out Poverty from India

In spite of all our efforts we could not root out poverty from India and we had to admit that more than two-third population of our country is let as poor living on free ration. And now when the leaderof the oppositions Mr. Rahul Gandhi has come forward declaring that he shall bring a Bill on MSP of Food Grains, number of poor shall increase in our country. Therefore, time has cxome when the Governing side too mut come with a Bill Full Employment and Proper Wages ensuring Proper monthly income in each family with which they could maintain themselves properly in a free, democracy and developing country.

Tilkl date we could not establish a Commission to come out with suggestions as to how we can raise income of each family. Till date, we could not assess monthly income of each family with which a properlife could be lead. At least two members from each family must be at work and must carry not less than eighty thousands a month as carryhome salary. Till date such minimums are attained, we can adoptsalary structure given by the Pay Commission and should also ensure that other service bnefits given by Pay Commissions too must come inthe families.

When we are claiming going ahead towards our goal of becoming a developed country, we must be alert towards this human-resources andall such items mut be in view while constructing this new Bill.

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ – 30**

# ਮੈਂ ਤੰਦਰੁਸਤ ਕਿਵੇਂ ਹੋਇਆ ?



**ਜਾਂਦੇ ਜਾਂਦੇ ਕੰਨਾ ਸੰਬੰਧੀ ਕੁੱਝ ਖਾਸ ਗੱਲਾਂ ਇਹ ਹਨ ਕਿ ਸਾਡੇ ਸਰੀਰ ਦੇ ਜੇਕਰ ਕਿਸੇ ਹਿੱਸੇ ਤੋਂ ਸਭ ਤੋਂ ਵੱਧ ਅਤੇ ਛੇਤੀਂ ਜੇਕਰ ਭੈੜਾ ਮੁਸ਼ਕ ਆਉਂਦਾ ਹੈ ਤਾਂ ਉਹ ਕੰਨਾਂ ਦੇ ਪਿਛਲੇ ਪਾਸਿਓਂ ਆਉਂਦਾ ਹੈ। ਦੂਜਾ ਇਹ ਕਿ ਸਿਰਫ ਇਕ ਘੰਟਾ ਕੰਨਾਂ ਨੂੰ ਹੈੱਡ ਫੋਨ ਲਗਾਉਣ ਨਾਲ ਸਾਡੇ ਕੰਨਾਂ ਵਿਚ ਜੀਵਾਣੂਆਂ ਦੀ ਗਿਣਤੀ 700 ਗੁਣਾ ਵਧ ਜਾਂਦੀ ਹੈ । ਤੀਜਾ – ਕੰਨ ਉਤੇ ਧੱਫੜ /ਚਪੇੜ ਮਾਰਕੇ, ਸਾਫ ਕਰਦੇ ਸਮੇ ਵੱਜੀ ਤੀਲੀ ਨਾਲ ਅਤੇ 120 ਡੀ ਬੀ ਤੋਂ ਉਚੀ ਆਵਾਜ ਕਾਰਨ ਕੰਨ ਦਾ ਪਰਦਾ ਫਟ ਸਕਦਾ ਹੈ ਤੇ ਪੀੜਿਤ ਸਾਰੀ ਉਮਰ ਵਾਸਤੇ ਬੋਲੇਪਣ ਦਾ ਸ਼ਿਕਾਰ ਹੋ ਸਕਦਾ ਹੈ । ਚੌਥਾ – ਉਮਰ ਵਧਣ ਦੇ ਨਾਲ ਕੰਨ ਤੇ ਨੱਕ ਦਾ ਅਕਾਰ ਹਮੇਸ਼ਾ ਹੀ ਬਦਲਦਾ ਰਹਿੰਦਾ ਹੈ ਜਦ ਕਿ ਅੱਖਾਂ ਜਨਮ ਤੋਂ ਮੌਤ ਤੱਕ ਇਕ ਹੀ ਅਕਾਰ ਦੀਆਂ ਰਹਿੰਦੀਆਂ ਹਨ ।**

ਕੰਨ ਸਾਡੇ ਸਰੀਰ ਦਾ ਇਕ ਬਹੁਤ ਹੀ ਮਹੱਤਵਪੂਰਨ ਅੰਗ ਹਨ । ਇਹਨਾਂ ਦੇ ਬਿਨਾ ਜ਼ਿੰਦਗੀ ਨੀਰਸ, ਬੋਝਲ ਅਤੇ ਬੇਕਾਰ ਹੋ ਜਾਂਦੀ ਹੈ । ਕੰਨਾਂ ਤੋਂ ਬੋਲਾ ਬੰਦਾ ਸਮਾਜ ਵਿਚ ਅਲੱਗ ਥਲੱਗ ਹੋ ਕੇ ਰਹਿ ਜਾਂਦਾ ਹੈ ਕਿਉਂਕਿ ਅਜਿਹਾ ਬੰਦਾ ਸੁਣਨ ਅਤੇ ਸਮਝਣ ਦੀ ਸੰਚਾਰ ਪ੍ਰਕਿਰਿਆ ਤੋਂ ਸੱਖਣਾ ਹੁੰਦਾ ਹੈ, ਇਸ ਲਈ ਜਿਥੇ ਉਸ ਦੇ ਪਰਿਵਾਰਕ ਮੈਂਬਰ ਉਸ ਨਾਲ ਸਿਰਫ ਮਤਲਬ ਦੀ ਹੀ ਗੱਲ ਕਰਦੇ ਹਨ, ਉਥੇ ਉਸ ਦਾ ਸਮਾਜਿਕ ਦਾਇਰਾ ਵੀ ਬਹੁਤ ਸੀਮਤ ਹੋ ਜਾਂਦਾ ਹੈ । ਇੰਜ ਵੀ ਕਹਿ ਸਕਦੇ ਹਾਂ ਅੱਖਾਂ ਤੋਂ ਸੁਜਾਖਾ ਅਤੇ ਮੂੰਹ ਤੋਂ ਮੁਨਾਖਾ ਹੋਣ ਦਾ ਬਾਵਜੂਦ ਵੀ ਜੇਕਰ ਕੋਈ ਵਿਅਕਤੀ ਕੰਨਾ ਤੋਂ ਸੁਣ ਸਕਣ ਦੇ ਯੋਗ ਨਹੀਂ ਤਾਂ ਉਹ ਆਪਣੇ ਮੂੰਹ ਤੇ ਅੱਖਾਂ ਦੀ ਵੀ ਸਹੀ ਵਰਤੋਂ ਨਹੀ ਕਰ ਸਕਦਾ ।

**ਕੰਨਾਂ ਦੇ ਤਿੰਨ ਹਿੱਸੇ ਹੁੰਦੇ ਹਨ –** ਬਾਹਰਲਾ, ਵਿਚਕਾਰਲਾ ਅਤੇ ਅੰਦਰਲਾ । ਕੰਨਾ ਦਾ ਬਾਹਰਲਾ ਹਿੱਸਾ ਟੀ ਵੀ ਅਤੇ ਰੇਡੀਓ ਦੇ ਐਨਟੀਨੇ ਵਾਂਗ ਕੰਮ ਕਰਦਾ ਹੈ, ਬੋਲ ਤਰੰਗਾਂ ਨੂੰ ਫੜਦਾ ਹੈ ਤੇ ਘੇਰ ਕੇ ਕੰਨਾਂ ਦੇ ਅੰਦਰ ਭੇਜਦਾ ਹੈ । ਬੋਲ ਤਰੰਗਾਂ ਵਿਚਕਾਰਲੇ ਹਿੱਸੇ ਦੀਆਂ ਤਿੰਨ ਹੱਡੀਆਂ ਨਾਲ ਖਹਿੰਦੀਆਂ ਹੋਈਆਂ ਪਰਦੇ ਭਾਵ ਕੰਨਾ ਦੇ ਅੰਦਰਲੇ ਹਿੱਸੇ ਦੀਆਂ ਕੋਕਲੀਆਂ ਵਿਚ ਪਏ ਪਾਣੀ ਤੱਕ ਪਹੁੰਚਦੀਆਂ ਹਨ । ਕੋਕਲੀਆ ਵਿਚਲੇ ਨਰਵ ਸੈੱਲਾਂ ਉੱਤੇ ਹਜ਼ਾਰਾਂ ਨਿੱਕੇ ਨਿੱਕੇ ਵਾਲ ਹੁੰਦੇ ਹਨ ਜੋ ਇਨ੍ਹਾਂ ਤਰੰਗਾਂ ਨੂੰ ਇਲੈਕਟ੍ਰਿਕ ਸਿਗਨਲ ਵਿੱਚ ਤਬਦੀਲ ਕਰ ਕੇ ਦਿਮਾਗ਼ ਤਕ ਸੁਨੇਹਾ ਪਹੁੰਚਾ ਦਿੰਦੇ ਹਨ ਤੇ ਅੱਗੇ ਉਹਨਾਂ ਸੁਨੇਹਾ ਤਰੰਗਾਂ ਦੇ ਭਾਵ ਅਰਥ ਕਰਨ ਵਾਸਤੇ ਪਰਾਪਤ ਕੀਤੀ ਅਵਾਜ ਜਾਣਕਾਰੀ ਨੂੰ ਦਿਮਾਗ ਅਰਥ ਪ੍ਰਦਾਨ ਕਰਦਾ ਹੈ, ਜਿਸ ਤੋਂ ਬਾਅਦ ਵਕਤਾ ਅਤੇ ਸਰੋਤਾ ਦੀ ਭਾਵ ਸੰਚਾਰ ਪ੍ਰਕਿਰਿਆ ਦਾ ਬਾਕੀ ਵਰਤਾਰਾ ਅੱਗੇ ਚਲਦਾ ਹੈ । ਹੁਣ ਅਸੀਂ ਸਮਝ ਸਕਦੇ ਹਾਂ ਕਿ ਭਾਵ ਸੰਚਾਰ ਵਿਚ ਕੰਨਾਂ ਦੀ ਕਿੰਨੀ ਅਹਿਮ ਭੂਮਿਕਾ ਹੁੰਦੀ ਤੇ ਇਹਨਾਂ ਦੀ ਸਲਾਮਤੀ ਦੇ ਬਿਨਾਂ ਕੋਈ ਬੰਦਾ ਸਿਹਤਮੰਦ ਹੁੰਦਾ ਹੋਇਆ ਵੀ ਸਿਹਤਮੰਦ ਨਹੀਂ ਹੁੰਦਾ । ਇਹ ਸਵਾਲ ਕਿ ਸਾਡੇ ਕੰਨ ਹਮੇਸ਼ਾ ਤੰਦਰੁਸਤ ਰਹਿਣ, ਇਸ ਵਾਸਤੇ ਸਾਨੂੰ ਕੀ ਕਰਨਾ ਚਾਹੀਦਾ ਹੈ ? ਸਾਨੂੰ ਇਹ ਸਵਾਲ ਆਪਣੇ ਮਨ ਵਿਚ ਹਮੇਸ਼ਾ ਵਾਸਤੇ ਬਿਠਾ ਕੇ ਰੱਖਣਾ ਚਾਹੀਦਾ ਹੈ । ਕੰਨਾਂ ਦੀ ਸਾਂਭ ਸੰਭ੍ਹਾਲ ਸੰਬੰਧੀ ਕੁੱਝ ਕੁ ਸਾਵਧਾਨੀਆਂ ਵਰਤਣੀਆਂ ਜਰੂਰੀ ਹੁੰਦੀਆਂ ਹਨ, ਜਿਵੇਂ ਕਿ ਇਸ਼ਨਾਨ ਕਰਦੇ ਸਮੇਂ ਜਾਂ ਕੰਨਾਂ ਦੀ ਸਾਫ ਸਫਾਈ ਕਰਦੇ ਸਮੇਂ ਇਹ ਧਿਆਨ ਰੱਖਣਾ ਕਿ ਇਹਨਾਂ ਅੰਦਰ ਪਾਣੀ ਨਾ ਪਵੇ। ਕੰਨਾ ਚ ਖਾਰਸ਼ ਹੋਣ ਸਮੇਂ ਕਿਸੇ ਤਿੱਖੀ ਚੀਜ ਮਾਲ ਖਾਰਸ਼ ਨੂੰ ਸ਼ਾਂਤ ਕਰਨ ਦੀ ਗਲਤੀ ਨਾ ਕੀਤੀ ਜਾਵੇ, ਕੰਨਾ ਵਿਚੋਂ ਕੁਦਰਤੀ ਵੈਕਸ ਸਮੇਂ ਸਮੇਂ ਬਾਹਰ ਨਿਕਲਦੀ ਰਹਿੰਦੀ ਹੈ, ਪਰ ਕਈ ਵਾਰ ਇਹ ਵੈਕਸ/ਮੈਲ ਇਕ ਵੱਡਾ ਗੋਲਾ ਬਣਕੇ, ਬਾਹਰ ਨਿਕਲਣ ਦੀ ਬਜਾਏ, ਇਹਨਾਂ ਦੇ ਵਿਚਕਾਰਲੇ ਹਿੱਸੇ ਵਿਚ ਫਸ ਜਾਂਦੀ ਹੈ ਤੇ ਫਿਰ ਹੌਲੀ ਹੌਲੀ ਇਸ ਦਾ ਵਧਦਾ ਹੋਇਆ ਘੇਰਾ ਪਰਦੇ ਨਾਲ ਜਾ ਟਕਰਾਉਂਦਾ ਹੈ ਜਿਸ ਕਾਰਨ ਕੰਨਾਂ ਤੋਂ ਸੁਣਨਾ ਬੰਦ ਹੋ ਜਾਂਦਾ ਹੈ ਤੇ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ । ਕਈ ਵਾਰ ਇਸ ਵਜ੍ਹਾ ਕਰਕੇ ਕੰਨਾਂ ਵਿਚ ਫਿੰਸੀਆਂ ਰੂਪੀ ਇਨਫੈਕਸ਼ਨ ਵੀ ਹੋ ਜਾਂਦਾ ਹੈ ਤੇ ਦਰਦ ਬਹੁਤ ਵਧ ਜਾਂਦਾ ਹੈ । ਇਸ ਤਰਾਂ ਦੀ ਸਮੱਸਿਆ ਪੇਸ਼ ਆਉਣ ਨਾਲ ਦਰਦ ਤੇ ਸੁਣ ਨਾ ਸਕਣ ਦੀ ਮੁਸੀਬਤ ਦਾ ਸਾਹਮਣਾ ਕਰਨ ਦੇ ਨਾਲ ਨਾਲ ਤੁਰਦਿਆਂ ਫਿਰਦਿਆਂ ਇਸ ਤਰਾਂ ਮਹਿਸੂਸ ਹੋਣ ਲਗਦਾ ਹੈ ਕਿ ਜਿਵੇਂ ਕੋਈ ਸਿਰ ‘ਤੇ ਹਥੌੜਾ ਮਾਰ ਰਿਹਾ ਹੋਵੇ ਤੇ ਰਾਤ ਸੌਣ ਸਮੇਂ ਕੰਨਾਂ ਵਿਚ ਚਟਾਕਾ ਪੈਣ ਨਾਲ ਦਰਦ ਹੋਰ ਵੀ ਵਧ ਜਾਂਦਾ ਹੈ । ਕਈ ਲੋਕ ਇਸ ਦਰਦ ਨੂੰ ਸ਼ਾਂਤ ਕਰਨ ਵਾਸਤੇ ਕੰਨਾਂ ਵਿਚ ਔਲੇ ਦਾ ਤੇਲ ਜਾਂ ਲਸਣ ਨੂੰ ਸਰੋਂ ਦੇ ਤੇਲ ਵਿਚ ਭੁੰਨਕੇ ਤੇ ਉਸ ਤੇਲ ਦੇ ਤੁਪਕੇ ਵੀ ਕੰਨਾ ਵਿਚ ਪਾਉਂਦੇ ਹਨ ਤੇ ਤੀਲੀ ਨਾਲ ਕਰੋਲ ਕੇ ਕੰਨਾਂ ਵਿਚਲੀ ਮੈਲ/ਵੈਕਸ ਨੂੰ ਬਾਹਰ ਕੱਢਣ ਦਾ ਯਤਨ ਕਰਦੇ ਹਨ ਜੋ ਕਿ ਬਿਲਕੁਲ ਹੀ ਗਲਤ ਹੁੰਦਾ ਹੈ ਕਿਉਂਕਿ ਇਸ ਤਰਾਂ ਕਰਨ ਨਾਲ ਮੈਲ ਬਾਹਰ ਆਉਂਣ ਦੀ ਬਜਾਏ ਅਕਸਰ ਹੀ ਕੰਨਾਂ ਦੇ ਅੰਦਰ ਵੱਲ ਧੱਕੀ ਜਾਂਦੀ ਹੈ ਜਿਸ ਕਾਰਨ ਮੁਸੀਬਤ ਹੋਰ ਵਧ ਜਾਂਦੀ ਹੈ ।

ਦੋ ਕੁ ਸਾਲ ਪਹਿਲਾਂ ਮੇਰਾ ਖੱਬਾ ਕੰਨ ਵੀ ਉਕਤ ਸਮੱਸ਼ਿਆ ਕਾਰਨ ਬਹੁਤ ਦੁਖਿਆ । ਕਈ ਦਿਨ ਮੈਂ ਔਲੇ ਦਾ ਤੇਲ ਪਾ ਕੇ ਤੇ ਈਅਰ ਵੱਡ ਫੇਰਕੇ ਆਪਣਾ ਕੰਨ ਸਾਫ ਕਰਨ ਦੀ ਕੋਸ਼ਿਸ਼ ਵਿਚ ਲੱਗਾ ਰਿਹਾ, ਪਰ ਦਰਦ ਜੋ ਮਿੱਠੇ ਦਰਦ ਤੋਂ ਸ਼ੁਰੂ ਹੋਇਆ ਦੋ ਤਿੰਨ ਦਿਨਾਂ ਵਿਚ ਹੀ ਬਰਦਾਸ਼ਤ ਦੀ ਹੱਦ ਤੋਂ ਬਾਹਰ ਹੋ ਗਿਆ । ਮੇਰੀ ਹਾਲਤ ਏਨੀ ਖਰਾਬ ਹੋ ਗਈ ਕਿ ਨਾ ਦਿਨੇ ਚੈਨ ਤੇ ਨਾ ਰਾਤੀਂ ਨੀਂਦ । ਅੱਗੋਂ ਵੀਕਿੰਡ ਹੋਣ ਕਰਕੇ ਡਾਕਟਰ ਦੀ ਸਰਜਰੀ ਬੰਦ, ਸੰਡੇ ਵਾਲੇ ਦਿਨ ਐਮਰਜੰਸੀ ਫੋਨ ਕੀਤਾ ਤਾਂ ਉਹਨਾਂ ਅੱਗੋਂ ਇਹ ਆਖ ਦਿੱਤਾ ਕਿ ਪੇਨ ਕਿਲਰ ਖਾ ਕੇ ਅੱਜ ਦੀ ਰਾਤ ਕੱਢ ਤੇ ਕੱਲ੍ਹ ਸਵੇਰੇ ਆਪਣੇ ਜੀ ਪੀ ਨੂੰ ਫੋਨ ਕਰਕੇ ਅਰਜੈਂਟ ਅਪੁਆਂਇਟਮੈਂਟ ਲੈ ਲਵੀਂ, ਵਾਕ ਇਨ ਸੈਂਟਰ ਗਿਆ ਤਾਂ ਉਥੇ ਡਾਕਟਰ ਨੇ ਚੈੱਕ ਕਰਕੇ ਦੱਸਿਆ ਕਿ ਤੇਰਾ ਕੰਨ ਵੈਕਸ ਦੇ ਨਾਲ ਪੂਰੀ ਤਰਾਂ ਪੈਕ ਹੈ ਤੇ ਇਸ ਦੇ ਨਾਲ ਹੀ ਇੰਨਫੈਕਸ਼ਨ ਵੀ ਹੋ ਚੁੱਕਾ ਹੈ । ਉਸ ਨੇ ਇਹ ਵੀ ਦੱਸਿਆ ਕਿ ਉਹਨਾਂ ਦੇ ਕੋਲ ਸੈਂਟਰ ਵਿਚ ਵੈਕਸ ਬਾਹਰ ਕੱਢਣ ਵਾਲੀ ਮਸ਼ੀਨ ਨਹੀ ਹੈ ਤੇ ਸੁਝਾਅ ਦਿੱਤਾ ਕਿ ਜਾਂ ਤਾਂ ਕੱਲ੍ਹ ਤੱਕ ਇੰਤਜਾਰ ਕਰ, ਅਗਲੇ ਦਿਨ ਸਵੇਰੇ ਜੀ ਪੀ ਨੂੰ ਫੋਨ ਕਰਕੇ ਅਰਜੈਂਟ ਅਪੁਆਇੰਟਮੈਂਟ ਬੁੱਕ ਕਰਾ ਲੈਣੀ ਜਾਂ ਫੇਰ ਕਿਸੇ ਪਰਾਈਵੇਟ ਡਾਕਟਰ ਨੂੰ ਘਰ ਸੱਦਕੇ ਇਸ ਤੋਂ ਇਲਾਜ ਕਰਾ ਲਓ ।

ਮੈਂ ਵਾਪਸ ਘਰ ਪਰਤ ਆਇਆ, ਕੰਨਾਂ ਦਾ ਪਰਾਈਵੇਟ ਡਾਕਟਰ ਲੱਭਣ ਵਾਸਤੇ ਗੂੱਗਲ ਸਰਚ ਕੀਤੀ, ਪਹਿਲਾ ਨੰਬਰ ਲੱਭ ਕੇ ਫੋਨ ਘੁਮਾਇਆ ਤੇ ਡਾਕਟਰ ਨਾਲ ਗੱਲ ਕਰਕੇ ਉਸ ਨੂੰ ਆਪਣੀ ਸਾਰੀ ਸਮੱਸਿਆ ਦੱਸੀ । ਮੇਰੀ ਖੁਸ਼ਕਿਸਮਤੀ ਇਹ ਕਿ ਉਸ ਡਾਕਟਰ ਨੇ ਮੇਰਾ ਘਰ ਦਾ ਪਤਾ ਪੁੱਛ ਕੇ ਦੱਸਿਆ ਕਿ ਉਹ ਮੇਰੇ ਘਰ ਤੋਂ ਕੋਈ ਦੋ ਕੁ ਮੀਲ ਦੂਰ ਇਕ ਕੇਅਰ ਹੋਮ ਵਿਚ ਕਿਸੇ ਬਜੁਰਗ ਦਾ ਕੰਨ ਚੈੱਕ ਕਰ ਰਿਹਾ ਹੈ ਤੇ ਇਥੋਂ ਘੰਟੇ ਕੁ ਚ ਫਿਨਸ਼ ਹੋ ਕੇ ਉਹ ਮੇਰੇ ਵੱਲ ਆ ਸਕਦਾ ਹੈ । ਚਲੋ, ਮੈਂ ਉਸ ਨੂੰ ਫੀਸ ਪੁੱਛੀ ਤਾਂ ਉਸ ਨੇ ਕਿਹਾ ਕਿ ਉਂਜ ਅਸੀਂ 60 ਪੌਂਡ ਚਾਰਜ ਕਰਦੇ ਹਾਂ, ਪਰ ਅੱਜ ਸੰਡੇ ਹੈ ਤੇ ਦੂਸਰਾ ਤੁਹਾਡਾ ਕੇਸ ਅਰਜੈਂਸੀ ਵਾਲਾ ਹੈ, ਇਸ ਕਰਕੇ ਅੱਸੀ ਪੌਂਡ ਲੱਗਣਗੇ । ਮੈਂ ਜਾਕਟਰ ਨੂੰ ਹਾਂ ਕਰ ਦਿੱਤੀ ਤੇ ਉਹ ਠੀਕ ਘੰਟੇ ਕੁ ਬਾਅਦ ਮੇਰੇ ਘਰ ਪਹੁੰਚ ਗਿਆ।

ਮੈਨੂੰ ਉਸ ਨੇ ਕੁਰਸੀ ‘ਤੇ ਬਿਠਾ ਕੇ ਆਪਣੀਆਂ ਮਸ਼ੀਨਾ ਵਾਲਾ ਬੈਗ ਖੋਹਲਿਆ, ਉਹਨਾਂ ਨੂੰ ਫਿੱਟ ਕੀਤਾ । ਉਹਨਾਂ ਮਸ਼ੀਨਾਂ ਚ ਇਕ ਨਿੱਕਾ ਜਿਹਾ ਮੱਖੀ ਕੈਮਰਾ, ਸਟੈਂਡ ਵਾਲਾ ਸਮਾਰਟ ਫੋਨ ਵਰਗਾ ਸਕਰੀਨ, ਵੈਕਸ ਬਾਹਰ ਕੱਢਣ ਵਾਲੀ ਮਸ਼ੀਨ ਜਿਸ ਦਾ ਕੁਨੇਸ਼ਨ ਇਕ ਤਾਜੇ ਪਾਣੀ ਵਾਲੇ ਬਰਤਨ ਨਾਲ ਪਲਾਸਟਿਕ ਦੀ ਨਾਲੀ ਲਗਾ ਕੇ ਕੀਤਾ ਹੋਇਆ ਸੀ ।

ਅਪਰੇਸ਼ਨ ਸ਼ੁਰੂ ਹੋਇਆ, ਮੈਂ ਆਪਣੇ ਸਾਹਮਣੇ ਰੱਖੀ ਸਕਰੀਨ ਉੱਤੇ ਕੰਨ ਵਿਚ ਪਾਏ ਗਏ ਕੈਮਰੇ ਰਾਹੀਂ ਕੰਨ ਦੇ ਅੰਦਰ ਦੇਖ ਸਕਦਾ ਸੀ ਕਿ ਮੇਰਾ ਕੰਨ ਵੈਕਸ ਦੇ ਨਾਲ ਪੂਰੀ ਤਰਾਂ ਫੁੱਲ ਹੈ । ਫਿਰ ਡਾਕਟਰ ਨੇ ਵੈਕਸ ਕੱਢਣ ਵਾਲੀ ਮਸ਼ੀਨ ਕੰਨ ਚ ਪਾਈ ਤੇ ਜਦ ਉਸ ਨੇ ਆਪਣਾ ਕੰਮ ਕਰਨਾ ਸ਼ੁਰੂ ਕੀਤਾ ਤਾਂ ਬਿਲਕੁਲ ਹੀ ਇਸ ਤਰਾਂ ਮਹਿਸੂਸ ਹੋਇਆ ਜਿਵੇਂ ਕੋਈ ਪੰਛੀ ਆਪਣੀ ਚੁੰਝ ਨਾਲ ਦਾਣੇ ਚੁਗ ਰਿਹਾ ਹੋਵੇ ।

ਕੋਈ ਰਤੀ ਮਾਤਰ ਵੀ ਤਕਲੀਫ ਨਹੀ ਹੋਈ, ਉਸ ਮਸ਼ੀਨ ਨੇ ਕੰਨ ਵਿਚਲੀ ਸਾਰੀ ਮੈਲ ਚੁਗ ਕੇ ਬਾਹਰ ਪਏ ਪਾਣੀ ਦੇ ਬਰਤਨ ਵਿਚ ਕੱਢ ਮਾਰੀ ਤੇ ਮੇਰਾ ਕੰਨ ਬਿਲਕੁਲ ਸਾਫ ਅਤੇ ਹਲਕਾ ਫੁੱਲ ਹੋ ਗਿਆ, ਦੁਬਾਰਾ ਸਟੀਰੀਓ ਫੋਨਕ ਸੁਣਨਾ ਸ਼ੁਰੂ ਹੋ ਗਿਆ। ਡਾਕਟਰ ਨੇ ਮੇਰਾ ਦੂਸਰਾ ਕੰਨ ਵੀ ਪਹਿਲਾਂ ਮਿਥੀ ਫੀਸ ਵਿਚ ਹੀ ਚੈੱਕ ਕਰਕੇ ਮੇਰਾ ਫਾਇਦਾ ਕੀਤਾ । ਇਸ ਦੇ ਨਾਲ ਹੀ ਮੁੜਦੇ ਵਕਤ ਉਸ ਨੇ ਬੜੀ ਕੀਮਤੀ ਸਲਾਹ ਦਿੱਤੀ ਕਿ ਭਵਿੱਖ ਵਿਚ ਨਾ ਹੀ ਮੁੜਕੇ ਕਿਸੇ ਦਰਦ ਹੋਣ ਸਮੇਂ ਆਪਣੇ ਕੰਨਾਂ ਵਿਚ ਔਲੇ ਵਗੈਰਾ ਦਾ ਤੇਲ ਪਾਈਂ ਤੇ ਨਾ ਹੀ ਇਹਨਾਂ ਨੂੰ ਤੀਲੀ ਜਾਂ ਈਅਰ ਵੱਡਜ ਨਾਲ ਸਾਫ ਕਰੀਂ । ਉਸ ਨੇ ਇਹ ਵੀ ਦੱਸਿਆ ਕਿ ਆਮ ਤੌਰ ‘ਤੇ ਕੰਨਾ ਵਿਚਲੀ ਵੈਕਸ ਆਪਣੇ ਆਪ ਹੀ ਬਾਹਰ ਨਿਕਲਦੀ ਰਹਿੰਦੀ ਹੈ, ਪਰ ਜੇਕਰ ਕਿਧਰੇ ਇਹ ਕੰਨਾਂ ਵਿਚ ਫਸਕੇ ਜਮਾ ਹੋ ਜਾਵੇ ਤਾਂ ਫਿਰ ਆਪ ਕੋਸ਼ਿਸ਼ ਕਰਨ ਦੀ ਬਜਾਏ ਆਪਣੇ ਜੀ ਪੀ ਜਾਂ ਕੰਨਾਂ ਦੇ ਮਾਹਿਰ ਡਾਕਟਰ ਤੋਂ ਹੀ ਇਸ ਦਾ ਇਲਾਜ ਕਰਵਾਇਆ ਜਾਵੇ ।

2022 ਤੋਂ ਬਾਅਦ ਅੱਜ ਤੱਕ ਤਾਂ ਕੰਨਾਂ ਸਬੰਧੀ ਮੁੜ ਮੈਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਿਆ । ਉਦੋਂ ਤੋਂ ਲੈ ਕੇ ਮੈਂ ਆਪਣੇ ਕੰਨਾ ਦੀ ਸਾਫ ਸਫਾਈ ਵੱਲ ਵੀ ਉਚੇਚਾ ਧਿਆਨ ਦਿੰਦਾ ਹਾਂ, ਨੇਮ ਨਾਲ ਇਹਨਾਂ ਦੀ ਬਦਾਮਾ ਦੇ ਤੇਲ ਨਾਲ ਬਾਹਰੋਂ ਚੰਗੀ ਤਰਾਂ ਮਾਲਿਸ਼ ਕਰਦਾ ਹਾਂ ਤੇ ਨਹਾਉਣ ਸਮੇਂ ਇਹਨਾਂ ਦੀ ਸਫਾਈ ਵੱਲ ਵੀ ਸਰੀਰ ਦੇ ਬਾਕੀ ਅੰਗਾਂ ਜਿੰਨਾ ਹੀ ਧਿਆਨ ਦੇਂਦਾ ਹਾਂ । ਜਾਂਦੇ ਜਾਂਦੇ ਕੰਨਾ ਸੰਬੰਧੀ ਕੁੱਝ ਖਾਸ ਗੱਲਾਂ ਇਹ ਹਨ ਕਿ ਸਾਡੇ ਸਰੀਰ ਦੇ ਜੇਕਰ ਕਿਸੇ ਹਿੱਸੇ ਤੋਂ ਸਭ ਤੋਂ ਵੱਧ ਅਤੇ ਛੇਤੀਂ ਜੇਕਰ ਭੈੜਾ ਮੁਸ਼ਕ ਆਉਂਦਾ ਹੈ ਤਾਂ ਉਹ ਕੰਨਾਂ ਦੇ ਪਿਛਲੇ ਪਾਸਿਓਂ ਆਉਂਦਾ ਹੈ। ਦੂਜਾ ਇਹ ਕਿ ਸਿਰਫ ਇਕ ਘੰਟਾ ਕੰਨਾਂ ਨੂੰ ਹੈੱਡ ਫੋਨ ਲਗਾਉਣ ਨਾਲ ਸਾਡੇ ਕੰਨਾਂ ਵਿਚ ਜੀਵਾਣੂਆਂ ਦੀ ਗਿਣਤੀ 700 ਗੁਣਾ ਵਧ ਜਾਂਦੀ ਹੈ । ਤੀਜਾ - ਕੰਨ ਉਤੇ ਧੱਫੜ /ਚਪੇੜ ਮਾਰਕੇ, ਸਾਫ ਕਰਦੇ ਸਮੇ ਵੱਜੀ ਤੀਲੀ ਨਾਲ ਅਤੇ 120 ਡੀ ਬੀ ਤੋਂ ਉਚੀ ਆਵਾਜ ਕਾਰਨ ਕੰਨ ਦਾ ਪਰਦਾ ਫਟ ਸਕਦਾ ਹੈ ਤੇ ਪੀੜਿਤ ਸਾਰੀ ਉਮਰ ਵਾਸਤੇ ਬੋਲੇਪਣ ਦਾ ਸ਼ਿਕਾਰ ਹੋ ਸਕਦਾ ਹੈ । ਚੌਥਾ - ਉਮਰ ਵਧਣ ਦੇ ਨਾਲ ਕੰਨ ਤੇ ਨੱਕ ਦਾ ਅਕਾਰ ਹਮੇਸ਼ਾ ਹੀ ਬਦਲਦਾ ਰਹਿੰਦਾ ਹੈ ਜਦ ਕਿ ਅੱਖਾਂ ਜਨਮ ਤੋਂ ਮੌਤ ਤੱਕ ਇਕ ਹੀ ਅਕਾਰ ਦੀਆਂ ਰਹਿੰਦੀਆਂ ਹਨ ।

———- ਚਲਦਾ

**ਕਿਸ਼ਤ 6ਵੀਂ**

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਭੱਟ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ

**ਬਾਦਸ਼ਾਹ ਬਹਾਦੁਰ ਸ਼ਾਹ ਨੇ ਜਦੋਂ ਪੰਜਾਬ ਪਹੁੰਚ ਕੇ ੧੦ ਦਸੰਬਰ ੧੭੧੦ ਈਸਵੀ ਨੂੰ ਲਾਹੌਰ ਤੋਂ ਇਹ ਫ਼ੁਰਮਾਨ ਜਾਰੀ ਕੀਤਾ ਕਿ (ਗੁਰੂ) ਨਾਨਕ ਨੂੰ ਮੰਨਣ ਵਾਲਾ ਜਿਥੇ ਵੀ ਮਿਲੇ, ਮਾਰ ਦਿੱਤਾ ਜਾਏ: ਨਾਨਕ ਪ੍ਰਸਤਾਂ ਰਾ ਹਰ ਜਾ ਬ ਯਾਬੰਦ ਬਕਤਲ ਰਸਾਨੰਦ। ਤਾਂ ਲਾਹੌਰ ਦੇ ਗਿਰਦਿਓਂ ਚਾਲੀ ਸਿੱਖ ਫੜੇ ਗਏ। ਇਨ੍ਹਾਂ ਵਿਚ ਭਾਈ ਮਨੀ ਸਿੰਘ ਜੀ ਦੇ ਦੋ ਭਰਾ ਭਾਈ ਜੇਠਾ ਸਿੰਘ ਅਤੇ ਭਾਈ ਰੂਪ ਸਿੰਘ ਪੁੱਤਰ ਭਾਈ ਮਾਈ ਦਾਸ, ਭਾਈ ਜੇਠਾ ਸਿੰਘ ਪੁੱਤਰ ਭਾਈ ਛਬੀਲ ਸਿੰਘ ਅਤੇ ਸੱਤ ਭੱਟ ਜਿਹੜੇ ਸ਼ਹੀਦ ਭੱਟ ਕੀਰਤ ਜੀ ਦੇ ਤਿੰਨ ਪੋਤਰੇ: ਕੇਸੋ ਸਿੰਘ, ਹਰੀ ਸਿੰਘ ਅਤੇ ਦੇਸਾ ਸਿੰਘ (ਪੁੱਤਰ ਭੱਟ ਬੋਹਿਥ ਜੀ) ਅਤੇ ਚਾਰ ਪੜਪੋਤਰੇ: ਨਰਬਦ ਸਿੰਘ (ਪੁੱਤਰ ਕੇਸੋ ਸਿੰਘ), ਤਾਰਾ ਸਿੰਘ, ਦੇਵਾ ਸਿੰਘ ਅਤੇ ਸੇਵਾ ਸਿੰਘ (ਪੁੱਤਰ ਹਰੀ ਸਿੰਘ) ਸਨ, ਬਾਕੀ ਵਣਜਾਰੇ ਸਿੱਖਾਂ ਸਹਿਤ ਆਲੋਵਾਲ ਪਰਗਣਾ ਲਾਹੌਰ ਵਿਚ ਜ਼ਮੀਨ ਵਿਚ ਗੱਡ ਕੇ ਸ਼ਹੀਦ ਕੀਤੇ ਗਏ**

ਬਾਬਾ ਮਿਹਰਵਾਨ ਜੀ ਦਾ ਜਨਮ ਬਾਬਾ ਪ੍ਰਿਥੀਚੰਦ ਦੇ ਘਰ ਮਾਘ ਸੁਦੀ ਪੰਚਮੀ ੧੬੩੭ ਬਿ./੧੫੮੦ ਈ. ਨੂੰ ਹੋਇਆ। ਹੁਣ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸੇਵਾ ਸੰਭਾਲ ਬਾਬਾ ਮਿਹਰਵਾਨ ਸੋਢੀ ਨਿਬਾਹ ਰਹੇ ਸਨ ਜਿਨ੍ਹਾਂ ਨੂੰ ਸਤਿਗੁਰੂ ਜੀ ਆਪ ਹੇਹਰਾਂ ਤੋਂ ਲਿਆ ਕੇ ਇਹ ਸੌਂਪੀ ਸੀ। ਆਪ ਨੇ ੬੦ ਸਾਲ ਦੀ ਉਮਰ ਤੱਕ ਇਹ ਸੇਵਾ ਕਰਦਿਆਂ ਮਾਘ ਸੁਦੀ ਪੰਚਮੀ ਨੂੰ ਹੀ ੧੬੯੬ ਬਿ./੧੬੪੦ ਈ. ਨੂੰ ਰਾਮਦਾਸ ਪੁਰੇ ਹੀ ਚਲਾਣਾ ਕੀਤਾ।

ਭੱਟ ਵਹੀਆਂ ਅਨਸਾਰ ਗੁਆਲੀਅਰ ਕਿਲੇ ਤੋਂ ਵਾਪਸੀ ਉਪਰੰਤ ਹੀ ਸਤਿਗੁਰਾਂ ਦੇ ਤਿੰਨ ਵਿਆਹ (ਮਹਾਂ ਦੇਈ, ਨਾਨਕੀ ਅਰ ਕੌਲਾਂ ਜੀ ਨਾਲ) ਹੋਰ ਹੋਏ ਅਰ ਅੰਮ੍ਰਿਤਸਰ ਨਿਵਾਸ ਦੌਰਾਨ ਹੀ ਚਾਰ ਪੁੱਤਰ: ਅਣੀ ਰਾਇ, ਸੂਰਜ ਮੱਲ, ਅਟੱਲ ਰਾਇ, ਸ੍ਰੀ ਤੇਗਬਹਾਦੁਰ, ਇਕ ਪੁੱਤਰੀ ਵੀਰੋ ਜੀ ਜਨਮੇ ਅਰ ਬਾਬਾ ਅਟੱਲ ਜੀ ਨੇ ਚਲਾਣਾ ਕੀਤਾ।

**ਕੀਰਤਪੁਰ ਬੱਧਾ**

ਗੁਰੂ ਸਾਹਿਬ ਜੀ ਦੇ ਅੰਮ੍ਰਿਤਸਰ ਨਿਵਾਸ ਦੌਰਾਨ ੧੬੮੧ ਬਿ./੧੬੨੪ ਈ. ਨੂੰ ਬਿਲਾਸਪੁਰੀਆ (ਪਹਾੜੀ ਰਿਆਸਤ ਕਹਿਲੂਰ) ਰਾਜਾ ਕਲਿਆਨ ਚੰਦ ਜਿਸ ਨੂੰ ਹਜ਼ੂਰ ਗੁਆਲੀਅਰ ਤੋਂ ਬੰਦੀ-ਮੁਕਤ ਕਰਵਾ ਕੇ ਨਾਲ ਲਿਆਏ ਸਨ, ਆਪਣੇ ਪੁੱਤਰ ਤਾਰਾ ਚੰਦ ਸਹਿਤ ਸ਼ਰਧਾ ਭਾਵਨਾ ਨਾਲ ਆਇਆ। ਇਸ ਨੇ ਬੇਨਤੀ ਕੀਤੀ ਕਿ ਜੇ ਸਤਿਗੁਰੂ ਕਿਰਪਾ ਕਰ ਕੇ ਉਸ ਦੇ ਇਲਾਕੇ ਵਿਚ ਵੀ ਆ ਕੇ ਨਗਰ ਵਸਾਉਣ ਤਾਂ ਉਸ ਨੂੰ ਬਹੁਤ ਖ਼ੁਸ਼ੀ ਹੋਵੇਗੀ ਅਰ ਉਹ ਹਰ ਸੰਭਵ ਸੇਵਾ ਕਰੇਗਾ। ਇਸ ਲਈ ਉਸ ਨੇ ਚਾਰ ਪਿੰਡਾਂ ਦੀ ਜ਼ਮੀਨ ਵੀ ਭੇਟ ਕੀਤੀ। ਸਤਿਗੁਰਾਂ ਉਸ ਦੀ ਬੇਨਤੀ ਪ੍ਰਵਾਨ ਕੀਤੀ ਅਰ ਇਸ ਕਾਰਜ ਲਈ ਵੱਡੇ ਸਪੁੱਤ੍ਰ ਬਾਬਾ ਗੁਰਦਿੱਤਾ ਜੀ ਨੂੰ ਨਾਲ ਭੇਜਿਆ। ਭੱਟ ਵਹੀਆਂ ਅਨੁਸਾਰ:

ਰਾਜਾ ਕਲਿਆਨ ਚੰਦ ਚੰਦ੍ਰਬੰਸੀ ਚੰਦੇਲ ਗੋਤ੍ਰਾ ਕਹਿਲੂਰ ਪਤੀ ਬੇਟੇ ਤਾਰਾ ਚੰਦ ਕੋ ਗੈਲ ਲੈ ਸਾਲ ਸੋਲਾਂ ਸੈ ਇਕਾਸੀਆ ਬੈਸਾਖ ਸੁਦੀ ਚਉਥ (੧੨ ਅਪਰੈਲ ੧੬੨੪ ਈਸਵੀ) ਕੇ ਦਿਹੁ ਗੁਰੂ ਚੱਕ ਕੇ ਮਲਹਾਨ ਲਿਆ ਨਯਾ ਗ੍ਰਾਮ ਬਸਾਨੇ ਕੇ ਲੀਏ ਗੁਰੂ ਹਰਗੋਬਿੰਦ ਜੀ ਮਹਿਲ ਛਟਮ ਕੋ ਨਗਰ ਜਊਵਾਲ, ਕਲਿਆਨਪੁਰ, ਭਟੋਲੀਆ ਅਰ ਭਗੂਵਾਲ ਕੀ ਧਰਤੀ ਪੁਨ ਅਰਥ ਭੇਟ ਕੀ। (ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਉਦਾਨਿਆ ਕਾ)

ਗੁਰੂ ਸਾਹਿਬ ਨੇ ਅਪਨੇ ਵੱਡੇ ਸਪੁੱਤ੍ਰ ਬਾਬਾ ਗੁਰਦਿਤਾ ਜੀ ਜੋ ਉਸ ਸਮੇਂ ੧੭ ਸਾਲ ਦੇ ਜੁਆਨ ਸਨ, ਨੂੰ ਰਾਜੇ ਦੇ ਨਾਲ ਭੇਜਿਆ। ਇਸ ਸਮੇਂ ਗੁਰੂ ਨਾਨਕ ਸਾਹਿਬ ਜੀ ਦੇ ਵੱਡੇ ਸਪੁੱਤ੍ਰ ਬਾਬਾ ਸ੍ਰੀ ਚੰਦ (੧੪੯੩-੧੬੨੪ ਈ.) ਜੀ ਵੀ ਨਾਲ ਆਏ ਅਰ ਵੈਸਾਖ ਮਹੀਨੇ ਪੂਰਨਮਾਸ਼ੀ ਸੰਮਤ ੧੬੮੧ ਬਿ./੧੬੨੪ ਈ. ਨੂੰ ਕੀਰਤਪੁਰ ਸਾਹਿਬ ਦੀ ਮੋਹੜੀ ਗੱਡੀ:

ਗੁਰੂ ਹਰਗੋਬਿੰਦ ਜੀ ਮਹਿਲ ਛਟਮ ਨੇ ਬੇਟਾ ਗੁਰਦਿੱਤਾ ਜੀ ਕੋ ਨਗਰ ਜਊਬਾਲ ਭਾਈ ਹਰੀਏ ਬੜੌਰਾ ਕੇ ਘਰ ਭੇਜਾ ਗੈਲ ਗੁਰੂ ਬਾਬਾ ਸ੍ਰੀ ਚੰਦ ਜੀ ਆਏ ਕਮਲੀਏ ਅਲਮਸਤ ਕੋ ਸਾਥ ਲੈ ਕੇ। ਗੈਲ ਬਾਬਾ ਬੁਢਾ ਰਾਮਦਾਸ, ਸਿੰਘਾ ਪ੍ਰੋਹਤ, ਖੇਮਾ ਚੰਦਨੀਆ ਆਇਆ। ਸੋਲਾ ਸੈ ਇਕਾਸੀਆ ਬੈਸਾਖ ਮਾਸ ਕੀ ਪੂਰਨਮਾਸੀ ਕੇ ਦਿਹੁ ਗੁਰੂ ਬਾਬਾ ਸ੍ਰੀ ਚੰਦ ਜੀ ਕੇ ਪਾਵਨ ਹਾਥੋਂ ਸੇ ਮੋਹੜੀ ਗਾਡੀ। ਬਉਲੀ ਕਾ ਟੱਕ ਲਾਇਆ। ਨਗਰੀ ਕਾ ਨਾਉਂ ਕੀਰਤਪੁਰ ਰਾਖਾ। (ਭੱਟ ਵਹੀ ਮੁਲਤਾਨੀ ਸਿੰਧੀ)

ਧਿਆਨ ਰਹੇ ਕਿ ਜਿਸ ਤਰਹ ਦੁਆਬੇ ਦਾ ਕਰਤਾਰਪੁਰ ਸਾਹਿਬ ਲਾਹੌਰ ਸੂਬੇ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ ਇਸੇ ਤਰਹ ਕੀਰਤਪੁਰ ਸਾਹਿਬ ਅਤੇ ਇਸ ਦੇ ਆਲੇ ਦੁਆਲੇ ਦਾ ਪਹਾੜੀ ਇਲਾਕਾ ਵੀ ਉਸ ਦੇ ਅਧਿਕਾਰ ਖੇਤਰ ਤੋਂ ਦੂਰ ਸੀ।

**ਅੰਮ੍ਰਿਤਸਰ ਦਾ ਯੁੱਧ**

ਬਾਦਸ਼ਾਹ ਜਹਾਂਗੀਰ ਦੀ ੨੮ ਅਕਤੂਬਰ ੧੬੨੭ ਈ. ਨੂੰ ਮੌਤ ਹੋ ਗਈ। ਉਸ ਦਾ ਪੁੱਤਰ ਖ਼ੁਰਮ ਜਿਸ ਦੀ ਉਮਰ ੩੫ ਸਾਲ ਸੀ, ਸ਼ਾਹਜਹਾਨ ਦੇ ਨਾਮ ਨਾਲ ਦਿੱਲੀ ਤਖ਼ਤ 'ਤੇ ਬੈਠਾ। ਚੜ੍ਹਦੀ ਜੁਆਨੀ ਅਤੇ ਰਾਜ-ਕਾਜ ਦੀ ਨਾ-ਤਜਰਬਾਕਾਰੀ ਅਰ ਗੁਰੂ-ਘਰ ਬਾਬਤ ਘੱਟ ਵਾਕਫ਼ੀ ਕਾਰਨ ਮਾੜੇ ਸਲਾਹਕਾਰਾਂ ਦੀਆਂ ਸਲਾਹਾਂ ਨਾਲ ਛੇਤੀ ਗੁੰਮਰਾਹ ਹੋ ਗਿਆ। ਗਿ. ਗਰਜਾ ਸਿੰਘ ਜੀ ਅਨੁਸਾਰ ਜਦੋਂ ਇਹ ਲਾਹੌਰ ਆਇਆ ਤਾਂ ਇਸ ਦੇ ਅਹਿਲਕਾਰਾਂ ਨੇ ਗੁਰੂ ਸਾਹਿਬ ਜੀ ਦੀਆਂ ਚਲ ਰਹੀਆਂ ਜਥੇਬੰਦਕ ਕਾਰਵਾਈਆਂ ਹਕੂਮਤ ਵਿਰੁੱਧ ਦੱਸ ਕੇ ਬਾਦਸ਼ਾਹ ਨੂੰ ਭੜਕਾਇਆ। ਉਨ੍ਹਾਂ ਦੱਸਿਆ ਕਿ ਗੁਰੂ ਨੇ ਇਕ ਉੱਚਾ ਚਬੂਤਰਾ ਤਿਆਰ ਕਰਵਾਇਆ ਹੈ ਜਿਸ ਨੂੰ ਉਹ ਖ਼ੁਦਾ (ਅਕਾਲ) ਦਾ ਤਖ਼ਤ ਕਹਿੰਦਾ ਹੈ ਅਰ ਆਪ ਕਲਗੀ ਲਗਾ ਕੇ ਬਾਦਸ਼ਾਹਾਂ ਵਾਂਗੂੰ ਉਸ ਉੱਪਰ ਬੈਠ ਕੇ ਲੋਕਾਂ ਦੇ ਝਗੜੇ ਨਿਪਟਾਉਂਦਾ ਹੈ। ਆਪਣੇ ਸਿੱਖਾਂ ਨੂੰ ਉਹ ਸ਼ਸਤ੍ਰਧਾਰੀ ਹੋਣ ਲਈ ਆਖਦਾ ਹੈ ਅਰ ਆਪਣੇ ਕੋਲ ਹੁਣ ਦੀ ਇਤਲਾਹ ਮੁਤਾਬਿਕ ੨੦੦੦ ਦੇ ਕਰੀਬ ਸਿਖਲਾਈ ਪਰਾਪਤ ਹਥਿਆਰਬੰਦ ਘੋੜ ਸਵਾਰ ਮੌਜੂਦ ਹਨ ਆਦਿ ਆਦਿ। ਅਰ, ਕਿਸੇ ਸਮੇਂ ਵੀ ਸਰਕਾਰ ਲਈ ਮੁਸੀਬਤ ਬਣ ਸਕਦਾ ਹੈ। ਬਾਦਸ਼ਾਹ ਨੇ ਕਿਹਾ ਕਿ ਗੁਰੂ ਨੂੰ ਫੜ ਕੇ ਪੇਸ਼ ਕੀਤਾ ਜਾਵੇ ਅਰ ਇਸ ਮੰਤਵ ਲਈ ਉਸ ਨੇ ਅੰਮ੍ਰਿਤਸਰ ਫੌਜ ਚਾੜ੍ਹ ਭੇਜੀ। ਇਸ ਫ਼ੌਜ ਨੇ ੧੭ ਵੈਸਾਖ ੧੬੯੧ ਬਿ./੧੫ ਅਪਰੈਲ ੧੬੩੪ ਈ. ਨੂੰ ਆ ਹੱਲਾ ਬੋਲਿਆ। ਗੁਰੂ ਸਾਹਿਬ ਨੂੰ ਵੀ ਇਸ ਦੀ ਪਹਿਲਾਂ ਖ਼ਬਰ ਹੋ ਗਈ। ਭਾਵੇਂ ਘਰ ਵਿਚ ਬੀਬੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਜਿਸ ਕਰ ਕੇ ਆ ਰਹੀ ਬਰਾਤ ਨੂੰ ਅੰਮ੍ਰਿਤਸਰ ਆਉਣ ਦੀ ਬਜਾਇ ਝਬਾਲ ਜਾਣ ਲਈ ਸੁਨੇਹਾ ਭੇਜ ਦਿੱਤਾ ਅਰ ਆਪ ਹਜ਼ੂਰ ਨੇ ਲਾਹੌਰੋਂ ਆਉਣ ਵਾਲੀਆਂ ਫ਼ੌਜਾਂ ਨੂੰ ਸ਼ਹਿਰ ਦੇ ਬਾਹਰ ਹੀ ਪਿਪਲੀ ਸਾਹਿਬ ਦੇ ਕੋਲ ਜਾ ਰੋਕਿਆ।

ਇਸ ਯੁੱਧ ਵਿਚ ਹੋਰ ਸੂਰਮਿਆਂ ਭਾਈ ਮੋਹਨ, ਭਾਈ ਗੋਪਾਲ, ਭਾਈ ਭਾਨਾ, ਭਾਈ ਸਿੰਘਾ (ਪ੍ਰੋਹਿਤ) ਤੋਂ ਇਲਾਵਾ ਭਾਈ ਮਨੀ ਸਿੰਘ ਜੀ ਦੇ ਦਾਦਾ ਭਾਈ ਬੱਲੂ ਜੋ ਆਪਣੇ ਸਮੇਂ ਦੇ ਬੜੇ ਯੋਧੇ ਸਨ, ਮੁਗ਼ਲ ਫ਼ੌਜਾਂ ਦੇ ਜਰਨੈਲ ਸ਼ੇਖ਼ ਫ਼ਰੀਦ ਬੁਖ਼ਾਰੀ ਮੁਰਤਜ਼ਾ ਖ਼ਾਂ ਜਿਸ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ, ਨੂੰ ਮਾਰ ਕੇ ਸ਼ਹੀਦ ਹੋਏ। ਇਸੇ ਸਮੇਂ ਹੀ ਭੱਟ ਭਿੱਖਾ ਜੀ ਦੇ ਸਪੁੱਤਰ ਭੱਟ ਕੀਰਤ ਜੀ ਵੀ ਰਣ ਤੱਤੇ ਵਿਚ ਜੂਝਦੇ ਸ਼ਹੀਦ ਹੋ ਗਏ। ਸ੍ਰੀ ਹਰਗੋਬਿੰਦਪੁਰੇ ਦੇ ਯੁੱਧ ਤੋਂ ੧੩ ਸਾਲ ਬਾਦ ਸ਼ਾਹੀ ਫ਼ੌਜਾਂ ਨਾਲ ਇਹ ਬੜੀ ਲਹੂ ਡੋਲ੍ਹਵੀਂ ਲੜਾਈ ਸੀ:

ਬਲੂ ਮੂਲੇ ਕਾ ਪੋਤਾ ਰਾਉ ਕਾ ਪੜਪੋਤਾ ਚਾਹੜ ਕਾ ਬੰਸ ਬੀਝੇ ਕੀ ਚੰਦ੍ਰਬੰਸੀ ਭਾਰਦੁਆਜੀ ਗੋਤ੍ਰਾ ਪ੍ਰਮਾਰ ਬੰਝਰਾਵਤ ਜਲਹਾਨਾਂ ਸੰਮਤ ਸੋਲਾਂ ਸੈ ਅਕਾਨਮੈ ਬੈਸਾਖ ਪ੍ਰਵਿਸਟੇ ਸਤਾਰਾਂ ਗੁਰੂ ਚੱਕ ਕੇ ਮਲਹਾਨ ਗੁਰੂ ਕੇ ਹੁਕਮ ਗੈਲ ਮੁਰਤਜ਼ਾ ਖਾਨ ਕੋ ਮਾਰ ਕੇ ਸ਼ਹਾਦਤ ਪਾਇ ਗਿਆ। ਗੈਲੇ ਕੀਰਤ ਬੇਟਾ ਭਿਖੇ ਭਟ ਕਾ ਪੋਤਾ ਰਈਆ ਕਾ ਪੜਪੋਤਾ ਨਰਸੀ ਕਾ ਬੰਸ ਭਗੀਰਥ ਕੀ ਕੌਸ਼ਿਕ ਗੋਤ੍ਰਾ ਗਉੜ ਬ੍ਰਾਹਮਣ ਰਨ ਮੇਂ ਜੂਝ ਕਰ ਮਰਾ। (ਭੱਟ ਵਹੀ ਤਲਉਂਡਾ)

ਸ਼ਾਮ ਨੂੰ ਯੁੱਧ ਜਿੱਤ ਕੇ ਗੁਰੂ ਸਾਹਿਬ ਝਬਾਲ ਪਹੁੰਚੇ ਅਰ ਬੀਬੀ ਵੀਰੋ ਜੀ ਦਾ ਵਿਆਹ ਕੀਤਾ। ਯਾਦ ਰਹੇ ਆਮ ਤੌਰ 'ਤੇ ਬੀਬੀ ਵੀਰੋ ਜੀ ਦਾ ਵਿਆਹ ੨੬ ਜੇਠ ਨੂੰ ਮਨਾਉਣਾ ਪ੍ਰਚਲਤ ਹੈ। ਵਿਆਹ ਉਪਰੰਤ ਆਪ ਜੀ ਬਿਆਸ ਅਤੇ ਸਤਲੁਜ ਪਾਰ ਕਰ ਕੇ ਮਾਲਵੇ ਵਿਚ ਭਾਈ ਕੀ ਡਰੌਲੀ ਚਲੇ ਗਏ।

ਵਰਨਣ ਯੋਗ ਹੈ ਕਿ ਬਾਦਸ਼ਾਹ ਬਹਾਦੁਰ ਸ਼ਾਹ ਨੇ ਜਦੋਂ ਪੰਜਾਬ ਪਹੁੰਚ ਕੇ ੧੦ ਦਸੰਬਰ ੧੭੧੦ ਈਸਵੀ ਨੂੰ ਲਾਹੌਰ ਤੋਂ ਇਹ ਫ਼ੁਰਮਾਨ ਜਾਰੀ ਕੀਤਾ ਕਿ (ਗੁਰੂ) ਨਾਨਕ ਨੂੰ ਮੰਨਣ ਵਾਲਾ ਜਿਥੇ



ਗੁਰੂ ਹਰਿਗੋਬਿੰਦ ਸਾਹਿਬ ਜੀ

ਵੀ ਮਿਲੇ, ਮਾਰ ਦਿੱਤਾ ਜਾਏ: ਨਾਨਕ ਪ੍ਰਸਤਾਂ ਰਾ ਹਰ ਜਾ ਬ ਯਾਬੰਦ ਬਕਤਲ ਰਸਾਨੰਦ। ਤਾਂ ਲਾਹੌਰ ਦੇ ਗਿਰਦਿਓਂ ਚਾਲੀ ਸਿੱਖ ਫੜੇ ਗਏ। ਇਨ੍ਹਾਂ ਵਿਚ ਭਾਈ ਮਨੀ ਸਿੰਘ ਜੀ ਦੇ ਦੋ ਭਰਾ ਭਾਈ ਜੇਠਾ ਸਿੰਘ ਅਤੇ ਭਾਈ ਰੂਪ ਸਿੰਘ ਪੁੱਤਰ ਭਾਈ ਮਾਈ ਦਾਸ, ਭਾਈ ਜੇਠਾ ਸਿੰਘ ਪੁੱਤਰ ਭਾਈ ਛਬੀਲ ਸਿੰਘ ਅਤੇ ਸੱਤ ਭੱਟ ਜਿਹੜੇ ਸ਼ਹੀਦ ਭੱਟ ਕੀਰਤ ਜੀ ਦੇ ਤਿੰਨ ਪੋਤਰੇ: ਕੇਸੋ ਸਿੰਘ, ਹਰੀ ਸਿੰਘ ਅਤੇ ਦੇਸਾ ਸਿੰਘ (ਪੁੱਤਰ ਭੱਟ ਬੋਹਿਥ ਜੀ) ਅਤੇ ਚਾਰ ਪੜਪੋਤਰੇ: ਨਰਬਦ ਸਿੰਘ (ਪੁੱਤਰ ਕੇਸੋ ਸਿੰਘ), ਤਾਰਾ ਸਿੰਘ, ਦੇਵਾ ਸਿੰਘ ਅਤੇ ਸੇਵਾ ਸਿੰਘ (ਪੁੱਤਰ ਹਰੀ ਸਿੰਘ) ਸਨ, ਬਾਕੀ ਵਣਜਾਰੇ ਸਿੱਖਾਂ ਸਹਿਤ ਆਲੋਵਾਲ ਪਰਗਣਾ ਲਾਹੌਰ ਵਿਚ ਜ਼ਮੀਨ ਵਿਚ ਗੱਡ ਕੇ ਸ਼ਹੀਦ ਕੀਤੇ ਗਏ:

ੳ. ਜੇਠਾ ਸਿੰਘ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਰਾਇ ਕਾ। ਰੂਪ ਸਿੰਘ ਬੇਟਾ ਮਾਈ ਦਾਸ ਕਾ,ਚੰਦ੍ਰਬੰਸੀ ਭਾਰਦਵਾਜ ਗੋਤ੍ਰ ਪੁਆਰ। ਜੇਠਾ ਸਿੰਘ ਬੇਟਾ ਛਬੀਲੇ ਕਾ ਪੋਤ੍ਰਾ ਚੰਦਾ ਕਾ ਚੰਦ੍ਰ ਬੰਸੀ ਬਾਤਸ ਗੋਤ੍ਰਾ ਚਾਹਿਮਾਨ, ਸੰਮਤ ਸਤਾਰਾਂ ਸੈ ਅਠਸਠ, ਕਾਰਤਕ ਮਾਸੇ ਦਿਹੁੰ ਨੌਂ ਗਏ ਗਾਮ ਅਲੋਵਾਲ ਪਰਗਣਾ ਲਾਹੌਰ ਕੇ ਮਲ੍ਹਾਨ ਸੈਂਤੀ ਸਿਖਾਂ ਕੇ ਗੈਲ਼ ਸਵਾ ਪਹਰ ਦਿਹੁੰ ਚੜੇ ਮਾਰੇ ਗਏ।

ਅ. ਕੇਸੋ ਸਿੰਘ ਬੋਹਥ ਕਾ, ਹਰੀ ਸਿੰਘ ਬੋਹਥ ਕਾ, ਦੇਸਾ ਸਿੰਘ ਬੋਹਥ ਕਾ ਪੋਤੇ ਕੀਰਤ ਕੇ ਪੜਪੋਤੇ ਭਿਖੇ ਕੇ, ਨਰਬਦ ਸਿੰਘ ਕੇਸੋ ਸਿੰਘ ਕਾ, ਤਾਰਾ ਸਿੰਘ ਹਰੀ ਸਿੰਘ ਕਾ, ਸੇਵਾ ਸਿੰਘ ਹਰੀ ਸਿੰਘ ਕਾ, ਦੇਵਾ ਸਿੰਘ ਹਰੀ ਸਿੰਘ ਕਾ। ਕੌਸ਼ਿਸ਼ ਗੋਤ੍ਰੇ... ਸ਼ਾਹੀ ਹੁਕਮ ਗੈਲ ਸਾਤੋ ਭੱਟ ਕੱਤਕ ਪ੍ਰਵਿਸ਼ਟੇ ੯, ਸੰਬਤ ੧੭੬੮ ਕੋ ਆਲੋਵਾਲ ਕੇ ਮਲ੍ਹਾਨ ਪਰਗਣਾ ਲਾਹੌਰ, ਭੂਮੀ ਮੇ ਗਾੜ ਕਰ ਮਾਰ ਦੀਏ। (ਭੱਟ ਵਹੀ ਤਲਉਂਡਾ, ਪਰਗਣਾ ਜੀਂਦ)

**ਮਹਿਰਾਜ ਦਾ ਜੰਗ**

ਭਾਈ ਕੀ ਡਰੌਲੀ ਕੁਝ ਸਮਾਂ ਠਹਿਰ ਕੇ ਹਜ਼ੂਰ ਮਾਲਵੇ ਵਿਚ ਹੀ ਪ੍ਰਚਾਰ ਹਿਤ ਅਗੇ ਵਿਚਰਦੇ ਮਹਿਰਾਜ (ਲਹਿਰਾ) ਆ ਠਹਿਰੇ। ਸਮਾਂ ਠੀਕ ਬਤੀਤ ਹੋ ਰਿਹਾ ਸੀ ਜਦੋਂ ਦਸੰਬਰ ੧੬੩੪ ਈ./੧੭ ਪੋਹ ੧੬੯੧ ਬਿਕਰਮੀ ਨੂੰ ਲਾਹੌਰ ਦੀ ਸ਼ਾਹੀ ਫ਼ੌਜ ਨੇ ਭਾਰੀ ਗਿਣਤੀ ਵਿਚ ਆਣ ਹਮਲਾ ਕੀਤਾ। ਗੁਰੂ ਸਾਹਿਬ ਦੀ ਕਮਾਨ ਹੇਠ ਸਿੱਖ ਫ਼ੌਜਾਂ ਨੇ ਵੀ ਬੜੀ ਸੂਰਮਤਾਈ ਨਾਲ ਮੁਕਾਬਲਾ ਕੀਤਾ।

ਚਲਦਾ.....

# ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਬੇਕਸੂਰੇ ਕਦੋਂ ਤੱਕ ?

ਗੁਰਮੀਤ ਸਿੰਘ ਪਲਾਹੀ
-9815802070



**ਜੇਲ੍ਹਾਂ ਵਿੱਚ ਬੰਦ ਸਿਆਸੀ ਨੇਤਾਵਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਦੇ ਕੇਸਾਂ ਦੇ ਨਿਪਟਾਰੇ ਕਰਨ ਲਈ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ। ਕਈ ਬੁੱਧੀਜੀਵੀਆਂ ਨੂੰ ਲੰਮਾਂ ਸਮਾਂ ਜੇਲ੍ਹ 'ਚ ਰੱਖਕੇ ਜਮਾਨਤਾਂ ਦਿੱਤੀਆਂ ਗਈਆਂ, ਕਈਆਂ ਤੇ ਝੂਠੇ ਕੇਸ ਪਾਏ ਗਏ। ਭਾਸ਼ਨਾਂ ਦੇ ਅਧਾਰ 'ਤੇ ਪ੍ਰਸਿੱਧ ਲੇਖਿਕਾ ਅਰੁਨਧਤੀ ਰਾਏ ਅਤੇ ਪ੍ਰੋ: ਸ਼ੇਖ ਸ਼ੌਕਤ ਹੁਸੈਨ ਖਿਲਾਫ਼ ਦਰਜ ਕੀਤੇ 2010 ਦੇ ਕੇਸ ਵਿੱਚ ਯੂ. ਏ. ਪੀ. ਏ. ਦੀਆਂ ਧਾਰਵਾਂ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਨਰਮਦਾ ਡੈਮ ਦੇ ਉਜਾੜੇ ਅਤੇ ਆਦਿਵਾਸੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਸਮਾਜਿਕ ਕਾਰਕੁਨ ਮੇਧਾ ਪਾਟੇਕਰ 'ਤੇ ਪਹਿਲੀ ਜੁਲਾਈ 2024 ਨੂੰ 23 ਸਾਲ ਪੁਰਾਣੀ ਸ਼ਿਕਾਇਤ ਨੂੰ ਅਧਾਰ ਬਣਾ ਕੇ ਕੋਈ ਸਬੂਤ ਪੇਸ਼ ਕੀਤੇ ਬਗੈਰ 5 ਮਹੀਨੇ ਸਜ਼ਾ ਤੇ 10 ਲੱਖ ਰੁਪਏ ਜ਼ੁਰਮਾਨਾ ਕਰਕੇ ਮਾਣਹਾਨੀ ਕੇਸ ਨੂੰ ਫੌਜ਼ਦਾਰੀ ਜ਼ੁਰਮ ਬਨਾਉਣ ਵੱਲ ਕਦਮ ਪੁੱਟ ਲਿਆ ਗਿਆ।**



ਪਿਛਲੇ ਕੁਝ ਵਰ੍ਹਿਆਂ ਤੋਂ ਆਮਦਨ ਕਰ ਵਿਭਾਗ, ਭਾਰਤ ਦੀ ਈ. ਡੀ. (ਇਨਫੋਰਸਮੈਂਟ ਡੀਪਾਰਟਮੈਂਟ), ਸੀ. ਬੀ. ਆਈ. (ਸੈਂਟਰਲ ਬੋਰਡ ਆਫ਼ ਇਨਵੈਸਟੀਗੇਸ਼ਨ) ਵਲੋਂ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਦੇ ਖਿਲਾਫ਼ ਸ਼ਕੰਜਾ ਕੱਸਣ ਦੇ ਨਾਂਅ 'ਤੇ ਜਿਸ ਤਰ੍ਹਾਂ ਅੰਧਾ-ਧੁੰਦ ਛਾਪੇ ਮਾਰੇ ਗਏ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਉਸ ਸਬੰਧੀ ਇਹਨਾ ਏਜੰਸੀਆਂ ਉਤੇ ਦੋਸ਼ ਲਗਦੇ ਰਹੇ ਹਨ ਕਿ ਉਹ ਕੇਂਦਰੀ ਹਾਕਮਾਂ ਦੇ ਇਸ਼ਾਰਿਆਂ ਉਤੇ ਉਹਨਾ ਦੀਆਂ ਸਿਆਸੀ ਇਛਾਵਾਂ ਪੂਰੀਆਂ ਕਰਨ ਹਿੱਤ ਇਹ ਸਭ ਕੁਝ ਕਰ ਰਹੇ ਹਨ। ਇਹ ਏਜੰਸੀਆਂ ਵਿਰੋਧੀ ਨੇਤਾਵਾਂ ਨੂੰ ਜਾਂ ਕਥਿਤ ਦੋਸ਼ੀਆਂ ਨੂੰ ਜਮਾਨਤ ਨਾ ਮਿਲੇ ਇਸ ਲਈ ਜਾਣਬੁਝ ਕੇ ਤਕਨੀਕੀ ਅੜਚਣਾ ਪੈਦਾ ਕਰਕੇ ਅਦਾਲਤ ਨੂੰ ਜਮਾਨਤ ਦੇਣ ਤੋਂ ਰੋਕਦੀਆਂ ਦੇਖੀਆਂ ਜਾਂਦੀਆਂ ਹਨ। ਸਿੱਟੇ ਵਜੋਂ ਵਿਅਕਤੀ ਲੰਮਾਂ ਸਮਾਂ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਰਹਿਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ।

ਉਦਾਹਰਨ ਵਜੋਂ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆਂ ਦਾ ਕੇਸ ਲੈ ਲਵੋ। ਉਸਨੂੰ ਬਿਨ੍ਹਾਂ ਜਮਾਨਤ 17 ਮਹੀਨੇ ਜੇਲ੍ਹ 'ਚ ਰਹਿਣਾ ਪਿਆ। ਇਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੇ ਆਖ਼ਿਰ ਜਮਾਨਤ ਦਿੱਤੀ ਹੈ, ਹਾਲਾਂਕਿ ਇਹ ਸ਼ਰਤਾਂ ਤਹਿਤ ਹੈ। ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਨਸੀਹਤ ਕੀਤੀ ਹੈ ਕਿ ਜਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ(ਛੋਟ)। ਕਿਸੇ ਦੀ ਜਮਾਨਤ ਸਜ਼ਾ ਦੇ ਤੌਰ 'ਤੇ ਟਾਲੀ ਨਹੀਂ ਜਾਣੀ ਚਾਹੀਦੀ। ਪਰ ਹੇਠਲੀਆਂ ਅਦਾਲਤਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੀਆਂ।

ਸਿਸੋਦੀਆਂ ਹੇਠਲੀ ਅਦਾਲਤ ਤੋਂ ਜ਼ਿਲਾ ਅਦਾਲਤ, ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਪੁੱਜੇ। ਪਰ ਕੀ ਸਧਾਰਨ ਆਦਮੀ ਆਪਣੀ ਜਮਾਨਤ ਕਰਾਉਣ ਲਈ ਇੰਨੇ ਯਤਨ ਕਰ ਸਕਦਾ ਹੈ ? ਕੀ ਉਹ ਇੰਨੀਆਂ ਅਦਾਲਤਾਂ 'ਚ ਜਾ ਸਕਦਾ ਹੈ ? ਕੀ ਇੰਨੇ ਯਤਨ ਜੁੱਟਾ ਸਕਦਾ ਹੈ, ਜੋ ਸਿਸੋਦੀਆਂ ਜਾਂ ਉਸਦੀ ਪਾਰਟੀ ਨੇ ਜੁਟਾਏ ? ਸਿਸੋਦੀਆਂ ਜਿਹੜਾ ਲੋਕਾਂ ਵਲੋਂ ਚੁਣਿਆ ਨੁਮਾਇੰਦਾ ਸੀ, ਵਰਗਾ ਜ਼ੁੰਮੇਵਾਰ ਵਿਅਕਤੀ ਜੇਲ੍ਹ ਵਿੱਚ ਰਹਿਣ ਲਈ ਮਜ਼ਬੂਰ ਹੋਇਆ। ਜੇਕਰ ਉਸਦਾ ਕੇਸ ਅਦਾਲਤ ਵਿੱਚ ਨਿਪਟਾਉਣ ਉਪਰੰਤ ਉਸਨੂੰ ਸਜ਼ਾ ਨਹੀਂ ਹੁੰਦੀ ਤਾਂ ਇਹ 17 ਮਹੀਨੇ ਜੋ ਉਸਨੇ ਜੇਲ੍ਹ ਵਿੱਚ ਕੱਟੇ ਹਨ, ਉਸਦਾ ਹਿਸਾਬ ਕੌਣ ਦੇਵੇਗਾ ? ਲੱਖਾਂ ਵਿਅਕਤੀ ਅੱਜ ਭਾਰਤੀ ਜੇਲ੍ਹਾਂ 'ਚ ਸੜ ਰਹੇ ਹਨ। ਬਿਨ੍ਹਾਂ ਸਜ਼ਾ ਤੋਂ ਸਜ਼ਾ ਭੁਗਤ ਰਹੇ ਹਨ।

ਦਿੱਲੀ ਆਬਕਾਰੀ ਮਾਮਲੇ ਵਿੱਚ ਸਤੇਂਦਰ ਜੈਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਹਨ। ਜਮਾਨਤ ਦੀ ਉਡੀਕ ਕਰ ਰਹੇ ਹਨ। ਸੰਸਦ ਮੈਂਬਰ ਸੰਜੇ ਸਿੰਘ ਵੀ ਜ਼ੇਲ੍ਹ 'ਚ ਡੱਕੇ ਗਏ। ਭਾਰਤੀ ਸੈਨਾ ਦੀ ਜ਼ਮੀਨ ਘੁਟਾਲੇ 'ਚ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਵੀ ਪੰਜ ਮਹੀਨੇ ਜੇਲ੍ਹ 'ਚ ਧੱਕਿਆ, ਰੱਖਿਆ ਗਿਆ। ਹੁਣ ਉਹ ਜਮਾਨਤ 'ਤੇ ਹੈ।

ਬੇਸ਼ਕ ਜਮਾਨਤ ਦੇਣ ਦਾ ਭਾਵ ਇਹ ਨਹੀਂ ਕਿ ਵਿਅਕਤੀ ਦੋਸ਼ ਮੁਕਤ ਹੋ ਗਿਆ ਹੈ। ਪਰ ਬਿਨ੍ਹਾਂ ਕਾਰਨ ਜੇਲ੍ਹ 'ਚ ਕਿਸੇ ਨੂੰ ਵੀ ਬੰਦ ਰੱਖਣਾ ਕਤੱਈ ਵੀ ਜਾਇਜ਼ ਨਹੀਂ, ਸਿਰਫ਼ ਇਸ ਸ਼ੱਕ ਦੀ ਵਜਹ ਕਾਰਨ ਕਿ ਇਸ ਨੇ ਦੋਸ਼ ਕੀਤਾ ਹੈ। ਇਸ ਤਰ੍ਹਾਂ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਬੰਦ ਰੱਖਣਾ ਜੇਲ੍ਹ ਸਜ਼ਾ ਦੇਣ ਦੇ ਤੁਲ ਹੈ। ਕੀ ਇਸ ਨੂੰ ਜਾਇਜ਼ ਮੰਨਿਆ ਜਾਏਗਾ ?
ਇਸ ਸਬੰਧ ਵਿੱਚ ਸੂਬਿਆਂ ਦੀ ਪੁਲਿਸ, ਵਿਜੀਲੈਂਸ, ਕੇਂਦਰ ਦੀਆਂ ਏਜੰਸੀਆਂ ਈ.ਡੀ., ਸੀ.ਬੀ.ਆਈ., ਆਮਦਨ ਕਰ ਵਿਭਾਗ ਆਦਿ ਬਿਨ੍ਹਾਂ ਵਜਹ ਲੋਕਾਂ ਨੂੰ ਜੇਲ੍ਹੀਂ ਡੱਕਣ ਦੇ ਜ਼ੁੰਮੇਵਾਰ ਤਾਂ ਗਿਣੇ ਹੀ ਜਾਂਦੇ ਹਨ, ਪਰ ਅਦਾਲਤਾਂ ਵੀ ਜ਼ੁੰਮੇਵਾਰ ਹਨ, ਕਿਉਂਕਿ ਅਦਾਲਤਾਂ 'ਚ ਕੇਸ ਲੰਮੇ ਸਮੇਂ ਤੋਂ ਅਟਕੇ ਰਹਿੰਦੇ ਹਨ।

✫ ਪੇਸ਼ੀ-ਦਰ-ਪੇਸ਼ੀ ਹੋਈ ਜਾਂਦੀ ਹੈ। ਕਦੇ ਕਾਗਜ਼ ਪੂਰੇ ਨਹੀਂ ਹੁੰਦੇ। ਦੋਸ਼ ਘੜੇ ਨਹੀਂ ਜਾਂਦੇ। ਗਵਾਹ ਪੂਰੇ ਨਹੀਂ ਹੁੰਦੇ। ਫਿਰ ਗਵਾਹ ਮੁੱਕਰ ਜਾਂਦੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਵਿਅਕਤੀ ਨੂੰ ਜੇਲ੍ਹਾਂ 'ਚ ਡੱਕੀ ਰੱਖਣ ਦਾ ਕਾਰਨ ਬਣਦਾ ਜਾਂਦਾ ਹੈ। ਜਿਥੇ ਇਹ ਹਾਕਮਾਂ ਲਈ ਆਪਣੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦਾ ਹਥਿਆਰ ਹੈ, ਉਥੇ ਪਿੰਡਾਂ, ਸ਼ਹਿਰਾਂ 'ਚ ਆਪਣੇ ਵਿਰੋਧੀਆਂ ਨੂੰ ਪੈਸੇ ਦੇ ਜ਼ੋਰ 'ਤੇ ਪ੍ਰੇਸ਼ਾਨ ਕਰਨ ਦਾ ਹਥਿਆਰ ਵੀ ਬਣਿਆ ਹੋਇਆ ਹੈ।

2023 ਦੇ ਅੰਕੜਿਆਂ ਅਨੁਸਾਰ 5,73,000 ਲੋਕ, ਭਾਰਤੀ ਜੇਲ੍ਹਾਂ ਵਿੱਚ ਹਨ। 2022 ਦੇ ਅੰਕੜੇ ਦੱਸਦੇ ਹਨ ਕਿ ਇਹਨਾ ਵਿਚੋਂ 75 ਫ਼ੀਸਦੀ ਤੋਂ ਵੱਧ ਲੋਕ ਕੇਸ ਭੁਗਤ ਰਹੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਵੱਖ-ਵੱਖ ਜੇਲ੍ਹਾਂ ਵਿੱਚ ਵੱਖੋ-ਵੱਖਰੇ ਸੂਬਿਆਂ 'ਚ 5 ਸਾਲ ਤੋਂ ਵੱਧ ਸਮੇਂ ਤੋਂ 11,448 ਲੋਕ ਜੇਲ੍ਹਾਂ 'ਚ ਬੰਦ ਹਨ, ਜਿਹਨਾ ਦੇ ਕੇਸ ਲਟਕੇ ਹੋਏ ਹਨ ਜਾਂ ਜਿਹਨਾ 'ਤੇ ਦੋਸ਼ ਪੱਤਰ ਹੀ ਜਾਰੀ ਨਹੀਂ ਹੋਏ। 3 ਤੋਂ 5 ਸਾਲ ਤੋਂ ਜੇਲ੍ਹਾਂ 'ਚ ਬੰਦ ਇਹੋ ਜਿਹੇ ਵਿਅਕਤੀਆਂ ਦੀ ਗਿਣਤੀ 25,869 ਹੈ ਅਤੇ 2 ਤੋਂ 3 ਸਾਲ ਦੇ ਸਮੇਂ ਤੱਕ 33,980 ਅਤੇ 1 ਤੋਂ 2 ਸਾਲ ਦੇ ਸਮੇਂ ਤੱਕ 63502 ਵਿਅਕਤੀ ਜੇਲ੍ਹਾਂ 'ਚ ਬੰਦ ਹਨ। ਇਹ ਜੇਲ੍ਹਾਂ 'ਚ ਬੰਦ ਲੋਕ ਸਜ਼ਾ ਵਾਲੇ ਕੈਦੀ ਨਹੀਂ। ਸਿਰਫ਼ ਜੇਲ੍ਹਾਂ 'ਚ ਬੈਠਾਏ ਹੋਏ ਉਹ ਲੋਕ ਹਨ, ਜਿਹਨਾ ਦੇ ਕੇਸ ਅਦਾਲਤਾਂ 'ਚ ਲਟਕੇ ਹੋਏ ਹਨ।

ਜੂਨ 2024 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਕੇਸ ਲਟਕੇ ਹੋਏ ਹਨ ਅਤੇ ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੈ ਕਿ ਅਠਾਰਾਂ ਲੱਖ ਕੇਸ ਭਾਰਤੀ ਅਦਾਲਤਾਂ ਫੌਜਦਾਰੀ, ਜ਼ਮੀਨੀ ਆਦਿ ਕੇਸ ਪਿਛਲੇ 30 ਸਾਲਾਂ ਤੋਂ ਫ਼ੈਸਲਿਆਂ ਦੀ ਉਡੀਕ ਵਿੱਚ ਹਨ। 2018 ਦੇ ਨੀਤੀ ਆਯੋਗ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਡੀਆਂ ਅਦਾਲਤਾਂ 'ਚ ਜਿੰਨੇ ਕੇਸ ਲੰਬਿਤ ਪਏ ਹਨ, ਉਹਨਾ ਨੂੰ ਜੇਕਰ ਹੁਣ ਵੀ ਰਫ਼ਤਾਰ ਨਾਲ ਨਿਪਟਾਇਆ ਜਾਂਦਾ ਹੈ ਤਾਂ ਇਸ ਤੇ 324 ਸਾਲ ਲੱਗਣਗੇ। ਅਦਾਲਤਾਂ 'ਚ ਦੇਰੀ ਹੋਣ ਨਾਲ ਪੀੜਤ ਅਤੇ ਦੋਸ਼ੀ ਦੋਨੋਂ ਨਿਆਂ ਤੋਂ ਵਿਰਵੇ ਰਹਿੰਦੇ ਹਨ। ਅਪ੍ਰੈਲ 2022 ਵਿੱਚ ਬਿਹਾਰ ਰਾਜ ਦੀ ਇੱਕ ਅਦਾਲਤ ਨੇ 28 ਸਾਲ ਜੇਲ੍ਹ ਵਿੱਚ ਕੱਟਣ ਤੋਂ ਬਾਅਦ, ਸਬੂਤਾਂ ਦੇ ਨਾ ਮਿਲਣ ਕਾਰਨ ਇੱਕ ਦੋਸ਼ੀ ਨੂੰ ਬਰੀ ਕਰ ਦਿੱਤਾ। ਉਹ 28 ਸਾਲ ਦੀ ਉਮਰ 'ਚ ਜੇਲ੍ਹ ਗਿਆ ਤੇ ਬਰੀ ਹੋਣ ਵੇਲੇ ਉਸਦੀ ਉਮਰ 56 ਸਾਲ ਹੋ ਗਈ। 28 ਸਾਲ ਦਾ ਹਿਸਾਬ ਕੌਣ ਦੇਵੇਗਾ ?

ਇਹਨਾ ਅਦਾਲਤੀ ਕੇਸਾਂ ਵਿੱਚ ਉਹ ਫੌਜਦਾਰੀ ਕੇਸ ਵੀ ਸ਼ਾਮਲ ਹਨ, ਜਿਹੜੇ ਦੇਸ਼ ਦੇ ਕਾਨੂੰਨ ਘੜਿਆਂ ਭਾਵ ਮੈਂਬਰ ਪਾਰਲੀਮੈਂਟ, ਵਿਧਾਨ ਸਭਾਵਾਂ ਉਤੇ ਵੀ ਦਰਜ਼ ਹਨ, ਭਾਵੇਂ ਕਿ ਦੇਸ਼ ਦੀ ਸੁਪਰੀਮ ਕੋਰਟ ਇਹਨਾ ਕੇਸਾਂ ਦੇ ਨਿਪਟਾਰੇ ਲਈ ਕਈ ਵੇਰ ਹੇਠਲੀਆਂ ਅਦਾਲਤਾਂ ਨੂੰ ਆਦੇਸ਼ ਦੇ ਚੁੱਕੀ ਹੈ। ਉਹਨਾ ਵਿਚੋਂ ਬਹੁਤੇ ਜਮਾਨਤਾਂ 'ਤੇ ਹਨ।

ਜੇਲ੍ਹਾਂ ਵਿੱਚ ਬੰਦ ਸਿਆਸੀ ਨੇਤਾਵਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਦੇ ਕੇਸਾਂ ਦੇ ਨਿਪਟਾਰੇ ਕਰਨ ਲਈ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ। ਕਈ ਬੁੱਧੀਜੀਵੀਆਂ ਨੂੰ ਲੰਮਾਂ ਸਮਾਂ ਜੇਲ੍ਹ 'ਚ ਰੱਖਕੇ ਜਮਾਨਤਾਂ ਦਿੱਤੀਆਂ ਗਈਆਂ, ਕਈਆਂ ਤੇ ਝੂਠੇ ਕੇਸ ਪਾਏ ਗਏ। ਭਾਸ਼ਨਾਂ ਦੇ ਅਧਾਰ 'ਤੇ ਪ੍ਰਸਿੱਧ ਲੇਖਿਕਾ ਅਰੁਨਧਤੀ ਰਾਏ ਅਤੇ ਪ੍ਰੋ: ਸ਼ੇਖ ਸ਼ੌਕਤ ਹੁਸੈਨ ਖਿਲਾਫ਼ ਦਰਜ ਕੀਤੇ 2010 ਦੇ ਕੇਸ ਵਿੱਚ ਯੂ.ਏ.ਪੀ.ਏ. ਦੀਆਂ ਧਾਰਵਾਂ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਨਰਮਦਾ ਡੈਮ ਦੇ ਉਜਾੜੇ ਅਤੇ ਆਦਿਵਾਸੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਸਮਾਜਿਕ ਕਾਰਕੁਨ ਮੇਧਾ ਪਾਟੇਕਰ 'ਤੇ ਪਹਿਲੀ ਜੁਲਾਈ 2024 ਨੂੰ 23 ਸਾਲ ਪੁਰਾਣੀ ਸ਼ਿਕਾਇਤ ਨੂੰ ਅਧਾਰ ਬਣਾ ਕੇ ਕੋਈ ਸਬੂਤ ਪੇਸ਼ ਕੀਤੇ ਬਗੈਰ 5 ਮਹੀਨੇ ਸਜ਼ਾ ਤੇ 10 ਲੱਖ ਰੁਪਏ ਜ਼ੁਰਮਾਨਾ ਕਰਕੇ ਮਾਣਹਾਨੀ ਕੇਸ ਨੂੰ ਫੌਜ਼ਦਾਰੀ ਜ਼ੁਰਮ ਬਨਾਉਣ ਵੱਲ ਕਦਮ ਪੁੱਟ ਲਿਆ ਗਿਆ। ਇਸ ਕਿਸਮ ਦਾ ਵਰਤਾਰਾ ਸਿਆਸੀ ਵਿਰੋਧੀਆਂ, ਸਮਾਜਿਕ ਕਾਰਕੁੰਨਾਂ (ਜੋ ਹਾਕਮ ਧਿਰ ਦੀ ਭੈੜੀਆਂ ਨੀਤੀਆਂ ਦਾ ਪਾਜ ਉਭਾਰਦੇ ਹਨ), ਦੀ ਆਵਾਜ਼ ਬੰਦ ਕਰਨ ਲਈ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀ ਜੋ ਤਿੰਨ ਫੌਜਦਾਰੀ ਕਾਨੂੰਨ ਪਾਸ ਹੋਏ ਹਨ, ਉਹ ਦੇਸ਼ ਵਿੱਚ ਪਹਿਲੀ ਜੁਲਾਈ ਤੋਂ ਲਾਗੂ ਹੋਏ ਹਨ। ਇਹ ਨਵੇਂ ਫੌਜਦਾਰੀ ਕਾਨੂੰਨ ਇਨਸਾਫ ਦੇ ਪ੍ਰਬੰਧ ਵਿੱਚ ਪੁਲਿਸ ਦੇ ਅਧਿਕਾਰਾਂ ਵਿੱਚ ਅਥਾਹ ਵਾਧਾ ਕਰਦੇ ਹਨ। ਇਸ ਨਾਲ ਪੁਲਿਸ ਰਾਜ ਵਧੇਗਾ। ਪੁਲਿਸ ਰਾਹੀਂ ਹਾਕਮ 'ਦੇਸ਼ ਧ੍ਰੋਹ' ਦੇ ਮੁਕੱਦਮੇ ਦਰਜ਼ ਕਰਨਗੇ। ਕਿਸਾਨਾਂ ਮਜ਼ਦੂਰਾਂ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਵਲੋਂ ਹੜਤਾਲਾਂ, ਸੜਕਾਂ ਤੇ ਰੇਲਾਂ ਰੋਕਣੀਆਂ ਆਦਿ ਦੀਆਂ ਕਾਰਵਾਈਆਂ ਨੂੰ ਸਖਤੀ ਨਾਲ ਦਬਾਉਣ ਦੀ ਤਾਕਤ ਪੁਲਿਸ ਕੋਲ ਵਧੇਰੇ ਹੋ ਜਾਏਗੀ। ਵਧੇਰੇ ਲੋਕ ਜੇਲ੍ਹੀਂ ਡੱਕੇ ਜਾਣਗੇ। ਪੁਲਿਸ ਹਿਰਾਸਤ ਜਿਹੜੀ ਪਹਿਲਾਂ ਸਿਰਫ਼ 15 ਦਿਨ ਹੁੰਦੀ ਸੀ ਤੇ ਬਾਅਦ 'ਚ ਉਸਨੂੰ ਅਦਾਲਤੀ ਹਿਰਾਸਤ ਭੇਜਣ ਜਾਂ ਜਮਾਨਤ ਮਿਲਣ ਦਾ ਪ੍ਰਵਾਧਾਨ ਹੁੰਦਾ ਸੀ, ਉਹ ਸੱਤ ਸਾਲਾਂ ਦੀ ਸਜ਼ਾ ਵਾਲੇ ਜ਼ੁਰਮਾਂ ਵਿੱਚ 60 ਦਿਨ ਅਤੇ ਇਸ ਤੋਂ ਵੱਧ ਵਾਲੇ ਜ਼ੁਰਮਾਂ ਵਿੱਚ 90 ਦਿਨ ਤੱਕ ਵਧਾ ਦਿੱਤੀ ਗਈ। ਪੁਲਿਸ ਹਿਰਾਸਤ ਮਿਲਣ 'ਤੇ ਜਮਾਨਤ ਰੱਦ ਹੋਣਾ ਵੀ ਇਕ ਆਮ ਜਿਹੀ ਗੱਲ ਬਣ ਜਾਵੇਗੀ।

ਇਸ ਸਭ ਕੁਝ ਦਾ ਸਿੱਟਾ ਇਹ ਨਿਕਲੇਗਾ ਕਿ ਵਧੇਰੇ ਵਿਅਕਤੀ, ਬਿਨ੍ਹਾਂ ਸਜ਼ਾ ਤੋਂ ਜਮਾਨਤ ਦੇ ਸਮੇਂ 'ਚ ਬੇਲੋੜੀ ਸਜ਼ਾ ਭੁਗਤਣਗੇ ਅਤੇ ਸਿਆਸੀ ਸਾਜਿਸ਼ਾਂ ਦਾ ਸ਼ਿਕਾਰ ਹੋਕੇ ਰਹਿ ਜਾਣਗੇ। ਸਿੱਟੇ ਵਜੋਂ ਲੋਕਾਂ 'ਚ ਰੋਹ ਪੈਦਾ ਹੋਏਗਾ। ਸਿਆਸੀ ਸ਼ਰੀਕੇਵਾਜੀ ਵਧੇਗੀ।

ਭਾਰਤੀ ਇਨਸਾਫ਼ ਦਾ ਸਿਸਟਮ ਸਿਆਸੀ ਲੋਕਾਂ ਦੀ ਖੁਦਗਰਜ਼ੀ ਨਾਲ ਚਰਮਰਾ ਗਿਆ ਹੈ। ਇਹ ਕੁਦਰਤੀ ਇਨਸਾਫ ਦੇ ਮਾਪਦੰਡਾਂ ਤੋਂ ਦੂਰ ਚਲੇ ਗਿਆ ਹੈ। ਜਮਹੂਰੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗਕੇ ਹਕੂਮਤ ਕਰਨ ਦੀ ਪ੍ਰਵਿਰਤੀ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵੱਲ ਕਦਮ ਵਧਾਏ ਹਨ। ਲੋਕਾਂ ਦੀਆਂ ਆਸਥਾਵਾਂ ਜਾਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜਦੋਂ ਹਾਕਮ ਪ੍ਰਗਟਾਵੇ ਦੀ ਆਜ਼ਾਦੀ ਉਤੇ ਸੱਟ ਮਾਰਦਾ ਹੈ ਤਾਂ ਉਹ ਪਹਿਲਾਂ ਲੇਖਕਾਂ, ਬੁੱਧੀਜੀਵੀਆਂ ਅਤੇ ਫਿਰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਸਥਾਪਤੀ ਦੇ ਹਰ ਤਰ੍ਹਾਂ ਦੇ ਵਿਰੋਧ ਦੀ ਨੀਤੀ, ਹਾਕਮ ਧਿਰ ਦੀਆਂ ਡਿਕਟੇਟਰਾਨਾ ਰੁਚੀਆਂ ਦੀ ਪ੍ਰਤੀਕ ਬਣਦੀ ਹੈ। ਤਦੇ ਲੋਕ ਉਸਦੇ ਤਸ਼ੱਦਦ, ਜ਼ੁਲਮ ਦਾ ਸ਼ਿਕਾਰ ਬਣਦੇ ਹਨ, ਜੇਲ੍ਹੀਂ ਡੱਕੇ ਜਾਂਦੇ ਹਨ। ਪੁਲਿਸ ਪ੍ਰਸ਼ਾਸ਼ਨ ਦੇ ਧੱਕੇ ਦਾ ਸ਼ਿਕਾਰ ਹੁੰਦੇ ਹਨ।
ਇਨਸਾਫ ਦਾ ਤਕਾਜ਼ਾ ਹੈ ਕਿ ਹਰ ਸ਼ਹਿਰੀ ਨੂੰ ਇਨਸਾਫ਼ ਮਿਲੇ। ਦੋਸ਼ੀ ਨੂੰ ਸਜ਼ਾ ਮਿਲੇ। ਬੇਦੋਸ਼ੇ ਬਿਨ੍ਹਾਂ ਵਜਹ ਜੇਲ੍ਹੀਂ ਨਾ ਡੱਕੇ ਜਾਣ।

-ਗੁਰਮੀਤ ਸਿੰਘ ਪਲਾਹੀ

– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ :07417443300



# 16 ਅਗਸਤ ਨੂੰ 256ਵੇਂ ਜਨਮ ਦਿਨ 'ਤੇ ਵਿਸ਼ੇਸ਼
# ਇਲਾਹੀ ਸੰਦੇਸ਼ ਦੇ ਸੋਮੇ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲੇ

ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਮਹਾਨ ਤਪੱਸਵੀ, ਪਰਮ ਕ੍ਰਿਪਾਲੂ, ਅਥਾਹ ਗੁਣਾਂ ਦੇ ਸਾਗਰ ਮਧਰ ਬੈਨ ਦੇ ਧਨੀ, ਸਾਂਝੀਵਾਲਤਾ ਦੇ ਪ੍ਰਤੀਕ, ਇਬਾਦਤ ਅਤੇ ਇਲਾਹੀ ਸੰਦੇਸ਼ ਦੇ ਮੁਜੱਸਮਾ, ਬਹੁਪੱਖੀ ਪ੍ਰਤਿਭਾ ਦੇ ਮਾਲਕ, ਨਾਮ ਬਾਣੀ ਦੇ ਰਸੀਏ, ਕਹਿਣੀ ਅਤੇ ਕਰਣੀ ਦੇ ਸੂਰੇ, ਸੱਚ ਹੱਕ ਦੇ ਪਹਿਰੇਦਾਰ, ਨਿਧੱੜਕ ਸੂਰਬੀਰ ਅਤੇ ਰੂਹਾਨੀ ਸ਼ਖ਼ਸੀਅਤ ਦੇ ਮਾਲਕ ਹੋਏ ਹਨ। ਆਪ ਜੀ ਦਾ ਜਨਮ ਪਿਤਾ ਸ਼ਹੀਦ ਭਾਈ ਸੇਵਾ ਸਿੰਘ ਦੇ ਘਰ ਮਾਤਾ ਧਰਮ ਕੌਰ ਜੀ ਦੀ ਕੁੱਖੋਂ 26 ਜੁਲਾਈ, 1768 ਈਸਵੀ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਇਤਿਹਾਸਕ ਨਗਰ ਗੱਗੋਬੂਹਾ ਵਿਖੇ ਹੋਇਆ। ਮੁੱਢਲੀ ਵਿੱਦਿਆ ਗੁਰਮਤਿ ਦੀ ਆਪ ਨੇ ਬਾਬਾ ਖੁਸ਼ਾਲ ਸਿੰਘ ਅਤੇ ਭਾਈ ਗੁਰਮੁੱਖ ਸਿੰਘ ਤੋਂ ਪ੍ਰਾਪਤ ਕੀਤੀ। ਆਪ ਦੇ ਪਿਤਾ ਸੇਵਾ ਸਿੰਘ ਅੰਮ੍ਰਿਤਧਾਰੀ, ਭਾਉ ਭਗਤੀ ਵਾਲੇ ਅਤੇ ਨਿਤਨੇਮ ਤੇ ਮਿੱਠ ਬੋਲੜੇ ਸੁਭਾਅ ਵਾਲੇ ਸਨ। ਆਪ ਦੇ ਪਿਤਾ ਸ: ਨਿਹਾਲ ਸਿੰਘ ਅਟਾਰੀ ਵਾਲੇ ਦੀ ਸਿੱਖ ਫੌਜ ਵਿੱਚ 15 ਨਵੰਬਰ 1778 ਤੋਂ ਭਰਤੀ ਹੋ ਕੇ ਨੌਕਰੀ ਕਰਦੇ 21 ਜਨਵਰੀ 1828 ਈਸਵੀ ਨੂੰ ਮੁਲਤਾਨ ਦੀ ਜੰਗ ਵਿੱਚ ਸ਼ਹੀਦ ਹੋ ਗਏ ਸਨ। ਬਾਬਾ ਬੀਰ ਸਿੰਘ ਆਪਣੀ ਮਾਤਾ ਦਾ ਬਹੁਤ ਸਤਿਕਾਰ ਕਰਦੇ ਸਨ। ਸਿੱਖ ਇਤਿਹਾਸਕਾਰ ਦੀਆਂ ਸਰੋਤਾਂ ਅਨੁਸਾਰ ਮਹਾਨ ਸਿੱਖ ਜਰਨੈਲ ਸ੍ਰ: ਨਿਹਾਲ ਸਿੰਘ ਅਟਾਰੀ ਵਾਲਿਆਂ ਪਾਸ ਬਾਬਾ ਜੀ ਜਾ ਕੇ 18 ਅਪ੍ਰੈਲ 1785 ਨੂੰ ਭਰਤੀ ਹੋ ਗਏ। ਆਪ ਨੇ 1789 ਈ: ਤੱਕ ਫੌਜ ਦੀ ਨੌਕਰੀ ਕੀਤੀ। ਆਪ ਬੜੇ ਦਲੇਰ ਤੇ ਨਿਧੱੜਕ ਇਨਸਾਨ ਸਨ। ਇਕ ਵਾਰ ਜਦੋਂ ਆਪ ਆਪਣੇ ਪਿੰਡ ਛੁੱਟੀ ਆਏ ਤਾਂ ਉਨ੍ਹਾਂ ਦਿਨਾਂ ਵਿੱਚ ਪਿੰਡ ਵਿੱਚ ਡਾਕਾ ਪੈ ਗਿਆ, ਬਾਬਾ ਜੀ ਨੇ ਬੜੀ ਦਲੇਰੀ ਤੇ ਬਹਾਦਰੀ ਨਾਲ ਉਨ੍ਹਾਂ ਡਾਕੂਆਂ ਦਾ ਮੁਕਾਬਲਾ ਕੀਤਾ। ਇਸ ਬਹਾਦਰੀ ਦੀ ਸੋਭਾ ਮਹਾਰਾਜਾ ਰਣਜੀਤ ਸਿੰਘ ਤੱਕ ਪਹੁੰਚ ਗਈ। ਮਹਾਰਾਜ ਨੇ ਆਪ ਜੀ ਨੂੰ ਆਪਣੇ ਪਾਸ ਬੁਲਾ ਕੇ ਬਹੁਤ ਮਾਣ ਤੇ ਸਤਿਕਾਰ ਵਜੋਂ ਇਨਾਮ ਦਿੱਤਾ। ਅਖੀਰ 1789 ਈ: ਨੂੰ ਫੌਜ ਵਿੱਚੋਂ ਨਾਮ ਕਟਾ ਕੇ, ਬਾਬਾ ਸਾਹਿਬ ਸਿੰਘ ਬੇਦੀ ਊਨਾ ਵਾਲਿਆਂ ਤੋਂ ਵਰੋਸਾਏ ਬਾਬਾ ਭਾਗ ਸਿੰਘ ਜੀ ਕੁਰ੍ਹੀ ਵਾਲਿਆਂ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਫਿਰ ਕੁਝ ਸਮਾਂ 1792 ਤੱਕ ਊਨਾ ਵਿਖੇ ਡੇਰੇ ਸੇਵਾ ਕਰਦੇ ਰਹੇ। ਊਨਾ ਸਾਹਿਬ ਜੀ ਤੋਂ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਆਗਿਆ ਪਾ ਕੇ ਤਰਨਤਾਰਨ ਸਾਹਿਬ ਜੀ ਦੇ ਨਜ਼ਦੀਕ 4 ਕਿਲੋਮੀਟਰ ਦੂਰੀ 'ਤੇ ਨੌਰੰਗਾਬਾਦ ਨੂੰ ਆਪ ਜੀ ਨੇ 10 ਅਕਤੂਬਰ 1805 ਈਸਵੀ ਨੂੰ ਧਰਮ ਪ੍ਰਚਾਰ ਲਈ ਪਾਵਨ ਅਸਥਾਨ ਦੀ ਨੀਂਹ ਰੱਖ ਕੇ ਇਸ ਦੀ ਆਪ ਨੇ ਸੰਗਤਾਂ ਦੇ ਸਹਿਯੋਗ ਨਾਲ ਉਸਾਰੀ ਕਰਵਾਈ। ਇਥੇ ਰਹਿੰਦਿਆਂ ਹੀ ਮਾਰਚ ਸੰਨ 1833 ਵਿੱਚ ਹੈਜ਼ੇ ਦੀ ਭਿਆਨਕ ਬਿਮਾਰੀ ਫੈਲ ਗਈ। ਬਾਬਾ ਜੀ ਨੇ ਆਪਣੇ ਸੇਵਕਾਂ ਨਾਲ ਪਿੰਡ-ਪਿੰਡ ਜਾ ਕੇ ਇਸ ਬਿਮਾਰੀ ਤੋਂ ਛੁਟਕਾਰਾ ਦਿਵਾਇਆ। ਸੰਨ 1834 ਨੂੰ ਬਾਬਾ ਸਾਹਿਬ ਸਿੰਘ ਬੇਦੀ ਰੱਬ ਨੂੰ ਪਿਆਰੇ ਹੋ ਗਏ। ਇਥੇ ਹੀ ਬੱਸ ਨਹੀਂ, ਮਹਾਰਾਜਾ ਰਣਜੀਤ ਸਿੰਘ ਲਾਹੌਰ ਵਿਖੇ ਕੁਝ ਸਮਾਂ ਬੀਮਾਰ ਰਹਿ ਕੇ 15 ਹਾੜ 1806 ਬਿਕਰਮੀ 27 ਜੂਨ 1839 ਨੂੰ ਅਕਾਲ ਚਲਾਣਾ ਕਰ ਗਏ। ਬਾਬਾ ਜੀ ਨੇ ਇਨ੍ਹਾਂ ਮਹਾਨ ਜਰਨੈਲਾਂ ਦਾ ਸੰਸਾਰ ਤੋਂ ਚਲੇ ਜਾਣ ਦਾ ਬਹੁਤ ਹੀ ਦੁੱਖ ਮਨਾਇਆ। ਇਸ ਤੋਂ ਪਹਿਲਾਂ ਬਾਬਾ ਬੀਰ ਸਿੰਘ ਦੀ ਮਹਿਮਾ ਸੁਣ ਕੇ ਮਹਾਰਾਜਾ ਆਪ ਕਈ ਵੇਰ ਨੌਰੰਗਾਬਾਦ ਦਰਸ਼ਨਾਂ ਨੂੰ ਆਏ। ਜਦੋਂ ਮਹਾਰਾਜ ਨੇ ਲੰਗਰ ਵਾਸਤੇ ਮਾਇਆ ਆਦਿ ਦੇਣੀ ਚਾਹੀ ਤਾਂ ਬਾਬਾ ਜੀ ਨੇ ਕਿਹਾ ਕਿ ਇਹ ਗੁਰੂ ਕਾ ਲੰਗਰ ਸੰਗਤ ਦੀ ਮਾਇਆ ਨਾਲ ਹੀ ਚੱਲਦਾ ਹੈ। ਸਿੱਖ ਵਿਦਵਾਨ ਸ: ਭਗਵਾਨ ਸਿੰਘ ਜੀ ਜੌਹਲ ਦੇ ਦੱਸਣ ਅਨੁਸਾਰ ਬਾਬਾ ਬੀਰ ਸਿੰਘ ਵੱਲੋਂ ਲੰਗਰ ਵਿੱਚ ਰੋਜ਼ਾਨਾ ਸਤ ਸੌ ਮਣ ਆਟਾ, ਢਾਈ ਸੌ ਮਣ ਦਾਲ ਬਣਦੀ ਸੀ ਤੇ ਰੋਜ਼ਾਨਾ ਹੀ ਲੰਗਰ ਵਿੱਚ ਵੀਹ-ਵੀਹ ਹਜ਼ਾਰ ਆਦਮੀ ਪ੍ਰਸ਼ਾਦਿ ਛੱਕਦੇ ਸਨ ਅਤੇ ਸਵਾ ਮਣ ਕੱਚਾ ਲੂਣ ਰੋਜ਼ਾਨਾ ਦਾਲ ਸਬਜ਼ੀ ਵਿੱਚ ਪੈਂਦਾ ਸੀ। ਲਾਹੌਰ ਤੋਂ ਡੋਗਰਾ ਹੀਰਾ ਸਿੰਘ ਵੱਲੋਂ ਭੇਜੀ ਫੌਜ ਨੇ ਪਹਿਲਾਂ ਨੌਰੰਗਾਬਾਦ ਡੇਰੇ 'ਤੇ ਹਮਲਾ ਕਰ ਦਿੱਤਾ, ਫਿਰ ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਲਾਹੌਰ ਦਰਬਾਰ ਵੱਲੋਂ ਬਾਬਾ ਜੀ ਦੇ ਡੇਰੇ ਸਤਿਲੁਜੋਂ ਉਧਰ ਮੁਠਿਆਂ ਵਾਲੇ ਪਾਸੇ ਹਜ਼ਾਰਾਂ ਸੰਗਤਾਂ ਵਿੱਚ ਬਾਬਾ ਜੀ ਡੇਰੇ ਲਾਈ ਬੈਠੇ ਸਨ, ਲਾਭ ਸਿੰਘ ਡੋਗਰੇ ਦੀ ਫੌਜ ਨੇ ਤੋਪਾਂ ਦੇ ਗੋਲੇ ਤੇ ਗੋਲੀਆਂ ਦਾ ਮੀਂਹ ਵਰਸਾ ਦਿੱਤਾ, ਬਾਬਾ ਜੀ ਦੇ 10 ਹਜ਼ਾਰ ਸੇਵਕ ਸ਼ਹੀਦ ਹੋ ਗਏ। ਇਤਿਹਾਸਕਾਰ ਪੰਡਤ ਸ਼ੇਰ ਸਿੰਘ ਬੀਰ ਮ੍ਰਿਗੇਸ ਲਿਖਦਾ ਹੈ ਕਿ ਬਾਬਾ ਜੀ ਦੇ ਪਹਿਲਾਂ ਇਕ ਗੋਲਾ ਲੱਤ 'ਤੇ ਵੱਜਾ ਤੇ ਫਿਰ ਉਨ੍ਹਾਂ ਦੇ ਸਰੀਰ ਵਿੱਚ 18 ਗੋਲੀਆਂ ਮਾਰੀਆਂ ਤੇ ਬਾਬਾ ਬੀਰ ਸਿੰਘ ਜੀ ਨੂੰ ਵੀ ਡੋਗਰੇ ਪਾਪੀਆਂ ਤੇ ਵੈਰੀਆਂ ਨੇ ਸ਼ਹੀਦ ਕਰ ਦਿੱਤਾ। ਬਾਬਾ ਜੀ ਨੇ ਜਿਉਂਦੇ ਹੁੰਦੇ ਬਾਬਾ ਮਹਾਰਾਜ ਸਿੰਘ ਜੀ ਨੂੰ ਆਪਣੀ ਜਗ੍ਹਾ ਗੱਦੀਨਸ਼ੀਨ ਕਰ ਦਿੱਤਾ ਸੀ। ਡੇਰੇ ਵਿੱਚ ਬਾਬਾ ਖ਼ੁਦਾ ਸਿੰਘ ਨੇ ਵੀ ਬਹੁਤ ਸੇਵਾ ਕਮਾਈ। ਬਾਬਾ ਜੀ ਦੀ ਅਦੁੱਤੀ ਸ਼ਹੀਦੀ 27 ਵੈਸਾਖ 1801 ਬਿ: ਮੁਤਾਬਿਕ 7 ਮਈ 1844 ਈ: ਨੂੰ ਹੋਈ। ਬਾਬਾ ਜੀ ਨੇ ਆਪਣੇ ਉਪਰ ਆਈ ਫੌਜ ਨੂੰ ਵੀ ਆਪਣੇ ਹੀ ਭਰਾ ਮੰਨਿਆ ਸੀ। ਸਤਿਗੁਰ ਜੀ ਦੇ ਬਚਨਾਂ ਅਨੁਸਾਰ ਨ ਕੋ ਬੈਰੀ ਨਹੀਂ ਬਿਗਾਨਾ ਨੂੰ ਮੁੱਖ ਰੱਖਦਿਆਂ ਵਾਹਿਗੁਰੂ ਦੇ ਭਾਣੇ ਵਿੱਚ ਸ਼ਹੀਦੀ ਦੇ ਕੇ ਸਿੱਖ ਕੌਮ ਵਿੱਚ ਨਵਾਂ ਇਤਿਹਾਸ ਸਿਰਜਿਆ ਹੈ। ਆਪ ਜੀ



ਦੇ ਸੇਵਕ ਸੰਤ ਬਾਬਾ ਜਰਨੈਲ ਸਿੰਘ ਜੀ ਨਾਗੋਕੇ ਵਾਲਿਆਂ ਬਹੁਤ ਸਮਾਂ ਬਾਬਾ ਜੀ ਦੇ ਤੱਪ ਅਸਥਾਨ ਸੇਵਾ ਕੀਤੀ ਅਤੇ ਉਨ੍ਹਾਂ ਵੱਲੋਂ ਜਲੰਧਰ ਦੇ ਨੇੜੇ ਰੰਧਾਵਾ ਮਸੰਦਾ ਵਿਖੇ ਬਾਬਾ ਬੀਰ ਸਿੰਘ ਜੀ ਦੀ ਪਾਵਨ ਯਾਦ ਵਿੱਚ ਗੁਰਦੁਆਰੇ ਦਾ ਨਿਰਮਾਣ ਕਰਵਾਇਆ ਗਿਆ, ਜਿਥੇ ਕਿ ਪਰਉਪਕਾਰੀ ਸ਼ਖ਼ਸੀਅਤ ਸੰਤ ਸੁਖਦੀਪ ਸਿੰਘ ਜੀ, ਪਾਵਨ ਅਸਥਾਨ ਦੇ ਸੰਚਾਲਕ ਹਨ। ਆਪ ਜੀ ਬਹੁਤ ਹੀ ਹਰਮਨ ਪਿਆਰੇ ਅਤੇ ਮਿਲਣਸਾਰ ਗੁਰਮੁਖਿ ਸਾਧੂ ਸੁਭਾਅ ਦੇ ਮਾਲਕ ਹਨ। ਆਪ ਜੀ ਨੇ ਹਜ਼ਾਰਾਂ ਰੁਪਏ ਖਰਚ ਕਰਕੇ ਬਾਬਾ ਬੀਰ ਸਿੰਘ ਜੀ ਸ਼ਹੀਦ ਨੌਰੰਗਾਬਾਦੀ ਵਾਲਿਆਂ ਦਾ ਦਾਸ ਰਾਹੀਂ ਬਹੁਤ ਹੀ ਖੋਜ ਭਰਪੂਰ ਇਤਿਹਾਸਕ ਜੀਵਨੀ ਛਪਾ ਕੇ ਸੰਗਤਾਂ ਨੂੰ ਫ੍ਰੀ ਭੇਟ ਕੀਤੀ ਹੈ। ਬਾਬਾ ਬੀਰ ਸਿੰਘ ਜੀ ਦਾ ਪਾਵਨ ਜਨਮ ਅਤੇ ਸ਼ਹੀਦੀ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਵਿਸ਼ੇਸ਼ ਪੱਧਰ 'ਤੇ ਮਨਾਉਂਦੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਲਗਪਗ ਬਾਬਾ ਜੀ ਦੀ ਯਾਦ ਵਿੱਚ 146 ਗੁਰਦੁਆਰੇ ਸਥਾਪਤ ਹਨ, ਇਨ੍ਹਾਂ ਅਸਥਾਨਾਂ 'ਤੇ ਵੀ ਸੰਗਤਾਂ ਵੱਲੋਂ ਪਾਵਨ ਸ਼ਹੀਦੀ ਦਿਵਸ ਅਤੇ ਜਨਮ ਉਤਸਵ ਬਾਬਾ ਜੀ ਦਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਜਲੰਧਰ ਦੇ ਪ੍ਰੈਸ ਸਕੱਤਰ ਸ: ਪਰਮਜੀਤ ਸਿੰਘ ਨੰਦਾ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਮਹਾਨ ਯੋਧੇ ਸਿੱਖ ਕੌਮ ਦੇ ਨਿਧੱੜਕ ਸ਼ਹੀਦ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ ਵਾਲਿਆਂ ਦਾ 256ਵਾਂ ਜਨਮ ਦਿਹਾੜਾ ਬਾਬਾ ਸੁਖਦੀਪ ਸਿੰਘ ਜੀ ਦੀ ਅਗਵਾਈ ਵਿੱਚ 16 ਅਗਸਤ ਦਿਨ ਸ਼ੁੱਕਰਵਾਰ ਨੂੰ ਪਾਵਨ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ, ਪਿੰਡ ਰੰਧਾਵਾ ਮਸੰਦਾ (ਜਲੰਧਰ) ਵਿਖੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ।

## ਕੈਲੀਫੋਰਨੀਆ ਦੇ ਗਵਰਨਰ ਵੱਲੋਂ ਬੇਘਰਿਆਂ ਦੇ ਮਾਮਲੇ ਵਿਚ ਸਥਾਨਕ ਅਧਿਕਾਰੀਆਂ ਨੂੰ ਤਾੜਨਾ
## - ਕਿਹਾ ਸਰਕਾਰੀ ਥਾਵਾਂ ਤੋਂ ਬੇਘਰਿਆਂ ਨੂੰ ਹਟਾਓ ਜਾਂ ਫੰਡਾਂ ਵਿਚ ਕਟੌਤੀ ਲਈ ਤਿਆਰ ਰਹੋ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਸਥਾਨਕ ਅਧਿਕਾਰੀਆਂ ਨੂੰ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਸ਼ਹਿਰਾਂ ਤੇ ਕਾਊਂਟੀਆਂ ਤੋਂ ਆਉਣ ਵਾਲੇ ਪੈਸੇ ਬਾਰੇ ਦੁਬਾਰਾ ਆਦੇਸ਼ ਜਾਰੀ ਕਰਨ ਲਈ ਮਜਬੂਰ ਹੋਣਗੇ ਜੇਕਰ ਉਨਾਂ ਨੇ ਬੇਘਰਿਆਂ ਨੂੰ ਸਰਕਾਰੀ ਥਾਵਾਂ ਤੋਂ ਹਟਾਉਣ ਲਈ ਲੋੜੀਂਦੇ ਸਿੱਟੇ ਨਾ ਕੱਢੇ। ਇਸ ਦੇ ਨਾਲ ਹੀ ਗਵਰਨਰ ਨੇ ਕਿਹਾ ਹੈ ਕਿ ਬੇਘਰਿਆਂ ਨੂੰ ਹਟਾਉਣ ਲਈ ਮਾਨਵੀ ਤੇ ਗੌਰਵਮਈ ਪਹੁੰਚ ਅਪਣਾਈ ਜਾਵੇ। ਗਵਰਨਰ ਨੇ ਇਹ ਐਲਾਨ ਲਾਸ ਏਂਜਲਸ ਵਿਚ ਰਾਜ ਦੇ ਟਰਾਂਸਪੋਰਟੇਸ਼ਨ ਵਿਭਾਗ ਦੇ ਨਾਲ ਬਣੇ ਬੇਘਰਿਆਂ ਦੇ ਬਸੇਰੇ ਨੂੰ ਹਟਾਉਣ ਤੋਂ ਬਾਅਦ ਕੀਤਾ। ਗਵਰਨਰ ਨੇ ਪਿਛਲੇ ਮਹੀਨੇ ਜਾਰੀ ਕੀਤੇ ਇਕ ਆਦੇਸ਼ ਵਿਚ ਰਾਜ ਦੀਆਂ ਏਜੰਸੀਆਂ ਨੂੰ ਕਿਹਾ ਸੀ ਕਿ ਉਹ ਰਾਜ ਦੀਆਂ ਥਾਵਾਂ 'ਤੇ ਬਣੇ ਬੇਘਰਿਆਂ ਦੇ ਟਿਕਾਣਿਆਂ ਨੂੰ ਖਤਮ ਕਰਨ ਤੇ ਸਥਾਨਕ ਸਰਕਾਰਾਂ ਨੂੰ ਵੀ ਇਸੇ ਤਰਾਂ ਦੀਆਂ ਨੀਤੀਆਂ ਅਪਣਾਉਣ ਲਈ ਉਤਸ਼ਾਹਿਤ ਕਰਨ। ਰਾਜ ਦੇ ਡੈਮੋਕਰੈਟਿਕ ਗਵਰਨਰ ਦਾ ਉਕਤ ਆਦੇਸ਼ ਯੂ ਐਸ ਸੁਪਰੀਮ ਕੋਰਟ ਦੁਆਰਾ ਜੂਨ ਵਿਚ ਓਰੇਗੋਨ ਸ਼ਹਿਰ ਦੇ ਹੱਕ ਵਿਚ ਦਿੱਤੇ ਗਏ ਉਸ ਆਦੇਸ਼ ਤੋਂ ਬਾਅਦ ਆਇਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਬਾਹਰ ਨੀਲੇ ਅਸਮਾਨ ਹੇਠਾਂ ਸਾਉਣ ਵਾਲਿਆਂ ਨੂੰ ਜੁਰਮਾਨੇ ਲਾਏ ਜਾਣ। ਗਵਰਨਰ ਨੇ ਕੁਝ ਸਥਾਨਕ ਅਧਿਕਾਰੀਆਂ ਦੀ ਅਲੋਚਨਾ ਕਰਦਿਆਂ ਕਿਹਾ ਕਿ ਰਾਜ ਦੁਆਰਾ ਨਿਰੰਤਰ 'ਸਾਧਨ' ਮੁਹੱਈਆ ਕਰਵਾਉਣ ਦੇ ਬਾਵਜੂਦ ਉਨਾਂ ਬਹੁਤ ਕੁਝ ਨਹੀਂ ਕੀਤਾ। ਨਿਊਸੋਮ ਨੇ ਕਿਹਾ " ਹੁਣ ਹੋਰ ਮੁਆਫੀ ਨਹੀਂ, ਤੁਹਾਨੂੰ ਪੈਸੇ ਮਿਲੇ ਹਨ, ਤੁਹਾਨੂੰ ਲਚਕਤਾ ਮਿਲੀ ਹੈ, ਤੁਹਾਨੂੰ ਹਰੀ ਝੰਡੀ ਤੇ ਰਾਜ ਦਾ ਸਮਰਥਨ ਮਿਲਿਆ ਹੈ ਤੇ ਲੋਕ ਇਸ ਦਾ ਹਿਸਾਬ ਮੰਗਦੇ ਹਨ।" ਉਨਾਂ ਹੋਰ ਕਿਹਾ ਮੈ ਕਰੋੜਾਂ ਕੈਲੀਫੋਰਨੀਆ ਵਾਸੀਆਂ ਦੀ ਤਰਫੋਂ ਇਥੇ ਹਾਂ ਜੋ ਤੁਹਾਡੇ ਤੋਂ ਅੱਕ ਗਏ ਹਨ। ਮੈ ਨਤੀਜੇ ਵੇਖਣਾ ਚਹੁੰਦਾ ਹਾਂ। ਅਮਰੀਕਾ ਦੇ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਕਾਂਗਰਸ ਨੂੰ 2023 ਵਿਚ ਦਿੱਤੀ ਇਕ ਰਿਪੋਰਟ ਅਨੁਸਾਰ ਦੇਸ਼ ਭਰ ਵਿਚ ਰਹਿੰਦੇ 6,53,000 ਬੇਘਰਿਆਂ ਵਿਚੋਂ 1,80,000 ਕੈਲੀਫੋਰਨੀਆ ਜਿਸ ਨੂੰ ਗੋਲਡਨ ਸਟੇਟ ਕਿਹਾ ਜਾਂਦਾ ਹੈ, ਵਿਚ ਰਹਿੰਦੇ ਹਨ। ਇਥੇ ਇਹ ਵੀ ਜਿਕਰਯੋਗ ਹੈ ਕਿ ਕੁਝ ਮਿਊਂਸਪਲ ਕਮੇਟੀਆਂ ਨੇ ਬੇਘਰਿਆਂ ਨੂੰ ਜੇਲਾਂ ਵਿਚ ਬੰਦ ਕਰਨ ਦਾ ਵਿਰੋਧ ਕੀਤਾ ਹੈ। ਜੁਲਾਈ ਵਿਚ ਲਾਸ ਏਂਜਲਸ ਕਾਊਂਟੀ ਬੋਰਡ ਆਫ ਸੁਪਰਵਾਈਜ਼ਰ ਨੇ ਸਰਬਸੰਮਤੀ ਨਾਲ ਪਾਸ ਕੀਤੇ ਇਕ ਮਤੇ ਵਿਚ ਕਿਹਾ ਹੈ ਕਿ ਉਨਾਂ ਦੀਆਂ ਜੇਲਾਂ ਨੂੰ ਬੇਘਰਿਆਂ ਨੂੰ ਰਖਣ ਵਾਸਤੇ ਨਹੀਂ ਵਰਤੀਆਂ ਜਾਣਗੀਆਂ। ਕਾਊਂਟੀ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਮਤਾ ਪਹਿਲਾਂ ਹੀ ਲਾਗੂ ਹੋ ਚੁੱਕਾ ਹੈ।

# ਖੋਜੀ ਇਤਿਹਾਸਕਾਰ - ਪ੍ਰਿੰਸੀਪਲ ਸਤਿਬੀਰ ਸਿੰਘ ਨੂੰ ਯਾਦ ਕਰਦਿਆਂ

18 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼




- ਲੇਖਕ -
ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਬੀਤੀ ਸਦੀ ਦੇ ਦੂਜੇ ਅੱਧ ਵਿੱਚ ਸਿੱਖ ਵਿਦਵਾਨ ਅਤੇ ਸਿੱਖ ਇਤਿਹਾਸ ਦੀ ਰਚਨਾ ਲਈ ਇਕ ਖੋਜੀ ਵਿਦਵਾਨ ਵਜੋਂ ਆਪਣੀ ਪਛਾਣ ਬਨਾਉਣ ਲਈ ਜਾਣੇ ਜਾਂਦੇ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰਮਤਿ ਸਾਹਿਤ ਦੇ ਖੇਤਰ ਵਿੱਚ ਜਿਹੜਾ ਮਾਣ-ਮੱਤਾ ਕਾਰਜ ਕੀਤਾ, ਉਸ ਨੂੰ ਕਦਾਚਿਤ ਵੀ ਭੁਲਾਇਆ ਨਹੀਂ ਜਾ ਸਕਦਾ। ਧਰਮ ਦੇ ਖੇਤਰ ਵਿੱਚ ਇਕ ਸ਼ਰਧਾਲੂ ਸਿੱਖ ਵਜੋਂ ਪ੍ਰਿੰਸੀਪਲ ਸਤਿਬੀਰ ਸਿੰਘ ਦੀ ਇਤਿਹਾਸਕ ਖੋਜ ਲਈ ਜਿਹੜੀ ਮਾਣ-ਵਡਿਆਈ ਮਿਲੀ, ਇਹ ਗੁਣ ਅਜੋਕੇ ਇਤਿਹਾਸਕਾਰਾਂ ਵਿੱਚੋਂ ਕਿਸੇ ਵਿਰਲੇ ਕੋਲ ਹੀ ਹੋਵੇਗਾ। ਅਸਲ ਵਿੱਚ ਉਨ੍ਹਾਂ ਇਕ ਸ਼ਰਧਾਵਾਨ ਸਿੱਖ ਵਜੋਂ ਸਿੱਖ ਇਤਿਹਾਸ ਨੂੰ ਵਾਚਿਆ, ਜਦੋਂ ਉਨ੍ਹਾਂ ਇਤਿਹਾਸ ਨੂੰ ਲਿਖਣ ਲਈ ਕਲਮ ਚੁੱਕੀ ਤਾਂ ਉਨ੍ਹਾਂ ਦੀ ਲੇਖਣੀ ਵਿੱਚੋਂ ਵੀ ਇਸ ਗੁਣ ਦੀ ਪ੍ਰਤੱਖ ਝਲਕ ਨਜ਼ਰ ਆਉਂਦੀ ਹੈ। ਸ਼ਾਇਦ ਇਸੇ ਕਰਕੇ ਪੰਥ ਰਤਨ ਸਚਖੰਡਵਾਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਿੰਸੀਪਲ ਸਾਹਿਬ ਨੂੰ ਅਥਾਹ ਪਿਆਰ ਕਰਦੇ ਸਨ। ਜਦੋਂ ਪ੍ਰਿੰਸੀਪਲ ਸਾਹਿਬ ਨੇ ਵੱਖ-ਵੱਖ ਸਿਰਲੇਖਾਂ ਅਧੀਨ ਦੱਸ ਪੁਸਤਕਾਂ, ਦੱਸ ਗੁਰੂ ਸਾਹਿਬਾਨਾਂ ਦੀ ਜੀਵਨ ਯਾਤਰਾ ਸਬੰਧੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਹਰਿ ਕੀ ਪੌੜੀ ਤੋਂ ਸਿੱਖ ਜਗਤ ਲਈ ਜਾਰੀ ਕੀਤੀਆਂ ਤਾਂ ਉਨ੍ਹਾਂ ਦੇ ਇਸ ਵਿਲੱਖਣ ਕਾਰਜ ਦੀ ਹਰ ਵਿਚਾਰਵਾਨ ਸਿੱਖ ਨੇ ਭਰਪੂਰ ਪ੍ਰਸ਼ੰਸਾ ਕੀਤੀ।

ਇਸ ਆਧੁਨਿਕ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਦਾ ਜਨਮ ਪਹਿਲੀ ਮਾਰਚ, 1932 ਈ: ਨੂੰ ਭਾਈ ਹਰਨਾਮ ਸਿੰਘ ਦੇ ਘਰ ਬੀਬੀ ਰਣਜੀਤ ਕੌਰ ਦੀ ਕੁੱਖ ਤੋਂ ਜ਼ਿਲ੍ਹਾ ਜਿਹਲਮ (ਪੱਛਮੀ ਪੰਜਾਬ) ਪਾਕਿਸਤਾਨ ਵਿਖੇ ਹੋਇਆ। ਦੇਸ਼ ਦੇ ਬਟਵਾਰੇ ਤੋਂ ਪਿੱਛੋਂ ਉਨ੍ਹਾਂ ਦਾ ਪਰਿਵਾਰ ਕਾਨਪੁਰ (ਉੱਤਰ ਪ੍ਰਦੇਸ਼) ਵਿੱਚ ਆ ਵਸਿਆ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਤੋਂ ਐਮ.ਏ. (ਹਿਸਟਰੀ) ਕਰਕੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਬਤੌਰ ਲੈਕਚਰਾਰ ਨਿਯੁਕਤੀ ਪ੍ਰਾਪਤ ਕੀਤੀ। ਉਨ੍ਹਾਂ ਦੀ ਰੁਚੀ ਗੁਰਮਤਿ ਸਾਹਿਤ ਅਤੇ ਸਿੱਖ ਇਤਿਹਾਸ ਦੀ ਪੇਸ਼ਕਾਰੀ ਨੂੰ ਨਿਵੇਕਲੇ ਪ੍ਰੀਪੇਖ ਕਰਨ ਵਿੱਚ ਸੀ। ਇਨ੍ਹਾਂ ਦੋਵਾਂ ਵਿਸ਼ਿਆਂ ਵਿੱਚ ਉਨ੍ਹਾਂ ਡੂੰਘਾ ਅਧਿਐਨ ਕੀਤਾ। ਸਭ ਤੋਂ ਪਹਿਲਾਂ 1957 ਈ: ਵਿੱਚ ਉਨ੍ਹਾਂ ਸਾਡਾ ਇਤਿਹਾਸ ਪਹਿਲਾ ਭਾਗ (ਦੱਸ ਗੁਰੂ ਸਾਹਿਬਾਨ ਤੱਕ) ਅਤੇ 1962 ਈ: ਵਿੱਚ ਦੂਜਾ ਭਾਗ (ਬਾਬਾ ਬੰਦਾ ਸਿੰਘ ਬਹਾਦਰ ਤੋਂ ਪਿੱਛੋਂ) ਪ੍ਰਕਾਸ਼ਿਤ ਕੀਤੇ। ਇਸ ਤੋਂ ਪਿੱਛੋਂ ਗੁਰਮਤਿ ਸਾਹਿਤ ਤੇ ਹੋਰ ਅਨੇਕਾਂ ਰਚਨਾਵਾਂ ਦਾ ਦੌਰ ਸ਼ੁਰੂ ਹੋਇਆ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ 62 ਵਰ੍ਹਿਆਂ ਦੀ ਉਮਰ ਤੱਕ ਪੰਜਾਬੀ ਅਤੇ ਅੰਗ੍ਰੇਜ਼ੀ ਪੁਸਤਕਾਂ, ਜਿਨ੍ਹਾਂ ਦੀ ਗਿਣਤੀ ਛੇ ਦਰਜਨਾਂ ਤੋਂ ਵੱਧ ਬਣਦੀ ਹੈ, ਆਪਣੇ ਸੁਹਿਰਦ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਸਾਰੀਆਂ ਪੁਸਤਕਾਂ ਦੇ ਵਿਸ਼ੇ ਗੁਰਬਾਣੀ ਦੀ ਵਿਆਖਿਆ, ਗੁਰ ਇਤਿਹਾਸ, ਸਿੱਖ ਰਹਿਤ ਮਰਿਯਾਦਾ ਅਤੇ ਸ਼੍ਰੋਮਣੀ ਸਿੱਖ ਸ਼ਖ਼ਸੀਅਤਾਂ ਦੇ ਜੀਵਨ ਹਨ। ਪ੍ਰਿੰਸੀਪਲ ਸਾਹਿਬ ਦਾ ਵੱਡਾ ਗੁਰਮਤਿ ਸਾਹਿਤ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਤੱਕ ਵੱਖ-ਵੱਖ ਪੁਸਤਕਾਂ ਅਲੱਗ-ਅਲੱਗ ਸਿਰਲੇਖਾਂ ਅਧੀਨ ਪੇਸ਼ ਕਰਨਾ ਹੈ।

ਇਸ ਇਤਿਹਾਸਕ ਕਾਰਜ ਦੇ ਨਾਲ-ਨਾਲ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰਮਤਿ ਕਾਲਜ ਪਟਿਆਲਾ ਵਿੱਚ ਬਤੌਰ ਪ੍ਰਿੰਸੀਪਲ ਸੇਵਾ ਬਾਖ਼ੂਬੀ ਨਿਭਾਈ। ਅੱਜ ਗੁਰਮਤਿ ਕਾਲਜ ਪਟਿਆਲਾ ਦੇ ਵਿੱਦਿਆਰਥੀ ਸਿੱਖ ਧਰਮ ਦੀਆਂ ਵੱਖ-ਵੱਖ ਸੰਸਥਾਵਾਂ ਵਿੱਚ ਸਫ਼ਲਤਾ ਨਾਲ ਕਾਰਜ ਨਿਭਾ ਰਹੇ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਵਜੋਂ ਵੀ ਲੰਬਾ ਸਮਾਂ ਅਹਿਮ ਸੇਵਾ ਨਿਭਾਈ। ਪ੍ਰਿੰਸੀਪਲ ਸਤਿਬੀਰ ਸਿੰਘ ਕਰਨਾਲ ਅਤੇ ਯਮੁਨਾਨਗਰ ਵਿਖੇ ਖ਼ਾਲਸਾ ਕਾਲਜਾਂ ਵਿੱਚ ਵੀ ਬਤੌਰ ਪ੍ਰਿੰਸੀਪਲ ਕਾਰਜਸ਼ੀਲ ਰਹੇ। ਭਾਸ਼ਾ ਵਿਭਾਗ ਪੰਜਾਬ ਵੱਲੋਂ ਇਤਿਹਾਸਕ ਪੁਸਤਕਾਂ ਦੇ ਯੋਗਦਾਨ ਵਜੋਂ ਉਨ੍ਹਾਂ ਨੂੰ 1991 ਈ: ਵਿੱਚ ਸ਼੍ਰੋਮਣੀ ਪੰਜਾਬੀ ਲੇਖਕ ਵਜੋਂ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਸਤਿਬੀਰ ਸਿੰਘ ਇਕ ਅਜਿਹਾ ਨਿਸ਼ਠਾਵਾਨ ਲੇਖਕ ਸੀ, ਜਿੰਨਾ ਸਮਾਂ ਉਹ ਜੀਇਆ, ਉਸ ਨੇ ਗੁਰਮਤਿ ਸਾਹਿਤ ਦੇ ਰਚੇਤਾ ਵਜੋਂ ਗੁਰੂ ਪੰਥ ਪ੍ਰਤੀ ਸਮਰਪਿਤ ਭਾਵਨਾ ਨਾਲ ਸੇਵਾ ਨਿਭਾਈ। ਆਪਣੇ ਸਮਕਾਲੀ ਸਾਹਿਤਕਾਰਾਂ ਵਿੱਚ ਉਨ੍ਹਾਂ ਨੂੰ ਗੁਰੂ ਘਰ ਦੇ ਸ਼ਰਧਾਵਾਨ ਗੁਰ-ਸਿੱਖ ਲੇਖਕ ਅਤੇ ਵਿਚਾਰਵਾਨ ਵਜੋਂ ਜਿਹੜਾ ਮਾਣ-ਸਨਮਾਨ ਮਿਲਿਆ, ਉਸ ਨੂੰ ਅੱਜ ਵੀ ਬੜੀ ਸ਼ਿੱਦਤ ਤੇ ਪਿਆਰ ਨਾਲ ਯਾਦ ਕੀਤਾ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਡੀਆਂ ਹੋਰ ਅਨੇਕਾਂ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਉਨ੍ਹਾਂ ਵੱਲੋਂ ਦਿੱਤੀਆਂ ਸੇਧਾਂ, ਸਲਾਹਾਂ ਕਰਕੇ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕਰਦੀਆਂ ਹਨ।

ਆਖਰ ਪ੍ਰਿੰਸੀਪਲ ਸਾਹਿਬ 18 ਅਗਸਤ, 1994 ਈ: ਨੂੰ ਦਿਲ ਦੀ ਹਰਕਤ ਬੰਦ ਹੋਣ ਨਾਲ ਪਟਿਆਲਾ ਵਿਖੇ ਇਸ ਫ਼ਾਨੀ ਸੰਸਾਰ ਨੂੰ ਛੱਡ ਕੇ ਹਮੇਸ਼ਾਂ ਲਈ ਵਿਦਾ ਹੋ ਗਏ। ਪੰਥਕ ਸਫਾਂ ਵਿੱਚ ਸੇਵਾ ਨਿਭਾਉਣ ਵਾਲਿਆਂ ਲਈ ਉਨ੍ਹਾਂ ਦਾ ਜੀਵਨ ਪ੍ਰੇਰਨਾ ਸਰੋਤ ਹੈ।

## ਬੋਲਣ-ਸੁਣਨ ਤੋਂ ਅਸਮਰਥ ਯਸ਼ਵੀਰ ਦੀਆਂ ਪ੍ਰਾਪਤੀਆਂ ਦੀ ਚਰਚਾ ਕੈਨੇਡਾ ਦੇ ਸਿਆਸੀ ਗਲਿਆਰਿਆਂ ਤੀਕ ਪੁੱਜੀ ਕੈਨੇਡਾ ਦੇ ਬੀ. ਸੀ. ਸੂਬੇ ਦੀ ਸਿੱਖਿਆ ਮੰਤਰੀ ਰਚਨਾ ਸਿੰਘ ਨੇ ਜਨਮ ਦਿਨ 'ਤੇ ਦਿੱਤੀਆਂ ਸ਼ੁਭ ਕਾਮਨਾਵਾਂ!

ਵੈਨਕੂਵਰ-(ਮਲਕੀਤ ਸਿੰਘ)-ਪੰਜਾਬ ਦੇ ਮਾਲਵਾ ਖੇਤਰ ਦੇ ਬਠਿੰਡਾ ਸ਼ਹਿਰ ਨਾਲ ਸਬੰਧਿਤ ਅਤੇ ਬਚਪਨ ਤੋਂ ਹੀ ਬੋਲਣ-ਸੁਣਨ ਤੋਂ ਅਸਮਰੱਥ ਪੰਜਾਬੀ ਨੌਜਵਾਨ ਵੱਲੋਂ ਸਿੱਖਿਆ, ਖੇਡਾਂ ਅਤੇ ਹੋਰਨਾਂ ਖੇਤਰਾਂ 'ਚ ਲਗਾਤਾਰ ਹਾਸਲ ਕੀਤੀਆਂ ਜਾ ਰਹੀਆਂ ਸ਼ਲਾਘਾਯੋਗ ਪ੍ਰਾਪਤੀਆਂ ਦੀ ਚਰਚਾ ਹੁਣ ਕੈਨੇਡਾ ਜਿਹੇ ਵਿਕਸਿਤ ਦੇਸ਼ਾਂ ਦੇ ਸਿਆਸੀ ਗਲਿਆਰਿਆਂ ਤੀਕ ਵੀ ਅੱਪੜ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਜਮਾਂਦਰੂ ਤੌਰ 'ਤੇ ਬੋਲਣ ਅਤੇ ਸੁਣਨ ਦੀ ਕੁਦਰਤੀ ਪ੍ਰਾਪਤੀ ਤੋਂ ਵਾਂਝੇ ਯਸ਼ਵੀਰ ਨਾਂ ਦੇ ਇਸ ਹੋਣਹਾਰ ਨੌਜਵਾਨ ਅਤੇ ਇਸਦੇ ਮਾਪਿਆਂ ਨੇ ਸਰੀਰਿਕ ਕਮੀਆਂ ਨੂੰ ਆਪਣੇ ਮਨੋਬਲ 'ਤੇ ਕਦੀ ਹਾਵੀ ਨਹੀਂ ਹੋਣ ਦਿੱਤਾ, ਸਗੋਂ ਆਪਣੇ ਦ੍ਰਿੜ ਇਰਾਦਿਆਂ ਅਤੇ ਅਗਾਂਹਵਧੂ ਸੋਚ ਸਦਕਾ ਸਿੱਖਿਆ ਦੇ ਨਾਲ-ਨਾਲ ਖੇਡਾਂ ਅਤੇ ਕੁਝ ਹੋਰ ਖੇਤਰਾਂ 'ਚ ਨਿੱਤ ਨਵੇਂ ਝੰਡੇ ਗੱਡ ਕੇ ਆਪਣੇ ਵਰਗੇ ਕੁਝ ਹੋਰ ਅਪਾਹਿਜ ਇਨਸਾਨਾਂ ਲਈ ਇਕ ਵੱਖਰੇ ਹੌਂਸਲੇ ਵਾਲੀ ਪਿਰਤ ਕਾਇਮ ਕਰਨ ਦੀ ਮਿਸਾਲ ਪੈਦਾ ਕਰ ਵਿਖਾਈ ਹੈ। ਬਚਪਨ ਤੋਂ ਆਪਣੀਆਂ ਇਨ੍ਹਾਂ ਸਰੀਰਿਕ ਕਮੀਆਂ ਦੇ ਬਾਵਜੂਦ ਤੇਜ਼-ਤਰਾਰ ਬੁੱਧੀ ਦੇ ਮਾਲਕ ਯਸ਼ਵੀਰ ਨੇ ਮੈਟ੍ਰਿਕ ਅਤੇ ਬਾਰਵੀਂ ਜਮਾਤ ਦੀ ਪ੍ਰੀਖਿਆ ਸਿਖ਼ਰਲੇ ਅੰਕਾਂ ਨਾਲ ਪਾਸ ਕਰਨ ਉਪਰੰਤ ਆਪਣੇ ਸੰਘਰਸ਼ਮਈ ਜੀਵਨ ਦੀਆਂ ਔਕੜਾਂ ਦੇ ਬਾਵਜੂਦ ਤਰੱਕੀ ਦੀਆਂ ਮੰਜਿਲਾਂ ਸਰ ਕਰਦਿਆਂ ਬੁਲੰਦੀਆਂ ਵੱਲ ਵੱਧਣਾ ਜਾਰੀ ਰੱਖਿਆ। ਅਜਿਹੀਆਂ ਪ੍ਰਾਪਤੀਆਂ ਸਦਕਾ ਹੀ ਯਸ਼ਵੀਰ ਗੋਇਲ ਨੂੰ ਸਾਲ-2019 'ਚ ਤੱਤਕਾਲੀ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ ਰਾਸ਼ਟਰਪਤੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਦੀ ਸਿੱਖਿਆ ਮੰਤਰੀ ਰਚਨਾ ਸਿੰਘ ਵੱਲੋਂ ਯਸ਼ਵੀਰ ਗੋਇਲ ਨੂੰ ਉਸਦੇ ਜਨਮ ਦਿਨ 'ਤੇ ਸੂਬਾਈ ਸਰਕਾਰ ਵੱਲੋਂ ਪ੍ਰਸ਼ੰਸਾ ਪੱਤਰ ਭੇਜ ਕੇ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ ਹਨ।



ਨੌਜਵਾਨ ਯਸ਼ਵੀਰ ਗੋਇਲ


## ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ

### ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ

**1 VACANCY- JOB TITLE: RELIGIOUS WORKER - TIER-5 - FULL TIME**

**Duration:** Contract (1 Year)

To carry out the non-pastoral duties and to assist the Minister of Religion and to meet the service needs of Sikh Community.

**Duties & Responsibilities:** Performing Kirtan and Kitchen Sewa.

* Be honest, reliable, collect, manage and ensure administration of Ardas money.
* Must pay the highest respect to the guru Maharaj Ji, as well as public (Guru Ki Sadh Sangat) is essential: be present in Main hall Saturday / Sunday until the Diwan Samapthy, unless you are required/agreed viaTemple elswhere on duty.
* Undertake any other reasonable duties/activities in pursuing the Organization's religious programmes.
* On occassions the candidate maybe required to carry out Kirtan for family functions at the homes of the devotees.
* Benefits include full board and lodges.

**Salary:** National Minimum Wage for 23 hours a week.

**Personal Specifications:**

**The post holder will need to display the following:**

1. Previous experience holding a similar role is essential.
2. Knowledge and understanding of the Sikh Religion and Guru Granth Sahib.
3. Strong motivation and empathy towards the aims and objectives of the organisation.
4. Strong organisational skills.
5. Good communication and interpersonal skills.
6. Ability to work off own initiative as well as within a team.
7. Willingness to work unsocial hoiurs.
8. Knowledge of musical instruments vastly used in Sikh Faith.


**Other details:** Applicants must be able to demonstrate that they are legally entitled to work in the U.K. and where applicable, must provide original proof of their work right and legal status in the United Kingdom. The Temple committee reserve the rights to make official enquiries to make checks against any documents provided.

Apply/Contact via Phone 01384 238936, or email: sdevsingh56@googlemail.com

Closing date: 15th September 2024

GURDWARA GURU TEG BAHADHUR SAHIB DUDLEY
7 VICAR STREET, DUDLEY, WEST MIDLANDS, DY2 8RQ

# ਸਿਹਤ ਤੇ ਸੁੰਦਰਤਾ



## ਔਰਤਾਂ ਨੂੰ ਬਿਮਾਰੀਆਂ ਦਾ ਸ਼ਿਕਾਰ ਬਣਾਉਂਦਾ ਹੈ ਖਰਾਬ ਸਲੀਪਿੰਗ ਪੈਟਰਨ

ਨੀਂਦ ਦੀ ਕਮੀ ਕਾਰਨ ਨਾ ਸਿਰਫ਼ ਸਰੀਰਕ ਸਿਹਤ ਹੀ ਪ੍ਰਭਾਵਿਤ ਹੁੰਦੀ ਹੈ, ਸਗੋਂ



ਮਾਨਸਿਕ ਸਿਹਤ ਵੀ ਬਹੁਤ ਪ੍ਰਭਾਵਿਤ ਹੁੰਦੀ ਹੈ। ਇਸ ਕਾਰਨ ਔਰਤਾਂ ਇਨਸੌਮਨੀਆ ਅਤੇ ਡਿਪ੍ਰੈਸ਼ਨ ਵਰਗੀਆਂ ਸਮੱਸਿਆਵਾਂ ਦਾ ਸ਼ਿਕਾਰ ਹੋਣ ਲੱਗਦੀਆਂ ਹਨ।

ਅਜਿਹੀ ਸਥਿਤੀ ਵਿੱਚ, ਚੰਗੀ ਸਿਹਤ ਬਣਾਈ ਰੱਖਣ ਲਈ ਸੌਣ ਦੇ ਪੈਟਰਨ ਵਿੱਚ ਸੁਧਾਰ ਕਰਨਾ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਕੁਝ ਅਜਿਹੇ ਟਿਪਸ ਜਿਨ੍ਹਾਂ ਨਾਲ ਤੁਸੀਂ ਆਪਣੇ ਸੌਣ ਦੇ ਪੈਟਰਨ ਨੂੰ ਬਿਹਤਰ ਬਣਾ ਸਕਦੇ ਹੋ।

ਇਨ੍ਹਾਂ ਤਰੀਕਿਆਂ ਨਾਲ ਸੁਧਾਰੋ ਆਪਣਾ ਸਲੀਪਿੰਗ ਪੈਟਰਨ-ਸਵੇਰੇ, ਨਾਸ਼ਤੇ ਵਿੱਚ ਘੱਟੋ-ਘੱਟ 30 ਗ੍ਰਾਮ ਪ੍ਰੋਟੀਨ ਦੇ ਨਾਲ ਕਾਰਬੋਹਾਈਡਰੇਟ ਤੇ ਚਰਬੀ ਦੀ ਸੰਤੁਲਿਤ ਮਾਤਰਾ ਦਾ ਸੇਵਨ ਕਰੋ।

ਜਦੋਂ ਤੁਸੀਂ ਨੀਂਦ ਤੋਂ ਜਾਗਦੇ ਹੋ ਤਾਂ ਸਵੇਰ ਦੀ ਧੁੱਪ ਲਓ। ਇਹ ਸਰੀਰ ਦੇ ਨੀਂਦ-ਜਾਗਣ ਦੇ ਚੱਕਰ ਨੂੰ ਸੰਤੁਲਿਤ ਕਰਦਾ ਹੈ ਅਤੇ ਸਰਕੇਡੀਅਨ ਰਿਦਮ ਕੁਦਰਤ ਨਾਲ ਜੁੜ ਕੇ ਸੰਤੁਲਿਤ ਰਹਿੰਦਾ ਹੈ।

ਸਵੇਰ ਦੀ ਧੁੱਪ ਮੂਡ ਨੂੰ ਚੰਗਾ ਰੱਖਣ, ਐਕਟਿਵ ਅਤੇ ਅਲਰਟ ਰਹਿਣ ਦੇ ਨਾਲ-ਨਾਲ ਚੰਗੀ ਨੀਂਦ ਲਈ ਵੀ ਜ਼ਰੂਰੀ ਹੈ।

## ਸਰੀਰ ਤੋਂ ਯੂਰਿਕ ਐਸਿਡ ਨੂੰ ਬਾਹਰ ਕੱਢ ਸਕਦਾ ਹੈ ਅਖਰੋਟ



ਖ਼ਰਾਬ ਖਾਣ-ਪੀਣ ਦੀਆਂ ਆਦਤਾਂ ਤੇ ਖ਼ਰਾਬ ਜੀਵਨ ਸ਼ੈਲੀ ਕਾਰਨ ਅੱਜ ਲੋਕ ਕਈ ਬਿਮਾਰੀਆਂ ਦਾ ਸਾਹਮਣਾ ਕਰਨ ਲਈ ਮਜ਼ਬੂਰ ਹਨ। ਇਹਨਾਂ ਵਿੱਚੋਂ ਇੱਕ ਹੈ ਯੂਰਿਕ ਐਸਿਡ ਦਾ ਵਧਿਆ ਹੋਇਆ ਪੱਧਰ ਜੋ ਕ੍ਰਿਸਟਲ ਦੇ ਰੂਪ ਵਿੱਚ ਇਕੱਠਾ ਹੋ ਕੇ ਜੋੜਾਂ ਵਿੱਚ ਸੋਜ ਅਤੇ ਦਰਦ ਦਾ ਕਾਰਨ ਬਣਦਾ ਹੈ। ਇਹ ਗੁਰਦੇ ਦੀ ਪੱਥਰੀ ਦਾ ਕਾਰਨ ਵੀ ਬਣਦਾ ਹੈ ਅਤੇ ਇਸ ਤੋਂ ਇਲਾਵਾ ਇਹ ਸਰੀਰ ਵਿੱਚ ਕਈ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਇਸ ਲੇਖ ਵਿੱਚ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਇਸ ਸਥਿਤੀ ਵਿੱਚ ਅਖਰੋਟ ਦਾ ਸੇਵਨ ਕਿਵੇਂ ਲਾਭਦਾਇਕ ਸਾਬਤ ਹੋ ਸਕਦਾ ਹੈ (ਯੂਰਿਕ ਐਸਿਡ ਦੀ ਰੋਕਥਾਮ) ਅਤੇ ਤੁਹਾਨੂੰ ਯੂਰਿਕ ਐਸਿਡ ਨੂੰ ਕੰਟਰੋਲ ਕਰਨ ਲਈ ਇਸਨੂੰ ਕਿਵੇਂ ਖਾਣਾ ਚਾਹੀਦਾ ਹੈ।

ਪੌਸ਼ਟਿਕ ਤੱਤਾਂ ਦਾ ਭੰਡਾਰ ਹੈ ਅਖਰੋਟ- ਅਖਰੋਟ 'ਚ ਪਾਏ ਜਾਣ ਵਾਲੇ ਪੌਸ਼ਟਿਕ ਤੱਤ ਤੇ ਗੁਣਾਂ ਕਾਰਨ ਇਹ ਯੂਰਿਕ ਐਸਿਡ ਦੇ ਮਰੀਜ਼ਾਂ ਲਈ ਬਹੁਤ ਫ਼ਾਇਦੇਮੰਦ ਸਾਬਤ ਹੁੰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਕਈ ਜ਼ਰੂਰੀ ਵਿਟਾਮਿਨਾਂ ਦਾ ਭੰਡਾਰ ਹੈ, ਇਸਦੇ ਨਾਲ ਹੀ ਇਸ ਵਿੱਚ ਐਂਟੀਆਕਸੀਡੈਂਟ ਤੇ ਪੌਲੀਅਨਸੈਚੁਰੇਟਿਡ ਫੈਟੀ ਐਸਿਡ ਵੀ ਪਾਏ ਜਾਂਦੇ ਹਨ ਜੋ ਸਰੀਰ ਵਿੱਚ ਯੂਰਿਕ ਐਸਿਡ ਦੇ ਵਧੇ ਹੋਏ ਪੱਧਰ ਨੂੰ ਕੰਟਰੋਲ ਕਰ ਸਕਦੇ ਹਨ।

ਇਮਿਊਨਿਟੀ ਵਧਾਓ-ਅਖਰੋਟ ਦਾ ਸੇਵਨ ਕਰਨ ਨਾਲ ਤੁਹਾਡੀ ਇਮਿਊਨਿਟੀ ਵਧਦੀ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਫਾਈਬਰ, ਓਮੇਗਾ-3 ਫੈਟੀ ਐਸਿਡ, ਕੈਲਸ਼ੀਅਮ, ਫਾਸਫੋਰਸ, ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਵਿਟਾਮਿਨਾਂ ਦਾ ਭੰਡਾਰ ਹੈ।

ਦਿਲ ਨੂੰ ਰੱਖੋ ਸਿਹਤਮੰਦ-ਅਖਰੋਟ ਦਿਲ ਲਈ ਵੀ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਸ ਵਿੱਚ ਪਾਏ ਜਾਣ ਵਾਲੇ ਪੋਟਾਸ਼ੀਅਮ, ਮੋਨੋਅਨਸੈਚੁਰੇਟਿਡ ਅਤੇ ਪੌਲੀਅਨਸੈਚੁਰੇਟਿਡ ਫੈਟੀ ਐਸਿਡ ਵਰਗੇ ਪੌਸ਼ਟਿਕ ਤੱਤ ਤੁਹਾਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ।

ਪਾਚਨ ਲਈ ਫ਼ਾਇਦੇਮੰਦ- ਅਖਰੋਟ ਦਾ ਸੇਵਨ ਕਰਨ ਨਾਲ ਪਾਚਨ ਕਿਰਿਆ ਵੀ ਠੀਕ ਹੁੰਦੀ ਹੈ। ਜੇਕਰ ਤੁਸੀਂ ਅਕਸਰ ਗੈਸ, ਐਸੀਡਿਟੀ ਜਾਂ ਕਬਜ਼ ਦੀ ਸਮੱਸਿਆ ਤੋਂ ਪਰੇਸ਼ਾਨ ਰਹਿੰਦੇ ਹੋ ਤਾਂ ਆਪਣੀ ਰੋਜ਼ਾਨਾ ਦੀ ਖੁਰਾਕ 'ਚ ਅਖਰੋਟ ਜ਼ਰੂਰ ਸ਼ਾਮਲ ਕਰੋ।

ਇਸ ਤਰ੍ਹਾਂ ਖਾਣ ਨਾਲ ਕੰਟਰੋਲ ਹੋਵੇਗਾ ਯੂਰਿਕ ਐਸਿਡ-ਯੂਰਿਕ ਐਸਿਡ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਤੁਸੀਂ ਰੋਜ਼ਾਨਾ ਖਾਲੀ ਪੇਟ 2-3 ਅਖਰੋਟ ਚਬਾ ਸਕਦੇ ਹੋ। ਜੇ ਤੁਸੀਂ ਚਾਹੋ ਤਾਂ ਗਰਮੀ ਦੇ ਮੌਸਮ 'ਚ ਇਨ੍ਹਾਂ ਨੂੰ ਰਾਤ ਭਰ ਪਾਣੀ 'ਚ ਭਿਓਂ ਕੇ ਇਨ੍ਹਾਂ ਦਾ ਸੇਵਨ ਕਰ ਸਕਦੇ ਹੋ, ਜਿਸ ਨਾਲ ਸਰੀਰ 'ਚ ਗਰਮੀ ਵਧਣ ਦਾ ਖਤਰਾ ਨਹੀਂ ਹੋਵੇਗਾ ਅਤੇ ਇਨ੍ਹਾਂ ਨੂੰ ਖਾਣਾ ਯੂਰਿਕ ਐਸਿਡ ਨੂੰ ਘੱਟ ਕਰਨ 'ਚ ਵੀ ਫ਼ਾਇਦੇਮੰਦ ਹੋਵੇਗਾ।

## * ਚੂੰਝਾਂ–ਪ੍ਰੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਸੁਖਬੀਰ ਬਾਦਲ ਨੇ ਮੁੜ ਕੋਰ ਕਮੇਟੀ ਦਾ ਕੀਤਾ ਗਠਨ, 27 ਮੈਂਬਰ ਸ਼ਾਮਲ- ਇਕ ਖ਼ਬਰ

-ਮਰ ਜਾਉ ਚਿੜੀਓ, ਜੀ ਪਉ ਚਿੜੀਓ।

*ਅਕਾਲੀ ਦਲ ਦੀ ਬਰਬਾਦੀ ਲਈ ਸੁਖਬੀਰ ਬਾਦਲ ਹੀ ਹੈ ਦੋਸ਼ੀ- ਬੰਨੀ ਜੌਲੀ

-ਪਿੰਡ 'ਚ ਪੁਆੜੇ ਪਾਉਂਦਾ ਨੀਂ ਮਰ ਜਾਣਾ ਅਮਲੀ।

*ਜਥੇਦਾਰਾਂ ਦੀ ਮੀਟਿੰਗ ਤੋਂ ਪਹਿਲਾਂ ਅਕਾਲੀਆਂ ਦੇ ਦੋਵੇਂ ਧੜੇ ਹੋਏ ਸਰਗਰਮ- ਇਕ ਖ਼ਬਰ

-ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਬਾਦਸ਼ਾਹੀ ਫ਼ੌਜਾਂ ਦੋਵੇਂ ਭਾਰੀਆਂ ਨੇ।



*ਕੇਂਦਰ ਦੇ ਫ਼ੈਸਲੇ ਘੱਟ ਗਿਣਤੀਆਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਂਦੇ ਨੇ- ਸੁਖਬੀਰ ਬਾਦਲ

-ਜਦੋਂ ਕੇਂਦਰ ਦੇ ਗੋਡੇ ਮੁੱਢ ਬੈਠ ਕੇ ਘੱਟ ਗਿਣਤੀਆਂ ਖ਼ਿਲਾਫ਼ ਫ਼ੈਸਲੇ ਕਰਵਾਉਂਦੇ ਸੀ, ਭੁੱਲ ਗਏ?



*ਸੌਦਾ ਸਾਧ ਦੀ ਫਰਲੋ 'ਤੇ ਜੇਲ੍ਹ ਮੈਨੂਅਲ ਅਨੁਸਾਰ ਫ਼ੈਸਲਾ ਲਵੇ ਸਰਕਾਰ- ਹਾਈ ਕੋਰਟ

-ਜੇਲ੍ਹ ਮੈਨੂਅਲ ਵੀ ਸਰਕਾਰ ਨੇ ਹੀ ਬਣਾਉਣੈ, ਹਾਈ ਕੋਰਟ ਜੀ।

*ਕੀ ਜਥੇਦਾਰ ਨਿਰਪੱਖ ਹੋ ਕੇ ਫ਼ੈਸਲਾ ਲੈ ਸਕਣਗੇ?- ਇਕ ਸਵਾਲ

-ਸੱਪ ਦੇ ਮੂੰਹ ਵਿਚ ਕਿਰਲੀ।



*10 ਸਤੰਬਰ ਨੂੰ ਕਮਲਾ ਹੈਰਿਸ ਅਤੇ ਟਰੰਪ ਵਿਚਕਾਰ ਹੋਵੇਗੀ ਪਹਿਲੀ ਬਹਿਸ- ਇਕ ਖ਼ਬਰ

-ਕੁੰਢੀਆਂ ਦੇ ਸਿੰਙ ਫਸਣੇ, ਕੋਈ ਨਿੱਤਰੂ ਵੜੇਵੇਂ ਖਾਣੀ।



*ਪਟਿਆਲਾ 'ਚ 'ਸਿੱਟ' ਵਲੋਂ ਬਿਕਰਮ ਮਜੀਠੀਆ ਤੋਂ ਡੇਢ ਘੰਟਾ ਪੁੱਛ-ਗਿੱਛ- ਇਕ ਖ਼ਬਰ

-ਪੁੱਛ-ਗਿੱਛ ਨਹੀਂ ਇਹ 'ਪੂਛ-ਗੀਛ' ਹੈ, ਯਾਨੀ ਕਿ ਇਹ ਪੂਛ ਲੰਮੀ ਹੀ ਹੋਈ ਜਾ ਰਹੀ ਹੈ।



*ਰਾਜ ਸਭਾ 'ਚ ਜਯਾ ਬੱਚਨ ਨੇ ਧਨਖੜ 'ਤੇ ਮੰਦੀ ਭਾਸ਼ਾ ਬੋਲਣ ਦਾ ਇਲਜ਼ਾਮ ਲਾਇਆ- ਇਕ ਖ਼ਬਰ

-ਤੂੰ ਕੀ ਜਾਣੇ ਪਤੀਲੇ ਦਿਆ ਢੱਕਣਾ, ਰਾਮ ਸੱਤ ਕੁੜੀਆਂ ਦੀ।



*ਪੰਜਾਬ ਸਰਕਾਰ ਨੇ ਰਾਜ ਮਾਰਗਾਂ 'ਤੇ ਬੰਦ ਕੀਤੇ ਦੋ ਹੋਰ ਟੌਲ ਪਲਾਜ਼ੇ- ਮੰਤਰੀ ਹਰਭਜਨ ਸਿੰਘ

-ਗੋਰੇ ਰੰਗ ਨੇ ਸਦਾ ਨਹੀਂ ਰਹਿਣਾ, ਭਰ ਭਰ ਵੰਡ ਮੁੱਠੀਆਂ।




*ਸੁਪਰੀਮ ਕੋਰਟ ਨੇ ਅੰਮ੍ਰਿਤਪਾਲ ਸਿੰਘ ਦੀ ਚੋਣ ਵਿਰੁੱਧ ਦਿਤੀ ਪਟੀਸ਼ਨ ਕੀਤੀ ਖ਼ਾਰਜ-ਇਕ ਖ਼ਬਰ

-ਜਲ ਡੋਬੇ ਨਾ ਅਗਨੀ ਸਾੜੇ, ਜਿਨ੍ਹਾਂ ਨੇ ਤੇਰਾ ਨਾਮ ਜਪਿਆ।

*ਅਮਰੀਕੀ ਯੂਨੀਵਰਸਿਟੀ 'ਚ ਦਾਖ਼ਲਾ ਲੈਣ ਲਈ ਭਾਰਤੀ ਵਿਦਿਆਰਥੀ ਨੇ ਕੀਤੀ ਧੋਖਾਧੜੀ- ਇਕ ਖ਼ਬਰ

-ਵਾਦੜੀਆਂ ਸਜਾਦੜੀਆਂ, ਨਿਭਣ ਸਿਰਾਂ ਦੇ ਨਾਲ।



*ਉਮੀਦ ਹੈ ਕਿ ਪ੍ਰਧਾਨ ਮੰਤਰੀ ਨੂੰ ਮਨੀਪੁਰ ਜਾਣ ਦਾ ਸਮਾਂ ਮਿਲੇਗਾ- ਕਾਂਗਰਸ ਆਗੂ ਜੈਰਾਮ ਰਮੇਸ਼

-ਹੁਣ ਤੂੰ ਕਿਧਰ ਗਿਆ, ਜੇਠ ਬੋਲੀਆਂ ਮਾਰੇ।

*ਸ਼੍ਰੋਮਣੀ ਕਮੇਟੀ ਵਿਰੁੱਧ ਖੱਟੜਾ ਦੀ ਬਿਆਨਬਾਜ਼ੀ ਗੁੰਮਰਾਹਕੁਨ ਤੇ ਤੱਥਹੀਣ- ਸਕੱਤਰ ਸ਼੍ਰੋਮਣੀ ਕਮੇਟੀ

-ਲਾ ਕੇ ਦੋਸਤੀਆਂ, ਪਾ ਗਈ ਚੁੱਲ੍ਹੇ ਵਿਚ ਪਾਣੀ।



*ਸੇਬੀ ਬਾਰੇ ਹਿੰਡਨਬਰਗ ਦੀਆ ਤਾਜ਼ਾ ਰਿਪੋਰਟਾਂ ਮਗਰੋਂ ਸਿਆਸੀ ਅਤੇ ਵਪਾਰ ਜਗਤ ਵਿਚ ਤਰਥੱਲੀ-ਇਕ ਖ਼ਬਰ

-ਸੋਨੇ ਦੇ ਤਵੀਤ ਵਾਲੀਏ, ਤੇਰੀ ਹਰ ਮੱਸਿਆ ਬਦਨਾਮੀ।



*ਬੰਗਲਾਦੇਸ਼ ਦੀ ਹਿੰਸਾ ਲਈ ਚੀਨ ਅਤੇ ਅਮਰੀਕਾ ਜ਼ਿੰਮੇਵਾਰ- ਸ਼ੇਖ਼ ਹੁਸੀਨਾ

-ਗੋਰੇ ਰੰਗ 'ਤੇ ਝਰੀਟਾਂ ਵੱਜੀਆ, ਨੀਂ ਬੇਰੀਆਂ ਦੇ ਬੇਰ ਖਾਣੀਏਂ।

* * * * * * * *

## 9 ਸਫ਼ੇ ਦੀ ਬਾਕੀ

ਇਸ ਤੋਂ ਇਲਾਵਾ ਸਿੱਖ ਲੀਡਰਸ਼ਿਪ ਦੇ ਸਾਹਮਣੇ ਤੇਜ ਤਰਾਰ ਯੋਗ ਲੁੰਬੜ ਵਰਗੀ ਚਲਾਕ ਲੀਡਰਸ਼ਿਪ ਜਿਵੇਂ ਨਹਿਰੂ, ਗਾਂਧੀ ਅਤੇ ਜਿਨਾਹ ਆਦਿ ਸਨ ਜਿਸ ਨੇ ਸਿਖ ਲੀਡਰਸ਼ਿਪ ਨੂੰ ਸਵੈ-ਰੱਖਿਆਤਮਕ ਸਥਿਤੀ ਵਿਚ ਪਾ ਦਿੱਤਾ।

ਸਭ ਤੋਂ ਮਹੱਤਵਪੂਰਨ ਸਿੱਖਾਂ ਦੀ ਪ੍ਰਮੁੱਖ ਪਾਰਟੀ ਅਕਾਲੀ ਦਲ ਦੀ ਲੀਡਰਸ਼ਿਪ ਵਿਚ ਲਗਾਤਾਰ ਬਦਲ ਰਹੀ ਰਾਜਨੀਤਿਕ ਸਥਿਤੀ ਨੂੰ ਸਮਝਣ, ਹਲ ਭਾਲਣ ਅਤੇ ਹੁੰਗਾਰਾ ਦੇਣ ਦੀ ਲਚਕਤਾ ਅਤੇ ਯੋਗਤਾ ਦੀ ਘਾਟ ਸੀ। ਉਨ੍ਹਾਂ ਨੇ ਦੂਜੇ ਭਾਈਚਾਰਿਆਂ ਨਾਲ ਸੰਵਾਦ ਵਿਚੋਂ ਨਿਕਲਣ ਵਾਲੇ ਸੰਭਾਵੀ ਬਦਲ ਨੂੰ ਅਖੋਂ ਪਰੋਖੇ ਕਰ ਦਿੱਤਾ।

ਰਾਜਨੀਤੀ ਵਿਚ ਸੰਵਾਦੀ ਤਰਕ, ਰਾਜਸੀ ਸੂਝ ਬੂਝ ਉਸ ਸਮੇਂ ਦੀ ਲੋੜ ਸੀ, ਪਰ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਬ੍ਰਿਟਿਸ਼ ਸਲਾਹ ਤੇ ਕਾਂਗਰਸੀਆਂ ਆਗੂਆਂ ਦੇ ਲਾਰਿਆਂ ਉੱਤੇ ਜਿਆਦਾ ਨਿਰਭਰ ਰਹੀ, ਪਰ ਵਿਵਹਾਰਕ ਰੂਪ ਵਿਚ ਗਲਤ ਤੇ ਸਿਖ ਬਰਬਾਦੀ ਦੇ ਫੈਸਲੇ ਲਏ। ਅਜਿਹੀ ਲੀਡਰਸ਼ਿਪ ਵਿਚੋਂ ਹੀ ਬਾਦਲਕੇ ਨਿਕਲੇ।

ਅਜੇ ਤਕ ਅਸੀਂ ਆਪਣੀ ਲੀਡਰਸ਼ਿਪ ਦਾ ਵਿਸ਼ਲੇਸ਼ਣ ਨਹੀਂ ਕਰ ਸਕੇ ਜਥੇਬੰਦ ਕਿਵੇਂ ਹੋਈਏ ਲੀਡਰ ਦੀ ਚੋਣ ਕਿਵੇਂ ਕਰੀਏ, ਸਮੂਹ ਪੰਜਾਬੀਆਂ ਦੀ ਅਗਵਾਈ ਕਿਵੇਂ ਕਰੀਏ। ਮੇਰੀ ਵਾਹਿਗੁਰੂ ਅਗੇ ਅਰਦਾਸ ਹੈ ਸਰਹਦਾਂ ਖਤਮ ਹੋਣ ਦਰਬਾਰ ਸਾਹਿਬ ਕਰਤਾਰਪੁਰ ਆਪਸ ਵਿਚ ਆ ਮਿਲਣ, ਸਰਬਤ ਦੇ ਭਲੇ ਦੀ ਅਰਦਾਸ ਲਗਾਤਾਰ ਜਾਰੀ ਰਹੇ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।

## ਮੁਸਲਮਾਨਾਂ ਨੇ ਪਹਿਲਾਂ ਵੱਢੀ ਸੀ ਹਿੰਦੂ ਸਿੱਖਾਂ ਦੀ ਗੱਡੀ

ਇਤਿਹਾਸਿਕ ਕਸਬਾ ਡੇਰਾ ਬਾਬਾ ਨਾਨਕ ਦੇ ਪਿੰਡ ਜੌੜੀਆਂ ਖੁਰਦ ਦੇ ਜੰਮਪਲ ਸੁਲੱਖਣ ਸਿੰਘ ਨੇ ਦੱਸਿਆ ਕਿ ਉਸ ਦਾ ਜਨਮ ਬਟਵਾਰੇ ਤੋਂ ਪਹਿਲਾਂ ਪਿਤਾ ਹਜ਼ਾਰਾਂ ਸਿੰਘ ਅਤੇ ਮਾਤਾ ਬਲਵੰਤ ਕੌਰ ਦੀ ਕੁੱਖੋਂ 1940 ਵਿੱਚ ਹੋਇਆ ਸੀ। ਉਹ ਪੰਜ ਭਰਾ ਤੇ ਚਾਰ ਭੈਣਾਂ ਸਨ। ਪਿੰਡ ਜੌੜੀਆਂ ਖੁਰਦ ਵਿੱਚ ਕੇਵਲ ਦੋ ਜੁਲਾਹਾ ਪਰਿਵਾਰ ਨਾਲ ਸੰਬੰਧਿਤ ਮੁਸਲਮਾਨ ਪਰਿਵਾਰ ਰਹਿੰਦੇ ਸਨ ਅਤੇ ਵੰਡ ਹੋਣ ਉਪਰੰਤ ਸਾਡੇ ਪਰਿਵਾਰ ਦੇ ਬਜ਼ੁਰਗ ਅਤੇ ਆਂਢੀ ਗਵਾਂਢੀ ਮੁਸਲਮਾਨ ਅੱਲਾਹ ਰੱਖਾ ਅਤੇ ਦਿੱਤਾ ਦੇ ਪਰਿਵਾਰ ਨੂੰ ਜਿੱਥੇ ਇਸ ਵੇਲੇ ਕਰਤਾਰਪੁਰ ਕੋਰੀਡੋਰ ਬਣਿਆ ਹੈ। ਉਸ ਤੋਂ ਥੋੜੀ ਦੂਰ ਵਹਿੰਦੇ ਰਾਵੀ ਦਰਿਆ ਰਾਹੀਂ ਪਾਕਿਸਤਾਨ ਵਾਲੇ ਪਾਸੇ ਛੱਡ ਕੇ ਆਏ ਸਨ। ਭਾਵੇਂ ਉਸ ਸਮੇਂ ਉਸ ਦੀ ਉਮਰ ਸੱਤ ਅੱਠ ਸਾਲ ਸੀ ਪਰੰਤੂ ਉਸ ਦੇ ਦਰਦਨਾਕ ਮੰਜ਼ਰ ਅੱਜ ਵੀ ਅੱਖਾਂ ਮੂਹਰੇ ਘੁੰਮਦੇ ਹਨ। ਉਸ ਨੇ ਦੱਸਿਆ ਕਿ ਜਦੋਂ ਪਿੰਡ ਦੇ ਲੋਕ ਪਾਕਿਸਤਾਨ ਵਿੱਚ ਆਉਣ ਕਰਕੇ ਪੂਰੀ ਚਿੰਤਾ ਵਿੱਚ ਡੁੱਬੇ ਹੋਏ ਸਨ ਤਾਂ ਇਸ ਦੌਰਾਨ ਪਾਕਿਸਤਾਨ ਵਾਲੇ ਪਾਸੇ ਤੋਂ ਆਏ ਪਿਸ਼ੌਰ ਨਾਲ ਸੰਬੰਧਿਤ ਲੋਕਾਂ ਨੇ ਦੱਸਿਆ ਕਿ ਇਧਰ ਤੁਸੀਂ ਮੁਸਲਮਾਨਾਂ ਨੂੰ ਆਪਣੇ ਘਰਾਂ ਵਿੱਚ ਪਨਾਹ ਦੇ ਕੇ ਉਨ੍ਹਾਂ ਦੀ ਰਾਖੀ ਕਰ ਰਹੇ ਹੋ ਪ੍ਰੰਤੂ ਉਹ ਮੁਸਲਮਾਨ ਤਾਂ ਹਿੰਦੂ ਸਿੱਖਾਂ ਦੀਆਂ ਬਹੂ ਬੇਟੀਆਂ ਦੀ ਇੱਜ਼ਤ ਨੂੰ ਰੋਲਣ ਤੋਂ ਇਲਾਵਾ ਉਨ੍ਹਾਂ ਦੇ ਕਤਲ ਕਰ ਰਹੇ ਹਨ। ਇਸ ਤੋਂ ਬਾਅਦ ਗੁੱਸੇ ਵਿੱਚ ਆਏ ਹਿੰਦੂ ਸਿੱਖਾਂ ਨੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਵਾਲੇ ਪਾਸੇ ਜਾਣ ਵਾਲੇ ਮੁਸਲਮਾਨਾਂ ਦੇ ਜਥਿਆਂ ਦੀ ਵੱਢ ਟੁੱਕ ਕਰਨੀ ਸ਼ੁਰੂ ਕਰ ਦਿੱਤੀ ਸੀ। ਸੁਲੱਖਣ ਸਿੰਘ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਅਤੇ ਆਸ ਪਾਸ ਦੇ ਖੇਤਰ ਵਿੱਚ ਮੁਸਲਮਾਨਾਂ ਦੇ ਬਜ਼ੁਰਗਾਂ, ਨੌਜਵਾਨਾਂ, ਬੱਚਿਆਂ ਅਤੇ ਔਰਤਾਂ ਦੀਆਂ ਲਾਸਾਂ ਦੇ ਢੇਰ ਲੱਗ ਗਏ ਸਨ। ਡੇਰਾ ਬਾਬਾ ਨਾਨਕ ਦੀ ਧਰਤੀ ਖੂਨ ਨਾਲ ਲਾਲੋ ਲਾਲ ਹੋ ਗਈ ਸੀ।

ਇੱਥੋਂ ਤੱਕ ਕੇ ਰਾਵੀ ਦਰਿਆ 'ਚ ਲਾਸ਼ਾਂ ਦੇ ਢੇਰ ਲੱਗ ਗਏ ਸਨ। ਇਸ ਮੌਕੇ ਫੌਜ ਨੇ ਜਥਿਆਂ ਤੇ ਹਮਲੇ ਕਰਨ ਵਾਲੇ ਲੋਕਾਂ ਤੇ ਵੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਡੇਰਾ ਬਾਬਾ ਨਾਨਕ ਵਿੱਚ ਤੰਬੂ ਲਗਾ ਕੇ ਕੈਂਪ ਲੱਗ ਗਏ ਸਨ ਅਤੇ ਇੱਥੋਂ ਹੀ ਲੋਕ ਹੌਲੀ ਹੌਲੀ ਆਪ ਜਮੀਨਾਂ ਦੀ ਅਲਾਟਮੈਂਟ ਹੋਣ ਤੋਂ ਬਾਅਦ ਗਏ ਸਨ। ਸੁਲੱਖਣ ਸਿੰਘ ਨੇ ਦੱਸਿਆ ਕਿ ਵੰਡ ਦੌਰਾਨ ਡੇਰਾ ਬਾਬਾ ਨਾਨਕ ਨਾਲ ਲੱਗਦੇ ਪਿੰਡ ਪੱਖੋਕੇ, ਜਲੋ ਨੰਗਲ, ਸਿੰਧਵ ਆਦਿ ਪਿੰਡ ਇਧਰ ਭਾਰਤ ਵਾਲੇ ਪਾਸੇ ਆ ਗਏ ਸਨ ਜਦ ਕਿ ਘਣੀਆਂ, ਸਹਾਰਨ, ਕਸੋਵਾਲ ਪਾਕਿਸਤਾਨ ਵਾਲੇ ਪਾਸੇ ਚੱਲ ਗਏ ਸਨ।

ਜੋ ਬਾਅਦ ਵਿੱਚ ਭਾਰਤ ਪਾਕਿਸਤਾਨ ਦੀ ਲੀਕ ਵੱਜਣ ਤੋਂ ਬਾਅਦ ਅਦਲਾ ਬਦਲੀ ਕੀਤੇ ਗਏ ਸਨ। ਲੱਖਾਂ ਸਿੰਘ ਨੇ ਦੱਸਿਆ ਕਿ ਵੰਡ ਦੌਰਾਨ ਗੋਰਾ ਨਾਗਾ ਸਾਬ ਨੇ ਗੋਲੀਆਂ ਚਲਾ ਕੇ ਕਈ ਸਿੱਖਾਂ ਹਿੰਦੂਆਂ ਦੀ ਜਾਨ ਲਈ ਸੀ ਅਤੇ ਬਾਅਦ ਵਿੱਚ ਸਾਡੇ ਰਿਸ਼ਤੇਦਾਰ ਸਵਰਨ ਸਿੰਘ ਜੋ ਕਪਤਾਨ ਦਾ ਡਰਾਈਵਰ ਸੀ ਨੇ ਕਲਾਨੌਰ ਦੇ ਰੱਕੜ ਵਿੱਚ ਜਾ ਕੇ ਕਈ ਲੋਕਾਂ ਦੇ ਸਹਿਯੋਗ ਨਾਲ ਉਸ ਦਾ ਜਵਾਬ ਦਿੱਤਾ ਸੀ ਅਤੇ ਉਸ ਦੀਆਂ ਗੋਲੀਆਂ ਖਤਮ ਹੋਣ ਤੇ ਉਹ ਪਾਕਿਸਤਾਨ ਵਾਲੇ ਪਾਸੇ ਭੱਜ ਗਿਆ ਸੀ।

ਇਸ ਮੌਕੇ ਤੇ ਸੁਲੱਖਣ ਸਿੰਘ ਨੇ ਆਪਣੀ ਲੰਮੀ ਉਮਰ ਦਾ ਰਾਜ ਦੱਸਦਿਆਂ ਹੋਇਆ ਕਿਹਾ ਕਿ ਪਹਿਲੇ ਸਮਿਆਂ ਵਿੱਚ ਤਾਂ ਲੋਕ ਚਾਹ ਨਹੀਂ ਪੀਂਦੇ ਸਨ ਅਤੇ ਲੱਸੀ, ਦੁੱਧ ਘਿਓ ਖਾ ਕੇ ਹੱਡ ਭੰਨਵੀ ਮਿਹਨਤ ਕਰਦੇ ਸਨ ਪਰੰਤੂ ਹੁਣ ਲੋਕ ਖੁਰਾਕ ਵਾਲੀਆਂ ਖਾਣ ਵਾਲੀਆਂ ਚੀਜ਼ਾਂ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਕੰਮ ਘੱਟ ਕਰਨ ਕਰਕੇ ਲੋਕਾਂ ਦੀ ਉਮਰ ਵੀ ਘਟਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਵਾਨੀ ਵਿੱਚ ਚਾਰ ਕਨਾਲ ਝੋਨਾ ਇੱਕੋ ਵਾਰ ਲਗਾਤਾਰ ਲਗਾ ਕੇ 500 ਰੁਪਏ ਦੀ ਸ਼ਰਤ ਵੀ ਉਨ੍ਹਾਂ ਜਿੱਤੀ ਸੀ।

# ਵੰਡ ਦੇ ਦੁਖਾਂਤ ਤੋਂ ਪੀੜਤ ਮਾਸਟਰ ਰਾਮ ਪ੍ਰਕਾਸ਼ ਦੇ ਜ਼ਖ਼ਮ ਅੱਜ ਵੀ ਅੱਲੇ



ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਕਲਾਨੌਰ ਅਧੀਨ ਆਉਂਦੇ ਵਡਾਲਾ ਬਾਂਗਰ ਦੇ ਵਰਸੀਨ ਬਜ਼ੁਰਗ ਸਿੱਖਿਆ ਸ਼ਾਸਤਰੀ ਮਾਸਟਰ ਰਾਮ ਪ੍ਰਕਾਸ਼ ਨੇ ਭਾਰਤ ਪਾਕਿਸਤਾਨ ਦੀ ਵੰਡ ਦੇ ਦਰਦ ਨੂੰ ਬਿਆਨ ਕਰਦਿਆਂ ਹੋਇਆ ਕਿਹਾ ਦੇਸ਼ ਆਜ਼ਾਦ ਹੋਣ ਉਪਰੰਤ ਸ਼ਕਰਗੜ੍ਹ ਤਹਿਸੀਲ ਤੇ ਗੁਰਦਾਸਪੁਰ ਜ਼ਿਲ੍ਹਾ ਪਾਕਿਸਤਾਨ ਦੇ ਹਿੱਸੇ ਆਉਣ ਦੀ ਖ਼ਬਰ ਸੁਣਦਿਆਂ ਹੀ ਮੁਸਲਮਾਨਾਂ ਨੇ ਖੁਸ਼ੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਪਿੰਡ ਵਡਾਲਾ ਬਾਂਗਰ ਤੋਂ ਇਲਾਵਾ ਨਾਲ ਲੱਗਦੇ ਪਿੰਡ ਸ਼ਾਹਪੁਰ ਅਮਰਗੜ, ਫਜ਼ਲਾਬਾਦ, ਲੁਕਮਾਨੀਆ, ਕੋਟ ਮੀਆਂ ਸਾਹਿਬ ਅਤੇ ਕਲਾਨੌਰ ਵਿੱਚ ਮੁਸਲਮਾਨਾਂ ਦਾ ਵੱਡਾ ਗੜ੍ਹ ਸੀ। ਇਸ ਦੌਰਾਨ ਮੁਸਲਮਾਨਾਂ ਦੇ ਖੌਫ ਤੋਂ ਹਿੰਦੂ-ਸਿੱਖ ਪੂਰੀ ਤਰ੍ਹਾਂ ਡਰ ਗਏ ਸਨ।

ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਦੀ ਹਵੇਲੀ ਵਿੱਚ ਲੁਹਾਰ ਗੁਰਦਿੱਤਾ ਸਿੰਘ ਵੱਲੋਂ ਦਿਨ ਰਾਤ ਬਰਛੀਆਂ ਅਤੇ ਨੇਜ਼ੇ ਬਣਾਏ ਗਏ ਅਤੇ ਪਿੰਡ ਦੇ ਹਿੰਦੂ ਸਿੱਖ ਭਾਈਚਾਰੇ ਦੇ ਲੋਕ ਆਪਣੀ ਰੱਖਿਆ ਲਈ ਲੰਮੀਆਂ ਲੰਮੀਆਂ ਲਾਈਨਾਂ ਵਿੱਚ ਖੜ ਕੇ ਇਹ ਹਥਿਆਰ ਲੈਂਦੇ ਸਨ।

ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਉਸ ਦਾ ਜਨਮ ਚਾਰ ਮਈ 1933 ਨੂੰ ਪਿੰਡ ਵਡਾਲਾ ਬਾਂਗਰ ਵਿਖੇ ਪਿਤਾ ਗੋਪਾਲ ਦਾਸ ਅਤੇ ਮਾਤਾ ਗਿਆਨ ਦੇਵੀ ਦੀ ਕੁੱਖੋਂ ਹੋਇਆ ਸੀ ਅਤੇ ਭਾਰਤ ਪਾਕਿਸਤਾਨ ਦੀ ਵੰਡ ਦੌਰਾਨ ਉਹ ਅੱਠਵੀਂ ਜਮਾਤ ਵਿੱਚ ਡੀਏਵੀ ਸਕੂਲ ਵਡਾਲਾ ਬਾਂਗਰ ਵਿੱਚ ਪੜ੍ਹਦਾ ਸੀ। ਆਸ ਪਾਸ ਦੇ ਪਿੰਡਾਂ ਵਿੱਚ ਮੁਸਲਮਾਨ ਭਾਈਚਾਰੇ ਦਾ ਪੂਰਾ ਬੋਲ ਬਾਲਾ ਹੋਣ ਕਾਰਨ ਪਿੰਡ ਨਾਨੋਹਾਰਨੀ ਵਿੱਚ ਮੁਸਲਮਾਨ ਭਾਈਚਾਰੇ ਨਾਲ ਸੰਬੰਧਿਤ ਅਹਿਮਦੀਨ, ਗੁਲਾਮ ਕਾਦਰ ਪਿੰਡ ਮੁਸਤਫਾਪੁਰ, ਅਹਿਮਦੀਨ ਪੁੱਤਰ ਨਜ਼ੀਰ ਅਹਿਮਦ ਪਿੰਡ ਸ਼ਾਹਪੁਰ ਅਮਰਗੜ ਮੇਰੇ ਨਾਲ ਅੱਠਵੀਂ ਜਮਾਤ ਵਿੱਚ ਪੜ੍ਹਦੇ ਸਨ। ਉਸ ਨੇ ਦੱਸਿਆ ਕਿ ਪਿੰਡ ਵਡਾਲਾ ਬਾਂਗਰ ਵਿੱਚ ਮੁਸਲਮਾਨ ਅਬਦੁਲ ਗਨੀ ਪ੍ਰਸਿੱਧ ਦਰਜੀ ਸੀ। ਇਸ ਪਿੰਡ ਵਿੱਚ ਮੁਸਲਮਾਨ ਤਹਿਸੀਲਦਾਰ ਅਤੇ ਉਸ ਦਾ ਬੇਟਾ ਏਅਰ ਫੋਰਸ ਵਿੱਚ ਅਧਿਕਾਰੀ ਵੀ ਸੀ।

ਵਡਾਲਾ ਬਾਂਗਰ ਦੇ ਮੁਸਲਮਾਨ ਕਾਰੀਗਰ ਹਲਵਾਈ, ਦਰਜੀ ਅਤੇ ਤਿੱਤਰ ਬਟੇਰੇ ਫੜਨ ਵਾਲੇ ਸ਼ਿਕਾਰੀਆਂ ਦੇ ਵੀ ਪਰਿਵਾਰ ਸਨ। ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ ਪਿੰਡ ਦੇ ਮੁਸਲਮਾਨ 15 ਅਗਸਤ ਦੀ ਰਾਤ ਨੂੰ ਹੀ ਆਪਣੇ ਘਰ ਬਾਰ ਛੱਡ ਗਏ ਸਨ। ਪਿੰਡ ਦਲੇਰਪੁਰ ਦੇ ਨੇੜੇ ਗੁਰਦੁਆਰਾ ਬੁਲੰਦੀ ਸਾਹਿਬ ਦੇ ਖੂਹ ਵਿੱਚ ਮੁਸਲਮਾਨਾਂ ਦੀਆਂ ਲਾਸਾਂ ਦੇ ਢੇਰ ਲੱਗ ਗਏ ਸਨ। ਪਿੰਡ ਸ਼ਾਹਪੁਰ ਅਮਰਗੜ੍ਹ ਵਿੱਚ ਹਿੰਦੂਆਂ ਦਾ ਅਤੇ ਸਿੱਖਾਂ ਦਾ ਇੱਕ-ਇੱਕ ਹੀ ਘਰ ਸੀ ਜਦ ਕਿ ਬਾਕੀ ਸਾਰਾ ਪਿੰਡ ਮੁਸਲਮਾਨਾਂ ਦਾ ਸੀ। ਵੰਡ ਤੋਂ ਬਾਅਦ ਉਸ ਨਾਲ ਪੜ੍ਹਨ ਵਾਲੇ ਮੁਸਲਮਾਨ ਸਹਿਪਾਠੀ ਅਹਿਮਦੀਨ ਨੇ ਪਾਕਿਸਤਾਨ ਜਾ ਕੇ ਖਤ ਲਿਖਿਆ ਸੀ। ਇਸ ਤੋਂ ਬਾਅਦ ਕਦੇ ਵੀ ਅਹਿਮਦੀਨ ਦਾ ਉਸ ਨੂੰ ਖਤ ਨਹੀਂ ਆਇਆ ਪਰੰਤੂ ਅਹਿਮਦੀਨ ਅਤੇ ਹੋਰ ਯਾਰਾਂ ਬੇਲੀਆਂ ਦੀਆਂ ਯਾਦਾਂ ਅੱਜ ਵੀ ਅੱਖਾਂ ਸਾਹਮਣੇ ਘੁੰਮਦੀਆਂ ਰਹਿੰਦੀਆਂ ਹਨ। ਮਾਸਟਰ ਰਾਮ ਪ੍ਰਕਾਸ਼ ਨੇ ਦੱਸਿਆ ਕਿ 1 ਜੂਨ ਨੂੰ 1953 ਵਿੱਚ ਉਸ ਦਾ ਵਿਆਹ ਹੋਇਆ ਅਤੇ ਉਸ ਦੇ ਘਰ 3 ਪੁੱਤਰਾਂ ਅਤੇ ਇੱਕ ਬੇਟੀ ਦਾ ਜਨਮ ਹੋਇਆ।

### ਪਾਕਿਸਤਾਨ ਵਿੱਚ ਸਨ ਮੁਸਲਮਾਨਾਂ ਤੇ ਹਿੰਦੂਆਂ ਦੇ ਵੱਖ ਵੱਖ ਖੂਹ

ਲਮੇਰੀ ਉਮਰ ਦੇ ਮਾਲਕ ਮਾਸਟਰ ਰਾਮ ਪ੍ਰਕਾਸ਼ ਦੀ ਪਤਨੀ ਚੰਪਾ ਰਾਣੀ ਨੇ (91) ਨੇ ਦੱਸਿਆ ਕਿ ਉਸ ਦਾ ਜਨਮ ਪਾਕਿਸਤਾਨ ਦੇ ਨਾਮਵਾਰ ਕਸਬੇ ਸ਼ਕਰਗੜ ਵਿੱਚ ਪਿਤਾ ਪੂਰਨ ਚੰਦ ਦੇ ਘਰ ਹੋਇਆ ਸੀ। ਵੰਡ ਤੋਂ ਪਹਿਲਾਂ ਮੇਰੇ ਪਿਤਾ ਵੱਲੋਂ ਮੇਰੀਆਂ ਵੱਡੀਆਂ ਭੈਣਾਂ ਦੇ ਵਿਆਹ ਦੀ ਤਿਆਰੀ ਤੋਂ ਇਲਾਵਾ ਮੇਰਾ ਵੀ ਦਹੇਜ ਦਾ ਸਮਾਨ ਤਿਆਰ ਕਰਕੇ ਰੱਖਿਆ ਹੋਇਆ ਸੀ। ਭੈਣਾਂ ਨੇ ਦਾਜ ਵਿੱਚ ਦੇਣ ਵਾਲੇ ਚਰਖਿਆਂ ਤੇ ਕੌਡੀਆਂ ਅਤੇ ਹੋਰ ਸਜਾਵਟੀ ਚੀਜ਼ਾਂ ਲਗਾਈਆਂ ਸਨ ਅਤੇ ਵੰਡ ਹੋਣ ਉਪਰੰਤ ਉਨ੍ਹਾਂ ਦੇ ਪਿਤਾ ਨੇ ਗਵਾਂਢੀ ਮੁਸਲਮਾਨ ਦੇ ਦੋ ਕਮਰਿਆਂ ਵਿੱਚ ਸਮਾਨ ਰੱਖਿਆ ਸੀ। ਪਿਤਾ ਦਾ ਕਹਿਣਾ ਸੀ ਕਿ ਬਾਅਦ ਵਿੱਚ ਆ ਜਾਣਾ ਹੈ ਪਰ ਅ.ਫ਼ਸੋਸ ਖਾਲੀ ਹੱਥ ਹੀ ਆਉਣਾ ਪਿਆ। ਮਾਤਾ ਚੰਪਾ ਰਾਣੀ ਨੇ ਦੱਸਿਆ ਕਿ ਵੰਡ ਤੋਂ ਪਹਿਲਾਂ ਉਹਨਾਂ ਦੇ ਪਿੰਡ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਅਲੱਗ ਅਲੱਗ ਪਾਣੀ ਪੀਣ ਵਾਲੇ ਖੂਹ ਸਨ। ਅਸੀਂ ਕਦੇ ਕਦਾਈ ਚੋਰੀ ਚੋਰੀ ਮੁਸਲਮਾਨਾਂ ਵਾਲੇ ਖੂਹ ਤੋਂ ਪਾਣੀ ਭਰਦੀਆਂ ਸਨ ਤਾਂ ਸਾਨੂੰ ਘਰੋਂ ਝਿੜਕਾਂ ਪੈਂਦੀਆਂ ਸਨ।

# ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ

**ਸਰਵਜੀਤ ਸਿੰਘ ਸੈਕਰਾਮੈਂਟੋ**



ਇੰਗਲੈਂਡ ਤੋਂ ਪ੍ਰਕਾਸ਼ਿਤ ਹੋਣ ਵਾਲੀ ਇਕ ਪੰਜਾਬੀ ਅਖ਼ਬਾਰ, ਅੱਜ-ਕੱਲ ਸੋਸ਼ਲ ਮੀਡੀਏ ਉੱਪਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਦਾ ਕਾਰਨ ਹੈ 12 ਅਗਸਤ ਦਿਨ ਸੋਮਵਾਰ ਦੀ ਅਖ਼ਬਾਰ ਦੇ ਪਹਿਲੇ ਪੰਨੇ ਉੱਪਰ ਛਪੀ ਖ਼ਬਰ ਦੀ ਸੁਰਖੀ, "ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਵੱਲੋਂ ਇੰਗਲੈਂਡ ਦੇ ਸਿੱਖਾਂ ਨੂੰ ਜਵਾਬ, ਨਿਸ਼ਾਨ ਸਾਹਿਬ ਦੇ ਕੇਸਰੀ ਰੰਗ ਨੂੰ ਬਦਲਣ ਦੇ ਮੈਂ ਨਹੀਂ ਦਿੱਤੇ ਆਦੇਸ਼"। ਇਸ ਤੋਂ ਅਗਲੇ ਦਿਨ ਹੀ ਵੱਖ-ਵੱਖ ਧਿਰਾਂ ਵੱਲੋਂ ਇਸ ਖ਼ਬਰ ਦਾ ਖੰਡਨ ਅਤੇ ਮੰਡਨ ਪੜ੍ਹਨ ਨੂੰ ਮਿਲਿਆ। ਦੋਵੇਂ ਧਿਰਾਂ ਹੀ ਸਤਿਕਾਰ ਯੋਗ ਹਨ। ਸਾਡੇ ਸਾਹਮਣੇ ਅਜੇਹਾ ਕੋਈ ਕਾਰਨ ਨਹੀਂ ਹੈ ਕਿ ਇਹ ਪੜਤਾਲ ਕੀਤੀ ਜਾਵੇ ਕਿ ਝੂਠ ਕੌਣ ਬੋਲ ਰਿਹਾ ਹੈ ਅਤੇ ਕੌਣ ਸੱਚ ? ਤਾਂ ਸਵਾਲ ਪੈਦਾ ਹੁੰਦਾ ਹੈ ਕਿ ਅਸਲ ਸੱਚ ਕੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪੱਤਰ ਨੰ: 37309, ਮਿਤੀ 26 ਜੁਲਾਈ 2024 ਈ: ਮੁਤਾਬਕ, ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ (15 ਜੁਲਾਈ 2024 ਈ:) ਵਿੱਚ ਲਏ ਗਏ ਫੈਸਲੇ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਬਾਰੇ ਪੈਦਾ ਹੋਈ ਦੁਬਿਧਾ ਨੂੰ ਦੂਰ ਕੀਤਾ ਜਾਵੇ। ਇਸ ਆਦੇਸ਼ ਤੇ ਅਮਲ ਕਰਦਿਆਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਵਿਚ ਦਰਜ, "ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ", ਮੁਤਾਬਕ ਸੰਗਤਾਂ ਨੂੰ ਜਾਣਕਾਰੀ ਮੁਹੱਈਆ ਕਰ ਦਿੱਤੀ। ਜਿਹੜੀਆਂ ਧਿਰਾਂ ਨੂੰ ਇਸ ਤੇ ਇਤਰਾਜ਼ ਸੀ, ਉਨ੍ਹਾਂ ਨੇ ਕੇਸਰੀ ਰੰਗ ਦਾ ਪ੍ਰਚਾਰ ਆਰੰਭ ਦਿੱਤਾ। ਇਸੇ ਦੌਰਾਨ ਗਿਆਨੀ





ਰਘਬੀਰ ਸਿੰਘ ਜੀ ਇੰਗਲੈਂਡ ਦੇ ਦੌਰੇ ਉੱਪਰ ਗਏ ਤਾਂ ਕੁਝ ਸਿੰਘਾਂ ਨੇ ਉਨ੍ਹਾਂ ਨੂੰ ਇਸ ਬਾਰੇ ਸਵਾਲ ਕੀਤਾ, ਤਾਂ ਸਿੰਘ ਸਾਹਿਬ ਜੀ ਨੇ ਕਿਹਾ ਕਿ ਮੈਂ ਕਮੇਟੀ ਨੂੰ ਬਸੰਤੀ ਰੰਗ ਬਾਰੇ ਕੋਈ ਆਦੇਸ਼ ਨਹੀਂ ਦਿੱਤਾ। ਸਿੰਘ ਸਾਹਿਬ ਜੀ ਦਾ ਇਹ ਬਿਆਨ ਠੀਕ ਹੈ। ਭਾਈ ਬਲਦੇਵ ਸਿੰਘ ਜੀ (ਮੁਖੀ ਪੰਜ ਪਿਆਰੇ) ਦਾ ਬਿਆਨ ਕਿ, "ਖ਼ਬਰ ਫੇਕ ਨਹੀਂ, ਸੱਤ ਸਿੰਘਾਂ ਸਮੇਤ ਮੈਂ ਮੀਟਿੰਗ ਵਿੱਚ ਹਾਜ਼ਰ ਸੀ", ਵੀ ਸਹੀ ਹੈ।

ਸਿੰਘ ਸਾਹਿਬ ਜੀ ਨੇ ਤਾਂ, ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਬਾਰੇ ਪੈਦਾ ਹੋਈ ਦੁਬਿਧਾ ਨੂੰ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਲਿਖਤੀ ਆਦੇਸ਼ (ਅ: ਤ: 24/206,17-07-2024) ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਵਿੱਚ ਦਰਜ, ਪੰਥ ਵੱਲੋਂ 1936 ਈ: ਵਿੱਚ ਕੀਤੇ ਗਏ ਫੈਸਲੇ ਮੁਤਾਬਕ "ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ", ਕਰਨ ਲਈ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਅਪੀਲ ਕਰ ਦਿੱਤੀ। ਦੇਸ਼-ਵਿਦੇਸ਼ ਵਿੱਚ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦਾ ਸੁਆਗਤ ਹੋਇਆ ਹੈ। ਪਰ ਇਕ ਖਾਸ ਧਿਰ, ਇਸ ਫੈਸਲੇ ਦੇ ਵਿਰੋਧ ਵਿੱਚ ਆ ਖੜੀ ਹੋਈ ਹੈ। ਕੈਲੰਡਰ ਦਾ ਮੁੱਦਾ ਅਜੇ ਕਿਸੇ ਤਣ-ਪੱਤਣ ਨਹੀਂ ਲੱਗਾ, ਇਕ ਹੋਰ ਵਿਵਾਦ ਸਹੇੜ ਲਿਆ ਹੈ। (ਯਾਦ ਰਹੇ ਇਹ ਉਹੀ ਧਿਰਾਂ ਹਨ ਜਿਨ੍ਹਾਂ ਨੂੰ ਨਾਨਕਸ਼ਾਹੀ ਕੈਲੰਡਰ ਤੇ ਇਤਰਾਜ਼ ਹੈ) ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਬਾਰੇ ਪੈਦਾ ਹੋਏ ਵਿਵਾਦ ਦਾ ਹੱਲ ਕੀ ਹੋ ਸਕਦਾ ਹੈ?

ਝੰਡਾ, ਜਿਸ ਨੂੰ ਅਸੀਂ ਸਤਿਕਾਰ ਨਾਲ ਨਿਸ਼ਾਨ ਸਾਹਿਬ ਕਹਿੰਦੇ ਹਾਂ ਕਿਸੇ ਵੀ ਦੇਸ, ਕੌਮ ਅਤੇ ਧਰਮ ਲਈ ਬਹੁਤ ਹੀ ਅਹਿਮ ਹੁੰਦਾ ਹੈ। ਇਸ ਦੀ ਬਣਤਰ ਅਤੇ ਰੰਗ ਦਾ ਇਕ ਖਾਸ ਮਹੱਤਵ ਹੁੰਦਾ ਹੈ। ਇਹ ਠੀਕ ਹੈ ਕਿ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦੇ ਮਤਾ ਨੰ: 1 ਮਿਤੀ 1-8-36 ਅਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮਤਾ ਨੰ: 149 ਮਿਤੀ 12-10-36 ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਪ੍ਰਵਾਨ ਕੀਤਾ ਗਿਆ ਹੈ। ਦੂਜੇ ਪਾਸੇ ਇਸ ਦਾ ਵਿਰੋਧ ਕਰਨ ਵਾਲੀ ਧਿਰ ਵੱਲੋਂ, 6-7 ਅਪ੍ਰੈਲ 1994 ਨੂੰ ਅਨੰਦਪੁਰ ਸਾਹਿਬ ਵਿਖੇ ਹੋਈ ਇਕੱਤਰਤਾ ਵਿੱਚ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ "ਕੇਸਰੀ ਜਾਂ ਨੀਲਾ" (ਖਰੜਾ ਰਹਿਤ ਮਰਿਯਾਦਾ, ਪੰਨਾ 9, ਗੁਰਮਤਿ ਸਿਧਾਂਤ ਪ੍ਰਚਾਰ ਸੰਤ ਸਮਾਜ) ਮੰਨਿਆ ਗਿਆ ਹੈ। ਹੁਣ ਸਾਡੇ ਸਾਹਮਣੇ ਚਾਰ ਰੰਗ ਹਨ। ਬਸੰਤੀ, ਸੁਰਮਈ, ਕੇਸਰੀ ਅਤੇ ਨੀਲਾ। ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਅਤੇ ਸੰਤ ਸਮਾਜ ਦੀ ਰਹਿਤ ਮਰਯਾਦਾ ਵਿੱਚ ਥੋੜੇ ਬਹੁਤੇ ਫਰਕ ਨਾਲ ਇਕ ਰੰਗ ਸਾਂਝਾ ਹੈ ਉਹ ਸੁਰਮਈ ਅਤੇ ਨੀਲਾ। ਭਾਵੇਂ ਇਨ੍ਹਾਂ ਦੋਵਾਂ ਰੰਗਾਂ ਵਿੱਚ ਤਕਨੀਕੀ ਤੌਰ ਤੇ ਤਾਂ ਫਰਕ ਸਪੱਸ਼ਟ ਹੈ ਪਰ, ਆਮ ਤੌਰ ਤੇ ਵੇਖਣ ਵਿੱਚ ਜਿਆਦਾ ਫ਼ਰਕ ਨਹੀਂ ਹੈ। ਪੰਥ ਦਰਦੀਆਂ ਨੂੰ ਬੇਨਤੀ ਹੈ ਕਿ ਸੁਰਮਈ, ਨੀਲਾ ਅਤੇ ਇਨ੍ਹਾਂ ਨਾਲ ਮਿਲਦੇ-ਜੁਲਦੇ ਰੰਗਾਂ ਵਿੱਚੋਂ ਇਕ ਖਾਸ ਰੰਗ (Color Code) ਨਿਰਧਾਰਤ ਕਰ ਲਿਆ ਜਾਵੇ।



## ਛੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ






# ਰਿਟਾਇਰਮੈਂਟ ਲਾਈਫ ਅਤੇ ਸਿਹਤ

ਪ੍ਰੋ. ਕੁਲਬੀਰ ਸਿੰਘ



ਕੀ ਰਿਟਾਇਰਮੈਂਟ ਬਾਅਦ ਸਿਹਤ ਅਕਸਰ ਖ਼ਰਾਬ ਰਹਿੰਦੀ ਹੈ? ਨਹੀਂ ਥੋੜ੍ਹੀ ਜਿਹੀ ਦਿਲਚਸਪੀ, ਚੇਤੰਨਤਾ, ਧਿਆਨ ਅਤੇ ਸਮਾਂ ਲਾ ਕੇ ਇਨ੍ਹਾਂ ਸਾਲਾਂ ਨੂੰ ਸਿਹਤਮੰਦ ਪ੍ਰਸੰਨ ਲੰਮੀ ਉਮਰ ਵਿਚ ਬਦਲਿਆ ਜਾ ਸਕਦਾ ਹੈ।

ਸਰੀਰ ਦੀ ਸਮਰੱਥਾ ਅਤੇ ਸ਼ੌਕ ਅਨੁਸਾਰ ਸੈਰ-ਕਸਰਤ-ਯੋਗਾ-ਸਾਈਕਲਿੰਗ-ਸਵਿਮਿੰਗ ਵਿਚੋਂ ਕੁਝ ਵੀ ਕਰੋ। ਨਵੀਆਂ ਕਸਰਤਾਂ ਸਿੱਖੋ। ਘੁੰਮਣ ਫਿਰਨ, ਨਵੀਆਂ ਥਾਵਾਂ ਵੇਖਣ ਦੀ ਰੁਚੀ ਪੈਦਾ ਕਰੋ। ਸੀਨੀਅਰ ਸਿਹਤ-ਗਰੁੱਪ ਜਾਇਨ ਕਰੋ। ਸਰੀਰਕ ਤੌਰ ਤੇ ਸਰਗਰਮ ਰਹੋ। ਜੀਵਨ-ਸ਼ੈਲੀ ਬਦਲੋ। ਕ੍ਰਾਂਤੀਕਾਰੀ ਤਬਦੀਲੀਆਂ ਲਿਆਓ। ਸਿਹਤਮੰਦ ਖ਼ੁਰਾਕ 'ਤੇ ਫੋਕਸ ਕਰੋ। ਗੈਰ-ਸਿਹਤਮੰਦ ਖ਼ੁਰਾਕ ਨੂੰ ਜੀਵਨ ਵਿਚੋਂ, ਰਸੋਈ ਵਿਚੋਂ ਕੱਢ ਦਿਓ।

ਸਾਕਾਰਾਤਮਕ ਸੋਚ ਅਪਣਾਓ। ਗੂੜ੍ਹੀ-ਗਹਿਰੀ ਨੀਂਦ ਲਓ। ਲੰਮੇ-ਡੂੰਘੇ ਸਾਹ ਲਓ। ਪੀਸ ਆਫ਼ ਮਾਈਂਡ ਨੂੰ ਤਰਜੀਹ ਦਿਓ। ਮੈਡੀਟੇਸ਼ਨ ਨੂੰ ਸਮਾਂ ਦਿਓ। ਲੋਕਾਂ ਦੇ ਦੁਖ ਸੁਖ ਵਿਚ ਸ਼ਾਮਲ ਹੋਵੋ। ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੇ ਸੰਪਰਕ ਵਿਚ ਰਹੋ। ਪਰਿਵਾਰ ਨੂੰ, ਆਪਣੇ ਸ਼ੌਕ ਨੂੰ ਸਮਾਂ ਦਿਓ। ਰੁੱਝੇ ਰਹੋ। ਪਾਣੀ, ਫਲ, ਸਲਾਦ, ਸਬਜ਼ੀਆਂ ਵਧੇਰੇ ਮਾਤਰਾ ਵਿਚ ਲਓ। ਜੀਵਨ ਦਾ, ਹਰ ਦਿਨ ਦਾ ਉਦੇਸ਼ ਮਿਥੋ ਅਤੇ ਉਸ ਨੂੰ ਪੂਰਾ ਕਰਨ ਵਿਚ ਲੱਗੇ ਰਹੋ। ਮਨੋਰੰਜਨ ਲਈ, ਆਰਾਮ ਲਈ ਸਮਾਂ ਕੱਢੋ। ਸੰਗੀਤ ਸੁਣੋ, ਪੁਸਤਕਾਂ ਪੜ੍ਹੋ, ਬਗੀਚੀ ਦੇ ਫੁੱਲਾਂ-ਫਲ੍ਹਾਂ-ਸਬਜ਼ੀਆਂ ਨੂੰ ਪਾਣੀ ਦਿਓ। ਕੁਦਰਤ ਦੇ ਅੰਗ ਸੰਗ ਰਹੋ। ਮਨ ਦੀ ਤਾਕਤ ਨੂੰ ਪਛਾਣੋ। ਸ਼ੁਕਰਾਨਾ ਕਰੋ, ਚਿਹਰੇ 'ਤੇ ਮੁਸਕਾਨ ਰੱਖੋ। ਪ੍ਰਦੂਸ਼ਨ ਤੋਂ ਬਚੋ। ਵੱਧ ਤੋਂ ਵੱਧ ਸਮਾਂ ਖੁਲ੍ਹੀ ਹਵਾ ਵਿਚ ਬਤੀਤ ਕਰੋ। ਘਰ ਦੇ ਖਿੜਕੀਆਂ ਦਰਵਾਜ਼ੇ ਖੁਲ੍ਹੇ ਰੱਖੋ। ਜਾਲੀ ਵਾਲੇ ਦਰਵਾਜ਼ਿਆਂ ਖਿੜਕੀਆਂ ਦੀਆਂ ਜਾਲੀਆਂ ਸਾਫ਼ ਕਰੋ ਤਾਂ ਜੋ ਵੱਧ ਤੋਂ ਵੱਧ ਹਵਾ ਕਮਰਿਆਂ ਅੰਦਰ ਆ ਜਾ ਸਕੇ।

ਜਿੱਥੇ ਵੀ ਹੋ ਖ਼ੁਸ਼ ਰਹੋ, ਰੁੱਝੇ ਰਹੋ। ਰੁਝੇਵੇਂ ਵਾਲੀ ਅਰਥ ਭਰਪੂਰ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰੋ। ਕਿਸੇ ਸੰਸਥਾ, ਹਸਪਤਾਲ, ਲਾਇਬਰੇਰੀ, ਐਨ ਜੀ ਓ ਨਾਲ ਵਲੰਟੀਅਰ ਵਜੋਂ ਜੁੜੋ। ਕਿਸੇ ਉਦੇਸ਼ ਲਈ ਜੀਣਾ, ਦੂਸਰਿਆਂ ਦੇ ਕੰਮ ਆਉਣਾ ਲੰਮੇ ਸਮੇਂ ਵਿਚ ਸਰੀਰਕ ਮਾਨਸਿਕ ਤੰਦਰੁਸਤੀ ਲਈ ਫਾਇਦੇਮੰਦ ਹੁੰਦਾ ਹੈ। ਜੇ ਤੁਸੀਂ ਸਾਫ਼-ਸ਼ੁੱਧ ਹਵਾ ਚਾਹੁੰਦੇ ਹੋ ਤਾਂ ਰਹਿਣ ਲਈ ਕਿਸੇ ਅਜਿਹੇ ਸਥਾਨ ਦੀ ਚੋਣ ਕਰੋ।

ਧੁੱਪ ਇਸ ਉਮਰ ਵਿਚ ਵਰਦਾਨ ਹੈ। ਵਿਟਾਮਿਨ ਬੀ12, ਡੀ, ਸੀ, ਈ, ਏ ਦੀ ਕਮੀ ਨਾ ਹੋਣ ਦਿਓ। ਸੰਤੁਲਿਤ ਖੁਰਾਕ ਲਓ ਜਿਸ ਵਿਚ ਕਾਰਬੋਹਾਈਡਰੇਟਸ, ਪ੍ਰੋਟੀਨ, ਫਾਈਬਰ, ਫੈਟ, ਮਿਨਰਲ, ਵਿਟਾਮਿਨ ਅਤੇ ਹੋਰ ਲੋੜੀਂਦੇ ਖੁਰਾਕੀ ਤੱਤ ਸ਼ਾਮਲ ਹੋਣ। ਖ਼ੂਨ ਦਾ ਦਬਾਅ, ਦਿਲ ਦੀ ਧੜਕਨ, ਤਣਾਅ ਅਤੇ ਕੋਲੈਸਟਰੋਲ 'ਤੇ ਕੰਟਰੋਲ ਰੱਖੋ।



ਭਾਰ 'ਤੇ ਕਾਬੂ ਰੱਖੋ। ਬਜ਼ਾਰੀ ਭੋਜਨ ਤੋਂ ਪ੍ਰਹੇਜ ਕਰੋ। ਕਣਕ ਦੀ ਵਰਤੋਂ ਘੱਟ ਤੋਂ ਘੱਟ ਕਰੋ। ਡੇਅਰੀ ਪ੍ਰੋਡਕਟ, ਬੇਕਰੀ ਪ੍ਰੋਡਕਟ, ਮਠਿਆਈਆਂ, ਪ੍ਰੋਸੈਸਡ ਫੂਡ, ਡੱਬਾ ਬੰਦ, ਬੋਤਲ ਬੰਦ, ਪੈਕਟ ਬੰਦ ਖੁਰਾਕੀ ਵਸਤੂਆਂ ਤੋਂ ਬਚੋ। ਖੇਤਾਂ ਵਿਚੋਂ, ਪੌਦਿਆਂ ਤੋਂ ਆਉਣ ਵਾਲੀਆਂ ਕੁਦਰਤੀ ਵਸਤਾਂ ਨੂੰ ਤਰਜੀਹ ਦਿਓ।

ਸਿਹਤ ਦੀ ਜਾਂਚ ਕਰਵਾਉਂਦੇ ਰਹੋ। ਡਾਕਟਰ ਦੀਆਂ ਹਦਾਇਤਾਂ ਦੀ ਪਾਲਣਾ ਕਰੋ। ਦਵਾਈ ਨਿਯਮਤ ਤੌਰ 'ਤੇ ਸਮੇਂ ਸਿਰ ਲਓ। ਬੀ ਪੀ ਅਤੇ ਤਣਾਅ ਵਧਣ ਨਾ ਦਿਓ ਤਾਂ ਜੋ ਸਟ੍ਰੋਕ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹੋ। ਸਰੀਰ ਵਾਂਗ ਦਿਮਾਗ ਨੂੰ ਵੀ ਕਸਰਤ ਦੀ ਲੋੜ ਹੈ। ਇਸਨੂੰ ਆਪਣੇ ਪਸੰਦ ਦੀਆਂ ਸਿਰਜਣਾਤਮਿਕ ਸਰਗਰਮੀਆਂ ਵਿਚ ਲਗਾਈ ਰੱਖੋ। ਘਰ ਅਤੇ ਬਾਹਰ ਤੁਰਦੇ ਫਿਰਦੇ ਛੋਟੀਆਂ ਛੋਟੀਆਂ ਸੱਟਾਂ, ਐਕਸੀਡੈਂਟਾਂ ਤੋਂ ਬਚੋ। ਉੱਚੀ, ਨੀਵੀਂ, ਤਿਲਕਵੀਂ ਥਾਂ ਅਤੇ ਪੌੜੀਆਂ ਪ੍ਰਤੀ ਸੁਚੇਤ ਰਹੋ। ਲੋੜ ਅਨੁਸਾਰ ਘਰ, ਕਮਰੇ ਅਤੇ ਬਾਥਰੂਮ ਵਿਚ ਰੋਸ਼ਨੀ ਦੀ ਵਿਵਸਥਾ ਕਰੋ।

ਜਿਹੜੇ ਲੋਕ ਰਿਟਾਇਰਮੈਂਟ ਬਾਅਦ ਆਪਣੇ ਸਮੇਂ ਦੀ ਵਿਉਂਤਬੰਦੀ ਕਰਕੇ ਰੁੱਝੇ ਰਹਿੰਦੇ ਹਨ ਉਹ ਮੁਕਾਬਲਤਨ ਵਧੇਰੇ ਖ਼ੁਸ਼ ਤੇ ਸੰਤੁਸ਼ਟ ਰਹਿੰਦੇ ਹਨ।

ਊਰਜਾ ਲਈ ਆਲੇ ਦੁਆਲੇ, ਘਰ-ਪਰਿਵਾਰ ਅਤੇ ਜੀਵਨ ਵਿਚ ਦਿਲਚਸਪੀ ਬਣਾਈ ਰੱਖੋ। ਤਕਨੀਕੀ ਸਹੂਲਤਾਂ ਅਪਣਾਓ ਪਰ ਉਨ੍ਹਾਂ ਦੇ ਗੁਲਾਮ ਨਾ ਬਣੋ। ਸਮਾਰਟ ਫੋਨ ਅਤੇ ਇੰਟਰਨੈਟ ਸਾਡੀ ਸਹੂਲਤ ਲਈ ਹਨ ਇਨ੍ਹਾਂ ਨੂੰ ਜ਼ਿੰਦਗੀ 'ਤੇ ਹਾਵੀ ਨਾ ਹੋਣ ਦਿਓ।

ਮਨੋਰੰਜਨ ਤੇ ਸ਼ੌਕ ਜ਼ਰੂਰੀ ਹਨ। ਮਨ ਨੂੰ ਖੁਲ੍ਹਾ ਤੇ ਲਚਕੀਲਾ ਰੱਖੋ। ਵਰਤਮਾਨ ਮਹੱਤਵਪੂਰਨ ਹੈ। ਵਰਤਮਾਨ ਵਿਚ ਜੀਓ। ਜੇਕਰ ਤੁਸੀਂ ਇਸ ਉਮਰ ਲਈ ਯੋਜਨਾਬੰਦੀ ਅਤੇ ਤਿਆਰੀ ਨਹੀਂ ਕੀਤੀ ਤਾਂ ਅੱਜ ਤੋਂ ਹੀ ਸ਼ੁਰੂ ਕਰ ਦਿਓ।

ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਲਿਖਦੇ ਹਨ ਜਿਹੜਾ ਦੌੜ ਸਕਦੈ ਉਹ ਵਗੇ ਨਾ। ਜਿਹੜਾ ਵਗ ਸਕਦੈ ਉਹ ਤੁਰੇ ਨਾ, ਜਿਹੜਾ ਤੁਰ ਸਕਦੈ ਉਹ ਖੜੇ ਨਾ, ਜਿਹੜਾ ਖੜ੍ਹ ਸਕਦੈ ਉਹ ਬੈਠੇ ਨਾ, ਜਿਹੜਾ ਬੈਠ ਸਕਦੈ ਉਹ ਲੇਟੇ ਨਾ। ਜਿੰਨੇ ਜੋਗਾ ਕੋਈ ਹੈ ਓਨਾ ਕੁਛ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਰਹੇ। ਤੁਰੋ ਤੇ ਤੰਦਰੁਸਤ ਰਹੋ। ਤੁਹਾਡੇ ਰੁਝੇਵੇਂ ਕਦੇ ਨਾ ਮੁੱਕਣ। ਕਿਸੇ ਨਾ ਕਿਸੇ ਆਹਰੇ ਜ਼ਰੂਰ ਲੱਗੇ ਰਹੋ। ਆਹਰ ਮੁੱਕ ਜਾਣ ਤਾਂ ਬੰਦਾ ਬਹੁਤੀ ਦੇਰ ਜਿਉਂਦਾ ਨਹੀਂ ਰਹਿ ਸਕਦਾ।

********

# ਬੰਦੇ ਅਤੇ ਬਾਂਦਰ ਦਾ ਨਿਰਨਾ!

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268
tsdupalpuri@yahoo.com



ਕੁੱਝ ਮਹੀਨੇ ਆਪਣੇ ਪਿੰਡ ਰਹਿੰਦਿਆਂ ਮੈਂ ਹਰ ਰੋਜ ਦਰਿਆ ਸਤਲੁਜ ਕੰਢੇ ਸਾਈਕਲ ਤੇ ਸੈਰ ਕਰਨ ਜਾਂਦਾ ਸਾਂ। ਇਸ ਇਲਾਕੇ 'ਚ ਅੱਗੇ ਤਾਂ ਕਦੇ ਦੇਖੇ ਸੁਣੇ ਨਹੀਂ ਸਨ ਪਰ ਐਤਕੀਂ ਮੈਂ ਦਰਿਆ ਦੇ ਬੰਨ੍ਹ ਉੱਤੇ ਦੋ ਤਿੰਨ ਬਾਂਦਰ ਤੁਰੇ ਫਿਰਦੇ ਦੇਖੇ। ਸੱਤ-ਅੱਠ ਮੀਲ ਸਾਈਕਲ ਚਲਾਉਣ ਬਾਅਦ ਬੰਨ੍ਹ ਉੱਤੇ ਇਕ ਥਾਂਹ ਪਏ ਤਖਤਪੋਸ਼ ਉੱਤੇ ਸਾਡੀ ਸੈਰ ਕਰਨ ਵਾਲ਼ਿਆਂ ਦੀ ਮੰਡਲੀ ਬਹਿੰਦੀ,ਜਿੱਥੇ ਘੜੀ ਘੰਟਾ ਗੱਪ-ਗੋਸ਼ਟੀ ਚਲਦੀ ਹੁੰਦੀ ਸੀ।

ਇਕ ਦਿਨ ਸੈਰ ਤੋਂ ਵਾਪਸੀ 'ਤੇ ਮੈਂ ਮਿੱਤਰ-ਮੰਡਲ਼ੀ ਵਿਚ ਬੈਠਿਆਂ ਬਾਂਦਰਾਂ ਬਾਰੇ ਗੱਲ ਕੀਤੀ ਤਾਂ ਉਹ ਕਹਿੰਦੇ ਕਿ ਇਨ੍ਹਾਂ ਵਿਚਾਰਿਆਂ ਨੂੰ ਖਾਣ ਲਈ ਇੱਥੇ ਕੁਛ ਨੀ ਲੱਭਦਾ, ਇਹ ਭੁੱਖਣ ਭਾਣੇ ਈ ਏਧਰ ਉੱਧਰ ਫਿਰਦੇ ਰਹਿੰਦੇ ਆ। ਇਹ ਸੋਚ ਕੇ ਕਿ ਅਮਰੀਕਾ ਵਾਪਸ ਜਾਣ ਤੋਂ ਪਹਿਲਾਂ ਜਿੰਨਾਂ ਚਿਰ ਮੈਂ ਇੱਥੇ ਹੈਗਾ ਹਾਂ ਸੈਰ ਕਰਨ ਆਇਆ ਇਨ੍ਹਾਂ ਲਈ ਕੁੱਝ ਨਾ ਕੁੱਝ ਲੈ ਆਇਆ ਕਰਾਂ ਗਾ। ਦੂਜੇ ਦਿਨ ਮੈਂ ਬ੍ਰੈਡ ਅਤੇ ਭੁੱਜੇ ਹੋਏ ਛੋਲੇ ਸਾਈਕਲ ਦੀ ਟੋਕਰੀ 'ਚ ਰੱਖ ਕੇ ਲੈ ਆਇਆ ਤੇ ਤਿੰਨਾਂ ਬਾਂਦਰਾਂ ਨੂੰ ਸਮਾਨ ਛਕਾਇਆ। ਇਸ ਤੋਂ ਦੂਜੇ ਦਿਨ ਮੈਂ ਬ੍ਰੈਡ ਤੇ ਛੋਲਿਆਂ ਦੇ ਨਾਲ਼ ਪੰਜ ਸੱਤ ਕੇਲੇ ਵੀ ਲੈ ਗਿਆ। ਉਹ ਵੀ ਉਨ੍ਹਾਂ ਨੇ ਤਸੱਲੀ ਨਾਲ਼



ਖਾਧੇ।

ਫਿਰ ਦੋ ਕੁ ਦਿਨ ਮੈਨੂੰ ਵਾਂਢੇ ਜਾਣਾ ਪੈ ਗਿਆ। ਸੈਰ ਨੂੰ ਜਾਣ ਦੇ ਦੋ ਨਾਗੇ ਪੈਣ ਬਾਅਦ ਜਦ ਮੈਂ ਬਰੈੱਡ ਵਗੈਰਾ ਲੈ ਕੇ ਦਰਿਆ ਦੇ ਬੰਨ੍ਹ ਉੱਤੇ ਪਹੁੰਚਿਆ ਤਾਂ ਓਦਣ ਬਾਂਦਰ ਮੈਨੂੰ ਕਿਤੇ ਵੀ ਨਾ ਦਿਸੇ। ਦਰਖਤਾਂ ਉੱਤੇ ਜੰਗਲਾਤ ਮਹਿਕਮੇਂ ਵਲੋਂ ਲਾਏ ਨੰਬਰਾਂ ਅਨੁਸਾਰ ਮੈਂ ਬਾਂਦਰਾਂ ਦੇ ਟਿਕਾਣੇ ਵਾਲ਼ੀ ਦਰਖਤ ਨੰਬਰ 430 ਦੀ ਨਿਸ਼ਾਨੀ ਚੇਤੇ ਰੱਖੀ ਹੋਈ ਸੀ। ਉੱਥੇ ਖੜ੍ਹ ਕੇ ਮੈਂ ਰਾਹੋਂ ਵੱਲ੍ਹ ਦੇ ਪਾਸੇ ਦੂਰ ਤੱਕ ਨਜ਼ਰ ਮਾਰੀ, ਮੈਨੂੰ ਝੌਲ਼ਾ ਜਿਹਾ ਦਿਸਿਆ ਜਿਵੇਂ ਦੂਰ ਬਾਂਦਰ ਬੈਠੇ ਹੋਣ!

ਉੱਧਰੋਂ ਸਕੂਟਰ 'ਤੇ ਆ ਰਿਹਾ ਇਕ ਬੰਦਾ ਵੀ ਦਿਸਿਆ। ਮੈਂ ਸੋਚਿਆ ਕਿ ਉਸਨੂੰ ਬਾਂਦਰਾਂ ਬਾਰੇ ਪੁੱਛ ਕੇ ਓਧਰ ਨੂੰ ਚਲਾ ਜਾਵਾਂ ਗਾ। ਕੋਲ਼ ਆਏ 'ਤੇ ਮੈਂ ਉਸ ਨੂੰ ਰੋਕ ਕੇ



ਪੁੱਛਿਆ ਤਾਂ ਉਹ ਬਲਾਚੌਰ ਵੱਲ੍ਹ ਨੂੰ ਹੱਥ ਕਰਕੇ ਕਹਿੰਦਾ-'ਭਾ ਜੀ ਬਾਂਦਰ ਉੱਥੇ ਝਿੜੀ 'ਚ ਹੁੰਦੇ ਆ ਜਿੱਥੇ ਅਸੀਂ ਕੰਮ ਕਰਦੇ ਆਂ!' ਮੇਰੇ ਸਾਈਕਲ ਦੀ ਟੋਕਰੀ 'ਚ ਪਏ ਬ੍ਰੈਡ ਤੇ ਕੇਲੇ ਵਗੈਰਾ ਪਏ ਦੇਖ ਕੇ ਉਹ ਕਹਿੰਦਾ ਕਿ ਆਹ ਸਮਾਨ ਮੈਨੂੰ ਦੇ ਦਿਉ ਮੈਂ ਬਾਂਦਰਾਂ ਨੂੰ ਖਿਲਾ ਦਿਆਂ ਗਾ! ਮੈਥੋਂ ਸਮਾਨ ਲੈ ਕੇ ਉਹ ਸਕੂਟਰ 'ਤੇ ਧੂੜ ਉਡਾਉਂਦਾ ਚਲਾ ਗਿਆ।

ਲਉ ਜੀ ਮੈਂ ਉਹਦੇ ਮਗਰ ਉਸੇ ਰਸਤੇ ਮੁੜਕੇ ਰੋਜ ਵਾਂਗ ਆਪਣੀ ਮਿੱਤਰ-ਮੰਡਲ਼ੀ ਨਾਲ਼ ਤਖਤਪੋਸ਼ 'ਤੇ ਆ ਬੈਠਾ। ਉਨ੍ਹਾਂ ਮੈਨੂੰ ਆਉਂਦੇ ਨੂੰ ਈ ਪੁੱਛਿਆ ਅਖੇ ਰਜਾ ਆਏ ਜੀ ਬਾਂਦਰਾਂ ਨੂੰ?

ਮੈਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਕਿ ਅੱਜ ਬਾਂਦਰ ਤਾਂ ਮੈਨੂੰ ਕਿਤੇ ਨੀ ਮਿਲ਼ੇ ਪਰ ਇੱਕ ਸੱਜਣ ਸਕੂਟਰ 'ਤੇ ਏਧਰ ਨੂੰ ਆਇਆ ਜੋ ਕਹਿੰਦਾ ਸੀ ਕਿ ਬਾਂਦਰ ਹੁਣ ਏਧਰ ਝਿੜੀ 'ਚ ਰਹਿੰਦੇ ਆ, ਉਹ ਸਮਾਨ ਮੈਥੋਂ ਲੈ ਗਿਆ ਐ!

ਮੰਡਲ਼ੀ ਦਾ ਇੱਕ ਦੋਸਤ ਤਾੜੀ ਮਾਰਕੇ ਹੱਸਦਿਆਂ ਕਹਿੰਦਾ-'ਓ ਭਾਅ ਜੀ, ਆਹੀ ਭਾਈ ਜਿਹੜਾ ਹੁਣੇ ਐਥੋਂ ਸਕੂਟਰ 'ਤੇ ਲੰਘਿਆ ਐ, ਉਹ ਤਾਂ 'ਮਨਰੇਗਾ ਲੇਬਰ' ਵਾਲ਼ਿਆਂ ਦਾ ਮਜ਼ਦੂਰ ਐ! ਬਾਂਦਰਾਂ ਨੂੰ ਕਿੱਥੇ ਪਾਉਣੇ ਉਹਨੇ? ਉਹ ਤਾਂ ਕੇਲੇ ਬਰੈੱਡ ਆਪ ਹੀ ਛਕੂ..!!'

ਇਹ ਗੱਲ ਕਹਿਣ ਵਾਲ਼ੇ ਨੂੰ ਟੋਕਦਿਆਂ ਹੋਇਆਂ ਉਹਦੇ ਨਾਲ਼ਦਾ ਇਕ ਜਣਾ ਬੋਲਿਆ- "ਜੇ ਤਾਂ ਬਾਈ ਜੀ ਹੋਇਆ ਉਹ 'ਬੰਦਾ' ਫਿਰ ਤਾਂ ਜਰੂਰ ਬਾਂਦਰਾਂ ਨੂੰ ਹੀ ਖਿਲਾਊ! ਪਰ ਜੇ ਹੋਇਆ 'ਬਾਂਦਰ' ਫਿਰ ਤਾਂ ਭਾਈ ਉਹਦਾ ਹੱਕ ਬਣਦਾ ਈ ਐ 'ਆਪਣੇ ਲਈ' ਆਇਆ ਹੋਇਆ ਸਮਾਨ ਖਾਣ ਦਾ!!"

ਉਹਦੀ ਗੱਲ ਤੋਂ ਮੰਡਲੀ 'ਚ ਹਾਸੜ ਮਚ ਗਈ!

# ਮੈਂ ਜਾਣਾ ਦੁੱਖ ਮੁਝ ਕੋ, ਦੁੱਖ ਸਵਾਇਆ ਜੱਗ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਸਾਹਮਣੇ ਹੈ ਕਰਨੀ ਆਪੋ ਆਪਣੀ, ਕਰਤਾਰ ਨਤੀਜੇ ਦੇ ਰਿਹਾ ਹੈ, ਸਵੇਰ-ਸ਼ਾਮ ਹੁਣ ਚਿੰਤਾ ਵਿੱਚ ਹੀ ਲੰਘ ਰਹੇ ਹਨ, ਖ਼ਬਰਾਂ ਦੇਖਣ ਤੋਂ ਘਬਰਾਈਦਾ ਹੈ, ਆਪਣੇ ਦੇਸ਼ ਅਤੇ ਦੇਖੋ ਬੰਗਲਾ ਦੇਸ਼, ਮਜੀਬਾ ਰਹਿਮਾਨ ਨੇ ਭਾਰਤ ਦੀ ਸ਼ਹਿ 'ਤੇ ਦੇਸ਼ ਬਣਵਾਇਆ ਹੁਣ ਧੀ ਹੁਸੀਨਾ ਨੂੰ ਉਹੀ ਦੇਸ਼ ਨਿਕਾਲਾ ਤੇ ਪਨਾਹਗੀਰ ਬਨਣਾ ਪਿਆ, ਰੰਗ ਕਰਤੇ ਦੇ ਪਰ ਸਕੀਮਾਂ ਸਾਡੀਆਂ, ਰਾਜਨੀਤੀ, ਬਦਨੀਤੀ ਸਭ ਦੁੱਖ ਦੀ ਜੜ੍ਹ ਹੈ। ਬੰਗਲਾ ਦੇਸ਼ ਵਿੱਚ ਭੀ ਚੰਗਿਆੜੀ ਕਦੋਂ ਦੀ ਸੀ, ਪਰ ਘਰ ਦੀ ਕਰੀਏ, ਸਰਕਾਰ ਬਦਲੀ ਹਾਲੇ ਤਾਂ ਖ਼ੁਸ਼ੀਆਂ ਦੇ ਤਿਉਰ ਤਾਗੇ ਭਾਜੀਆਂ ਭੀ ਵੰਡੀਆਂ ਨਹੀਂ ਗਈਆਂ ਕਿ ਧੈਭੜ ਧਈਆ ਹੋ ਗਿਆ। ਬੜੇ ਦੁੱਖ ਦੀ ਗੱਲ ਸੀ ਕਿ ਤਿੰਨ ਮਸੂਮ ਬੱਚੀਆਂ ਦਾ ਕਤਲ, ਕਾਤਲ ਭੀ ਜਵਾਨ ਹੁਣ ਅੱਧਾ ਮਰਿਆ ਹੀ ਰਹੂ, ਪਰ ਕੀ ਪੁਲਸ ਕੁੱਟਣੀ, ਅੱਗਾ ਤੇ ਭਾਂਬੜ ਲੁੱਟਾਂ ਥਾਂ ਥਾਂ ਲੋਕਾਂ ਨੂੰ ਦਹਿਸ਼ਤ ਇਹ ਸੋਗ ਹੈ ? ਨਹੀਂ ਇਹ ਤਾਂ ਸੱਜੀ, ਕਲਯੁੱਗੀ ਨਕਸਲੀ, ਕਾਮ-ਰੇਡੀ ਸਭ ਰਲ੍ਹੇ ਮਿਲੇ ਹਨ, ਲੇਬਰ ਪਾਰਟੀ ਦੀ ਆਪਣੀ ਇਕ ਅੱਡਰੀ ਜਥੇਬੰਦੀ ਭੀ ਸਰਕਾਰ ਨੂੰ ਸਰਬ-ਪੱਖੀ ਨੀਤੀਆਂ 'ਤੇ ਪਹਿਰਾ ਦੇਣ ਲਈ ਰਾਜ਼ੀ ਨਹੀਂ ਤੇ ਆਹ ਯੁੱਧ ਸਰਕਾਰ ਨੂੰ ਝੁਰਮਟ ਵਿੱਚ ਉਲਝਾ ਕੇ ਆਪਣਾ ਦਾਲ ਫੁਲਕਾ ਚਲਾ ਰਹੀ ਹੈ, ਪਰ ਲੱਗਦਾ ਨੀ ਕਿ ਵਿਰੋਧੀ ਧਿਰ ਟੋਰੀ ਇਹਦੇ ਵਿੱਚ ਭਾਈਵਾਲ ਹੋਵੇ ਹਾਂ ਰੀਫਾਰਮ ਤਾਂ ਹੋ ਸਕਦੀ ਹੈ। ਸੁਝਾਅ ਹਨ ਕਿ ਸਰਕਾਰ ਕੋਰਟ ਤੋਂ ਆਰਡਰ ਲਵੇ ਕਿ ਬਾਕੀ ਦੇ ਮੁਜ਼ਾਹਰੇ ਹਾਲ ਦੀ ਘੜੀ ਮੁਅਤੱਲ, ਪੁਲਸ ਤੇ ਰਾਇਟ ਪੁਲਸ ਸਾਰੇ ਰੱਲ੍ਹਕੇ ਹੱਲ ਕਰਨ ਦੰਗਾਕਾਰੀਆਂ ਨੂੰ ਮਿਲਟਰੀ ਹਵਾਲੇ ਕਰਨ, ਬੈਰਕਾਂ ਵਿੱਚ ਡੱਕਣ, ਹੁਣ ਇਹ ਦੂਜੇ ਸ਼ਹਿਰਾਂ ਵਿੱਚ ਭੀ ਵੜਨ ਦੀਆਂ ਵਿਉਂਤਾਂ ਬਣਾ ਰਹੇ ਹਨ, ਲਾਠੀਚਾਰਜ ਭੀ ਸਹਿਦਾ ਤੇ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ, ਇਨ੍ਹਾਂ ਕਦਮਾਂ ਬਿਨਾਂ ਨਹੀਂ ਇਨ੍ਹਾਂ ਬੱਗਾਂ ਨੇ ਲੋਟ ਆਉਣਾ, ਸੱਜੀ ਪਾਰਟੀ ਦਾ ਆਗੂ ਆਪ ਭੱਜ ਕੇ ਦੂਜੇ ਦੇਸ਼ ਅਤੇ ਆਖਣ ਇੰਮੀਗ੍ਰੇਸ਼ਨ ਨਹੀਂ ਚਾਹੀਦੀ, ਫੇਰ ਤੂੰ ਦੂਜੇ ਦੇਸ਼ ਕੀ ਨਾਨਕੀ ਗਿਆ ਹੈਂ, ਸਾਡੀ ਸਰਕਾਰ ਦੀ ਹੀ ਨਹੀਂ ਦੇਸ਼ ਦੀ ਭਲੇਮਾਣਸੀ ਸਾਡੀ ਵੈਰੀ ਹੈ, ਪੁਲਸ ਦੇ ਹੱਥ ਬੰਨੇ ਹਨ ਜਦੋਂ ਕਿਧਰੇ ਕੁੱਟ ਦੇਣ ਤਾਂ ਹੋਏ ਹੋਏ, ਮਾਨਚੈਸਟਰ ਏਅਰਪੋਰਟ ਵਾਲੀ ਵੀਡੀਉ ਵਾਇਰਲ ਭੁਗਤਦੇ ਨੇ ਸਾਧਾਰਨ ਵਾਸੀ।

ਉਧਰ ਈਉਨ ਮਾਸਕ ਜੀਹਦੀ ਕਿ ਈਜਾਰੇਦਾਰੀ, ਸਰਦਾਰੀ ਝੰਡੀ ਹੈ ਔਨ-ਲਾਈਨ ਸੋਸ਼ਲ ਮੀਡੀਆ ਸਭ ਅਬੱਲੇ ਸੁਨ-ੇਹੇ, ਦੁੱਭਰ ਜੀਵਨ ਕਰਨਾ, ਹੁਣ ਸਗੋਂ ਹੋਰ ਸ਼ਹਿ ਕੋਈ ਕਾਨੂੰਨ ਇਸ ਚੱਕ ਥੱਲ ਵਾਲਿਆਂ ਲਈ ਹੈ ਹੀ ਨਹੀਂ, ਭੜਕਾਊ ਬਿਆਨ ਗੈਰ ਕਾਨੂੰਨੀ ਹੁੰਦੇ ਹੋਏ ਭੀ ਕਦੀ ਰੁੱਕਦੇ ਨਹੀਂ, ਭਾਵੇਂ ਅਸੀਂ ਕਦੀ ਭੀ ਨਹੀਂ ਚਾਹਾਂਗੇ ਕਿ ਮਿਲਟਰੀ ਸਰਕਾਰਾਂ ਵਿੱਚ ਦਖਲ ਦੇਵੇ ਪਰ ਜਦੋਂ ਹੋਰ ਰਾਹ ਨਾ ਕੋਈ ਰਹੇ ਤਾਂ ਸਹਾਰਾ ਲੈਣਾ ਹੀ ਪੈਂਦਾ ਹੈ, ਦੇਖੋ ਹੁਣ ਬੰਗਲਾ ਦੇਸ਼ ਮਿਲਟਰੀ ਰੂਲ ਹੁਣ ਸੁਸਰੀ ਬਨਣਗੇ ਠੀਕ ਹੈ ਇਹ ਇਸਲਾਮੀ ਧਾਰਾ ਵੱਖਰੀ ਹੈ ਪਰ ਜਦੋਂ ਪ੍ਰਜਾ ਭੂਤਰ ਜਾਵੇ ਤਾਂ ਟਿਕਾਣੇ ਲਉਣੀ ਹੀ ਬਣਦੀ ਹੈ, ਮੈਂ ਤਾਂ ਮਿਲਟਰੀ ਅਫ਼ਸਰ ਦੀ ਧੀ ਬਹੁਤੀ ਪ੍ਰਸ਼ੰਸਕ ਨਹੀਂ ਸੀ ਹੁੰਦੀ ਕਿ ਜੰਗ ਕਰਦੇ ਹਨ ਪਰ ਅਮਨ-ਸ਼ਾਂਤੀ ਲਈ ਸੇਵਾ ਲੈ ਲੈਣੀ ਭੀ ਸੁਹਿਰਦਤਾ ਹੈ, ਹੁਣ ਮਨੁੱਖਤਾ ਪਸ਼ੂਤਾ ਵਿੱਚ ਬਦਲਦੀ ਜਾ ਰਹੀ ਹੈ ਜੋ ਖਾਈਦਾ ਹੈ ਉਹੀ ਮੱਤ ਪਾਈਦੀ ਹੈ, ਰੁੱਖੀ ਸੁੱਕੀ ਸਾਦੇ ਭੋਜਨ ਵਰਗੀ ਰੀਸ ਨਹੀਂ, ਪਦਾਰਥਾਂ ਨੇ ਮੱਤ ਮਾਰ ਧਰੀ ਹੁਣ ਸਾਨੂੰ ਆਪਣੇ ਦੇਸ਼ ਦੇ ਵੱਲ ਵਫ਼ਾਦਾਰੀ ਵੱਲ ਕੇਂਦਰਤ ਹੋਣਾ ਬਣਦਾ ਹੈ ਕੋਈ ਕਿਸੇ ਭੀ ਤਰ੍ਹਾਂ ਦੀ ਸੂਹ ਲੱਗੇ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰੋ, ਸਾਵਧਾਨ ਰਹੋ ਇਹ ਲਹਿਰ ਹੈ ਫੈਲ ਰਹੀ ਹੈ ਭਾਈਚਾਰੇ ਲਈ ਰੱਲ੍ਹ ਮਿਲ ਕੇ ਸਹਾਈ ਹੋਵੋ, ਕਿਸੇ ਨਾਲ ਵੈਰ-ਵਿਰੋਧ ਨਾ ਰੱਖੋ, ਇਸ ਘੜੀ ਵਿੱਚ ਇਕੱਠੇ ਹੋਵੋ, ਜਰੂਰੀ ਨਹੀਂ ਆਪਣਾ ਹੀ ਆਪਣਾ ਸਮਝੀਏ ਸਭ ਵਰਗ ਹੀ ਪ੍ਰੇਮ ਨਾਲ ਵਰਤੋ, ਸਹਾਇਕ ਬਣੋ, ਬਚਾਅ ਲਈ ਲੋੜੀਂਦੇ ਸਾਧਨ ਭੀ ਬਣਾਉ, ਚੌਕੰਨੇ ਰਹਿਣਾ, ਆਪਣੀਆਂ ਦੁਕਾਨਾਂ, ਮਕਾਨਾਂ, ਯਾਤਰਾ ਤੇ ਬਾਹਰ ਜਾਣ ਵੇਲੇ ਚੁਫੇਰੇ ਝਾਤੀ ਮਾਰੋ, ਕਿਸੇ ਭੂਤਰੇ ਬੰਦੇ ਦੇ ਨੇੜੇ ਨਾ ਜਾਉ, ਨਾ ਹੀ ਉਹਦੇ ਵੱਲ ਦੇਖੋ, ਕਾਰਾਂ ਵੀ ਧਿਆਨ ਨਾਲ ਚਲਾਵੋ, ਜੇਕਰ ਕੋਈ ਅਣਉਚਿਤ ਕਾਰਵਾਈ ਦੇਖੋ ਤਾਂ ਰਾਹ ਛੱਡ ਦੇਵੋ, ਭਿੜੋ ਨਾ ਹੁਣ ਸਹਿਣ-ਸ਼ੀਲਤਾ ਹਰ ਵਰਗ ਵਿੱਚ ਹੀ ਮਨਫੀ ਹੈ ਕੋਈ ਖਾਸ ਨਸਲ ਨਹੀਂ ਪਰ ਹਾਂ ਆਹ ਸਾਜਿਸ਼ ਵਿੱਚ ਤਾਂ ਜਰੂਰ ਨਸਲਵਾਦ ਦਾ ਦੌਰ ਹੈ, ਭਾਵੇਂ ਹਾਲੇ ਤਾਂ ਇਸਲਾਮ ਨਾਲ ਹੀ ਟੱਕਰਾਂ ਲੈਂਦੇ ਹਨ ਪਰ ਭੁੱਲੋ ਨਾ **ਤੀਲੀ ਲੱਗਦੀ ਨੂੰ ਦੇਰ ਨਹੀਂ, ਟਾਂਗਾ ਲਾਹੌਰ ਦਾ ਹੋਵੇ ਜਾਂ ਝੰਗ ਦਾ ਟਾਂਗੇ ਵਾਲਾ ਖੈਰ-ਮੰਗਦਾ।**

ਪਾਠਕਾਂ ਨੂੰ ਯਾਦ ਹੀ ਹੈ ਕਿ ਮੈਂ ਕਾਤਲਾਂ ਨੂੰ ਸਨਮਾਨ ਕਰਨ 'ਤੇ ਕਦੀ ਭੀ ਹਮਾਇਤੀ ਨਹੀਂ ਬਣੀ, ਕਾਤਲ ਤਾਂ ਕਾਤਲ ਹੀ ਹੈ, ਸਜ਼ਾ ਕੱਟ ਕੇ ਆਵੇ ਤਾਂ ਕੀ ਬਹਾਦਰੀ ਹੈ, ਧਾਰਮਿਕ ਸੰਸਥਾਵਾਂ ਜਦੋਂ ਕਿ ਧਰਮ ਸਾਰਾ ਦਿਨ ਪ੍ਰਚਾਰਨ 'ਤੇ ਫੇਰ ਸਰੋਪੇ ਪਾ ਕੇ ਜੀ ਆਹ ਧਰਮੀ ਹੈ ਆਹ ਸਜ਼ਾ ਤੋਂ ਵੱਧ ਕੱਟ ਰਹੇ ਹਨ, ਜਿਹੜੇ ਕਤਲ ਕਰਤੇ ਕਦੋਂ ਮੁੜਨਗੇ, ਜੇਕਰ ਕਾਤਲ ਨਿਕਾਰੇ ਜਾਣ ਤੇ ਭਾਈਚਾਰੇ ਵਿੱਚ ਦੁਰਕਾਰੇ ਜਾਣ (ਜਿਮੇ ਪੁਰਾਤਨ ਵਿੱਚ) ਸ਼ਾਇਦ ਠੱਲ੍ਹ ਪੈ ਜਾਵੇ, ਸੋਧੇ ਲਾਉਣੇ ਅੱਡਰੀ ਵਿਚਾਰਧਾਰਾ ਹੈ ਧਾਰਮਿਕ ਨਹੀਂ, ਕਿਹੜੇ ਗੁਰੂ ਸਾਹਿਬ ਨੇ ਬੰਦੇ ਕਤਲ ਕਰਨ ਨੂੰ ਬਾਣੀ ਦੱਸਿਆ, ਇਹ ਮੰਦ-ਬੁੱਧੀ ਹੈ ਸ਼ੁੱਧ-ਬੁੱਧੀ ਨਹੀਂ, ਕੋਈ ਭੀ ਸੁਹਿਰਦ ਮਨੁੱਖ ਇਹ ਵਿਚਾਰਧਾਰਾ ਨਾਲ ਸਹਿਮਤ ਹੋ ਨਹੀਂ ਸਕਦਾ, ਡਰਪੋਕ ਤੇ ਪਰਵੋਕ ਇਹਦੇ ਹਾਮੀ ਤੇ ਅਧਰਮੀ ਹੰਗਮੀ ਤੇ ਸ਼ੈਤਾਨੀ ਇਹ ਹਨ ਜੋ ਅੱਜ ਸੰਸਾਰ ਨੂੰ ਧਰਮ ਨਾਲੋਂ ਤੋੜਨ ਦੇ ਹਾਮੀ ਹਨ ਪਰ ਦੁੱਖਦਾਈ ਹੈ ਕਿ ਧਰਮ ਦੁਆਰਿਆਂ ਦੇ ਹਮਾਇਤਾਂ ਲਈ ਇਨ੍ਹਾਂ ਨੂੰ ਪ੍ਰਬੰਧਾਂ ਵਿੱਚ ਸ਼ਾਮਿਲ ਕਰਦੇ ਹਨ ਧਰਮਾਂ ਦੇ ਬੇੜੇ ਪਾਰ ਛੋਟੇ ਹੁੰਦੇ ਬਰਾਗੀ ਗਉਂਦੇ ਸਨ ਪਰ ਹੁਣ ਸਿੱਖ ਧਰਮ ਤਾਂ ਪੁੱਠੇ ਰਾਹ ਬਹੁਤਿਆਂ ਨੇ ਤਾਂ ਇਥੇ ਹੀ ਭਰੀਆਂ ਹਨ ਬਾਕੀ ਦੇ ਭਰਨ ਲਈ ਤਿਆਰ ਸਿੱਖ ਧਰਮ ਦਾ ਪਸਾਰਾ ਤਾਂ ਅੰਤਾਂ ਦਾ ਹੈ ਪਰ ਸਹਾਰਾ ਪ੍ਰਮੇਸ਼ਰ ਦਾ ਨਹੀਂ ਵੋਟਾਂ ਦਾ, ਜਥੇਬੰਦੀਆਂ ਦਾ, ਚੈਨਲਾਂ ਦਾ, ਮੀਡੀਏ ਦਾ, ਸੋਸ਼ਲ-ਮੀਡੀਏ ਦੀ ਗਰਕਣੀ ਦਾ ਤਕਦੇ ਹਨ ਤਸੱਲੀ ਹੋਈ ਹੈ ਕਿ ਹੁਣ ਲੋਕਾਂ ਵਿੱਚ ਚਰਚਾ ਛਿੜ ਪਈ ਹੈ ਕਿ ਸੋਸ਼ਲ ਮੀਡੀਆ ਜਹਿਰ ਹੈ, ਬੀਮਾਰੀ ਦਾ ਪਤਾ ਲੱਗ ਜਾਵੇ ਇਲਾਜ ਸੰਭਵ ਹੈ। ਗੋਦੀ ਮੀਡੀਆ ਆਖਣ ਵਾਲੇ ਤਾਂ ਆਪ ਲੋਭੀ ਮੀਡੀਆ ਹਨ ਗੋਦੀ ਤਾਂ ਸਗੋਂ ਵਧੀਆ ਖਬਰਾਂ ਦਿੰਦਾ ਹੈ, ਇਹ ਕੁਮਾਰ ਵਿਸ਼ਵਾਸ ਦੀ ਭੜਾਸ ਦਾ ਨਉਂ ਸੀ ਜਿੰਨੀ ਭਾਅਦੀ ਸਾਡੇ ਚੈਨਲ ਨੇ ਬਣਾਈ ਹੈ **ਗੋਦੀ ਤਾਂ ਨੇੜੇ ਭੀ ਨਹੀਂ ਸਵੇਰੇ ਹੀ ਮੰਗਣ ਲੱਗ ਜਾਂਦੇ ਨੇ ਕੋਈ ਕਿਸੇ ਬਹਾਨੇ ਕੋਈ ਦੂਜੇ ਗੱਲ ਉਹੀ ਯਾਤਰਾਵਾਂ ਠੀਕ ਹੈ ਮਸ਼ਹੂਰੀ ਕਰਦੇ ਨੇ ਜੀਹਦਾ ਜੀਅ ਕਰਦਾ ਜਾਵੇ** ਪਰ ਪਾਕਿਸਤਾਨ ਦੀ ਗੁਹਾਰ ਸਿਖਰਾਂ 'ਤੇ ਕਈਆਂ ਤੋਂ ਤਾਂ ਪਾਕਿਸਤਾਨ ਭੀ ਆਖ ਨੀ ਹੁੰਦਾ ਪਾਸਤਾਨ, ਅਵਸਥਾ ਕਰਕੇ ਵੈਸੇ ਭੀ ਪੰਜਾਬੀ ਦੀ ਧੌੜੀ ਲਾਹ ਰਹੇ ਹਨ, ਸੁਣੋ ਇਕ ਪੰਥਕ ਦਲ ਦਾ ਕਰਤਾ ਆਖੇ ਅਬਾਰਤ ਨੂੰ ਅਬਾਦਤ, ਇਹ ਇਸਲਾਮ ਵਿੱਚ ਪੂਜਾ ਹੈ। ਘਾਟ ਇਹ ਹੈ ਕਿ ਇਲਮ ਤਾਂ ਹੈ ਨਹੀਂ ਨਾ ਪੜ੍ਹਨਾ ਹੈ, ਨਾ ਸੁਨਣਾ ਹੈ, ਬੱਸ ਆਪ ਚੈਨਲ 'ਤੇ ਸੁਨਾਉਣਾ ਹੈ, ਪੰਜਾਬੀ ਦੀ ਜੜ੍ਹ ਵੱਢੀ ਜਾ ਰਹੇ ਹਨ, ਅੱਜ ਸਵੇਰੇ ਬੜੀ ਹੀ ਖੁਸ਼ੀ ਹੋਈ ਜਦੋਂ ਪੁਰਾਣੇ ਛੋਟੇ ਵੀਰ ਗੁਰਦੀਪ ਸਿੰਘ ਸੰਧੂ (ਰੁੜਕਾ ਕਲਾਂ) ਹੋਰਾਂ ਟੈਲੀਫੂਨ ਕੀਤਾ, ਪੰਜਾਬ ਟਾਈਮਜ਼ ਦੇ ਭੀ ਕਰਮਚਾਰੀ ਹੁਣ ਭੀ ਆਪਣਾ ਪੁਰਾਣਾ ਮੈਗਜ਼ੀਨ ਕੱਢਦੇ ਹਨ ਵਧੀਆ ਤੇ ਸੁਖਾਵੀਆਂ ਵਿਚਾਰਾਂ ਕੀਤੀਆਂ, ਕਹਿੰਦੇ ਪੜ੍ਹਦਾ ਤਾਂ ਤੇਰੀਆਂ ਲਿਖਤਾਂ ਜੋ ਉਨ੍ਹਾਂ ਤਾਰੀਫਾਂ ਕੀਤੀਆਂ ਰਿਣੀ ਹਾਂ ਐਸੇ ਭਰਾਵਾਂ ਦਾ ਮਾਣ ਲੈ ਕੇ ਮਣ ਭਾਰ ਵੱਧ ਜਾਂਦਾ ਹੈ ਯਾਨੀ ਹਿੰਮਤ ਚੌਗਣੀ ਹੋ ਜਾਂਦੀ ਹੈ ਨਾਲੇ ਪੁਰਾਣੇ ਸਭ ਸਮੇਂ, ਹਾਣੀ, ਪ੍ਰਾਣੀ ਤੇ ਜੋ ਭੀ ਘਟਨਾਮਾਂ ਸਨ ਸਾਂਝੀਆਂ ਕਰਕੇ ਇਹ ਸੁਭਾਗ ਕਰਮਾਂ ਨਾਲ ਹੀ ਮਿਲਦੇ ਹਨ, ਬਲ ਮਿਲਦਾ ਹੈ, ਕਰਤਾ ਸਭ ਨੂੰ ਮਿਲਾਵੇ, ਖੁਸ਼ੀ ਰੱਖੇ ਪ੍ਰੋਗਰਾਮ ਵਿਰਸੇ 'ਤੇ ਬੜੇ ਚੱਲਦੇ ਹਨ ਭਾਸ਼ਾ 'ਤੇ ਭੀ ਪਰ ਹੁੰਦੇ ਪਤਾ ਕੀ ਹਨ ਫਲਾਣੇ ਦੀ ਕਿਤਾਬ, ਫਲਾਣੇ ਦੀਆਂ ਕਵਿਤਾਵਾਂ, ਗੀਤ, ਗਾਣੇ, ਪਰ ਕਦੀ ਪੰਜਾਬੀ ਵਿੱਚ ਘੁੱਸਪੈਠ, ਗਲਤ ਅੱਖਰ, ਬੋਲੀ ਬਾਰੇ ਤਾਂ ਕੋਈ ਵਾਸਤਾ ਨਹੀਂ, ਭਾਵੇਂ ਭੱਤਿਆਂ ਲਈ ਚੇਤਨਾ ਬੋਰਡ ਹੀ ਹੋਵੇ ਪਰ ਲਾਭ ਕੀ ਹੈ, ਮੇਰਾ ਨਉਂ ਵੱਜਦਾ ਰਹੇ, ਦੌੜ ਇੰਨੀ ਹੀ ਹੈ, ਪਰਾਂ ਨਹੀਂ ਹੋਰ ਤਾਂ ਹੋਰ ਚੈਨਲ 'ਤੇ ਪੱਗ, ਦਾੜ੍ਹੀ ਬਗੈਰ ਵਿਹਲਾ ਖੁੱਲ੍ਹਾ ਜਵਾਨ ਬਠਾ ਕੇ ਸਿੱਖ ਸੰਸਥਾਵਾਂ ਸ਼੍ਰੋਮਣੀ ਕਮੇਟੀ, ਅਕਾਲ ਤਖ਼ਤ ਦੇ ਜਥੇਦਾਰ, ਸ਼੍ਰੋਮਣੀ ਅਕਾਲੀ ਦਲ ਦੀ ਨਿਖੇਧੀ ਮੱਤਾਂ ਸੁਝਾਅ ਭਲਾ ਕੀ ਹੱਕ ਹੈ ਜਦੋਂ ਤੁਸੀਂ ਸਿਧਾਂਤ 'ਤੇ ਤੁਰਦੇ ਨਹੀਂ ਚੁੱਪ ਰਹੋ ਭੱਜ ਕੇ ਆਏ ਕਹਿੰਦੇ ਜੀ ਸਾਡਾ ਦਿਲ ਪੰਜਾਬ ਵਿੱਚ ਹੀ ਹੈ ਜੀ ਜਦੋਂ ਜਾਈਦਾ ਹੈ ਅਸੀਂ ਤਾਂ ਰਿਸ਼ਤੇਦਾਰਾਂ ਦੇ ਜਾਣ ਦੀ ਥਾਂ ਧਰਨਿਆਂ 'ਤੇ ਜਾਈਦਾ ਹੈ, ਤੁਹਾਨੂੰ ਧਰਨਾਕਾਰੀਆਂ ਦਾ ਆਸਰਾ ਹੈ ਉਨ੍ਹਾਂ ਦੇ ਪ੍ਰੋਹਤਾਂ ਨੇ ਹੀ ਬਾਹਰ ਭੇਜਣ ਦੇ ਵਸੀਲੇ ਬਣਾਏ ਸੀ, 84 ਦੀ ਲਹਿਰ ਦਾ ਇਹੀ ਤਾਂ ਲਾਭ ਪ੍ਰਾਪਤੀ ਹੈ ਹੋਰ ਦੱਸੋ ਕਿਹੜੀ ਮੰਗ ਮਨਾਈ ਸੀ, ਬੱਸ ਮੁੰਡੇ ਮਾਰਤੇ ਜੀ, ਉਹ ਭੀ ਬਾਦਲਾਂ ਨੇ ਭਾਵੇਂ ਆਹ ਟਾਊਟ ਵਿਦੇਸ਼ੀ ਭੱਜੇ ਮਰਵਾਉਣ ਵਾਲਿਆਂ ਦੇ ਬਚਾਅ ਕੀਤੇ, ਮੁੰਡੇ ਮਰਵਾਏ ਤਾਂ ਹੀ ਸ਼ਰਨਾਰਥੀ ਬਣੇ ਦਹਿਸ਼ਤ ਕਰਕੇ। **ਮਾਂ ਪਰ ਧੀ, ਪਿਤਾ ਪਰ ਘੋੜਾ ਜੀ** ਪਿਉ ਪੁੱਤ, ਨੂੰਹ, ਰਿਸ਼ਤੇਦਾਰ, ਬਾਦਲ ਨਿੰਦਕ, ਆਉ ਆਪਾਂ ਵਟਾਂਦਰਾ ਕਰੀਏ ਕਿ ਕਿਉਂ ਘਰ ਵਿੱਚ ਮਾਹੌਲ, ਸੰਸਕਾਰ, ਹਾਲੀ ਦਾ ਪੁੱਤ, ਹਲਵਾਈ ਦਾ ਪੁੱਤ, ਡਾਕਟਰ ਯਾਨੀ ਹਰ ਕਿੱਤਾਕਾਰੀ ਆਪਣੇ ਪਰਿਵਾਰ ਨੂੰ ਮਗਰ ਤੁਰਨ ਲਈ ਇਛੁੱਕ ਹੁੰਦਾ ਹੈ, ਮੈਂ ਆਪਣੀ ਕਹਾਣੀ ਦੱਸਾਂ, ਦੋਨੋਂ ਭਾਈਚਾਰੇ ਦੀ ਸੇਵਾ ਵਿੱਚ ਜੁੜੇ, ਅੱਗੋਂ ਬੇਟੀ ਭੀ ਫਰੀ ਲੋਕਲ ਤੇ ਸਰਕਾਰੀ ਲੈਵਲ ਤਕ ਲੋੜੀਂਦੀਆਂ ਸੇਵਾਵਾਂ ਵਿੱਚ ਘਰਾਂ ਦੀ ਤੰਗੀ ਲਈ ਪਲੈਨਿੰਗ ਦੀਆਂ ਦਲੀਲਾਂ ਵਿੱਚ ਪੇਪਰ ਸਰਕਾਰ ਤੱਕ ਪਹੁੰਚਦੇ ਕਰਕੇ, ਹੱਲ ਦੀ ਭਾਲ ਵਿੱਚ ਹੈ। ਨਚੋੜ ਨਿਕਲਣ 'ਤੇ ਜਰੂਰ ਪਾਠਕਾਂ ਦੀ ਭੇਟ ਕਰੂੰਗੀ ਬੇਟਾ ਆਪਣੀ ਥਾਂ ਤੱਤਪਰ ਹੈ ਕੋਈ ਸਰਕਾਰੀ ਗਰਾਂਟ ਨਹੀਂ ਇਹਨੂੰ ਸੇਵਾ ਆਖੀਦਾ ਹੈ, ਨੌਕਰੀਆਂ ਵਾਲੇ ਤਾਂ ਕੰਮ ਕਰਦੇ ਹਨ ਸੇਵਾ ਨਹੀਂ ਹੁੰਦੀ, ਲਿਖਣ ਤੋਂ ਭਾਵ ਕਿ ਕੀ ਗੁਨਾਹ ਹੈ ਜੇਕਰ ਸਾਰਾ ਪਰਿਵਾਰ ਵਿਰਸੇ ਵੱਲ ਵਧੇ, ਹੋਰ ਭੀ ਹਨ ਪੁੱਤਾਂ ਨੋਹਾਂ ਧੀਆਂ ਵਾਲੇ ਸਿਆਸਤ ਵਿੱਚ ਨਉਂ ਕਿੰਨੇ ਕੁ ਲਿਖਾਂ ਪਰ ਸੁਖਬੀਰ ਦੇ ਮਗਰ ਤਾਂ ਪਏ ਹਨ ਕਿ ਬੱਸ ਪੱਕੀ ਪਕਾਈ ਖਾਈਏ ਸਰਕਾਰਾਂ ਤੋਂ ਲਾਹੇ ਲਈਏ, ਭਾਜਪਾ ਤੋਂ ਜਾ ਕੇ ਠਿੱਠ ਹੋ ਕੇ ਮੁੜੇ ਹੁਣ ਕਹਿੰਦੇ ਜੀ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦੇ ਸੀ, ਮੰਨੀ ਨਾ ਤਾਂ ਅਸੀਂ ਛੱਡ ਆਏ ਭਲਾ ਬੰਦੀ ਸਿੰਘ ਹੀ ਪੰਜਾਬ ਦਾ ਮੁੱਦਾ ਹੈ ਗੱਲ ਕੀ ਗਵਰਨਰੀ ਲਈ ਗਏ ਸੀ, ਕਪਤਾਨ ਸਾਹਬ ਭੀ ਨਿਰਾਸ਼ ਹੋ ਕੇ ਹੁਣ ਸ਼ਰਮ ਦੇ ਮਾਰੇ ਹੋਰ ਕੀ ਆਖਣ ਮੂਹ ਅੱਡੀ ਮੱਖੀਆਂ ਪੁਆ ਆਏ ਗਵਰਨਰੀ ਕਰਕੇ ਢੀਂਡਸਾ ਬਾਦਲ ਸਾਹਬ 'ਤੇ ਔਖੇ ਹੋਏ ਸੀ ਜਦੋਂ ਬਾਦਲ ਸਾਹਬ ਨੇ ਆਖ ਤਾਂ ਸੀ ਕਿ ਜੇਕਰ ਮੈਨੂੰ ਪੁੱਛਣਗੇ ਤਾਂ ਮੈਂ ਜਰੂਰ ਮੰਗ ਰੱਖ ਦੇਊਂ ਪਰ ਢੀਂਡਸਾ ਦੀ ਮੰਗ ਸੀ ਕਿ ਮੇਰੀ ਥਾਂ ਪਰਮਿੰਦਰ ਦੀ ਪਤਨੀ (ਨੂੰਹ) ਨੂੰ ਰਾਜ ਸਭਾ ਵਿੱਚ ਭੇਜੋ, ਮੈਨੂੰ ਗਵਰਨਰ ਲੱਗਵਾਉ, ਤੋਤਾ ਸਿੰਘ ਨੂੰ ਵੀ ਵਰਤਿਆ ਤੇ ਅੰਤ ਰਣਜੀਤ ਸਿੰਘ ਬ੍ਰਹਮਪੁਰਾ, ਅਜਨਾਲਾ, ਸੇਖਵਾਂ ਚੁੱਕੇ, ਤੋਤਾ ਸਿੰਘ ਪਿੱਛੇ ਹੀ ਰਿਹਾ ਪਰ ਜਦੋਂ ਬ੍ਰਹਮਪੁਰੇ ਨੇ ਚੰਡੀ ਦਾ ਭੋਣ ਦੇਖ ਤੋਤਾ ਸਿੰਘ ਨੂੰ ਬਾਦਲ ਸਾਹਬ ਕੋਲ ਭੇਜਿਆ ਕਿ ਬੱਸ ਬਾਦਲ ਹੋਰੀ ਇਕ ਫੂਨ ਕਰ ਦੇਣ ਮੈਂ ਮੁੜਨ ਲਈ ਬੈਠਾ ਪਰ ਉਹ ਉਸ ਵੇਲੇ ਦੁਖੀ ਹੋ ਚੁੱਕੇ ਸਨ ਜੀਹਨੇ ਜਾਣਾ ਜਾਣ ਮੈਂ ਨਹੀਂ ਕਰਨਾ ਕਿਸੇ ਨੂੰ ਭੀ ਫੂਨ ਤਾਂ ਤੋਤਾ ਸਿੰਘ ਭੀ ਔਖੇ ਪਰ ਸਿਹਤ ਠੀਕ ਨਹੀਂ ਸੀ ਬਾਗੀਆਂ ਨਾਲ ਨਾ ਗਏ, ਅਖੀਰ ਹਸ਼ਰ ਬ੍ਰਹਮਪੁਰਾ ਕਲੰਕਤ ਹੋਏ, ਅਜਨਾਲਾ ਕਪੂਤ, ਸੇਖਵਾਂ ਦਾ ਪੁੱਤ ਭਾਜਪਾ ਵਿੱਚ ਆਹ ਹਨ ਅਕਾਲੀ ਸੁਹਿਰਦ, ਹੁਣ ਰਵਿੰਦਰ ਸਿੰਘ ਬ੍ਰਹਮਪੁਰਾ (ਪੁੱਤਰ) ਅਕਾਲੀ ਦਲ ਵਿੱਚ ਹੀ ਹੈ, ਪੁਰਾਣੀ ਕਹਾਣੀ ਮੈਂ ਬ੍ਰਹਮਪੁਰੇ ਹੋਰਾਂ ਨੂੰ ਇਕ ਈ.ਮੇਲ ਭੇਜੀ ਕਿ ਦੁਕਾਨਦਾਰ ਰੇੜ੍ਹੀ ਲਾਵੇ ਤਾਂ ਚੰਗਾ ਨੀ ਲੱਗਦਾ ਨਾ ਇਹ ਕਦਮ ਚੁੱਕੋ ਤਾਂ ਉੱਤਰ, ਅਸੀਂ ਤੈਨੂੰ ਪੰਥਕ ਸਮਝਦੇ ਸੀ ਤੂੰ ਤਾਂ ਬਾਦਲਾਂ ਨਾਲ ਦੀ ਨਿਕਲੀ, ਅੱਜ ਭੀ ਰਵਿੰਦਰ ਸਿੰਘ ਤੋਂ ਤਸਦੀਕ ਕਰ ਸਕਦੇ ਹੋ, ਚੰਗੀ ਸਲਾਹ ਭਉਂਦੀ ਨੀ ਹੁਣ ਸੁਖਬੀਰ ਨੂੰ ਅਕਾਲ ਤਖ਼ਤ ਦੇ ਜਥੇਦਾਰ ਤੋਂ ਜੀ ਅਸਤੀਫਾ ਮੰਗੇ ਘਰ ਬਠਾਵੇ ਕੀ ਇਹ ਧਾਰਾ ਹੈ ?

**ਬਾਕੀ ਹਿਸਾ ਸਫਾ 48 ਤੇ ਪੜ੍ਹੋ**

47 ਸਫ਼ੇ ਦੀ ਬਾਕੀ

ਜਾਂ ਲੁੱਟ ਪਈ ਹੈ, ਜਣਾ ਖਣਾ ਪੰਥਕ ਬਣਦਾ ਏ ਆਹ ਦੋ ਐਮ.ਪੀ. ਕੀ ਬਣ ਗਏ ਟਟੀਰੀ ਨੇ ਅਸਮਾਨ ਥੰਮ ਲਿਆ ਹੈ। ਹੁਣ ਭਾਜਪਾ ਗ੍ਰਹਿ ਮੰਤਰੀ ਨੂੰ ਸਰਬਜੀਤ ਸਿੰਘ ਚੱਲਿਆ ਮਿਲਣ ਨਾਲ ਕਿੰਨੇ ਕੁ ਖਾਲਸੇ ਲਿਜਾਊਗਾ ਕਿਉਂਕਿ ਅਸਲ ਕਹਾਣੀ ਤਾਂ ਜਾਤੀਵਾਦ ਦੀ ਹੈ, ਹਾਲੇ ਇਹ ਅੰਮ੍ਰਿਤਧਾਰੀ ਗੁਰਸਿੱਖ ਹਨ ਕੀ ਗੁਰੂ ਮੱਕਾਰੀ ਅਦੇਸ਼ ਦੇ ਗਏ ਹਨ ਧੀਰੇ ਰਹੋ ਆਪੇ ਸੱਚ ਨਿਕਲ ਆਊ ਕੀਹਨੇ ਸਰਬਜੀਤ ਸਿੰਘ ਖੜ੍ਹਾ ਕੀਤਾ ਪੈਸਾ ਖਰਚਿਆ ਤੇ ਦੂਜਾ ਭੀ, ਪੰਜਾਬ ਨੂੰ ਕੰਜਾਬ ਬਨਾਉਣ ਲਈ ਦੁੱਬਈ ਤੋਂ ਆਇਆ ਲੰਮੀ ਸਕੀਮ ਹੈ, ਸਿਮਰਨਜੀਤ ਸਿੰਘ ਮਾਨ ਵੇਲੇ ਦੀ ਚੱਲਦੀ ਹੈ ਹੁਣ ਉਹ ਚੰਗੀ ਤਰ੍ਹਾਂ ਬੋਲ ਨਹੀਂ ਸਕਦਾ ਨਾਲੇ ਪੁਰਾਣੇ ਧੱਕਣੇ ਹੀ ਹੁੰਦੇ ਹਨ, ਮਾਨ ਸਾਹਬ ਦੀ ਇਕੋ ਟੇਪ ਹੈ ਹਰ ਥਾਂ ਕੂਕਦੀ ਹੈ। ਮੈਂ ਤਾਂ ਪੰਜਾਬ ਵਿੱਚ ਕੋਈ ਵਪਾਰ ਨੀ ਚਲਾਉਣਾ ਜੋ ਉਥੇ ਹੈ ਉਹਦਾ ਭੀ ਕੋਈ ਲਾਭ ਨਹੀਂ ਮਿਲਦਾ ਸਗੋਂ ਘਾਟਾ ਪਰ ਰੱਬ ਦਾ ਆਸਰਾ ਹੈ ਬੰਦਿਆਂ ਦਾ ਆਸਰਾ ਤੱਕੀ ਦਾ ਹੀ ਨਹੀਂ, ਹਾਂ ਭਾਈਚਾਰਾ ਦਾ ਵਰਤਣ ਜੀਵਨ ਜੋਤ ਹੁੰਦੀ ਹੈ ਜਗਦੀ ਰਹੇ ਪਰ ਸਮੇਂ ਬਦਲ ਗਏ ਪਹਿਲਾਂ ਤਾਂ ਹੁੰਦਾ ਸੀ ਕਿ ਕੌਣ ਕਹੇ ਵਜੀਦਾ ਸਾਂਈ ਨੂੰ ਇੰਜ ਨਹੀਂ ਇੰਜ ਕਰ, ਹੁਣ ਤਾਂ ਅਸੀਂ ਇਹ ਆਖ ਰਹੇ ਹਾਂ ਕਿ ਮਾਲਕਾ ਅੱਜ ਦੀ ਅਵਾਜ਼ ਹੈ ਤੂੰ ਜੋ ਅਸੀਂ ਆਖੀਏ ਕਰ, ਨੱਥੂ ਖੈਰਾ ਜਥੇਦਾਰ ਨੂੰ ਹਦਾਇਤਾਂ ਜੇਕਰ ਸਾਡੀ ਮਰਜ਼ੀ ਦਾ ਫੈਸਲਾ ਨਾ ਦਿੱਤਾ ਮਨਜ਼ੂਰ ਨੀ ਕਰਨਾ। ਅਗਿਆਨੀ ਕੇਵਲ ਸਿੰਘ (ਕੋਕਲ ਸਿੰਘ) ਅਕਾਲੀ ਦਲ ਦੇ ਦੋਵੇਂ ਧੜੇ ਬਰਖਾਸਤ ਪਹਿਲਾਂ ਤਾਂ ਤੁਹਾਨੂੰ ਜਥੇਦਾਰੀ ਦਾ ਖਤਾਬ ਹੀ ਬਰਖਾਸਤ ਹੋਵੇ, ਖਾ ਪੀ ਕੇ ਦੜਕਣਾ ਇੰਨਾ ਤਨਖਾਹ ਲੈਣੇ ਜਥੇਦਾਰ ਦਾ ਕਿੱਤਾ, ਰੱਖ ਦੇਈ ਮਰਨ–ਵਰਤ ਫੇਰ ਸੁਖਬੀਰ ਬਾਬਾ! ਬਘੇਲ ਸਿੰਘ (ਬਘਿਆੜ ਸਿੰਘ ਜੀ) ਢੁੱਕਵਾਂ ਨਉਂ ਹੈ ਕਾਹਨੂੰ ਬਘੇਲ ਸਿੰਘ ਨੂੰ ਲਾਜ, ਸੁਖਬੀਰ ਦਾ ਕਿਹੜਾ ਡੇਰਾ ਹੈ ਜੀ। ਸੁਖਬੀਰ ਬਾਦਲ ਦੇ ਸਪੱਸ਼ਟੀਕਰਨ ਤੋਂ ਸਾਰੇ ਖੁਸ਼ ਨੀ, ਦੱਸ ਸਕਦੇ ਹੋ ਕੀਹਦੇ ਤੋਂ ਸਾਰੇ ਖੁਸ਼ ਹੁੰਦੇ ਹਨ? ਚਿੜੀ ਵਿਚਾਰੀ ਕੀ ਕਰੇ, ਇਕਬਾਲ ਸਿੰਘ ਲਾਲਪੁਰਾ, ਹਾਂ ਜੀ ਚਿੜੀ ਘੱਟ ਗਿਣਤੀ ਕਮਿਸ਼ਨ ਦੀ ਚੇਅਰਮੈਨਣੀ ਬਣ ਜੇ ਤੁਹਾਨੂੰ ਲਾਹੇ ਤੇ ਸਭ ਸੁੱਖ ਸਾਂਦ ਹੋ ਜਾਵੇਗੀ, ਹਾਂ ਜੀ ਵਿਦੇਸ਼ੀ ਬੈਠੇ ਉਸਲ ਵੱਟੇ ਲੈਣੇ ਦੱਸਣ ਕਿ ਇਹ ਇਥੇ ਕਿੰਨੇ ਕੁ ਪੰਥਕ ਹਨ, ਸਾਧਾਂ ਨੂੰ ਸਨਮਾਨਦੇ ਨੇ ਤੇ ਆਹ ਕੋਈ ਅਨਾਹਦ ਤੇ ਕੋਈ ਆਤਮਰਸ ਅਕੈਡਮੀ ਬਣਾ ਕੇ ਕੀਰਤਨ ਨਹੀਂ ਕਲਾਕਾਰੀ ਦਾ ਪ੍ਰਚਾਰ ਕਰਕੇ ਸਿੱਖ ਧਰਮ ਨੂੰ ਪ੍ਰਫੁੱਲਤ ਕਰਦੇ ਹਨ? ਦੋ ਕੁ ਸਾਲ ਤੋਂ ਤਾਂ ਤੋਬਾ ਕਰੀ ਪਈ ਹੈ, ਚਾਰ ਚਾਰ ਦਿਨ ਸਮਾਗਮ ਐਨਾ ਪੈਸਾ ਕਿਥੋਂ? ਜਥੇਦਾਰ ਅਕਾਲ ਤਖ਼ਤ ਤਾਂ ਸ਼ਾਇਦ ਜਹਾਜ਼ੋਂ ਉਤਰ ਕੇ ਦੂਜੇ ਹੀ ਦਿਨ ਚੜ੍ਹ ਜਾਂਦੇ ਹੋਣਗੇ, ਇਥੇ ਲੋੜ ਹੀ ਇੰਨੀ ਹੈ। ਕੌਮ ਤੇ ਭੀੜੀ ਇਸ ਵਪਾਰਕਰਨ ਕਰਕੇ ਹੈ ਧਰਮ ਨੂੰ ਪੌੜੀ ਬਣਾ ਲਿਆ ਇਸ ਵਰਗ ਨੇ ਸ਼੍ਰੋਮਣੀ ਕਮੇਟੀ ਵਿੱਚ ਭੀ ਇਹੀ ਹਾਲ ਹੈ, ਪਹਿਲਾਂ ਫਿਲਮਾਂ ਵਾਲਿਆਂ ਫੇਰ ਸਰੋਪੇ ਦੇ ਕੱਪੜੇ ਵਪਾਰੀ ਮੱਕੜ ਦੀ ਮਿਹਰਬਾਨੀ ਮਰਦਾ ਘੜਾ ਬਾਦਲਾਂ ਸਿਰ ਭੰਨ ਗਿਆ, ਲਿਖਦੀ ਜਾਵਾਂ ਮੇਰਾ ਛੋਟਾ ਭਰਾ ਭੀ ਉਸੇ ਕਾਲਜ ਵਿੱਚ ਪੜ੍ਹਦਾ ਸੀ ਦੱਸਦਾ ਸੀ ਕਿ ਉਥੇ ਭੀ ਉਸੇ ਤਰ੍ਹਾਂ ਦੇ ਰੰਗ ਦਿਖਾਉਂਦਾ ਸੀ, ਫੇਰ ਮੇਰਾ ਭਰਾ ਯੂਨੀਅਨ ਦਾ ਕਾਰਕੁੰਨ ਬਣਿਆ ਸੀ ਇਹ ਇੰਨਸ਼ੋਰੈਂਸ ਦਾ ਕਾਰੋਬਾਰੀ ਸੀ, ਸ਼੍ਰੋਮਣੀ ਕਮੇਟੀ ਨੂੰ ਵਪਾਰ ਹੀ ਕਰਤਾ ਜਦੋਂ ਤੱਕ ਜੱਟਾਂ ਦਾ ਬੋਲਬਾਲਾ ਸੀ, ਸਿੱਖੀ ਦਾ ਕੇਂਦਰ ਸੀ ਹੁਣ ਤਾਂ ਜਾਤੀਆਂ ਦਾ ਤੇ ਵਪਾਰੀਆਂ ਦਾ ਕਾਰੋਬਾਰੀ ਕੇਂਦਰ ਹੈ, ਰੱਬ ਦੀ ਕਰੋਪੀ ਹੈ ਪਰ ਅਸੀਂ ਘੇਸਲਾਂ ਵੱਟੀ ਬੈਠੇ ਹਾਂ ਕੋਈ ਇਸ ਪਾਸੇ ਦੀ ਗੱਲ ਨੀ ਕਰਦਾ ਬੱਸ ਸ਼੍ਰੋਮਣੀ ਅਕਾਲੀ ਦਲ ਭਜਾਉ ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਕਰਾਉ ਸਵੇਰੇ ਹੀ ਬਾਣੇ ਪਾ ਕੇ ਕਿਰਪਾਨਾਂ, ਡਾਂਗਾਂ ਚੁੱਕ ਤੁਰ ਪੈਂਦੇ ਨੇ ਪੰਥਕ ਬਣ ਆਹ ਕਿਰਤ ਹੈ, ਕੋਈ ਮੈਂ ਔਸ ਪਿੰਡ ਤੋਂ ਪ੍ਰਚਾਰਕ ਬਾਬਾ ਹਾਂ ਬਾਂਵਰੇ ਨੇ।

ਲੱਖ ਸ਼ੁੱਕਰ ਦਾਤੇ ਦਾ ਸਾਡੇ ਦੇਸ਼ ਵਿੱਚ ਕਹਿਰ ਨੂੰ ਠੱਲ ਪਾ ਲਈ ਗਈ ਹੈ, ਸਰਕਾਰ ਨੂੰ ਸਲਾਹੁਣਾ ਬਣਦਾ ਹੈ, ਨਾਲ ਹੀ ਇਹ ਲਾਂਬੂ ਲਉਣੇ ਕਿਸੇ ਇਕ ਵਰਗ ਦੇ ਜਾਂ ਵਿੰਗ ਦੇ ਨਹੀਂ ਹੁੰਦੇ ਹਰ ਵਰਗ ਨਸਲ ਹਨ ਜੋਜੇ ਪੱਖੀ (ਅਤਿ ਦੇ) ਖੱਬੇ ਪੱਖੀ ਭੀ ਪਰ ਪੁਲਸ, ਸਰਕਾਰ ਤੇ ਪ੍ਰਸ਼ਾਸਨ ਨੂੰ ਪਤਾ ਹੁੰਦਾ ਹੈ, ਮੀਡੀਆ ਇਨ੍ਹਾਂ ਦਾ ਪਲੋਸੂ ਹੁੰਦਾ ਹੈ, ਉਨ੍ਹਾਂ ਦਾ ਹੁੱਕਾ ਪਾਣੀ ਚੱਲਦਾ ਹੈ। ਖੈਰ ਧੰਨਵਾਦ ਸਾਰੇ ਮਹਿਕਮਿਆਂ ਦਾ ਜਿਨ੍ਹਾਂ ਰਾਖੀ ਕੀਤੀ, ਬਚਾਅ ਕੀਤੇ, ਸ਼ਾਂਤੀ ਕਰਵਾਈ, ਪੰਜਾਬ ਵਿੱਚ ਤਾਂ ਨਹੀਂ ਹੋ ਰਿਹਾ ਕਿਉਂਕਿ ਉਥੇ ਦੀ ਸਰਕਾਰ ਫੁੱਟਬਾਲ ਦੂਜੇ ਦੇ ਪਾਸੇ ਧੱਕੀ ਰੱਖਣ ਧਿਆਨ ਉਧਰ ਰਹੇ, ਲੋਕੀ ਭੀ ਤਮਾਸ਼ਬੀਨ ਹਨ ਸਿੱਖਾਂ ਦੀ ਹੀ ਗੱਲ ਕਰ ਲਵੋ, ਕਦੀ ਸਰਕਾਰ ਕਾਂਗਰਸ ਦੇ ਕਹਿਰ ਦੀ ਮੂਹੋ ਸੀ ਨਹੀਂ ਪਰ ਬੇਅਦਬੀ, ਗੋਲੀ ਕਾਂਡ ਯਾਨੀ ਜੋ ਭੀ ਬਾਦਲਾਂ ਸਿਰ ਮੜ੍ਹ ਹੋ ਸਕੇ ਜੋਰ ਲਾਵੋ, ਐਨੇ ਸਾਲ ਦੀ ਬੇਅਦਬੀ ਵੱਡੀ ਹੁਣ ਵਾਲੀਆਂ ਮਮੂਲੀ ਸੱਚ ਬੋਲੋ ਇਹ ਉਸ ਤੋਂ ਪੀੜਤ ਹਨ ਜਾਂ ਕਿ ਵਿਰੋਧਤਾ ਤੋਂ। ਆਹ ਸੁਣੋ ਸੇਵਕ ਸੁਸਾਇਟੀ ਦੀ ਨਾਵਾਂ ਦੀ ਲਿਸਟ ਹੀ ਅਕਾਲ ਤਖ਼ਤ 'ਤੇ ਦਰਜ ਕਰਵਾਤੀ ਜੀ ਆਹ ਹਨ ਜਿਨ੍ਹਾਂ ਨੂੰ ਇਕੱਠ ਤੇ ਮਾਣਤਾ ਦਿਉ, ਨਾਵਾਂ ਵਿੱਚ ਸ: ਰਜਿੰਦਰ ਸਿੰਘ ਪੁਰੇਵਾਲ ਪੰਜਾਬ ਟਾਈਮਜ਼, ਪਰਮਜੀਤ ਸਿੰਘ ਸਰਨਾ ਸਾਬਕਾ ਗੁ: ਪ੍ਰਧਾਨ ਹੋਰ ਦੱਸੋ ਕਿਹੜਾ, ਕਦੋਂ ਤੇ ਕਿਹੜੀ ਪੰਥਕ ਸਫਾਂ ਵਿੱਚ ਅਦੁੱਤੀ ਸੇਵਾ ਕਰ ਚੁੱਕਿਆ ਹੈ, ਬੇਦੀ, ਗੁਰਤੇਜ ਸਿੰਘ, ਬੀਬੀ ਖਾਲੜਾ ਪੰਥਕ ਖਾਲੜਾ ਸਾਹਬ ਦੀ ਪੁਲਸ ਨਾਲ ਖਹਿਬਾਜ਼ੀ ਵਿੱਚ ਕਤਲ ਨਾ ਕਿ ਪੰਥ ਪ੍ਰਸਤੀ ਵਿੱਚ, (ਮਨੁੱਖੀ ਅਧਿਕਾਰ) ਸੇਵਕ ਵਾਲਾ ਚੈਰਿਟੀ ਵਰਦਾਨ ਨਾਲ ਪੰਥ ਨੂੰ ਠੋਕਣ 'ਤੇ, ਇਹ ਲੋਕ ਬਾਕੀਆਂ ਨੂੰ ਫੱਗੂ ਸਮਝਦੇ ਨੇ, ਭੁੱਲੋ ਨਾ ਬਗਾਨੀ ਮਾਇਆ ਇੰਨੀ ਕੁ ਮੱਤ ਹੀ ਦਿੰਦੀ ਹੈ, ਭਲਾ ਦੱਸੋ ਆਹ ਜੋ ਤੁਸੀਂ ਹੁਕਮ ਦਾਗਿਆ ਹੈ ਇਹ ਪੰਥ ਪ੍ਰਵਾਨਤ ਹੈ? ਸੰਗ ਕਰੋ, ਧਰਮ ਦਾ ਧਿਆਨ ਕਰੋ, ਸੇਵਕ ਆਖਣ ਨਾਲ ਸਿੱਖ ਸਜਣ ਨਾਲ ਸਿੱਖ ਨਹੀਂ ਬਣ ਜਾਂਦੇ, ਮਨ ਜੀਤੇ ਜਗ ਜੀਤ, ਤੁਹਾਡਾ ਤਾਂ ਮਨ ਭੜਕਦਾ ਫਿਰਦਾ ਹੈ, ਆਹ ਮੱਕਾਰੀ ਚੈਨਲ 'ਤੇ ਜੜ੍ਹਾਂ ਅਕਾਲੀ ਦਲ ਦੀਆਂ ਵੱਢ ਕੇ ਮਗਰੋਂ ਸ਼ਰਮ ਦੇ ਮਾਰੇ ਆਖ ਦਿੰਦੇ ਹਨ ਹਾਂ ਜੀ ਅਕਾਲੀ ਦਲ ਤਾਂ ਚਾਹੀਦਾ ਹੈ ਖੇਤਰੀ ਪਾਰਟੀ ਹੈ ਪਰ ਸਭ ਅਕਾਲੀ ਪੁਰਾਣੇ ਪਾਸੇ ਕਰਕੇ ਸਾਡੇ ਯਾਨੀ ਕਾਂਗਰਸੀਆਂ ਹਵਾਲੇ ਕਰੋ, ਇਹ ਤਾਂ ਭੁੰਕਾਰੇ ਫਿਰਦੇ ਨੇ ਕਿ ਹੁਣ ਕਾਂਗਰਸ ਉਭਰ ਰਹੀ ਹੈ, ਬੱਸ ਅਕਾਲੀ ਦਲ 'ਤੇ ਕਬਜ਼ਾ ਫੇਰ ਸਾਡੀ ਸਰਕਾਰ ਠੀਕ ਹੈ ਭਾਜਪਾ ਭੀ ਧਾਰਮਿਕ ਪਾਰਟੀ ਹੋਣ ਦੇ ਬਾਵਜੂਦ ਅਕਾਲੀ ਦਲ ਨੂੰ ਖੋਰਾ ਲਾ ਰਹੀ ਹੈ ਪਰ ਦੇਰ ਨਹੀਂ ਜਦੋਂ ਕੇਂਦਰ ਵਿੱਚ ਭੀ ਭੰਬੂ ਤਾਰੇ ਦਿਸਣਗੇ, ਪਹਿਲਾਂ ਮੁੱਦੇ ਹੁੰਦੇ ਸੀ, ਪਾਣੀ, ਰਾਜਧਾਨੀ, ਭਾਸ਼ਾ ਹੁਣ ਹਰਿਆਣੇ ਨਾਲ ਦੋਸਤੀ ਨਾ ਕਿਸਾਨ, ਨਾ ਸਰਕਾਰ ਤੇ ਨਾ ਕੋਈ ਸੇਵਕ, ਪੰਜਾਬ ਦੇ ਦੁਖਾਂਤ, ਸੰਤਾਪ ਤੇ ਪਸ਼ਚਾਤਾਪ ਵੱਲ ਉਲ੍ਹਾਰ ਹੈ ਬੱਸ ਅਕਾਲੀ ਦਲ ਦੇ ਮਗਰ, ਸਗਟ ਮਾਰੂ, ਪੰਜਾਬ ਨੂੰ ਹੱਥੋਂ ਗੁਆ ਕੇ ਬੈਠਣਗੇ ਹਿਤੈਸ਼ੀ ਬਣਦੇ ਬਣਦੇ, ਮੇਰਾ ਭੀ ਫੇਰ ਸੁਝਾਅ ਲੈ ਲਵੋ ਜੇਕਰ ਸੁਖਬੀਰ ਬਾਦਲ ਨੂੰ ਅਕਾਲ ਤਖ਼ਤ ਦੀ ਉਲੰਘਣਾ ਮੰਨਦੇ ਹੋ ਤਾਂ ਫੇਰ ਹਵਾਰਾ ਕਮੇਟੀ, ਸਾਰੇ ਜਥੇਦਾਰ ਅਮਰ ਸਿੰਘ ਚਾਹਲ, ਪਾਲ ਸਿੰਘ ਫਰਾਂਸ, ਧਰਮ ਦਾ ਬਾਪੂ ਗੁਰਚਰਨ ਸਿੰਘ, ਸਿਮਰਨਜੀਤ ਸਿੰਘ ਮਾਨ ਸਭ ਦੋਸ਼ੀ ਹਨ, ਹੋਣ ਪੇਸ਼ ਇਹ ਤਾਂ ਪੰਥ ਹਨ ਹੀ ਨਹੀਂ ਛੇਕੇ ਜਾਣੇ ਬਣਦੇ ਹਨ, ਧਾਰਾ ਇਕੋ ਜਿਹੀ। ਗਾਣਾ ਸੁਣਿਆ ਹੋਣਾ ਹੀ ਏ, **ਗੁੱਸਾ ਨਾ ਕਰੀਂ ਤੈਨੂੰ ਪਿੱਛੋਂ ਵਾਜ ਮਾਰੀਏ ਜਵਾਬ, ਕਾਹਤੋਂ ਵਾਜ ਮਾਰੀ ਸਾਡਾ ਲੱਗਦਾ ਤੂੰ ਕੀ ਵੇ**, ਬੱਸ ਆਹ ਹੈ ਨਚੋੜ ਪੰਥ ਨਾਲ ਤੁਹਾਡੀ ਸਾਂਝ ਨਹੀਂ ਤਾਂ ਝੱਖ ਨਾ ਮਾਰੋ, ਆਪਣੇ ਰਾਹ ਤੁਰੋ, ਅਕਾਲੀ ਜੀਊਂਦੇ ਨੇ, ਗਿਣਤੀ ਘਟਣ ਦੀ ਸੱਚਾਈ ਕੀ ਤੁਸੀਂ ਜਾਣਦੇ ਨੀ, ਵਿਦੇਸ਼ੀ ਕੌਣ ਗਏ ਨੇ? ਕੋਈ ਹਿੰਦੂ ਬੋਲਦਾ ਹੈ ਕੁਝ ਬੱਸ ਆਹ ਸਿੱਖ ਬੁਗਲੀਏ ਭੱਤਿਆਂ ਮਾਰੇ ਤੜਪਦੇ ਮਨੁੱਖ ਗਲਤੀ ਦਾ ਪੁਤਲਾ, ਸਰਕਾਰਾਂ ਮਨੁੱਖਾਂ ਦੀਆਂ ਲੋਕਤੰਤਰ ਵਿੱਚ ਵਿਰੋਧ ਭੀ ਬਣਿਆ ਹੈ ਪਰ ਹਰ ਸਰਕਾਰ ਤੋਂ ਗਲਤੀਆਂ ਤਾਂ ਹੋ ਹੀ ਜਾਂਦੀਆਂ ਹਨ, ਪਰ ਭੰਡੀ ਕੇਵਲ 7 ਸਾਲ ਪਹਿਲਾਂ ਰਹੀ ਅਕਾਲੀ ਸਰਕਾਰ ਦੀਆਂ ਕਿਉਂ? ਪੰਥ ਵਿਰੋਧੀ ਤੱਤਪਰ ਹਨ, ਗਾਣਾ ਸੀ ਸੁਣਿਆ ਹੈ (**ਮੈਂ ਤੇਰੀ ਪੜਦੂੰ ਸਿੱਖਿਆ ਕੁੜੀਏ, ਤੂੰ ਮੇਰਾ ਪੜ੍ਹ ਦੇਈਂ ਸੇਹਰਾ**) ਹੁਣ ਆਹ ਹੈ ਪੰਥਕ ਸੇਵਾ। ਇਕ ਅਰਜ਼ ਕਰਦੀ ਹਾਂ ਕਿ ਸੇਵਕੀਏ ਗੁਰਤੇਜ ਸਿੰਘ ਨੂੰ ਪੰਥਕ ਸਮਝਦੇ ਨੇ ਤਾਂ ਜਾ ਕੇ ਅਕਾਲ ਤਖ਼ਤ 'ਤੇ ਗੁਰੂ ਗ੍ਰੰਥ ਹੱਥ ਧਰ ਕੇ ਸਹੁੰ ਖਾਵੇ ਕਿ ਮੈਂ ਅਫਸਰੀ ਵਿੱਚ ਕਦੇ ਕਿਸੇ ਨਾਲ ਬੇਇਨਸਾਫ਼ੀ ਧੱਕੇਸ਼ਾਹੀ ਜਾਂ ਜ਼ਿਆਦਤੀ ਨਹੀਂ ਕੀਤੀ, ਪੰਥਕ ਹਿੱਤ ਪਾਲੇ ਅਤੇ ਸਵ: ਤਲਵੰਡੀ ਤੇ ਬਾਦਲ ਸਾਹਬ ਦੇ ਮੱਤਭੇਦਾਂ ਵੇਲੇ ਕਾਰ ਘੁਮਾਈ ਸੁਲਾਹ ਲਈ ਤੱਤਪਰ ਕਿਉਂ ਹੁਣ ਉਹੀ ਅਕਾਲੀ ਮਾੜੇ, ਫੇਰ ਸਿਮਰਨਜੀਤ ਸਿੰਘ ਮਾਨ ਦਲ ਤੋਂ ਚੋਣ ਲੜੀ ਹਾਰ, ਫੇਰ ਮਾਨ ਸਾਹਬ ਭੀ ਅਨਫਿੱਟ, ਜੇਕਰ ਸਹੁੰ ਚੁੱਕ ਲਵੇ ਮੈਂ ਸਭ ਤੋਂ ਪਹਿਲਾਂ ਝੰਡਾ ਚੱਕੂ ਕਿ ਪੰਥ ਦਾ ਲੀਡਰ ਮੰਨੋ, ਕਰੋ ਹੀਆ ਬਣੋ ਹੀਰੋ, ਐਮੇ ਅੰਮ੍ਰਿਤਪਾਲ, ਸਰਬਜੀਤ ਸਿੰਘ ਖਾਲਸੇ ਐਮ.ਪੀ. ਬਣ ਗਏ ਤਾਂ ਹੁਣ ਸਾਰੇ ਖ਼ਾਲਸੇ ਸ਼ੁੱਧ ਬਾਕੀ ਅਸ਼ੁੱਧ, ਲਹਿ ਜਾਣੀ ਹੈ ਕੰਙ ਦੋਨਾਂ ਦੀ ਝਬਦੇ, ਧੀਰੇ ਹੋ, ਚਲੋ ਛੱਡੋ ਇਨ੍ਹਾਂ ਨੂੰ ਇਨ੍ਹਾਂ ਨੇ ਮੰਨਣਾ ਹੈ ਕਿ ਦੋਨੋਂ ਭਾਜਪਾ ਦੇ ਖੜ੍ਹੇ ਕੀਤੇ ਸਨ ਨਿਕਲੂ ਸ਼ੁੱਕਰ ਦਾਤੇ ਦਾ ਸਾਡੇ ਦੇਸ਼ ਵਿੱਚ ਸੁੱਖ ਸਬੀਲੀ ਹੋ ਗਈ, ਸਰਕਾਰ ਨੇ ਮੁਸ਼ਤਾਦੀ ਦਿਖਾਈ ਹੈ, ਭੱਖਦਾ ਮੁੱਦਾ ਨਿਸ਼ਾਨ ਸਾਹਬ ਰੰਗਾਂ ਦਾ, ਬਹੁਤੇ ਗੁਰੂ ਅਸਥਾਨ ਗੁਰਦੁਆਰੇ ਨਹੀਂ ਪ੍ਰਾਈਵੇਟ ਹਨ ਗੁਰਦੁਆਰਾ ਮੁਫਾਦ ਲਈ ਲਿਖਦੇ ਨੇ ਤਾਂ ਹੀ ਵਿਰੋਧਤਾ ਕਰਦੇ ਨੇ ਪਰ ਇਹ ਜਦੋਂ ਸ਼੍ਰੋਮਣੀ ਕਮੇਟੀ ਤੇ ਤਖ਼ਤ ਨੂੰ ਸਮਰਪਿਤ ਹਨ ਹੀ ਨਹੀਂ ਤਾਂ ਲਾਗੂ ਨੀ ਹੁੰਦਾ ਨਾ ਬਦਲਣ ਕੋਈ ਡੰਨ ਨਹੀਂ ਪਹਿਲਾਂ ਸੈਂਟਰ ਜਾਂ ਅਸਥਾਨ ਆਖਦੇ ਸੀ, ਡੇਰੇ ਨੇ ਨਿੱਜੀ, ਝਾਕੇ ਖੁੱਲ੍ਹਗੇ, ਗੁਰਦੁਆਰਾ ਲਿਖਣ ਲੱਗ ਗੇ, ਮਹੰਤ ਥੋੜ੍ਹੇ ਸੀ ਇਹ ਬਹੁਤੇ ਨੇ ਕੌਣ ਪਟਾਵੇ ਝਾਟਾ, ਸਭ ਸੁਖੀ ਵੱਸੋ, ਖੁਸ਼ ਰਹੋ!

## ਪੰਨਾ ਪਾਠਕਾਂ ਦਾ

ਭਗਵਾਨ ਸਿੰਘ ਜੌਹਲ ਜੀ: ਜਾਣਕਾਰੀ ਸਿਰਦਾਰ ਕਪੂਰ ਸਿੰਘ ਤੱਥ ਸਬੂਤ ਨਹੀਂ ਹਨ ਕਿ ਨੌਕਰੀ ਬਰਖਾਸਤੀ ਕਿਵੇਂ ਸੀ ਪੱਖੀ ਹੈ ਕਦੀ ਤਾਂ ਕਹਿੰਦੇ ਸੀ ਜੀ ਜਰਾਇਮ ਪੇਸ਼ਾ ਆਖੇ 'ਤੇ ਕਪੂਰ ਸਿੰਘ ਦੁਖੀ ਪਰ ਫੇਰ ਸੱਚੀ ਸਾਖੀ ਤਾਂ ਛਾਪਿਆ ਨਾ ਉਹ ਨੋਟ ਮੈਂ ਭੀ 20 ਪੌਂਡ ਖਰਚ ਕੇ ਪੜ੍ਹੀ, ਹੋਰ ਜਾਣਕਾਰੀ ਜੋ ਮੈਨੂੰ ਮਿਲੀ ਸੀ ਉਸ ਵਿਅਕਤੀ ਕੋਲੋਂ ਜੋ ਕਿ ਉਨ੍ਹਾਂ ਦੀ ਚੋਣ ਵੇਲੇ ਸਹਾਇਕ ਸੀ ਧਾਲੀਵਾਲ ਭਾਵੇਂ ਸੀ ਪਰ ਜੱਟ ਨਹੀਂ, ਪੱਤਰਕਾਰ ਬਘੇਲ ਸਿੰਘ, ਸੁਖਬੀਰ ਨੂੰ ਬਾਬਾ ਲਿਖਦਾ ਹੈ ਪਹਿਲੀ ਗੱਲ ਤਾਂ ਬਘੇਲ ਸਿੰਘ ਨਉ ਨੂੰ ਲਾਜ ਹੈ ਬਘਿਆਣ ਸਿੰਘ ਜੀ ਪੱਤਰਕਾਰੀ ਤਰਫਦਾਰੀ ਲਾਹੇ ਲਈ, ਦੱਸੋ ਸੁਖਬੀਰ ਸਿੰਘ ਬਾਦਲ ਕੋਲ ਕਿਹੜਾ ਡੇਰਾ ਹੈ ਜੀਹਦਾ ਬਾਬਾ ਹੈ? ਡੇਰਿਆਂ ਵਿਰੁੱਧ ਬੋਲੋ ਹੋਰ ਵਾਰਤਾ ਇਕ ਕਲਾਕਾਰ ਨੇ ਗਾਈ: ਜੇ ਤੇਰੀ ਕੁੜਤੀ ਫੱਟ ਜੂਗੀ ਮੈਂ ਝੱਗੀ ਸੁਆ ਲੂੰਗਾ, ਸੁੱਥਣ ਫਟੀ ਤੇ ਕੱਛਾ ਬਣਾ ਲੂੰਗਾ ਤੇ ਚੁੰਨੀ ਫਟੀ ਤੇ ਲੂੰਗੀ, ਹੁਣ ਪਰ ਉਹ ਸਮਾਂ ਨਹੀਂ, ਹੁਣ ਤਾਂ ਅਗਲਾ ਕਹਿੰਦਾ ਸਿੱਟ ਪਰ੍ਹਾਂ, ਆਪਾਂ ਜਾਤੀ ਭੱਤੇ ਤੇ ਸਰਕਾਰੀ ਗਰਾਂਟ ਵੱਧ ਲੈਲਾਂਗੇ ਪਰ ਜੱਟ ਭੱਤੇ ਲੈਣੇ ਨਹੀਂ ਦੇਣੇ ਨੀ, ਰਹੀ ਗੱਲ ਜੇਕਰ ਤੁਸੀਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਬਾਦਸ਼ਾਹ ਤਾਨਾਸ਼ਾਹ ਮੰਨਦੇ ਹੋ ਤਾਂ ਜਰੂਰ ਇਹ ਫੈਸਲੇ ਮੰਗੋ, ਪਰ ਜੇਕਰ ਤੁਸੀਂ ਸਿੱਖ ਸਿਧਾਂਤ ਤੋਂ ਜਾਣੂ ਹੋ ਤਾਂ ਭਾਵੇਂ ਮੀਰੀ–ਪੀਰੀ ਪ੍ਰਚਾਰੀ ਜਾਵੋ ਪਰ ਇਸ ਯੁੱਗ ਵਿੱਚ ਲਾਗੂ ਨਹੀਂ ਹੋ ਸਦਕੀ, ਨਹੀਂ ਤਾਂ ਪ੍ਰਾਈਵੇਟ ਗੁਰੂ ਘਰ ਡੇਰਿਆਂ ਵਿੱਚ (ਗੁਰੂ ਗ੍ਰੰਥ) ਜਦੋਂ ਕਿ ਡੇਰੇ ਆਪਣੇ ਮੁਖੀ ਨੂੰ ਸਤਿਕਾਰਦੇ ਹਨ ਕੇਵਲ ਢਕਵੰਝ ਲਈ ਜੀ ਗੁਰੂ ਗ੍ਰੰਥ ਹਾਜ਼ਰ ਨਾਜ਼ਰ ਭਾਈ ਗੁਰਬਾਣੀ ਮਨੁੱਖ ਨਹੀਂ, ਮਨੁੱਖਤਾ ਨੂੰ ਗਾਡੀ ਰਾਹ ਲਈ ਸ਼ਬਦ ਬਾਣੀ ਹੈ, ਪੜ੍ਹੋ ਸੁਣੋ ਤੇ ਅਮਲ ਕਰੋ, ਇਹ ਤਾਂ ਸਾਧਾਂ ਨੇ ਹਿੰਦੂ–ਸਿੱਖ ਏਕ ਕਰਨ ਲਈ ਕਿਉਂਕਿ ਇਨ੍ਹਾਂ ਦੇ ਬਾਲਕੇ ਸਭ ਹਨ ਤਾਂ ਇਹ ਫੁਰਨਾ ਘੜਿਆ, ਕੀ ਪਹਿਲਾਂ ਕਹਿੰਦੇ ਸੀ, ਸ਼ਬਦ ਗੁਰੂ ਹੁੰਦਾ ਸੀ, ਗੁੰਮਰਾਹ ਕਰਤੀ ਅੱਜ ਦੀ ਸਿੱਖ ਵਿਚਾਰਧਾਰਾ, ਸਾਂਝ ਪਾਵਾਂ ਗਿਆਨੀ ਗੁਰਬਖਸ਼ ਸਿੰਘ ਜੀ ਗੁਲਸ਼ਨ ਲੇਖ ਸਲਾਹੁਣ ਯੋਗ, ਨਾਲ ਨਾਲ ਜੋ ਦਲੀਲਾਂ ਪ੍ਰਚਾਰਕ ਆਪਣੇ ਪੁਸਤਕਾਂ ਤੋਂ ਕਥਾ ਕਰੀ ਜਾਂਦੇ ਹਨ ਬਾਰੇ ਵਿਵਾਦੀ ਤੱਥ ਭੀ ਲਿਖਦੇ ਹਨ, ਉਸ ਵੇਲੇ ਦੇ ਕਵੀ, ਲੇਖਕ ਭੀ ਰੋਜ਼ੀ ਲਈ ਬੀਰਬਲ ਸਨ, ਸਭ ਇਤਿਹਾਸ ਨਹੀਂ ਹਨ ਦੋ ਤੇ ਦੋ ਚਾਰ ਬਣਦੇ ਹੀ ਨਹੀਂ, ਭਵਿੱਖ ਵਿੱਚ ਦੁਬਿਧਾ ਤੇ ਨਾ ਮਾਨਣ ਬਨਣਗੇ ਧਰਮ ਦਾ ਧੁਰਾ ਤੇ ਧੱਬਾ ਲੱਗੂ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਧਿਆਨ ਦੇਣ ਰਹੀ ਗੱਲ ਧਰਮ ਦੀ ਜੋ ਅਜੋਕੀ ਸਥਿਤੀ ਹੈ ਸਹੇ ਦੇ ਪਹੇ ਨੂੰ ਰੋਵੋ, ਧੰਨ ਤਾਂ ਆਹ ਕਥਾਵਾਚਕ ਹੂੰਝਣ 'ਤੇ ਨੇ ਪਰ ਸਹੀ ਜਾਣਕਾਰੀ ਤਾਂ ਇਨ੍ਹਾਂ ਕੋਲ ਹੈ ਹੀ ਨਹੀਂ, ਬਸਤਾ ਚੱਕ ਕਥਾਵਾਚਕ ਬਣ ਗਏ ਮਨਜ਼ੂਰ ਹੈ ਜੇਕਰ ਅਕਾਲ ਤਖ਼ਤ ਤੋਂ ਹੁਕਮ ਆਵੇ ਕਿ ਸਭ ਪ੍ਰਚਾਰਕ, ਕਥਾਵਾਚਕ ਸ਼੍ਰੋਮਣੀ ਕਮੇਟੀ ਤੋਂ ਇਮਤਿਹਾਨ ਪਾਸ ਕਰਨ, ਤਸਦੀਕ ਕਾਰਡ ਲੈਣ ਤਾਂ ਗੁਰੂ ਘਰਾਂ ਵਿੱਚ ਵਾੜੇ ਜਾਣ ਮਾਈ ਮਰ ਜੂ ਇਨ੍ਹਾਂ ਦੀ:–ਆਹ ਚੈਨਲਾਂ 'ਤੇ ਪੰਜਾਬੀ ਬੋਲਣੀ ਨੀ ਆਉਂਦੀ ਵੂਲਵਰਹੈਂਪਟਨ ਨੂੰ ਵੂਲਹੈਪਟਨ ਪਰ ਬੁਲਾਰੇ ਨੇ, ਅਹਿਮ ਨੁਕਤਾ ਬੇਟੀ ਨੇ ਸੁਣਿਆ ਕਿ ਸਾਡਾ ਤਾਂ ਦਿਲ ਪੰਜਾਬ ਵਿੱਚ ਹੀ ਹੈ, ਖ਼ਫਾ ਹੋਈ ਕਹਿੰਦੀ ਇਹ ਇਥੇ ਕੀ ਕਰਦੇ ਨੇ ਸਾਡੀ ਜ਼ਿੰਦਗੀ ਦੁਭਰ ਕਰਨ ਲਈ ਜੇਕਰ ਆਹ ਕਹਿਰੀਆਂ ਨੂੰ ਪਤਾ ਲੱਗ ਜਾਵੇ ਤਾਂ ਕੀ ਬੀਤੂ ਇਹ ਤਾਂ ਬੇਵਫ਼ਾ ਨੇ ਇਥੋਂ ਚਲੇ ਜਾਣ ਚੰਗਾ, ਨਹੀਂ ਤਾਂ ਸਾਡੇ ਨਾਲ ਦੰਗੇ ਕਰਵਾਉਣਗੇ, ਕਹਿੰਦੀ ਮੈਂ ਚੈਨਲ ਨੂੰ ਬੋਲੂੰਗੀ, ਮੈਂ ਰੋਕ ਤਾ।

ਬਲਵਿੰਦਰ ਕੌਰ ਚਾਹਲ

# ਵੇ ਰਾਹੀਆ



ਰਾਹੀਆ ਵੇ ਰਾਹੀਆ !
ਦੱਸ ਤੱਕਿਆ ਈ ਕਿੱਧਰੇ, ਮੇਰੇ ਨਾਨਕ ਵੀਰ ਨੂੰ !
ਪੀਰਾਂ ਦੇ ਪੀਰ ਨੂੰ-ਸ਼ਾਹੀ ਫਕੀਰ ਨੂੰ !
ਰਹੀਆ ਵੇ ਰਾਹੀਆ....

ਸੁਣ ਲੈ ਵੇ ਰਾਹੀਆ ਮੇਰੇ ਵੀਰ ਦੀ ਨਿਸ਼ਾਨੀ।
ਅੱਖਾਂ ਚ ਖੁਮਾਰੀ ਮੱਥੇ ਝਲਕ ਨੂਰਾਨੀ।
ਉਹਦੇ ਤੇ ਮਨੁੱਖਤਾ ਦੀ ਜ਼ਿੰਦਗੀ ਦੀਵਾਨੀ।
ਕਰੇ ਆਲਮ ਸਿਜਦਾ, ਉਸ ਬੇਨਜ਼ੀਰ ਨੂੰ !
ਪੀਰਾਂ ਦੇ ਪੀਰ ਨੂੰ-ਸ਼ਾਹੀ ਫ਼ਕੀਰ ਨੂੰ !
ਰਾਹੀਆ ਵੇ ਰਾਹੀਆ

ਸਾਲ ਪਿੱਛੋਂ ਰੱਖੜੀ ਦਾ ਆਇਆ ਤਿਉਹਾਰ ਵੇ।
ਰੱਜ ਰੱਜ ਭੈਣਾਂ ਕੀਤੇ ਚਾਅ ਤੇ ਮਲ੍ਹਾਰ ਵੇ।
ਮੇਰੇ ਹਿੱਸੇ ਆਏ ਬੱਸ ਹੰਝੂਆਂ ਦੇ ਹਾਰ ਵੇ।
ਅੱਜ ਕੌਣ ਬੰਨ੍ਹਾਵੇ, ਤੱਤੜੀ ਦੇ ਧੀਰ ਨੂੰ !
ਰਾਹੀਆ ਵੇ ਰਾਹੀਆ
ਮਿਲਿਆ ਜੇ ਕਿਤੇ 'ਚੰਨ' ਆਖੀਂ ਐਨੀ ਗੱਲ ਵੇ।
ਰਾਹਵਾਂ ਚ ਵਿਛਾਵਾਂ ਨੈਣ ਆਵੇਂ ਜੇ ਤੂੰ ਚੱਲ ਵੇ।
ਕਰ ਗਏ ਸੁਦੈਣ ਤੇਰੇ ਹਿਜਰਾਂ ਦੇ ਸੱਲ ਵੇ।
ਦੱਸ ਕਿਵੇਂ ਮੈਂ ਡੱਕਾਂ, ਅੱਖੀਆਂ ਦੇ ਨੀਰ ਨੂੰ !
ਰਾਹੀਆ ਵੇ ਰਾਹੀਆ
ਦੱਸ ਤੱਕਿਆ ਈ ਕਿਧਰੇ ਮੇਰੇ ਨਾਨਕ ਵੀਰ ਨੂੰ !
ਪੀਰਾਂ ਦੇ ਪੀਰ ਨੂੰ-ਸ਼ਾਹੀ ਫ਼ਕੀਰ ਨੂੰ !
ਰਾਹੀਆ ਵੇ ਰਾਹੀਆ

ਤਰਲੋਚਨ ਸਿੰਘ ਚੰਨ ਜੰਡਿਆਲਵੀ

# ਗ਼ਜ਼ਲ



ਡਾ. ਮੁਹਿੰਦਰ ਸਿੰਘ ਰਾਏ

ਰੂਪ ਦੇ ਸਾਗਰ ਦੀ ਮੈਂ ਤਾਂ ਤੱਕੀ ਸੀ ਲਹਿਰ ਹਾਲੇ।
ਦਿਲਾ ਵਗ ਨਾ ਨਦੀ ਹੋ ਕੇ ਤੂੰ ਜ਼ਰਾ ਠਹਿਰ ਹਾਲੇ।
ਲਹਿਰ ਬਣ ਕੇ ਮਿਲਾਂ ਇਸ ਰੂਪ ਦੇ ਸਾਗਰ ਨੂੰ,
ਪਰ ਕਿਤੇ ਸਮਝਣ ਨਾ ਮੈਨੂੰ, ਉਹ ਗ਼ੈਰ ਹਾਲੇ।
ਬਣ ਰਹੇ ਨੇ ਬੋਲ ਉਸਦੇ ਅਜੇ ਤਾਂ ਕੋਈ ਕਵਿਤਾ,
ਨਾਲੇ ਉਤਰ ਰਹੀ ਹੈ ਗ਼ਜ਼ਲ ਦੀ ਬਹਿਰ ਹਾਲੇ।
ਜੀ ਕਰਦਾ ਹੈ ਮੇਰਾ ਇਸ ਸਾਗਰ 'ਚ ਸਮਾਉਣ ਨੂੰ,
ਪਰ ਮੈਂ ਦੇਖਿਆ ਨਹੀਂ ਲਹਿਰਾਂ ਦਾ ਕਹਿਰ ਹਾਲੇ।
ਉਸਦੇ ਚਿਹਰੇ ਦਾ ਜਲੌ ਹੈ ਪਹੁ ਫੁੱਟੀ ਦੀ ਲੋਅ,
ਲੱਗਦਾ ਹੋਣੀ ਹੈ ਸਾਡੇ ਇਸ਼ਕ ਦੀ ਦੁਪਹਿਰ ਹਾਲੇ।
ਇਸ਼ਕ ਸੱਪ ਹੈ ਦੁਮੂੰਹਾ ਪਰ ਦਿਲ ਮੰਨਦਾ ਨਹੀਂ,
ਯਾਰੋ ਇਸ ਨਾਗ ਦਾ ਵੀ ਪੀਣਾ ਹੈ ਜ਼ਹਿਰ ਹਾਲੇ।
ਲੰਘ ਗਏ ਹਨ ਕਈ ਵਸਲ ਵਿਛੋੜੇ ਦੇ ਟੇਸ਼ਨ,
ਪਰ ਆਇਆ ਨਹੀਂ ਤੇਰਾ ਯਾਰਾ ਸ਼ਹਿਰ ਹਾਲੇ।
ਪਤਾ ਕਿ ਥਲਾਂ ਵਿੱਚ ਨਹੀਂ ਖਿੜੇਗਾ ਫੁੱਲ ਗੁਲਾਬ ਦਾ,
ਮਰੀ ਨਹੀਂ ਸੀ ਆਸ 'ਰਾਏ' ਰੁਕੇ ਨਹੀਂ ਸਨ ਪੈਰ ਹਾਲੇ।

# ਕਾਵਿ-ਕਿਆਰੀ

## ਬਟਵਾਰਾ

ਕੱਲ ਸਨ ਵੱਸਦੇ ਵਾਂਗ ਭਰਾਵਾਂ,
ਅੱਜ ਕਿਉਂ ਡੌਲਿਉਂ ਟੁੱਟੀਆਂ ਬਾਹਾਂ,
ਦਿਲਾਂ 'ਚ ਮਜ਼੍ਹਬੀ ਜ਼ਹਿਰ ਵਸਾਇਆ
ਕੁਦਰਤ ਉੱਤੇ ਕਾਹਦਾ ਰੋਸ।
ਹੋਸ਼ਾਂ ਨੂੰ ਜਦ ਹੋਸ਼ ਸੀ ਆਏ
ਤਦ ਹੋਸ਼ ਗੁਆ ਚੁੱਕੇ ਸਨ ਹੋਸ਼॥

ਸਾਡਾ ਘਰ ਸੀ ਸੁੱਖੀਂ ਲੱਦਿਆ
ਸੁੱਖੀ ਵੱਸੇਂਦੇ ਪੰਜ-ਚਾਰ ਭਾਈ,
ਇੱਕ ਦੂਜੇ ਦੇ ਦੁੱਖ-ਸੁੱਖ ਸਾਂਝੇ
ਹਿੰਦੂ, ਮੁਸਲਮ, ਸਿੱਖ, ਇਸਾਈ,
ਲਹੂਆਂ ਦੇ ਦਰਿਆ ਵਗ ਨਿਕਲੇ
ਐਸੀ ਮਜ਼੍ਹਬੀ ਛੁਰੀ ਚਲਾਈ,
ਹਰ ਪਾਸੇ ਲਾਸ਼ਾਂ ਦੇ ਸੱਥਰ
ਖੂਨੀ ਕਹਿਰ ਦੀ 'ਨ੍ਹੇਰੀ ਛਾਈ,
ਐਸਾ ਰੱਬੀ ਕਹਿਰ ਵਰਤਿਆ
ਜਾਂ ਕੁਦਰਤ ਦਾ ਕਹਿ ਲਉ ਦੋਸ਼।
ਹੋਸ਼ਾਂ ਨੂੰ ਜਦ ਹੋਸ਼ ਸੀ ਆਏ
ਤਦ ਹੋਸ਼ ਗੁਆ ਚੁੱਕੇ ਸਨ ਹੋਸ਼॥

ਤੱਕ ਬਟਵਾਰਾ ਨਿਰਦੋਸ਼ਾਂ ਦਾ
ਰੱਬ ਦੀ ਅੱਖ ਵੀ ਰੋਈ ਹੋਣੀ,
ਲੱਖਾਂ ਘਰਾਂ 'ਚ ਵੈਣ ਪੈ ਗਏ
ਵਾਪਰੀ ਕਿਉਂ ਘਟਨਾ ਅਣਹੋਣੀ,
ਭਾਈਆਂ ਦੇ ਭਾਈ ਬਣ ਗਏ ਵੈਰੀ
ਐਸੀ ਵਗੀ ਕੋਈ ਹਵਾ ਡਰਾਉਣੀ,
ਗ਼ਮ ਤੇ ਡਰ ਦੇ ਬੱਦਲ ਛਾਏ
ਹਰ ਘਰ ਆਈ ਮੌਤ ਪ੍ਰਾਹੁਣੀ,
ਕੌਣ, ਕਿਹਨੂੰ ਤੇ ਕਿਉਂ ਮਾਰਦਾ
ਐਨਾ ਕਿੱਥੇ ਕਿਸੇ ਨੂੰ ਹੋਸ਼।
ਹੋਸ਼ਾਂ ਨੂੰ ਜਦ ਹੋਸ਼ ਸੀ ਆਏ
ਤਦ ਹੋਸ਼ ਗੁਆ ਚੁੱਕੇ ਸਨ ਹੋਸ਼॥

ਧਰਤੀ ਵੰਡੀ, ਪਾਣੀ ਵੰਡ ਲਏ
ਸੋਹਣਾ ਦੇਸ਼ ਪੰਜਾਬ ਵੰਡ ਲਿਆ,
ਅਰਮਾਨਾਂ ਦੀ ਵੱਢ-ਟੁੱਕ ਕਰਕੇ
ਜੰਨਤ ਵਰਗਾ ਖ਼ਾਬ ਵੰਡ ਲਿਆ,
ਅਕਲਾਂ ਦੇ ਕੱਦ ਬੌਨੇ ਕਰਕੇ
ਰਾਵੀ ਵੰਡ, ਝਨਾਬ ਵੰਡ ਲਿਆ,
ਲਾਜ 'ਨਾ ਲੱਦੇ ਘੁੰਡ ਵੰਡ ਲਏ
ਹਯਾ ਭਰਿਆ ਨਕਾਬ ਵੰਡ ਲਿਆ,
ਅੱਗਾਂ ਲਾਈਆਂ, ਵੱਢ ਵੰਢਾਗੇ
ਦਇਆ-ਰਹਿਮ ਹੋਏ ਰੂਹ-ਪੋਸ਼।
ਹੋਸ਼ਾਂ ਨੂੰ ਜਦ ਹੋਸ਼ ਸੀ ਆਏ
ਤਦ ਹੋਸ਼ ਗੁਆ ਚੁੱਕੇ ਸਨ ਹੋਸ਼॥

ਅਬਲਾਵਾਂ ਦੀ ਅਸਮਤ ਲੁੱਟੀ
ਕੋਈ ਨਾ ਸੁਣਦਾ ਕੂਕ-ਪੁਕਾਰ,
ਧੰਨ-ਮਾਲ, ਜਾਇਦਾਦਾਂ ਲੁੱਟੀਆਂ
ਹਰ ਪਾਸੇ ਮਚੀ ਹਾਹਾ-ਕਾਰ,
ਖੇਰੂੰ-ਖੇਰੂੰ ਅਮਨ ਹੋ ਗਿਆ
ਹਰ ਹੱਥ ਵਿੱਚ ਖੂਨੀ ਤਲਵਾਰ,
ਇਨਸਾਨ ਦਰਿੰਦੇ ਬਣ ਬੈਠੇ ਸਨ
ਭੁੱਲ ਚੁੱਕੇ ਸਭ ਤੇਹ-ਮੋਹ ਪਿਆਰ,
ਖੁਸ਼ੀਆਂ ਦੇ ਵਿੱਚ ਹੱਸਦੇ-ਵੱਸਦੇ
ਗਹਿਰੇ ਦੁਸ਼ਮਣ ਬਣ ਗਏ ਲੋਕ।
ਹੋਸ਼ਾਂ ਨੂੰ ਜਦ ਹੋਸ਼ ਸੀ ਆਏ
ਤਦ ਹੋਸ਼ ਗੁਆ ਚੁੱਕੇ ਸਨ ਹੋਸ਼॥

ਮੰਦਰ ਸਾੜੇ, ਮਸਜਦਾਂ ਢਾਹੀਆਂ
ਰੇਲ ਗੱਡੀਆਂ ਸਾੜੀਆਂ ਗਈਆਂ,
ਜਿਉਂਦਿਆਂ ਦੇ ਪਾ ਟਾਇਰ ਗਲ਼ਾਂ ਵਿਚ
ਅੱਜ ਵੀ ਅੱਗਾਂ ਲਾਈਆਂ ਗਈਆਂ,
ਸਿਰ ਦੇ ਕੇਸ ਦਾੜ੍ਹੀਆਂ ਮੁੰਨ ਕੇ
ਸਿਰ-ਦਸਤਾਰਾਂ ਲਾਹੀਆਂ ਗਈਆਂ,
'ਵੱਡੇ ਰੁੱਖ ਦੇ ਡਿਗਣ-ਧਮਕ 'ਨਾ
ਧਰਤੀਆਂ ਅੱਜ ਹਿਲਾਈਆਂ ਗਈਆਂ',
ਸੁਰ ਸੰਭਾਲੋ ਤੇ ਵਕਤ ਵਿਚਾਰੋ
ਐਵੇਂ ਨਾ ਧਰੋ ਗ਼ੈਰ 'ਤੇ ਦੋਸ਼।
'ਭੋਗਲ' ਜੇ ਅੱਜ ਹੋਸ਼ ਨਾ ਕੀਤੀ
ਹੋਸ਼ਾਂ ਨੂੰ ਨਹੀਂ ਆਉਣੇ ਹੋਸ਼।
ਹੋਸ਼ਾਂ ਨੂੰ ਜਦ ਹੋਸ਼ ਸੀ ਆਏ
ਤਦ ਹੋਸ਼ ਗੁਆ ਚੁੱਕੇ ਸਨ ਹੋਸ਼॥

ਲਿਖਾਰੀ:-
ਨਛੱਤਰ ਸਿੰਘ
ਭੋਗਲ



"ਭਾਖੜੀਆਣਾ"

# ਇਹ ਅਜ਼ਾਦੀ

ਰਲ-ਮਿਲ ਲੋਕਾਂ ਏਸ ਨੂੰ ਏ ਪਾਲਿਆ,
ਨਾਲ ਕੁਰਬਾਨੀ ਯੋਧਿਆਂ ਸ਼ਿੰਗਾਰਿਆ।
ਟਿੱਕਾ ਲਾ ਕੇ ਖੂਨ ਦਾ ਤੇ ਵੰਗ ਪੱਤਰ ਦੀ,
ਆਈ ਏ ਅਜ਼ਾਦੀ ਪੱਬਾਂ ਭਾਰ ਨੱਚਦੀ।

ਊਚ-ਨੀਚ ਛੂਤ-ਛਾਤ ਆਈ ਭੰਨ ਕੇ,
ਰਵਿਦਾਸ ਕੋਲੋਂ ਆਤਮਾ ਨੂੰ ਰੀਝਡ ਕੇ।
ਕਬੀਰ ਵਾਂਗ ਸੱਚ ਬੋਲਦੀ ਨਾ ਜੱਕਦੀ,
ਆਈ ਏ ਅਜ਼ਾਦੀ ਪੱਬਾਂ ਭਾਰ ਨੱਚਦੀ।

ਨਾਨਕ ਗੁਰੂ ਦੇ ਕੋਲੋਂ ਮੱਤ ਸਿੱਖ ਕੇ,
ਭਰਮਾਂ-ਭੁਲੇਖਿਆਂ ਨੂੰ ਲਾਹ ਸੁੱਟ ਕੇ।
ਸਭ ਨਾਲ ਰਲ ਮਿਲ ਨਾਮ ਜੱਪਦੀ,
ਆਈ ਏ ਅਜ਼ਾਦੀ ਪੱਬਾਂ ਭਾਰ ਨੱਚਦੀ।

ਜ਼ਾਲਮਾਂ ਨੇ ਜਦੋਂ ਸੀ ਸਤਾਇਆ ਏਸ ਨੂੰ,
ਕਲਗੀਆਂ ਵਾਲੇ ਨੇ ਸਿਖਾਇਆ ਏਸ ਨੂੰ।
ਹੱਥ ਵਿੱਚ ਫੜ ਸ਼ਮਸ਼ੀਰ ਮੱਚਦੀ,
ਆਈ ਏ ਅਜ਼ਾਦੀ ਪੱਬਾਂ ਭਾਰ ਨੱਚਦੀ।
'ਪਾਲ' ਮਸਾਂ ਆਈ ਏ ਅਜ਼ਾਦੀ ਮੱਖਣਾ,
ਹੁਣ ਆਪਾਂ ਏਸ ਨੂੰ ਬਚਾ ਕੇ ਰੱਖਣਾ।
ਮੁੱਲ ਨਾ ਇਹ ਮਿਲਦੀ ਸੁਣਾਵਾਂ ਲੱਖ ਦੀ,
ਆਈ ਏ ਅਜ਼ਾਦੀ ਪੱਬਾਂ ਭਾਰ ਨੱਚਦੀ



ਧਰਮ ਪਾਲ ਚੁੰਬਰ

# ਅਕਾਲ ਤਖਤ ਹੈ ਮਹਾਨ

ਮੀਰੀ ਪੀਰੀ ਦਾ ਸਥਾਨ, ਅਕਾਲ ਤਖਤ ਹੈ ਮਹਾਨ,
ਉੱਥੇ ਝੂਲ ਦੇ ਨਿਸ਼ਾਨ, ਪੰਥ ਖਾਲਸੇ ਦੀ ਸ਼ਾਨ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,
ਹੱਥੀ ਆਪਣੇ ਸੀ, ਛੇਵੇਂ ਪਿਤਾ ਨੇ ਉਸਾਰਿਆ,
ਬਾਕੀ ਤੱਖਤਾ ਤੋ ਉੱਚਾ, ਥੱੜਾ ਸੀ ਉਸਾਰਿਆ,
ਸ਼ੱਸਤਰਾਂ ਦਾ ਪ੍ਰਕਾਸ਼, ਥੱੜੇ ਉਤੇ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ,ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,
ਪੰਜਵੇਂ ਪਿਤਾ ਨੇ, ਹਰਿਮੰਦਰ ਸਾਹਿਬ ਨੂੰ ਉਸਾਰਿਆ,
ਛੇਵੇਂ ਗੁਰਾ, ਰਾਖੀ ਲਈ ਅਕਾਲ ਤੱਖਤ ਨੂੰ ਉਸਾਰਿਆ,
ਮੀਰੀ ਪੀਰੀ ਦਾ ਸੁਮੇਲ ਸਿੰਘੋ ਉੱਚਾ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ।
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,
ਦੇ ਕੇ ਬਾਣੀ ਨਾਲ ਬਾਣਾ, ਸਿੰਘਾ ਤੇਰੇ ਰੂਪ ਨੂੰ ਸ਼ਿੰਗਾਰਿਆ,
ਪੁੱਤ ਵਾਰ ਕੇ ਸੀ ਚਾਰ, ਤੈਨੂੰ ਪੁੱਤ ਕਹਿ ਪੁਕਾਰਿਆ,
ਪੁੱਤਾ ਕੇਸਰੀ ਨਿਸ਼ਾਨ, ਹੇਠਾਂ ਸਿਰ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,
ਦੱਸਮੇ ਪਿਤਾ ਨੇ ਤਿੰਨ ਦਿੱਤੀਆਂ ਨਿਸ਼ਾਨੀਆਂ,
ਨਗਾਰੇ, ਘੋੜੇ ਤੇ ਨਿਸ਼ਾਨ ਸਿੰਘੋ ਸਾਂਭ ਲਉ ਨਿਸ਼ਾਨੀਆਂ,
ਬਾਣੀ ਸ਼ੱਸਤਰਾਂ ਦੇ ਸੰਗ, ਮੰਨ ਨੀਵਾਂ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,
ਅਕਾਲੀ ਫੂਲਾ ਸਿੰਘ ਵਾਂਗ, ਸੰਤਾਂ ਨੇ ਵੰਗਾਰਿਆ,
ਗਲੋਂ ਲਾਹੁਣ ਲਈ ਗੁਲਾਮੀ, ਮੋਰਚਾ ਸੰਭਾਲਿਆ,
'ਬਾਸੀ' ਸੰਤਾ ਵਾਲੀ ਸੋਚ ਨੂੰ ਬਣਾਕੇ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,




ਸਰਦਾਰ ਪਰਦੀਪ ਸਿੰਘ ਬਾਸੀ
ਵੁਲਵਰਹੈਪਟਨ, ਯੂ ਕੇ

# ਬਿਅਦਬੀਆਂ 'ਤੇ ਸਿਆਸਤ !




ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਵਰ੍ਹੇ ਬੀਤ ਗਏ ਖਬਰਾਂ ਇਹ ਸੁਣਦਿਆਂ ਨੂੰ
ਬਣ ਗਈ 'ਸਿਟ' ਤੇ ਪੇਸ਼ ਚਲਾਣ ਹੋਇਆ।
'ਗੁਨਾਹ ਗਾਰ' ਹਨ ਕੌਣ ਇਹ ਜੱਗ ਜਾਣੇ
ਨਿਆਂ-ਪ੍ਰਬੰਧ ਹੀ ਲੱਗੇ ਅਣਜਾਣ ਹੋਇਆ।
'ਸਿਸਟਮ' ਅਤੇ 'ਸਟੇਟ' ਬਦਨੀਤ ਹੋ ਗਏ
ਜਾਣ ਬੁੱਝ ਕੇ ਪਾਇਆ ਘਸਮਾਣ ਹੋਇਆ।
ਕਿਉਂ ਨਾ ਲੋਕਾਂ ਨੂੰ ਗੁੱਸਾ ਫਿਰ ਚੜ੍ਹੇ ਯਾਰੋ
ਜਦੋਂ ਕੀਤੇ 'ਵਿਸ਼ਵਾਸ਼' ਦਾ ਘਾਣ ਹੋਇਆ।
ਉੱਥੇ 'ਅਰਥ' ਦਾ ਰਹਿਣਾ 'ਅਨਰਥ' ਹੁੰਦਾ
'ਬੌਣੇ' ਬੈਠਣ ਜਦ ਵੱਡੀਆਂ ਪਦਵੀਆਂ 'ਤੇ।
ਹੋਇਆ ਹਸ਼ਰ ਕੀ ਪਹਿਲਿਆਂ ਹਾਕਮਾਂ ਦਾ
ਸਿਆਸਤ ਕਰੀ ਹੈ ਜਿਨ੍ਹਾਂ ਬੇਅਦਬੀਆਂ 'ਤੇ।
_* * * * * * * *



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. contact on email: s2009king@gmail.com or reply to ref. 844 (3044)

A British born gentleman mid 40s looking for sincere homely female 38+ divorcee and over stayer considered any cast please contact 07882 379881 or reply to ref. 843 (3038)

# ਅਮਰੀਕਾ ਦੇ ਮੈਰੀਲੈਂਡ ਰਾਜ ਦੇ ਇਕ ਘਰ ਵਿਚ ਹੋਏ ਜਬਰਦਸਤ ਧਮਾਕੇ ਵਿੱਚ 2 ਮੌਤਾਂ * ਨਾਲ ਲੱਗਦੇ ਕਈ ਘਰਾਂ ਨੂੰ ਪੁੱਜਾ ਨੁਕਸਾਨ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਅਮਰੀਕਾ ਦੇ ਮੈਰੀਲੈਂਡ (ਹਰਫੋਰਡ ਕਾਊਂਟੀ) ਰਾਜ ਦੇ ਇਕ ਘਰ ਵਿਚ ਹੋਏ ਜਬਰਦਸਤ ਧਮਾਕੇ ਵਿਚ 2 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈ । ਜਿਸ ਘਰ ਵਿਚ ਧਮਾਕਾ ਹੋਇਆ ਉਹ ਪੂਰੀ ਤਰਾਂ ਮਲਬੇ ਵਿਚ ਤਬਦੀਲ ਹੋ ਗਿਆ ਜਦ ਕਿ ਨਾਲ ਲੱਗਦੇ ਘਰਾਂ ਨੂੰ ਵੀ ਕਾਫੀ ਨੁਕਸਾਨ ਪੁੱਜਾ ਹੈ। ਅਧਿਕਾਰੀਆਂ ਅਨੁਸਾਰ ਇਹ ਘਟਨਾ ਬਾਲਟੀਮੋਰ ਦੇ ਉੱਤਰ ਪੂਰਬ ਵਿਚ ਵਾਪਰੀ। ਜਾਰੀ ਇਕ ਬਿਆਨ ਵਿਚ ਅਧਿਕਾਰੀਆਂ ਨੇ ਕਿਹਾ ਹੈ ਕਿ ਸ਼ੁਰੂ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 2 ਹੋਰਨਾਂ ਦੇ ਜਖਮੀ ਹੋਣ ਦੀ ਖਬਰ ਮਿਲੀ ਸੀ ਪਰੰਤੂ ਬਾਅਦ ਵਿਚ ਮਲਬੇ ਹੇਠੋਂ ਇਕ ਹੋਰ ਵਿਅਕਤੀ ਮ੍ਰਿਤਕ ਹਾਲਤ ਵਿਚ ਮਿਲਿਆ। ਮੈਰੀਲੈਂਡ ਸਟੇਟ ਫਾਇਰ ਮਾਰਸ਼ਲ ਦੇ ਦਫਤਰ ਦੇ ਅਧਿਕਾਰੀ ਉਲੀਵਰ ਅਲਕਾਇਰ ਨੇ ਕਿਹਾ ਹੈ ਕਿ ਸ਼ੁਰੂ ਵਿਚ ਸਵੇਰੇ 6.42 ਵਜੇ ਅੱਗ ਬੁਝਾਊ ਵਿਭਾਗ ਨੂੰ ਸੂਚਨਾ ਮਿਲੀ ਸੀ ਕਿ ਬੈਲ ਏਅਰ ਖੇਤਰ ਵਿਚ ਆਰਥਰਜ ਵੁੱਡਜ ਡਰਾਈਵ 'ਤੇ ਇਕ ਘਰ ਵਿਚ ਗੈਸ ਰਿਸ ਰਹੀ ਹੈ। ਜਦੋਂ ਅੱਗ ਬੁਝਾਊ ਅਮਲਾ ਮੌਕੇ 'ਤੇ ਜਾ ਰਿਹਾ ਸੀ ਤਾਂ ਉਨਾਂ ਨੂੰ ਸੂਚਨਾ ਮਿਲੀ ਕਿ ਗੈਸ ਰਿਸਣ ਉਪਰੰਤ ਘਰ ਵਿਚ ਜਬਰਦਸਤ ਧਮਾਕਾ ਹੋਇਆ ਹੈ। ਅਲਕਾਇਰ ਅਨੁਸਾਰ ਧਮਾਕੇ ਕਾਰਨ ਨਾਲ ਲੱਗਦੇ ਘੱਟੋ ਘੱਟ 12 ਪਰਿਵਾਰ ਉਜੜ ਗਏ ਹਨ। ਉਨਾਂ ਇਹ ਵੀ ਕਿਹਾ ਕਿ ਜਦੋਂ ਘਰ ਵਿਚ ਧਮਾਕਾ ਹੋਇਆ ਤਾਂ ਉਥੇ ਬਾਲਟੀਮੋਰ ਗੈਸ ਐਂਡ ਇਲੈਕਟ੍ਰਿਕ ਕੰਪਨੀ ਦੇ ਠੇਕਾ ਵਰਕਰ ਪਹਿਲਾਂ ਤੋਂ ਹੀ ਮੌਜੂਦ ਸਨ ਜੋ ਉਥੇ ਬਿਜਲੀ ਦੀ ਸਮੱਸਿਆ ਨੂੰ ਹੱਲ ਕਰਨ ਗਏ ਸਨ। ਇਕ ਠੇਕਾ ਵਰਕਰ ਵੀ ਜ਼ਖਮੀ ਹੋਇਆ ਹੈ। ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਜਿਸ ਘਰ ਵਿਚ ਧਮਾਕਾ ਹੋਇਆ ਹੈ, ਉਹ ਵਿਕਰੀ ਲਈ ਲਾਇਆ ਹੋਇਆ ਸੀ ਤੇ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਧਮਾਕਾ ਜਾਣ ਬੁਝ ਕੇ ਕੀਤਾ ਗਿਆ ਹੈ ਜਾਂ ਇਹ ਅਚਨਚੇਤ ਵਾਪਰੀ ਘਟਨਾ ਹੈ। ਇਸ ਸਬੰਧੀ ਜਾਂਚ ਜਾਰੀ ਹੈ। ਇਕ ਮ੍ਰਿਤਕ ਦੀ ਪਛਾਣ 73 ਸਾਲਾ ਘਰ ਦੇ ਮਾਲਕ ਵਜੋਂ ਹੋਈ ਹੈ।

# ਦਲਿਤ ਆਗੂ ਸੁਖਬੀਰ ਨੇ ਛਡਿਆ ਅਕਾਲੀ ਦਲ

## ✪ ਕੀ ਅਕਾਲੀ ਛੱਡ ਆਪ ਵਿਚ ਸ਼ਾਮਲ ਹੋ ਕੇ ਕੀ ਡਾ. ਸੁੱਖੀ ਦੀ ਵਿਧਾਇਕੀ ਹੋਵੇਗੀ ਰੱਦ ?



ਜਲੰਧਰ-ਅਕਾਲੀ ਦੇ ਬੰਗਾ ਤੋਂ ਵਿਧਾਇਕ ਸੁਖਵਿੰਦਰ ਸੁੱਖੀ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਹੁਣ ਸਵਾਲ ਇਹ ਹੈ ਕਿ ਉਨ੍ਹਾਂ ਦੀ ਐਂਟੀ ਡਿਫੈਕਸ਼ਨ ਲਾਅ ਮੁਤਾਬਿਕ ਮੈਂਬਰਸ਼ਿਪ ਵੀ ਰੱਦ ਹੋਵੇਗੀ ? ਅਤੇ ਹੁਣ ਕੀ ਪੰਜਾਬ ਵਿੱਚ 4 ਜ਼ਿਮਨੀ ਚੋਣਾਂ ਦੀ ਥਾਂ 5 ਹੋਣੀਆਂ ? ਇਸ ਦੇ ਬਾਰੇ ਜਦੋਂ ਸੁਖਵਿੰਦਰ ਸੁੱਖੀ ਨੂੰ ਪੁੱਛਿਆ ਗਿਆ ਕੀ ਤੁਸੀਂ ਵਿਧਾਇਕੀ ਤੋਂ ਅਸਤੀਫ਼ਾ ਦਿਓਗੇ ਤਾਂ ਉਨ੍ਹਾਂ ਨੇ ਕਾਨੂੰਨੀ ਰਾਏ ਦਾ ਹਵਾਲਾ ਦਿੱਤਾ।

ਪਰ ਜਦੋਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸਤਪਾਨ ਜੈਨ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਐਂਟੀ ਡਿਫੈਕਸ਼ਨ ਕਾਨੂੰਨ ਦੇ ਮੁਤਾਬਿਕ ਸੁਖਵਿੰਦਰ ਸੁੱਖੀ ਨੂੰ ਅਸਤੀਫ਼ਾ ਦੇਣਾ ਹੀ ਹੋਵੇਗਾ। ਪਰ ਨਾਲ ਹੀ ਸਤਪਾਲ ਜੈਨ ਨੇ ਕਿਹਾ ਅਕਾਲੀ ਦਲ ਸੁੱਖੀ ਦੀ ਮੈਂਬਰਸ਼ਿਪ ਰੱਦ ਕਰਨ ਦੀ ਸਪੀਕਰ ਨੂੰ ਅਰਜ਼ੀ ਦੇਵੇਗਾ, ਜੇਕਰ ਕੋਈ ਵੀ ਅਰਜ਼ੀ ਨਹੀਂ ਦਿੰਦਾ ਹੈ ਤਾਂ ਸੁਖਵਿੰਦਰ ਸੁੱਖੀ ਦੀ ਵਿਧਾਇਕੀ ਬਰਕਾਰ ਰਹੇਗੀ ਅਤੇ ਉਹ 5 ਸਾਲ ਪੂਰੇ ਵਿਧਾਇਕ ਰਹਿ ਸਕਦੇ ਹਨ।

ਐਂਟੀ ਡਿਫੈਕਸ਼ਨ ਲਾਅ ਦੇ ਮੁਤਾਬਿਕ ਜੇਕਰ ਕਿਸੇ ਮੌਜੂਦਾ ਪਾਰਟੀ ਦਾ ਵਿਧਾਇਕ ਛੱਡ ਕੇ ਦੂਜੀ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਸ ਦੀ ਮੈਂਬਰਸ਼ਿਪ ਰੱਦ ਹੋਵੇਗੀ ਪਰ ਜੇਕਰ 2/3 ਵਿਧਾਇਕ ਪਾਰਟੀ ਛੱਡ ਕੇ ਦੂਜੀ ਪਾਰਟੀ ਵਿੱਚ ਸ਼ਾਮਲ ਹੁੰਦੇ ਹਨ ਤਾਂ ਮੈਂਬਰਸ਼ਿਪ ਰੱਦ ਨਹੀਂ ਹੁੰਦੀ ਹੈ।

ਅਕਾਲੀ ਦਲ ਦੇ ਵਿਧਾਨ ਸਭਾ ਵਿੱਚ ਕੁੱਲ 3 ਵਿਧਾਇਕ ਸਨ, ਯਾਨੀ 2/3 ਦੀ ਸ਼ਰਤ ਪੂਰੀ ਕਰਨ ਦੇ ਲਈ 3 ਵਿੱਚੋਂ 2 ਵਿਧਾਇਕਾਂ ਦਾ ਸ਼ਾਮਲ ਹੋਣਾ ਜ਼ਰੂਰੀ ਹੈ। ਪਰ ਕਿਉਂਕਿ ਸਿਰਫ਼ 1 ਵਿਧਾਇਕ ਨੇ ਹੀ ਪਾਰਟੀ ਛੱਡੀ ਹੈ ਇਸ ਲਈ ਜੇਕਰ ਅਕਾਲੀ ਦਲ ਜਾਂ ਕੋਈ ਹੋਰ ਪਾਰਟੀ ਸਪੀਕਰ ਨੂੰ ਸੁੱਖੀ ਦੀ ਵਿਧਾਇਕੀ ਰੱਦ ਕਰਨ ਦੀ ਅਪੀਲ ਕਰਦਾ ਹੈ ਤਾਂ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਹੋਵੇਗਾ ਅਤੇ ਨਵੇਂ ਸਿਰੇ ਤੋਂ ਚੋਣ ਲੜਨੀ ਹੋਵੇਗੀ।


# CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# CHANGE OF NAME

I, SUKHRAJ KAUR D/O MR GURDIP SINGH WHOSE PERMANENT ADDRESS IN INDIA IS VILLAGE KHERA NANGAL, PO PHAGWARA, DISTT KAPURTHALA, PUNJAB 144402 AND NOW LIVING AT 102 WILLIAN WAY, LETCHWORTH GARDEN CITY, HERTFORDSHIRE SG6 2HY HEREBY GIVE NOTICE OF MY INTENTION TO CHANGE MY NAME TO SUKHRAJ KAUR (GIVEN NAME) BINNING (SURNAME). (U/I)

I, BALIHAR SINGH S/O MR PIARA SINGH WHOSE PERMANENT ADDRESS IN INDIA IS VILLAGE KHERA NANGAL, PO PHAGWARA, DISTT KAPURTHALA, PUNJAB 144402 AND NOW LIVING AT 102 WILLIAN WAY, LETCHWORTH GARDEN CITY, HERTFORDSHIRE SG6 2HY HEREBY GIVE NOTICE OF MY INTENTION TO CHANGE MY NAME TO BALIHAR SINGH (GIVEN NAME) BINNING (SURNAME). (U/I)

I MRS MOHINDER KAUR WIFE OF MR SOMA SINGH SANDHU WHOSE PERMANENT ADDRESS IN INDIA IS JAJJA KALAN, PHILLOUR, JALANDHAR, PUNJAB 144409 AND IS NOW LIVING AT 592 OSMASTON ROAD, ALLENTON, DERBY, DE24 8GQ HEREBY GIVE NOTICE OF MY INTENTION TO CHANGE MY NAME TO MOHINDER KAUR SANDHU. (U/I)

I MRS MANJU WIFE OF MR LAKHVIR SINGH DHARIWAL WHOSE PERMANENT ADDRESS IN INDIA IS V MAHERU, PO PANDORI KHAS, TEH NAKODAR, JALANDHAR, PUNJAB 144040 AND IS NOW LIVING AT 10 LAUDERDALE AVENUE, COVENTRY, CV6 4LL HEREBY GIVE NOTICE OF MY INTENTION TO CHANGE MY NAME TO MANJU DHARIWAL. (U/I)

# ਪਾਕਿਸਤਾਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਜ: ਸਕੱਤਰ ਬੀਬੀ ਸਤਵੰਤ ਕੌਰ ਅਤੇ ਡਾ: ਕਲਿਆਣ ਸਿੰਘ ਦਾ ਸਿੰਘ ਸਭਾ ਗੁਰਦੁਆਰਾ ਸਾਹਿਬ ਡਰਬੀ ਵਿਖੇ ਆਉਣ ਤੇ ਸਵਾਗਤ ਕੀਤਾ ਗਿਆ

## ਪਿਛਲੇ 40 ਸਾਲਾਂ ਤੋਂ ਇਸ ਪਰਿਵਾਰ ਨੇ ਸਮੂਹ ਜਥਿਆਂ ਦੀ ਬਹੁਤ ਸੇਵਾ ਕੀਤੀ ਹੈ



ਡਾ: ਕਲਿਆਣ ਸਿੰਘ | ਸ: ਰਣਜੀਤ ਸਿੰਘ ਰਾਣਾ | ਭਾਈ ਜੋਗਾ ਸਿੰਘ | ਬੀਬੀ ਸਤਵੰਤ ਕੌਰ | ਸ: ਅਵਤਾਰ ਸਿੰਘ ਸੰਘੇੜਾ | ਸ: ਬਲਦੇਵ ਸਿੰਘ

ਡਰਬੀ-(ਪੰਜਾਬ ਟਾਈਮਜ਼)-ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਅਤੇ ਡਾ: ਕਲਿਆਣ ਸਿੰਘ ਯੂ ਕੇ ਦੌਰੇ ਆਏ ਹੋਏ ਹਨ। ਲੰਘੇ ਐਤਵਾਰ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਪਹੁੰਚਣ ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ । ਉਨ੍ਹਾਂ ਸਿੱਖ ਅਜਾਇਬ ਘਰ ਦੇਖਿਆ ਤੇ ਡਾ: ਕਲਿਆਣਾ ਸਿੰਘ ਹੋਰਾਂ ਨੇ ਪਾਕਿਸਤਾਨ ਵਿੱਚ ਪੰਜਾਬੀ ਬੋਲੀ ਤੇ ਜਾਣਕਾਰੀ ਸਾਂਝੀ ਕੀਤੀ । ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵਿੱਚ ਪੱਛਮੀ ਪੰਜਾਬ ਵਿੱਚ 15000 ਸਿੱਖ ਸਨ । ਸੈਂਕੜੇ ਹੀ ਗੁਰਦੁਆਰਾ ਸਾਹਿਬ ਹਨ । ਕੁਝ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਕਾਰ ਸੇਵਾ ਕਮੇਟੀ ਯੂ ਕੇ ਤੇ ਹੋਰ ਸੰਸਥਾਵਾਂ ਨੇ ਸੇਵਾਵਾਂ ਕੀਤੀਆਂ ਹਨ । ਉਨ੍ਹਾਂ ਅੱਗੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਵਿੱਚ ਸਿਰਫ਼ 14% ਸਿੱਖ ਸਨ। 56% ਮੁਸਲਮਾਨ ਤੇ 30% ਹਿਦੂ ਵਸੋਂ ਸੀ। ਬਹੁ ਗਿਣਤੀ ਮੁਸਲਮਾਨਾਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਅੱਗੇ ਤਿੰਨ ਸ਼ਰਤਾਂ ਰੱਖੀਆਂ ਸਨ । ਇਕ ਸ਼ਰੀਆ ਲਾਗੂ ਰਹੇਗੀ। ਪੰਜਾਬੀ ਸਿੱਖ ਰਾਜ ਵਿੱਚ ਪਹਿਲੀ ਭਾਸ਼ਾ ਨਹੀਂ ਹੋਵੇਗੀ। ਫਾਰਸੀ ਵਿੱਚ ਹੀ ਸਰਕਾਰੀ ਕੰਮ ਹੋਣਗੇ । ਇਸੇ ਕਰਕੇ ਪੰਜਾਬੀ ਉਸ ਸਮੇਂ ਬਹੁਤ ਤਰੱਕੀ ਨਹੀਂ ਕਰ ਸਕੀ । ਉਨ੍ਹਾਂ ਤੋਂ ਉਪਰੰਤ ਬੀਬੀ ਸਤਵੰਤ ਕੌਰ ਜ: ਸਕੱਤਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਸਿੱਖੀ ਪ੍ਰਚਾਰ ਅੱਗੇ ਨਾਲੋਂ ਵਧਿਆ ਹੈ। ਪਰ ਅਜੇ ਵੀ ਚੰਗੇ ਪ੍ਰਚਾਰਕਾਂ ਤੇ ਧਾਰਮਿਕ ਕਿਤਾਬਾਂ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਦੇਸ਼ ਦੀ ਸੰਗਤ ਦੇ ਸਹਿਯੋਗ ਨਾਲ ਪਾਕਿਸਤਾਨ ਵਿੱਚ ਗੁਰਦੁਆਰਿਆਂ ਦੀ ਸੇਵਾ ਹੋਈ ਹੈ। ਪਰ ਅਜੇ ਵੀ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਦੀ ਲੋੜ ਹੈ। ਵਿਦੇਸ਼ਾਂ ਵਿੱਚ ਵਸਦੇ ਸਿੰਘਾਂ ਨੂੰ ਸੇਵਾਵਾਂ ਨਿਭਾਉਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਦਾ ਪੂਰਾ ਸਹਿਯੋਗ ਦਿਆਂਗੇ । ਉਪਰੰਤ ਸਿੱਖ ਵਿਦਵਾਨ ਰਣਜੀਤ ਸਿੰਘ ਰਾਣਾ ਵੱਲੋਂ ਜੋ ਕਿ ਸਾਲ ਵਿੱਚ ਕਈ ਵਾਰ ਜਥੇ ਲੈ ਕੇ ਪਾਕਿਸਤਾਨ ਜਾਂਦੇ ਹਨ, ਨੇ ਪੰਜਾਬੀ ਤੇ ਗੁਰੂ ਘਰਾਂ ਦੀਆਂ ਸੇਵਾਵਾਂ ਬਾਰੇ ਦੱਸਿਆ । ਭਾਈ ਜੋਗਾ ਸਿੰਘ ਜੋ 40 ਸਾਲ ਤੋਂ ਉਥੇ ਜਾ ਰਹੇ ਹਨ, ਨੇ ਦੱਸਿਆ ਕਿ ਸਾਨੂੰ ਕਾਰ ਸੇਵਾ ਕਮੇਟੀ ਯੂ ਕੇ ਵੱਲੋਂ ਗੁਰੂ ਘਰਾਂ ਦੀਆਂ ਸੇਵਾਵਾਂ ਕਰਦਿਆਂ ਕਾਫ਼ੀ ਔਕੜਾਂ ਆਈਆਂ ਸਨ । ਸ: ਅਵਤਾਰ ਸਿੰਘ ਸੰਘੇੜਾ ਨੇ ਦੱਸਿਆ ਕਿ 1983 ਤੋਂ ਲਗਾਤਾਰ ਪਾਕਿਸਤਾਨ ਜਾ ਰਹੇ ਹਨ । ਇਤਿਹਾਸਕ ਗੁਰੂ ਘਰਾਂ ਦੀ ਹਾਲਤ ਉਸ ਸਮੇਂ ਠੀਕ ਨਹੀਂ ਸੀ । ਨਾ ਲੰਗਰ ਦਾ ਪ੍ਰਬੰਧ ਤੇ ਨਾ ਰਿਹਾਇਸ਼ ਦਾ ਪ੍ਰਬੰਧ ਸੀ । ਕਈ ਗੁਰੂ ਘਰਾਂ ਅੱਗੇ ਬੱਕਰੀਆਂ ਭੇਡਾਂ ਤੁਰੀਆਂ ਫਿਰਦੀਆਂ ਸਨ । ਜੇ ਗੁਰਪੁਰਬ ਹੋਵੇ ਤਾਂ ਜ਼ਮੀਨ ਠੀਕ ਸੀ । ਬਾਅਦ ਵਿੱਚ ਨਨਕਾਣਾ ਸਾਹਿਬ ਗੁਰੂ ਘਰ ਵੀ ਕੋਈ ਨਹੀਂ ਸੀ ਹੁੰਦਾ । ਦੇਖ ਭਾਲ ਚੰਗੀ ਤਰ੍ਹਾਂ ਨਹੀਂ ਹੁੰਦੀ ਸੀ । ਹੁਣ ਨਵੀਂ ਕਮੇਟੀ ਤੋਂ ਸਾਨੂੰ ਬਹੁਤ ਉਮੀਦਾਂ ਹਨ । ਹੋਰ ਗੁਰੂ ਘਰਾਂ ਦੀ ਸੇਵਾ ਕਰਨ ਦਾ ਮੌਕਾ ਮਿਲੇਗਾ । ਉਨ੍ਹਾਂ ਦੱਸਿਆ ਕਿ ਪਿਛਲੇ 40 ਸਾਲਾਂ ਤੋਂ ਸਾਰੇ ਜਥੇ ਇਹਨਾਂ ਦੇ ਘਰ ਹੀ ਲੰਗਰ ਛੱਕਦੇ ਸਨ । ਇਹਨਾਂ ਦੀ ਮਾਤਾ ਅਤੇ ਸਾਰੇ ਪ੍ਰਵਾਰ ਨੇ ਸੰਗਤਾਂ ਦੀ ਬਹੁਤ ਸੇਵਾ ਕੀਤੀ । ਇਹਨਾਂ ਦੀ ਮਾਤਾ ਦੀਆਂ ਸੇਵਾਵਾਂ ਕਰਨ ਹੀ ਬੱਚਿਆਂ ਨੂੰ ਮਾਣ ਪ੍ਰਾਪਤ ਹੋਇਆ ਹੈ । ਉਪਰੰਤ ਸੁਪਰੀਮ ਕੌਂਸਲ ਦੇ ਸਹਾਇਕ ਸਕੱਤਰ ਸ: ਬਲਦੇਵ ਸਿੰਘ ਨੇ ਜਾਣਕਾਰੀ ਸਾਂਝੀ ਕੀਤੀ । ਖਾਲਸਾ ਦਰਬਾਰ ਗੁਰਦੁਆਰਾ ਡਰਬੀ ਦੇ ਸੇਵਾਦਾਰ ਸ: ਹਰਦਿਆਲ ਸਿੰਘ ਧਮਰੈਤ ਨੇ ਦੱਸਿਆ ਕਿ ਅਗਲੇ ਹਫ਼ਤੇ ਐਤਵਾਰ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਵਿਖੇ ਇਸ ਵਿਸ਼ੇ ਤੇ ਵਿਚਾਰਾਂ ਹੋਣਗੀਆਂ । ਸ: ਹਰਦਿਆਲ ਸਿੰਘ ਧਮਰੈਤ ਦੇ ਸੱਦੇ ਪੱਤਰ ਤੇ ਪਾਕਿਸਤਾਨ ਦੇ ਗੁਰਸਿੱਖ ਇਥੇ ਆਏ ਹਨ । ਉਨ੍ਹਾਂ ਦਾ ਪ੍ਰਬੰਧਕ ਕਮੇਟੀ ਤੇ ਸਮੂਹ ਪੰਥਕ ਆਗੂਆਂ ਵੱਲੋਂ ਧੰਨਵਾਦ ਕੀਤਾ ਗਿਆ । ਡਾ: ਕਲਿਆਣ ਸਿੰਘ ਤੇ ਬੀਬੀ ਸਤਵੰਤ ਕੌਰ ਦਾ ਸਿੰਘ ਸਭਾ ਗੁਰ-ਦੁਆਰਾ ਡਰਬੀ ਵੱਲੋਂ ਸਿਰੋਪਾਓ ਤੇ ਮਾਇਕ ਸੇਵਾਵਾਂ ਤੇ ਪੰਜਾਬ ਟਾਈਮਜ਼ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ । ਸਿੰਘ ਸਭਾ ਗੁਰਦੁਆਰਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਜ: ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਆਏ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ ।



ਬੰਦਾ ਸਿੰਘ ਬਹਾਦਰ ਹਾਲ ਵਿੱਚ ਸੁਪਰੀਮ ਕੌਂਸਲ ਦੇ ਨੁਮਾਇੰਦਿਆਂ ਦੇ ਨਾਲ ਬੀਬੀ ਸਤਵੰਤ ਕੌਰ ਅਤੇ ਡਾ: ਕਲਿਆਣ ਸਿੰਘ




MANAK
SOLICITORS



**Aneeta Kaur Kang**
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਐਮਰਜੈਂਸੀ ਦੇ ਬਿਰਤਾਂਤ ਵਿਚੋਂ ਗੁੰਮ ਹੈ ਸ਼੍ਰੋਮਣੀ ਅਕਾਲੀ ਦਲ ਤੇ ਪੰਥ ਤੇ ਪੰਜਾਬ ਦਾ ਰੋਲ ਕਿਉਂ ਮਨਫੀ

**ਸਤਨਾਮ ਮਾਣਕ**



49 ਸਾਲ ਪਹਿਲਾਂ 25 ਜੂਨ, 1975 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਲਾਈ ਗਈ ਐਮਰਜੈਂਸੀ ਦੀ ਅੱਜਕਲ੍ਹ ਦੇਸ਼ ਵਿਚ ਖ਼ੂਬ ਚਰਚਾ ਹੋ ਰਹੀ ਹੈ। ਐਮਰਜੈਂਸੀ ਦੀ 49ਵੀਂ ਵਰ੍ਹੇਗੰਢ ਦੇ ਸੰਦਰਭ ਵਿਚ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਦੇ ਪਹਿਲੇ ਦਿਨ ਸੰਸਦ ਭਵਨ ਦੇ ਵਿਹੜੇ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਐਮਰਜੈਂਸੀ ਸੰਬੰਧੀ ਸਖ਼ਤ ਟਿੱਪਣੀਆਂ ਕੀਤੀਆਂ ਗਈਆਂ। ਉਨ੍ਹਾਂ ਨੇ ਇਸ ਨੂੰ ਭਾਰਤੀ ਲੋਕਤੰਤਰ ਦੇ ਇਤਿਹਾਸ ਵਿਚ ਇਕ ਕਾਲਾ ਅਧਿਆਇ ਕਰਾਰ ਦਿੰਦਿਆਂ ਨਵੀਆਂ ਪੀੜ੍ਹੀਆਂ ਨੂੰ ਇਸ ਨੂੰ ਨਾ ਭੁਲਾਉਣ ਲਈ ਕਿਹਾ।

ਇਸ ਤੋਂ ਬਾਅਦ ਲੋਕ ਸਭਾ ਦਾ ਸਪੀਕਰ ਚੁਣੇ ਜਾਣ ਤੋਂ ਤੁਰੰਤ ਬਾਅਦ ਸ੍ਰੀ ਓਮ ਬਿਰਲਾ ਨੇ ਲੋਕ ਸਭਾ ਵਿਚ ਇਕ ਮਤਾ ਪੇਸ਼ ਕਰਕੇ ਐਮਰਜੈਂਸੀ ਲਈ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਖ਼ਤ ਆਲੋਚਨਾ ਕੀਤੀ ਅਤੇ ਐਮਰਜੈਂਸੀ ਸੰਬੰਧੀ ਵਿਸਥਾਰਪੂਰਵਕ ਟਿੱਪਣੀਆਂ ਕੀਤੀਆਂ। ਇਥੇ ਹੀ ਬੱਸ ਨਹੀਂ, ਇਸ ਤੋਂ ਬਾਅਦ 27 ਜੂਨ ਨੂੰ ਦੇਸ਼ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੰਸਦ ਦੇ ਸਾਂਝੇ ਸੰਬੋਧਨ ਸੈਸ਼ਨ ਨੂੰ ਸੰਬੋਧਨ ਕਰਦਿਆਂ ਵੀ ਐਮਰਜੈਂਸੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਨੇ ਵੀ ਇਸ ਨੂੰ ਭਾਰਤੀ ਲੋਕਤੰਤਰ ਦਾ ਕਾਲਾ ਅਧਿਆਏ ਇਕਰਾਰ ਦਿੱਤਾ। ਇਸ ਤੋਂ ਇਲਾਵਾ ਸੱਤਾਧਾਰੀ ਪਾਰਟੀ ਭਾਜਪਾ ਨੇ ਆਪਣੇ ਦਿੱਲੀ ਦਫ਼ਤਰ ਵਿਚ ਵੀ ਐਮਰਜੈਂਸੀ ਸੰਬੰਧੀ ਇਕ ਵਿਸ਼ੇਸ਼ ਸਮਾਗਮ ਜਥੇਬੰਦ ਕੀਤਾ, ਜਿਸ ਨੂੰ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਤੇ ਕੇਂਦਰੀ ਮੰਤਰੀ ਜੇ.ਪੀ. ਨੱਢਾ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਆਪਣੇ ਇਸ ਸੰਬੋਧਨ ਵਿਚ ਸਾਬਕਾ ਮੰਤਰੀ ਪ੍ਰਧਾਨ ਮੰਤਰੀ ਸ੍ਰੀ ਇੰਦਰਾ ਗਾਂਧੀ ਅਤੇ ਕਾਂਗਰਸ ਪਾਰਟੀ ਦੀ ਸਖ਼ਤ ਆਲੋਚਨਾ ਕੀਤੀ।

ਦੂਜੇ ਪਾਸੇ ਕਾਂਗਰਸ ਪਾਰਟੀ ਤੇ ਹੋਰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਸੰਸਦ ਦੇ ਪਹਿਲੇ ਸੈਸ਼ਨ ਦੌਰਾਨ ਐਮਰਜੈਂਸੀ ਨੂੰ ਮੁੱਦਾ ਬਣਾਉਣ ਦੀ ਆਲੋਚਨਾ ਕਰਦਿਆਂ ਇਹ ਕਿਹਾ ਕਿ ਦੇਸ਼ ਵਿਚ ਪਿਛਲੇ ਲੰਮੇ ਸਮੇਂ ਤੋਂ ਅਣਐਲਾਨੀ ਐਮਰਜੈਂਸੀ ਲੱਗੀ ਹੋਈ ਹੈ। ਮੌਜੂਦਾ ਸੱਤਾਧਾਰੀ ਪਾਰਟੀ ਵਲੋਂ ਵਿਰੋਧੀ ਨੇਤਾਵਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਪ੍ਰੈੱਸ ਨੂੰ ਵੀ ਦਬਾਇਆ ਜਾ ਰਿਹਾ ਹੈ। ਆਪਣੇ ਇਨ੍ਹਾਂ ਗੁਨਾਹਾਂ ਨੂੰ ਛੁਪਾਉਣ ਲਈ ਹੀ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਆਗੂਆਂ ਵਲੋਂ 49 ਸਾਲਾਂ ਬਾਅਦ ਹੁਣ ਐਮਰਜੈਂਸੀ ਦਾ ਮੁੱਦਾ ਉਛਾਲਿਆ ਜਾ ਰਿਹਾ ਹੈ।

ਬਿਨਾਂ ਸ਼ੱਕ ਇਲਾਹਾਬਾਦ ਹਾਈ ਕੋਰਟ ਵਲੋਂ ਸ੍ਰੀਮਤੀ ਇੰਦਰਾ ਗਾਂਧੀ ਦੀ ਚੋਣ ਨੂੰ ਨਾਜਾਇਜ਼ ਕਰਾਰ ਦਿੱਤੇ ਜਾਣ ਤੋਂ ਬਾਅਦ 25 ਜੂਨ, 1975 ਨੂੰ ਦੇਸ਼ ਵਿਚ ਅੰਦਰੂਨੀ ਗੜਬੜੀ ਹੋਣ ਦੀਆਂ ਕਥਿਤ ਸੰਭਾਵਨਾਵਾਂ ਦਾ ਬਹਾਨਾ ਬਣਾ ਕੇ ਐਮਰਜੈਂਸੀ ਲਾਗੂ ਕਰਨਾ, ਵਿਰੋਧੀ ਪਾਰਟੀਆਂ ਦੇ ਸੀਨੀਅਰ ਆਗੂਆਂ, ਜਿਨ੍ਹਾਂ ਵਿਚ ਜੈ ਪ੍ਰਕਾਸ਼ ਨਾਰਾਇਣ, ਮੁਰਾਰਜੀ ਦੇਸਾਈ, ਰਾਜ ਨਾਰਾਇਣ, ਅਟਲ ਬਿਹਾਰੀ ਵਾਜਪਈ, ਅਸ਼ੋਕ ਮਹਿਤਾ, ਚੌਧਰੀ ਚਰਨ ਸਿੰਘ, ਮਧੂ ਡੰਡਵਤੇ, ਮਧੂ ਲਿਮੇ, ਨਾਨਾਜੀ ਦੇਸ਼ਮੁਖ, ਡਾ. ਬਲਦੇਵ ਪ੍ਰਕਾਸ਼, ਬਲਰਾਮ ਜੀ ਦਾਸ ਟੰਡਨ, ਚੌਧਰੀ ਦੇਵੀ ਲਾਲ, ਸ੍ਰੀ ਚਾਂਦ ਰਾਮ ਸਮੇਤ ਤਿੰਨ ਹਜ਼ਾਰ ਤੋਂ ਵੱਧ ਵਿਰੋਧੀ ਸਿਆਸੀ ਨੇਤਾ ਸ਼ਾਮਿਲ ਸਨ, ਨੂੰ ਡੀ.ਆਈ.ਆਰ. ਅਤੇ ਮੀਸਾ ਵਰਗੇ ਕਾਲੇ ਕਾਨੂੰਨਾਂ ਅਧੀਨ ਨਜ਼ਰਬੰਦ ਕਰਨਾ ਅਤੇ ਅਖ਼ਬਾਰਾਂ 'ਤੇ ਸੈਂਸਰਸ਼ਿਪ ਲਗਾ ਕੇ ਉਨ੍ਹਾਂ ਦੀ ਜ਼ਬਾਨ ਬੰਦ ਕਰਨਾ ਸੰਵਿਧਾਨ ਅਤੇ ਜਮਹੂਰੀਅਤ 'ਤੇ ਇਕ ਬਹੁਤ ਵੱਡਾ ਹਮਲਾ ਸੀ। ਇਸ ਸਮੇਂ ਦੌਰਾਨ ਦੇਸ਼ ਦੇ ਬਹੁਤ ਸਾਰੇ ਲੋਕਾਂ ਨੂੰ ਜਬਰੀ ਨਸਬੰਦੀ, ਗ੍ਰਿਫ਼ਤਾਰੀਆਂ ਤੇ ਤਸ਼ੱਦਦ ਦੇ ਦੌਰ ਵਿਚੋਂ ਗੁਜ਼ਰਨਾ ਪਿਆ। ਦਿੱਲੀ ਵਿਚ ਸੜਕਾਂ ਚੌੜੀਆਂ ਕਰਨ ਦੇ ਨਾਂਅ 'ਤੇ ਲੋਕਾਂ ਦੇ ਘਰ ਵੀ ਢਾਏ ਗਏ। ਜਿਹੜੇ ਲੋਕ ਉਸ ਦੌਰ ਵਿਚੋਂ ਗੁਜ਼ਰੇ ਹਨ, ਉਹ ਅੱਜ ਵੀ ਉਨ੍ਹਾਂ ਕੌੜੀਆਂ ਯਾਦਾਂ ਨੂੰ ਦੁਹਰਾਉਂਦੇ ਹੋਏ ਦੱਸਦੇ ਹਨ ਕਿ ਦੇਸ਼ ਵਿਚ ਕਿਸ ਤਰ੍ਹਾਂ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ ਸੀ। ਸ੍ਰੀਮਤੀ ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਸੰਜੈ ਗਾਂਧੀ ਨੇ ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਤੇ ਲੋਕਾਂ ਦੀਆਂ ਸ਼ਹਿਰੀ ਆਜ਼ਾਦੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਸੀ। ਵਿਰੋਧੀ ਪਾਰਟੀਆਂ ਦੇ ਨਾਲ-ਨਾਲ ਕਾਂਗਰਸ ਦੇ ਉਸ ਸਮੇਂ ਦੇ ਕੁਝ ਨੌਜਵਾਨ ਨੇਤਾਵਾਂ ਚੰਦਰ ਸ਼ੇਖਰ ਮੋਹਨ ਧਾਰੀਆ, ਕ੍ਰਿਸ਼ਨ ਕਾਂਤ ਅਤੇ ਰਾਮ ਧਨ ਆਦਿ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ।

21 ਮਹੀਨਿਆਂ ਬਾਅਦ 21 ਮਾਰਚ, 1977 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਵਲੋਂ ਐਮਰਜੈਂਸੀ ਵਾਪਸ ਲੈ ਕੇ ਚੋਣਾਂ ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿਚ ਕਾਂਗਰਸ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਸ੍ਰੀ ਮੁਰਾਰਜੀ ਦੇਸਾਈ ਦੀ ਅਗਵਾਈ ਵਿਚ ਜਨਤਾ ਪਾਰਟੀ ਦੀ ਸਰਕਾਰ ਬਣੀ ਸੀ। ਇਸ ਸਰਕਾਰ ਨੇ ਐਮਰਜੈਂਸੀ ਦੌਰਾਨ ਸੰਵਿਧਾਨ ਵਿਚ ਸੋਧਾਂ ਕਰਕੇ ਜੋ ਗੜਬੜੀਆਂ ਇੰਦਰਾ ਗਾਂਧੀ ਦੀ ਸਰਕਾਰ ਵਲੋਂ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਮੁੜ ਤੋਂ ਦਰੁਸਤ ਕਰ ਦਿੱਤਾ ਗਿਆ ਸੀ।

ਇਸ ਸਾਰੇ ਘਟਨਾਕ੍ਰਮ ਦਾ ਦਿਲਚਸਪ ਅਤੇ ਅਹਿਮ ਪੱਖ ਇਹ ਹੈ ਕਿ ਵੱਖ-ਵੱਖ ਵਿਰੋਧੀਆਂ ਪਾਰਟੀਆਂ ਦੇ ਤਿੰਨ ਹਜ਼ਾਰ ਦੇ ਲਗਭਗ ਆਗੂਆਂ ਨੂੰ ਦੇਸ਼ ਭਰ ਵਿਚ ਭਾਵੇਂ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਪੰਜਾਬ ਵਿਚ ਉਸ ਸਮੇਂ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਹੁੰਦਿਆਂ ਹੋਇਆਂ ਵੀ ਕਿਸੇ ਵੀ ਅਕਾਲੀ ਲੀਡਰ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ। ਭਾਵੇਂ ਕਿ ਉਸ ਸਮੇਂ ਚੱਲ ਰਹੇ ਜੈ ਪ੍ਰਕਾਸ਼ ਨਾਰਾਇਣ ਦੇ ਅੰਦੋਲਨ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਪੂਰੀ ਸਰਗਰਮੀ ਨਾਲ ਸ਼ਾਮਿਲ ਸੀ ਅਤੇ ਉਸ ਨੇ ਉਸ ਨੂੰ ਲੁਧਿਆਣੇ ਬੁਲਾ ਕੇ ਇਕ ਵੱਡੀ ਰੈਲੀ ਵੀ ਕੀਤੀ ਸੀ। ਉਸ ਸਮੇਂ ਸ੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਅਤੇ ਅਕਾਲੀ ਦਲ ਦੀਆਂ ਕੁਝ ਮੰਗਾਂ ਮੰਨਣ ਦੇ ਸੰਕੇਤ ਦੇ ਕੇ ਸ਼੍ਰੋਮਣੀ ਅਕਾਲੀ ਨੂੰ ਐਮਰਜੈਂਸੀ ਦੇ ਵਿਰੋਧ ਤੋਂ ਵੱਖ ਰਹਿਣ ਦਾ ਸੁਨੇਹਾ ਵੀ ਭੇਜਿਆ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦੀ ਉਸ ਸਮੇਂ ਦੀ ਲੀਡਰਸ਼ਿਪ ਜਿਸ ਵਿਚ ਗੁਰਚਰਨ ਸਿੰਘ ਟੌਹੜਾ, ਜਥੇਦਾਰ ਮੋਹਨ ਸਿੰਘ ਤੁੜ ਅਤੇ ਪ੍ਰਕਾਸ਼ ਸਿੰਘ ਬਾਦਲ ਆਦਿ ਸ਼ਾਮਿਲ ਸਨ, ਨੇ ਦੇਸ਼ ਵਿਚ ਜਮਹੂਰੀਅਤ ਤੇ ਸੰਵਿਧਾਨ ਲਈ ਪੈਦਾ ਹੋਏ ਖ਼ਤਰੇ ਨੂੰ ਮੁੱਖ ਰੱਖਦਿਆਂ ਐਮਰਜੈਂਸੀ ਦਾ ਵਿਰੋਧ ਕਰਨ ਦਾ ਫ਼ੈਸਲਾ ਕੀਤਾ ਸੀ। ਕੁਝ ਚਿੰਤਕਾਂ ਦੀ ਉਸ ਸਮੇਂ ਇਹ ਰਾਇ ਵੀ ਸੀ ਕਿ ਅਕਾਲੀ ਆਗੂਆਂ ਨੂੰ ਇੰਦਰਾ ਗਾਂਧੀ ਦੀ ਪੇਸ਼ਕਸ਼ ਮੰਨ ਲੈਣੀ ਚਾਹੀਦੀ ਸੀ, ਪਰ ਅਕਾਲੀ ਦਲ ਨੇ ਸ੍ਰੀ ਦਰਬਾਰ ਸਾਹਿਬ ਸਮੂਹ ਤੋਂ ਐਮਰਜੈਂਸੀ ਖਿਲਾਫ਼ ਮੋਰਚਾ ਆਰੰਭ ਦਿੱਤਾ ਸੀ, ਜੋ 19 ਮਹੀਨਿਆਂ ਤੱਕ ਚੱਲਿਆ ਸੀ। ਪਹਿਲੇ ਜਥੇ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਗ੍ਰਿਫ਼ਤਾਰੀ ਦਿੱਤੀ ਸੀ। ਹਰ ਰੋਜ਼ ਸ਼ਾਮ ਨੂੰ ਮੰਜੀ ਸਾਹਿਬ ਵਿਖੇ ਐਮਰਜੈਂਸੀ ਦੇ ਖ਼ਿਲਾਫ਼ ਦੀਵਾਨ ਸਜਦਾ ਸੀ, ਜਿਸ ਵਿਚ ਅਕਾਲੀ ਨੇਤਾਵਾਂ ਵਲੋਂ ਐਮਰਜੈਂਸੀ ਦੇ ਖ਼ਿਲਾਫ਼ ਜ਼ੋਰਦਾਰ ਤਕਰੀਰਾਂ ਕੀਤੀਆਂ ਜਾਂਦੀਆਂ ਸਨ ਅਤੇ ਉਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕ ਕੇ ਅਕਾਲੀ ਜਥੇ ਗ੍ਰਿਫ਼ਤਾਰੀ ਦੇਣ ਲਈ ਹਰਿਮੰਦਰ ਸਾਹਿਬ ਸਮੂਹ ਤੋਂ ਬਾਹਰ ਨਿਕਲਦੇ ਸਨ, ਜਿਨ੍ਹਾਂ ਨੂੰ ਸਮੂਹ ਤੋਂ ਬਾਹਰ ਪੁਲਿਸ ਵਲੋਂ ਗ੍ਰਿਫ਼ਤਾਰ ਕਰਕੇ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਕਰ ਦਿੱਤਾ ਜਾਂਦਾ ਸੀ। 19 ਮਹੀਨੇ ਦੇ ਸਮੇਂ ਦੌਰਾਨ ਹਜ਼ਾਰਾਂ ਅਕਾਲੀ ਵਰਕਰਾਂ ਤੇ ਐਮਰਜੈਂਸੀ ਵਿਰੋਧੀ ਹੋਰ ਕਾਰਕੁੰਨਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਸਰਕਾਰ ਦੀਆਂ ਹਰ ਤਰ੍ਹਾਂ ਦੀਆਂ ਜ਼ਿਆਦਤੀਆਂ ਦਾ ਸਾਹਮਣਾ ਕੀਤਾ। ਜਦੋਂ ਕਿ ਆਰ.ਐਸ.ਐਸ. ਤੇ ਭਾਜਪਾ ਦੇ ਅਨੇਕਾਂ ਆਗੂ ਮੁਆਫ਼ੀਆਂ ਮੰਗ ਕੇ ਜਾਂ ਜ਼ਮਾਨਤਾਂ ਕਰਵਾ ਕੇ ਜੇਲ੍ਹਾਂ ਤੋਂ ਬਾਹਰ ਵੀ ਆ ਗਏ ਸਨ। ਦੇਸ਼ ਵਿਚ ਅਕਾਲੀ ਦਲ ਨੇ ਐਮਰਜੈਂਸੀ ਨਾਲ ਪੈਦਾ ਹੋਏ ਡਰ ਅਤੇ ਦਹਿਸ਼ਤ ਨੂੰ ਤੋੜਨ ਵਿਚ ਅਹਿਮ ਰੋਲ ਅਦਾ ਕੀਤਾ। ਇਸੇ ਦੌਰਾਨ ਜੇਲ੍ਹਾਂ ਅੰਦਰ ਨਜ਼ਰਬੰਦ ਦੂਜੀਆਂ ਪਾਰਟੀਆਂ ਨਾਲ ਵਿਚਾਰ-ਚਰਚਾ ਕਰਕੇ ਜਨਤਾ ਪਾਰਟੀ ਦੇ ਗਠਨ ਅਤੇ ਮਿਲ ਕੇ ਚੋਣਾਂ ਲੜਨ ਸੰਬੰਧੀ ਫ਼ੈਸਲਾ ਕਰਵਾਉਣ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਵਿਸ਼ੇਸ਼ ਰੋਲ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਇਸ ਰੋਲ ਕਾਰਨ ਦੇਸ਼ ਭਰ ਵਿਚ ਅਕਾਲੀ ਦਲ ਅਤੇ ਅਕਾਲੀ ਆਗੂਆਂ ਦਾ ਕੱਦ-ਬੁੱਤ ਬਹੁਤ ਉੱਚਾ ਹੋਇਆ। ਇਕ ਤਰ੍ਹਾਂ ਨਾਲ ਅਕਾਲੀ ਆਗੂਆਂ ਨੂੰ ਐਮਰਜੈਂਸੀ ਦਾ ਵਿਰੋਧ ਕਰਨ ਲਈ ਨਾਇਕਾਂ ਵਰਗਾ ਸਤਿਕਾਰ ਮਿਲਿਆ। ਪਰ ਅੱਜ ਜਦੋਂ ਦੇਸ਼ ਭਰ ਵਿਚ ਐਮਰਜੈਂਸੀ ਦੀ 49ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ ਅਤੇ ਇਸ ਸੰਬੰਧੀ ਭਾਜਪਾ, ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵਲੋਂ ਲੋਕਾਂ ਸਾਹਮਣੇ ਆਪੋ-ਆਪਣਾ ਬਿਰਤਾਂਤ ਰੱਖਿਆ ਜਾ ਰਿਹਾ ਹੈ ਤਾਂ ਇਸ ਬਿਰਤਾਂਤ ਵਿਚੋਂ ਸ਼੍ਰੋਮਣੀ ਅਕਾਲੀ ਦਲ ਤੇ ਉਸ ਦੇ ਆਗੂਆਂ ਵਲੋਂ ਉਸ ਸਮੇਂ ਅਦਾ ਕੀਤਾ ਗਿਆ ਇਤਿਹਾਸਕ ਰੋਲ ਮਨਫ਼ੀ ਹੋਇਆ ਨਜ਼ਰ ਆ ਰਿਹਾ ਹੈ। ਭਾਰਤੀ ਜਨਤਾ ਪਾਰਟੀ ਅਤੇ ਐਮਰਜੈਂਸੀ ਦਾ ਵਿਰੋਧ ਕਰਨ ਵਾਲਿਆਂ ਹੋਰ ਧਿਰਾਂ ਵਲੋਂ, ਕਿਸੇ ਵੀ ਮੰਚ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਉਸ ਦੇ ਆਗੂਆਂ ਦੇ ਇਸ ਵੱਡੇ ਯੋਗਦਾਨ ਦੀ ਚਰਚਾ ਨਹੀਂ ਕੀਤੀ ਗਈ। ਦਿਲਚਸਪ ਗੱਲ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਜਿਸ ਨੇ ਇਹ ਇਤਿਹਾਸਕ ਮੋਰਚਾ ਲਗਾਇਆ ਸੀ, ਉਹ ਵੀ ਆਪਣੇ ਗੌਰਵਸ਼ਾਲੀ ਇਤਿਹਾਸ ਨੂੰ ਢੁਕਵੇਂ ਢੰਗ ਨਾਲ ਯਾਦ ਰੱਖਣ ਵਿਚ ਅਸਫ਼ਲ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਐਮਰਜੈਂਸੀ ਦੀ ਵਰ੍ਹੇਗੰਢ ਨੂੰ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਇਸ ਸੰਬੰਧੀ ਉਸ ਨੇ ਪ੍ਰਭਾਵਸ਼ਾਲੀ ਸਮਾਗਮ ਕਰਕੇ ਐਮਰਜੈਂਸੀ ਦੌਰਾਨ ਗ੍ਰਿਫ਼ਤਾਰੀਆਂ ਦੇਣ ਵਾਲੇ ਆਪਣੇ ਵਰਕਰਾਂ ਅਤੇ ਕਾਰਕੁੰਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ ਵੀ ਮੁਨਾਸਿਬ ਨਹੀਂ ਸਮਝਿਆ। ਹਾਂ ਕਦੇ-ਕਦਾਈਂ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਯਾਦ ਆਇਆ, ਉਨ੍ਹਾਂ ਵਲੋਂ ਇਸ ਸੰਬੰਧੀ ਇਕ-ਅੱਧਾ ਬਿਆਨ ਜ਼ਰੂਰ ਦਿੱਤਾ ਜਾਂਦਾ ਰਿਹਾ। ਜਿਹੜੀਆਂ ਸਿਆਸੀ ਧਿਰਾਂ ਜਾਂ ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ, ਸਮਾਂ ਪਾ ਕੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਤੋਂ ਪ੍ਰੇਰਨਾ ਲੈਣੀ ਵੀ ਛੱਡ ਦਿੰਦੀਆਂ ਹਨ ਅਤੇ ਹੌਲੀ-ਹੌਲੀ ਦੇਸ਼ ਦੇ ਲੋਕ ਵੀ ਉਨ੍ਹਾਂ ਦੇ ਯੋਗਦਾਨ ਨੂੰ ਭੁੱਲ ਜਾਂਦੇ ਹਨ। ਅਜਿਹੀ ਸਥਿਤੀ ਦਾ ਸਾਹਮਣਾ ਅੱਜ ਅਕਾਲੀ ਦਲ ਕਰਦਾ ਨਜ਼ਰ ਆ ਰਿਹਾ ਹੈ।

ਪਿਛਲੇ ਕੁਝ ਸਾਲਾਂ ਵਿਚ ਅਕਾਲੀ ਦਲ ਇਕ ਸਿਆਸੀ ਜਥੇਬੰਦੀ ਵਜੋਂ ਵੀ ਨਿਰੰਤਰ ਕਮਜ਼ੋਰ ਹੋਇਆ ਹੈ। 2017 ਤੋਂ ਲੈ ਕੇ 2024 ਤੱਕ ਹੋਈਆਂ ਵਿਧਾਨ ਸਭਾਵਾਂ ਅਤੇ ਲੋਕ ਸਭਾਵਾਂ ਦੀਆਂ ਚੋਣਾਂ ਵਿਚ ਇਸ ਨੂੰ ਵੱਡੀਆਂ-ਵੱਡੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦਾ ਸਿੱਟਾ ਇਹ ਵੀ ਨਿਕਲਿਆ ਹੈ ਕਿ ਦੇਸ਼ ਵਿਚ ਪੰਥ ਅਤੇ ਪੰਜਾਬ ਦੀ ਆਵਾਜ਼ ਕਮਜ਼ੋਰ ਹੋ ਗਈ ਹੈ। ਜੇ ਧਾਰਮਿਕ ਖੇਤਰ ਦੀ ਗੱਲ ਕਰੀਏ ਤਾਂ ਦਿੱਲੀ ਗੁਰਦੁਆਰਾ ਕਮੇਟੀ, ਅਕਾਲੀ ਦਲ ਦੇ ਪ੍ਰਭਾਵ ਹੇਠੋਂ ਨਿਕਲ ਚੁੱਕੀ ਹੈ। ਹਰਿਆਣੇ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣ ਗਈ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਵੀ ਸਿੱਖ ਪੰਥ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਉਥੋਂ ਦੀਆਂ ਸਰਕਾਰਾਂ ਵਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੇ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਵਿਚ ਵੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਅਸਫ਼ਲ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਧਿਰ ਵਜੋਂ ਕਮਜ਼ੋਰ ਹੋਣ ਦੇ ਪੰਜਾਬ 'ਤੇ ਰਾਜਨੀਤਕ ਪੱਖ ਤੋਂ ਪਏ ਪ੍ਰਭਾਵਾਂ ਦੀ ਗੱਲ ਕਰੀਏ ਤਾਂ ਕੇਂਦਰ ਸਰਕਾਰ ਨੇ ਸੁਰੱਖਿਆ ਦਾ ਬਹਾਨਾ ਬਣਾ ਕੇ ਭਾਖੜਾ ਡੈਮ ਦਾ ਸਾਰਾ ਪ੍ਰਬੰਧ ਆਪਣੇ ਕਬਜ਼ੇ ਵਿਚ ਲੈ ਲਿਆ ਹੈ ਅਤੇ ਇਸ ਵਿਚੋਂ ਪੰਜਾਬ ਦੀ ਨੁਮਾਇੰਦਗੀ ਵੀ ਖ਼ਤਮ ਕਰ ਦਿੱਤੀ ਹੈ। ਚੰਡੀਗੜ੍ਹ ਰਾਜਧਾਨੀ ਪੰਜਾਬ ਨੂੰ ਦੇਣ ਦੀ ਥਾਂ 'ਤੇ ਉਥੇ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਬਣਾਉਣ ਲਈ ਥਾਂ ਦੇਣ ਦਾ ਕੇਂਦਰ ਸਰਕਾਰ ਨੇ ਫ਼ੈਸਲਾ ਕੀਤਾ ਹੋਇਆ ਹੈ। ਚੰਡੀਗੜ੍ਹ ਵਿਚੋਂ ਪੰਜਾਬ ਅਤੇ ਪੰਜਾਬੀਅਤ ਦਾ ਪ੍ਰਭਾਵ ਘਟਾਉਣ ਲਈ ਕੇਂਦਰ ਸਰਕਾਰ ਚੰਡੀਗੜ੍ਹ ਪ੍ਰਸ਼ਾਸਨ ਰਾਹੀਂ ਨਿਰੰਤਰ ਯਤਨ ਕਰਦੀ ਆ ਰਹੀ ਹੈ। ਦਰਿਆਈ ਪਾਣੀਆਂ ਸੰਬੰਧੀ ਵੀ ਪੰਜਾਬ ਨੂੰ ਅੱਜ ਤੱਕ ਇਨਸਾਫ਼ ਨਹੀਂ ਮਿਲਿਆ। ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਇਕੋ-ਇਕ ਮਜ਼ਬੂਤ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਕਮਜ਼ੋਰ ਹੋਣ ਦਾ ਸਿੱਖ ਪੰਥ ਅਤੇ ਪੰਜਾਬ ਦੋਵਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਬਿਨਾਂ ਸ਼ੱਕ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਰਾਜ ਵਿਚ ਕੋਈ ਵੀ ਹੋਰ ਰਾਜਨੀਤਕ ਪਾਰਟੀ ਅਜਿਹੀ ਨਹੀਂ ਹੈ ਜੋ ਪੰਥ ਅਤੇ ਪੰਜਾਬ ਦੇ ਹਿਤਾਂ ਲਈ ਉਸ ਤਰ੍ਹਾਂ ਲੜ ਸਕੇ, ਜਿਸ ਤਰ੍ਹਾਂ ਕਿ ਕੁਝ ਦਹਾਕੇ ਪਹਿਲਾਂ ਤਕ ਸ਼੍ਰੋਮਣੀ ਅਕਾਲੀ ਦਲ ਲੜਦਾ ਰਿਹਾ ਹੈ। ਇਹ ਹੋਰ ਵੀ ਦੁੱਖ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਆਪਣੀਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਦੂਰ ਕਰਨ ਦੀ ਥਾਂ 'ਤੇ ਅੱਗੋਂ ਹੋਰ ਵੀ ਪਾਟੋਧਾੜ ਵੱਲ ਵਧਦਾ ਨਜ਼ਰ ਆ ਰਿਹਾ ਹੈ। ਜੇਕਰ ਇਹ ਰਾਜਨੀਤਕ ਜਥੇਬੰਦੀ ਇਸੇ ਤਰ੍ਹਾਂ ਰਸਾਤਲ ਵੱਲ ਜਾਂਦੀ ਰਹੀ ਤਾਂ ਦੇਸ਼ ਵਿਚ ਪੰਥ ਅਤੇ ਪੰਜਾਬ ਦੀ ਆਵਾਜ਼ ਦੇ ਹੋਰ ਵੀ ਕਮਜ਼ੋਰ ਹੋਣ ਦੇ ਵੱਡੇ ਖ਼ਦਸ਼ੇ ਹਨ। ਇਸ ਸੰਬੰਧ ਵਿਚ ਸਿੱਖ ਪੰਥ ਦੇ ਸਮੂਹ ਆਗੂਆਂ ਅਤੇ ਸਾਰੇ ਗ਼ੈਰਤਮੰਦ ਪੰਜਾਬੀਆਂ ਨੂੰ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

* * * * * *

# ਨਾਇਕਾਵਾਂ, ਜਿਹਨਾਂ ਦੱਖਣ ਤੋਂ ਸ਼ੁਰੂਆਤ ਕਰਕੇ ਬਾਲੀਵੁੱਡ ਉਪਰ ਰਾਜ ਕੀਤਾ

ਹਿੰਦੀ ਫ਼ਿਲਮ ਸਨਅਤ ਵਿਚ ਇਸ ਤਰ੍ਹਾਂ ਦੀਆਂ ਕਈ ਨਾਇਕਾਵਾਂ ਹਨ ਜਿਨ੍ਹਾਂ ਨੇ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਦੱਖਣ ਭਾਰਤ ਦੀਆਂ ਫ਼ਿਲਮਾਂ ਤੋਂ ਕੀਤੀ ਪਰ ਬਾਅਦ ਵਿਚ ਆਪਣੀ ਐਕਟਿੰਗ ਅਤੇ ਖ਼ੂਬਸੂਰਤੀ ਦੇ ਦਮ 'ਤੇ ਬਾਲੀਵੁੱਡ ਵਿਚ ਵੀ ਰਾਜ ਕੀਤਾ।



ਇਸ ਸੂਚੀ ਵਿਚ ਸਭ ਤੋਂ ਪਹਿਲਾ ਅਤੇ ਅਹਿਮ ਨਾਂਅ ਸਾਬਕਾ ਮਿਸ ਵਰਲਡ ਐਸ਼ਵਰਿਆ ਰਾਏ ਦਾ ਆਉਂਦਾ ਹੈ ।ਐਸ਼ਵਰਿਆ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਦੱਖਣ ਭਾਰਤ ਦੀ ਫ਼ਿਲਮ 'ਈਰੂਵਰ' ਤੋਂ ਕੀਤੀ ਸੀ। ਇਸ ਫ਼ਿਲਮ ਵਿਚ ਉਹ ਅਭਿਨੇਤਾ ਮੋਹਨਲਾਲ ਦੇ ਨਾਲ ਨਜ਼ਰ ਆਈ ਸੀ।

ਬਹੁਤ ਘੱਟ ਉਮਰ ਵਿਚ ਮਾਡਲਿੰਗ ਸ਼ੁਰੂ ਕਰਨ ਵਾਲੀ ਐਸ਼ਵਰਿਆ ਰਾਏ ਬੱਚਨ ਐਕਟਿੰਗ ਦੇ ਨਾਲ ਨਾਲ ਆਪਣੀ ਖ਼ੂਬਸੂਰਤੀ ਕਾਰਨ ਚਰਚਾ ਵਿਚ ਰਹਿੰਦੀ ਹੈ। ਅੱਜ ਉਹ ਬਾਲੀਵੁੱਡ ਦੀਆਂ ਸਭ ਤੋਂ ਮਹਿੰਗੀਆਂ ਨਾਇਕਾਵਾਂ ਵਿਚੋਂ ਇਕ ਹੈ । ਉਹ ਇਕ ਫ਼ਿਲਮ ਲਈ 10 ਕਰੋੜ ਅਤੇ ਅੰਡੋਰਸਮੈਂਟ ਲਈ 2 ਤੋਂ 3 ਕਰੋੜ ਤੱਕ ਫ਼ੀਸ ਲੈਂਦੀ ਹੈ।

ਪਿਛਲੀ ਫ਼ਿਲਮ 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ' (2024) ਵਿਚ ਇਕ ਰੋਬੋਟ ਦੇ ਰੂਪ ਵਿਚ ਨਜ਼ਰ ਆ ਚੁੱਕੀ ਕ੍ਰਿਤੀ ਸੈਨਨ, ਟਾਈਗਰ ਸ਼ਰਾਫ ਨਾਲ 'ਹੀਰੋਪੰਤੀ' (2014) ਤੋਂ ਬਾਲੀਵੁੱਡ ਵਿਚ ਡਬਿਊ ਕਰਨ ਤੋਂ ਪਹਿਲਾਂ ਮਹੇਸ਼ ਬਾਬੂ ਦੀ ਫ਼ਿਲਮ 'ਨੇਨੋਕਾਦੀਨ' (2014) ਤੋਂ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਕੀਤੀ ਸੀ।

33 ਸਾਲ ਦੀ ਹੋ ਚੁੱਕੀ ਕ੍ਰਿਤੀ ਅੱਜ ਪਿੱਛੇ ਮੁੜ ਕੇ ਦੇਖਦੀ ਹੈ ਤਾਂ ਆਪਣੇ ਖੱਟੇ-ਮਿੱਠੇ ਤੇ ਉਤਾਰ-ਚੜ੍ਹਾਅ ਵਾਲੇ ਸਫ਼ਰ 'ਤੇ ਉਸ ਨੂੰ ਵਿਸ਼ਵਾਸ ਨਹੀਂ ਆਉਂਦਾ ਕਿ ਉਸ ਨੇ ਏਨਾ ਕੁਝ ਹਾਸਿਲ ਕਰ ਲਿਆ ਹੈ।

28 ਨਵੰਬਰ, 1988 ਨੂੰ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਵਿਚ ਪੈਦਾ ਹੋਈ ਯਾਮੀ ਗੌਤਮ ਨੂੰ ਕਾਲਜ ਦੇ ਦਿਨਾਂ ਵਿਚ ਉਨ੍ਹਾਂ ਦੀ ਬੇਪਨਾਹ ਖ਼ੂਬਸੂਰਤੀ ਕਾਰਨ ਬਿਊਟੀ ਕੁਈਨ ਚੰਡੀਗੜ੍ਹ ਦੇ ਤੌਰ 'ਤੇ ਚੁਣਿਆ ਗਿਆ। ਉਸ ਤੋਂ ਬਾਅਦ ਦਿਲਕਸ਼ ਯਾਮੀ ਗੌਤਮ ਨੇ ਕਿਸੇ ਤਾਜ਼ਾ ਹਵਾ ਦੇ ਝੌਂਕੇ ਵਾਂਗ ਮਾਡਲਿੰਗ ਦੀ ਦੁਨੀਆ ਵਿਚ ਦਾਖਲਾ ਲਿਆ। ਯਾਮੀ ਨੇ ਕੰਨੜ ਫ਼ਿਲਮ 'ਉੱਲਾਸ ਉਤਸਾਹ' ਨਾਲ ਫ਼ਿਲਮੀ ਦੁਨੀਆ ਵਿਚ ਕਦਮ ਰੱਖਦੇ ਹੋਏ ਦੱਖਣ ਭਾਰਤ ਦੀਆਂ ਕਈ ਫ਼ਿਲਮਾਂ ਵਿਚ ਕੰਮ ਕੀਤਾ ਸੀ। ਇਸ ਤੋਂ ਬਾਅਦ ਯਾਮੀ ਨੇ ਸਾਲ 2012 ਵਿਚ ਫ਼ਿਲਮ 'ਵਿੱਕੀ ਡੋਨਰ' ਨਾਲ ਬਾਲੀਵੁੱਡ ਵਿਚ ਡੈਬਿਊ ਕੀਤਾ। ਉਸ ਤੋਂ ਬਾਅਦ ਉਸ ਨੇ ਬਾਲੀਵੁੱਡ ਦੀਆਂ ਕਈ ਫ਼ਿਲਮਾਂ ਵਿਚ ਸ਼ਾਨਦਾਰ ਕਿਰਦਾਰ ਨਿਭਾਉਂਦੇ ਹੋਏ ਜ਼ਬਰਦਸਤ ਧੂਮ ਮਚਾਈ। ਪਿਛਲੇ ਦਿਨੀਂ ਰਿਲੀਜ਼ ਹੋਈ ਫ਼ਿਲਮ 'ਆਰਟੀਕਲ 370' ਨੂੰ ਲੈ ਕੇ ਯਾਮੀ ਬੇਹੱਦ ਚਰਚਾ ਵਿਚ ਹੈ।

1 ਅਗਸਤ, 1988 ਨੂੰ ਇਕ ਸਿੱਖ ਪਰਿਵਾਰ ਵਿਚ ਜਨਮੀ ਤਾਪਸੀ ਪੰਨੂੰ ਨੇ ਤੇਲਗੂ ਫ਼ਿਲਮ 'ਝੁੰਮਾਨਡੀ ਨਾਦਾਂ' (2010) ਤੋਂ ਐਕਟਿੰਗ ਕਰੀਅਰ ਦੀ ਸ਼ੁਰੂਆਤ ਕਰਨ ਤੋਂ ਬਾਅਦ ਉਥੋਂ ਦੀਆਂ ਲਗਭਗ ਦੋ ਦਰਜਨ ਤੋਂ ਜ਼ਿਆਦਾ ਤੇਲਗੂ, ਤਾਮਿਲ ਅਤੇ ਮਲਿਆਲਮ ਫ਼ਿਲਮਾਂ ਵਿਚ ਕੰਮ ਕੀਤਾ।



ਫ਼ਿਲਮ 'ਚਸ਼ਮੇ ਬੱਦੂਰ' (2013) ਤੋਂ ਤਾਪਸੀ ਨੇ ਹਿੰਦੀ ਸਿਨੇਮਾ ਵਿਚ ਆਗਮਨ ਕੀਤਾ। ਉਸ ਤੋਂ ਬਾਅਦ 'ਬੇਬੀ' ਅਤੇ 'ਪਿੰਕ' ਤੋਂ ਉਸ ਨੂੰ ਪ੍ਰਸੰਸਾ ਮਿਲੀ। ਹਿੰਦੀ ਸਿਨੇ ਜਗਤ ਵਿਚ 'ਜੁੜਵਾਂ-2', 'ਬਦਲਾ', 'ਨਾਮ ਸ਼ਬਾਨਾ' ਅਤੇ 'ਸ਼ਾਬਾਸ਼ ਮਿੱਠੂ' ਵਰਗੀਆਂ ਕਈ ਸ਼ਾਨਦਾਰ ਫ਼ਿਲਮਾਂ ਵਿਚ ਉਹ ਨਜ਼ਰ ਆ ਚੁੱਕੀ ਹੈ। ਅੱਜ ਉਹ ਦੱਖਣ ਭਾਰਤ ਦੀ ਤਰ੍ਹਾਂ ਹਿੰਦੀ ਸਿਨੇਮਾ ਜਗਤ ਦਾ ਮੰਨਿਆ ਪ੍ਰਮੰਨਿਆ ਨਾਂਅ ਹੈ।

ਆਖ਼ਰੀ ਵਾਰ ਸਿਧਾਰਤ ਮਲਹੋਤਰਾ ਨਾਲ ਫ਼ਿਲਮ 'ਯੋਧਾ' ਵਿਚ ਨਜ਼ਰ ਆਈ ਬਾਲੀਵੁੱਡ ਦੀ ਅਤਿ ਖ਼ੂਬਸੂਰਤ, ਗਲੈਮਰਸ, ਫਿਟਨੈੱਸ ਅਤੇ ਬੋਲਡ ਅਦਾਕਾਰਾ ਦਿਸ਼ਾ ਪਟਾਨੀ ਆਪਣੀ ਖ਼ੂਬਸੂਰਤੀ ਅਤੇ ਸਟਾਈਲ ਨੂੰ ਲੈ ਕੇ ਹਮੇਸ਼ਾ ਹੀ ਚਰਚਾ ਵਿਚ ਬਣੀ ਰਹਿੰਦੀ ਹੈ। ਉਸ ਦੀ ਦਿੱਖ ਹਮੇਸ਼ਾ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ।

ਦਿਸ਼ਾ ਪਟਾਨੀ ਨੇ ਤੇਲਗੂ ਫ਼ਿਲਮ 'ਲੋਫਰ' (2015) ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਕਿਹਾ ਜਾਂਦਾ ਹੈ ਕਿ ਦਿਸ਼ਾ ਦੀ ਕਿਸੇ ਐਡ ਫ਼ਿਲਮ ਨੂੰ ਦੇਖਣ ਤੋਂ ਬਾਅਦ ਕਰਨ ਜੌਹਰ ਦਾ ਉਸ 'ਤੇ ਧਿਆਨ ਗਿਆ ਸੀ।

ਇਸ ਤਰ੍ਹਾਂ ਦਿਸ਼ਾ ਨੂੰ 'ਐਮ.ਐਸ. ਧੋਨੀ : ਦ ਅਨਟੋਲਡ ਸਟੋਰੀ' (2016) ਜ਼ਰੀਏ ਬਾਲੀਵੁੱਡ ਵਿਚ ਖ਼ੁਦ ਨੂੰ ਸਾਬਤ ਕਰਨ ਦਾ ਮੌਕਾ ਮਿਲਿਆ। ਇਸ ਫ਼ਿਲਮ ਵਿਚ ਦਿਸ਼ਾ ਨੇ ਐੱਮ.ਐੱਸ. ਧੋਨੀ ਬਣੇ, ਸਵਰਗੀ ਐਕਟਰ ਸੁਸ਼ਾਂਤ ਰਾਜਪੂਤ ਦੀ ਪਹਿਲੀ ਗਰਲਫ੍ਰੈਂਡ ਦਾ ਸਪੋਰਟਿੰਗ ਰੋਲ ਨਿਭਾਇਆ ਸੀ। ਦੀਪਿਕਾ ਪਾਦੂਕੋਨ ਨੇ ਦੱਖਣ ਭਾਰਤ ਦੀ ਫ਼ਿਲਮ 'ਐਸ਼ਵਰਿਆ' (2006) ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਇਸ ਤੋਂ ਬਾਅਦ ਠੀਕ ਇਕ ਸਾਲ ਬਾਅਦ ਫਰਹਾ ਖਾਨ ਵਲੋਂ ਨਿਰਦੇਸ਼ਿਤ ਫ਼ਿਲਮ 'ਓਮ ਸ਼ਾਂਤੀ ਓਮ' (2007) ਵਿਚ ਸ਼ਾਹਰੁਖ ਖਾਨ ਦੇ ਨਾਲ ਫ਼ਿਲਮ ਕੀਤੀ ਅਤੇ ਫਿਰ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

ਦੇਸੀ ਗਰਲ ਪ੍ਰਿਅੰਕਾ ਚੋਪੜਾ 'ਦ ਹੀਰੋ : ਲਵ ਸਟੋਰੀ ਆਫ਼ ਏ ਸਪਾਈ' (2003) ਤੋਂ ਹਿੰਦੀ ਸਿਨੇ ਜਗਤ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਦੱਖਣ ਦੀਆਂ ਫ਼ਿਲਮ 'ਮੂਵੀ ਥਾਮੀਜਾਨ' ਕਰ ਚੁੱਕੀ ਸੀ। ਇਸ ਫ਼ਿਲਮ ਵਿਚ ਉਹ ਤਾਮਿਲ ਸਟਾਰ ਥਲਾਪਤੀ ਵਿਜੈ ਨਾਲ ਨਜ਼ਰ ਆਈ ਸੀ।

# ਸਾਹਿਤ ਤੇ ਸਮਾਜ ਸੇਵਾ ਦਾ ਸੁਮੇਲ : ਪਰਮਜੀਤ ਸਿੰਘ ਵਿਰਕ

ਉਜਾਗਰ ਸਿੰਘ



ਸਾਹਿਤਕਾਰਾਂ ਦੇ ਸੁਭਾਅ ਆਮ ਲੋਕਾਂ ਨਾਲੋਂ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਉਹ ਬਹੁਤ ਹੀ ਸੰਵੇਦਨਸ਼ੀਲ ਹੁੰਦੇ ਹਨ। ਸਮਾਜ ਵਿੱਚ ਵਾਪਰਨ ਵਾਲੀ ਹਰ ਘਟਨਾ ਉਨ੍ਹਾਂ ਦੇ ਮਨਾਂ 'ਤੇ ਗਹਿਰਾ ਪ੍ਰਭਾਵ ਪਾਉਂਦੀ ਹੈ। ਫਿਰ ਉਹ ਉਸ ਪ੍ਰਭਾਵ ਨੂੰ ਆਪਣੀਆਂ ਰਚਨਾਵਾਂ ਰਾਹੀਂ ਪ੍ਰਗਟ ਕਰਦੇ ਹਨ। ਸਾਹਿਤ ਦੇ ਵੀ ਕਈ ਰੂਪ ਹੁੰਦੇ ਹਨ, ਸਾਰੇ ਭਾਵਨਾਵਾਂ ਨਾਲ ਜੁੜੇ ਹੁੰਦੇ ਹਨ। ਪ੍ਰੰਤੂ ਇਨ੍ਹਾਂ ਸਾਰੇ ਰੂਪਾਂ ਵਿੱਚੋਂ ਕਵਿਤਾ ਕੋਮਲ ਦਿਲਾਂ ਦੇ ਅਹਿਸਾਸਾਂ ਦਾ ਪ੍ਰਤੀਬਿੰਬ ਹੁੰਦੀ ਹੈ। ਪਰਮਜੀਤ ਸਿੰਘ ਵਿਰਕ ਇੱਕ ਸੰਵੇਦਨਸ਼ੀਲ ਕਵੀ ਹੈ। ਉਹ ਦਿਲਾਂ ਨੂੰ ਟੁੰਬਣ ਵਾਲੀ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਕਵਿਤਾ ਲਿਖਦਾ ਹੈ।

ਪਰਮਜੀਤ ਸਿੰਘ ਵਿਰਕ ਦੇ ਦੋ ਕਾਵਿ ਸੰਗ੍ਰਹਿ 'ਨਾ ਤਾਰੇ ਭਰਨ ਹੁੰਗਾਰੇ' ਅਤੇ 'ਦੱਸ ਨੀ ਕੋਇਲੇ' ਪ੍ਰਕਾਸ਼ਤ ਹੋ ਚੁੱਕੇ ਹਨ। ਇਨ੍ਹਾਂ ਦੋਵੇਂ ਕਾਵਿ ਸੰਗ੍ਰਹਿਾਂ ਵਿੱਚ ਲੋਕਾਈ ਦੇ ਦਰਦਾਂ ਦੀ ਦਾਸਤਾਂ ਕਵਿਤਾਵਾਂ ਰਾਹੀਂ ਦਰਸਾਈ ਗਈ ਹੈ। ਸਮਾਜਿਕ ਤਾਣੇ ਬਾਣੇ ਵਿੱਚ ਵੱਡੀ ਪੱਧਰ 'ਤੇ ਸਮਾਜਿਕ ਬੁਰਾਈਆਂ ਦਾ ਬੋਲ ਬਾਲਾ ਹੈ।

ਵਿਰਕ ਪੁਲਿਸ ਵਿਭਾਗ ਵਿੱਚੋਂ ਸੀਨੀਅਰ ਅਧਿਕਾਰੀ ਦੇ ਤੌਰ 'ਤੇ ਸੇਵਾ ਮੁਕਤ ਹੋਇਆ ਹੈ। ਪੁਲਿਸ ਵਿਭਾਗ ਦਾ ਅਧਿਕਾਰੀ ਸਮਾਜਿਕ ਸਰੋਕਾਰਾਂ ਦੀ ਗੱਲ ਕਰੇ ਤਾਂ ਸਮਾਜ ਨੂੰ ਯਕੀਨ ਨਹੀਂ ਆਉਂਦਾ ਪ੍ਰੰਤੂ ਪਰਮਜੀਤ ਸਿੰਘ ਵਿਰਕ ਨੇ ਆਪਣੀ ਨੌਕਰੀ ਦੌਰਾਨ ਗ਼ਲਤ ਨੂੰ ਗ਼ਲਤ ਅਤੇ ਠੀਕ ਨੂੰ ਠੀਕ ਹੀ ਕਿਹਾ ਹੈ। ਉਸ ਨੇ ਕਿਸੇ ਵੀ ਵਿਅਕਤੀ ਨਾਲ ਜ਼ਿਆਦਤੀ ਨਹੀਂ ਹੋਣ ਦਿੱਤੀ, ਭਾਵੇਂ ਉਸ ਨੂੰ ਇਸ ਦਾ ਇਵਜ਼ਾਨਾ ਵੀ ਭੁਗਤਣਾ ਪਿਆ ਕਿਉਂਕਿ ਉਸ ਦਾ ਸਾਹਿਤਕ ਦਿਲ ਜ਼ਿਆਦਤੀ ਕਰਨ ਤੇ ਹੋਣ ਦੀ ਇਜ਼ਾਜਤ ਨਹੀਂ ਦਿੰਦਾ ਸੀ। ਪੁਲਿਸ ਵਿਭਾਗ ਦੇ ਤਜ਼ਰਬਿਆਂ ਨੇ ਪਰਮਜੀਤ ਸਿੰਘ ਵਿਰਕ ਨੂੰ ਸਮਾਜ ਦੇ ਜ਼ਿਆਦਤੀਆਂ ਤੋਂ ਪ੍ਰਭਾਵਤ ਲੋਕਾਂ ਦੀ ਤ੍ਰਾਸਦੀ ਨੂੰ ਕਵਿਤਾਵਾਂ ਦਾ ਰੂਪ ਦੇਣ ਲਈ ਪ੍ਰੇਰਤ ਕੀਤਾ ਹੈ। ਸਮਾਜ ਵਿੱਚ ਭ੍ਰਿਸ਼ਟਾਚਾਰ ਹਰ ਪਾਸੇ ਭਾਰੂ ਹੈ। ਨੌਕਰੀ ਵਿੱਚ ਹੁੰਦਿਆਂ ਉਸ ਦੀ ਲਿਖੀ ਕਵਿਤਾ ਦਫ਼ਤਰੀ ਭਰਿਸ਼ਟਾਚਾਰ ਦੇ ਤਿੱਖੇ ਵਿਅੰਗ ਦਾ ਨਮੂਨਾ ਹੈ:

ਵਿੱਚ ਲਿਫ਼ਾਫ਼ੇ ਬੰਦ ਕਰ ਮਾਇਆ,
ਸੇਵਾ ਆਖ ਫੜਾ ਆਇਆ ਕਰ।
ਵਿਸਕੀ, ਦੁੱਧ, ਸਿਲੰਡਰ, ਸੌਦਾ,
ਅਫ਼ਸਰ ਘਰ ਪਹੁੰਚਾ ਆਇਆ ਕਰ।
ਹਫ਼ਤੇ ਪਿੱਛੋਂ ਠਾਕੁਰ ਦੁਆਰੇ,
ਜਾ ਕੇ ਭੁੱਲ ਬਖ਼ਸ਼ਾ ਆਇਆ ਕਰ।

'ਚੋਰ ਤੇ ਕੁੱਤੀ' ਵੀ ਸਿੰਬਾਲਿਕ ਕਵਿਤਾ ਹੈ, ਜਿਸ ਵਿੱਚ ਪ੍ਰਸ਼ਾਸ਼ਨ ਅਤੇ ਰਾਜਨੀਤੀਵਾਨਾ ਦੇ ਮਿਲਕੇ ਲੋਕਾਂ ਨੂੰ ਲੁੱਟਣ ਦਾ ਸੰਕੇਤ ਹੈ। ਦਫ਼ਤਰਾਂ ਵਿੱਚ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਵਿਵਹਾਰ ਬਾਰੇ ਦੋ ਕਵਿਤਾਵਾਂ 'ਖੋਤਿਆਂ ਦੇ ਅੰਗ ਸੰਗ' ਅਤੇ 'ਉਲੂਆਂ ਦੀ ਭਰਮਾਰ' ਦੇ ਸਿਰਲੇਖਾਂ ਤੋਂ ਪ੍ਰਗਟਾਵਾ ਹੋ ਜਾਂਦਾ ਹੈ। 'ਲੁੱਟ ਘਸੁੱਟ, ਅਗਵਾ, ਬਲਾਤਕਾਰ ਵਰਗੀਆਂ ਘਟਨਾਵਾਂ ਨੂੰ ਉਤਸ਼ਾਹਤ ਕਰਦੇ ਹਨ। ਭਾਵ ਸਰਕਾਰ ਕੋਲ ਪੜ੍ਹੇ ਲਿਖੇ ਅਧਿਕਾਰੀ ਹਨ, ਜਿਹੜੇ ਲੁੱਟਣ ਦੇ ਆਧੁਨਿਕ ਢੰਗ ਤਰੀਕੇ ਦੱਸਦੇ ਹਨ। ਅਜਿਹੇ ਹਾਲਾਤ ਵਿੱਚ ਲੋਕ ਮਨੋਬਲ ਸੁੱਟੀ ਬੈਠੇ ਹਨ। ਇੱਕ ਕਵਿਤਾ ਵਿੱਚ ਉਹ ਲਿਖਦਾ ਹੈ:

ਯੂਨੀਵਰਸਿਟੀਆਂ ਵਿਚ
ਵੱਡੇ ਮਿਲਣ ਚਿੱਚੜ,
ਛੋਟੇ ਕਾਲਜਾਂ ਵਿੱਚ ਨੇ ਆਮ ਮਿਲਦੇ।
ਤੀਜਾ ਨੰਬਰ ਸਰਕਾਰ ਦੇ ਦਫ਼ਤਰਾਂ ਦਾ,
ਚਿੱਚੜ ਹੋਏ ਕਈ ਜਿਥੇ ਬਦਨਾਮ ਮਿਲਦੇ।
ਚੌਥਾ ਨੰਬਰ ਟਰੱਕ ਡਰਾਇਵਰਾਂ ਦਾ,
ਪੰਜਵੇਂ ਨੰਬਰ 'ਤੇ ਛੜੇ ਤਮਾਮ ਮਿਲਦੇ।

ਸਮਾਜ ਵਿੱਚ ਕੁਰੀਤੀਆਂ ਹੋਣ ਦੇ ਬਾਵਜੂਦ ਕਵੀ ਲੋਕਾਂ ਨੂੰ ਨਿਰਉਤਸ਼ਾਹਤ ਹੋਣ ਤੋਂ ਵਰਜ਼ਦਾ ਹੋਇਆ ਲਿਖਦਾ ਹੈ:

ਮਿਹਨਤ ਅਤੇ ਲਗਨ ਨੂੰ
ਹਥਿਆਰ ਬਣਾਕੇ,
ਅਨੁਸ਼ਾਸਨ ਨੂੰ ਜ਼ਿੰਦਗੀ ਦਾ
ਆਧਾਰ ਬਣਾਕੇ।
ਟੀਚੇ ਦੇ ਵੱਲ ਆਪਣੇ
ਕਦਮ ਵਧਾਉਂਦਾ ਜਾਹ,
ਆਪੇ 'ਤੇ ਕਰ ਇਤਬਾਰ,
ਸੰਘਰਸ਼ ਕਰ..।

ਪੰਜਾਬ ਪੁਲਿਸ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਬਾਰੇ ਕੁਝ ਅਜਿਹਾ ਬ੍ਰਿਤਾਂਤ ਸਿਰਜਿਆ ਗਿਆ ਹੈ, ਜਿਵੇਂ ਉਹ ਮਨੁੱਖਤਾ ਦੇ ਸੇਵਕ ਹੀ ਨਹੀਂ ਹੁੰਦੇ। ਹਾਲਾਂ ਕਿ ਨਾ ਤਾਂ ਸਾਰੇ ਚੰਗੇ ਤੇ ਨਾ ਸਾਰੇ ਮਾੜੇ ਹੁੰਦੇ ਹਨ। ਪ੍ਰੰਤੂ ਕੁਝ ਕਾਲੀਆਂ ਭੇਡਾਂ ਹਰ ਵਿਭਾਗ ਨੂੰ ਬਦਨਾਮ ਕਰਦੀਆਂ ਹਨ, ਜਿਸ ਕਰਕੇ ਵਿਭਾਗਾਂ ਬਾਰੇ ਲੋਕ ਰਾਏ ਨਾਂਹਪੱਖੀ ਬਣ ਜਾਂਦੀ ਹੈ।

ਇਸ ਲਈ ਜੇਕਰ ਕੋਈ ਪੁਲਿਸ ਅਧਿਕਾਰੀ ਮਨੁੱਖਤਾ ਦੀ ਬਿਹਤਰੀ ਲਈ ਸਮਾਜ ਸੇਵਾ ਦਾ ਕਾਰਜ ਕਰਦਾ ਹੋਵੇ, ਲੋਕਾਂ ਦੇ ਗੱਲ ਹਜ਼ਮ ਨਹੀਂ ਹੁੰਦੀ, ਤੇ ਫਿਰ ਸੇਵਾ ਮੁਕਤ ਅਧਿਕਾਰੀ ਵੀ ਐਸ. ਐਸ. ਪੀ. ਵਿਜੀਲੈਂਸ ਪੱਧਰ ਦਾ ਹੋਵੇ। ਸੇਵਾ ਮੁਕਤੀ ਤੋਂ ਬਾਅਦ ਵੀ ਛੇਤੀ ਕੀਤਿਆਂ ਤਾਂ ਬਹੁਤ ਛੋਟੇ ਰੈਂਕ ਦੇ ਅਧਿਕਾਰੀਆਂ ਦਾ ਪੈਰ ਵੀ ਧਰਤੀ ਤੇ ਨਹੀਂ ਲੱਗਦੇ ਹੁੰਦੇ। ਉਨ੍ਹਾਂ ਵਿੱਚੋਂ ਅਹੁਦੇ ਦਾ ਫ਼ਤੂਰ ਛੇਤੀ ਕੀਤਿਆਂ ਨਿਕਲਦਾ ਹੀ ਨਹੀਂ। ਉਨ੍ਹਾਂ ਦੇ ਵਿਵਹਾਰ ਤੋਂ ਫੂੰ ਫਾਂ ਤਾਂ ਆਮ ਤੌਰ 'ਤੇ ਸਮਾਜ ਵਿੱਚ ਵਿਚਰਦਿਆਂ ਵੇਖਣ ਨੂੰ ਮਿਲਦੀ ਹੈ।

ਕਈ ਵਾਰ ਅਜਿਹੇ ਤਜ਼ਰਬੇ ਹੁੰਦੇ ਹਨ, ਜਿਨ੍ਹਾਂ ਕਰਕੇ ਉਸ ਵਿਭਾਗ ਦਾ ਅਕਸ ਮਾੜਾ ਬਣ ਜਾਂਦਾ ਹੈ। ਪੰਜਾਬ ਪੁਲਿਸ ਦਾ ਸੇਵਾ ਮੁਕਤ ਅਧਿਕਾਰੀ ਪਰਮਜੀਤ ਸਿੰਘ ਵਿਰਕ ਪਟਿਆਲਾ ਦੇ ਅਰਬਨ ਅਸਟੇਟ ਫ਼ੇਜ਼-2 ਵਿੱਚ ਪਰਿਵਾਰ ਸਮੇਤ ਰਹਿੰਦਾ ਹੈ। ਉਸ ਨੂੰ ਤੁਸੀਂ ਅਰਬਨ ਅਸਟੇਟ ਫ਼ੇਜ਼-2 ਦੇ ਪਾਰਕਾਂ ਵਿੱਚ ਅਕਸਰ ਬੂਟਿਆਂ, ਫੁੱਲਾਂ ਤੇ ਘਾਹ ਦੀ ਵੇਖ ਭਾਲ ਕਰਦਿਆਂ, ਪਾਣੀ ਦਿੰਦਿਆਂ ਅਤੇ ਫ਼ੁੱਲਾਂ ਵਾਲੇ ਪੌਦਿਆਂ ਦੇ ਆਲੇ ਦੁਆਲੇ ਤਾਰਾਂ ਦੀ ਵਾੜ ਕਰਦਿਆਂ ਨੂੰ ਵੇਖ ਸਕਦੇ ਹੋ। ਫ਼ੁੱਲਾਂ ਨੂੰ ਤੋੜਨ ਵਾਲਿਆਂ ਨੂੰ ਪਿਆਰ ਨਾਲ ਵਰਜਦਾ ਹੋਇਆ, ਉਨ੍ਹਾਂ ਨੂੰ ਫ਼ੁੱਲਾਂ ਦੀ ਸੁਗੰਧ ਦਾ ਆਨੰਦ ਲੈਣ ਲਈ ਵੀ ਪ੍ਰੇਰਦਾ ਰਹਿੰਦਾ ਹੈ। ਪਾਰਕ ਨੰਬਰ 57 ਵਿੱਚ ਲਫ਼ਾਫੇ, ਕਾਗਜ਼ ਅਤੇ



ਖਾਣ ਪੀਣ ਵਾਲੀਆਂ ਚੀਜ਼ਾਂ ਦੇ ਰੈਪਰ ਪਾਉਣ ਲਈ ਡਸਟਬਿੰਨ ਲਗਾਏ ਹੋਏ ਹਨ। ਉਸ ਨੇ ਅਰਬਨ ਅਸਟੇਟ ਫ਼ੇਜ਼-2 ਦੇ 300 ਗਜ਼ ਦੇ ਮਕਾਨਾ ਵਾਲਿਆਂ ਦੇ ਇੱਕ ਬਲਾਕ ਦੀ 'ਟਰਾਈਸੈਂਟ ਅਰਬਨ ਵੈਲਫੇਅਰ ਐਸੋਸੀਏਸ਼ਨ' ਨਾਮ ਦੀ ਸੰਸਥਾ ਬਣਾਈ ਹੋਈ ਹੈ। ਉਹ ਇਸ ਸੰਸਥਾ ਦੇ ਰੂਹੇ ਰਵਾਂ ਹਨ। ਅਰਬਨ ਅਸਟੇਟ ਦਾ ਇਹ ਸਭ ਤੋਂ ਵੱਡਾ 57 ਨੰਬਰ ਪਾਰਕ ਹੈ। ਇਹ ਐਲ ਟਾਈਪ ਦਾ ਪਾਰਕ ਹੈ, ਜੋ ਫ਼ੇਜ਼ ਦੋ ਮਾਰਕੀਟ ਦੇ ਬਿਲਕੁਲ ਸਾਹਮਣੇ ਹੈ। ਇਸ ਪਾਰਕ ਦਾ ਇਕ ਪਾਸਾ ਪੁੱਡਾ ਦੀ ਇਮਾਰਤ ਨਾਲ ਲੱਗਦਾ ਹੈ ਤੇ ਦੂਜੇ ਪਾਸੇ ਪਾਰਕ ਨੰਬਰ 56 ਨਾਲ ਲੱਗਦਾ ਹੈ। ਇਸ ਪਾਰਕ ਵਿੱਚ ਸਵੇਰੇ ਸ਼ਾਮ ਸੈਰ ਕਰਨ ਵਾਲੇ ਸੈਲਾਨੀ ਵੱਡੀ ਮਾਤਰਾ ਵਿੱਚ ਆਉਂਦੇ ਹਨ। ਯੋਗਾ ਕਰਨ ਵਾਲੇ ਯੋਗਾ ਕਰਦੇ ਹਨ। ਛੋਟੇ ਬੱਚਿਆਂ ਗਿੱਧਾ ਅਤੇ ਭੰਗੜਾ ਸਿਖਾਉਣ ਦੀਆਂ ਕਲਾਸਾਂ ਵੀ ਲੱਗਦੀਆਂ ਹਨ।

ਬਜ਼ੁਰਗਾਂ ਦੀਆਂ ਟੋਲੀਆਂ ਗਪਛਪ ਮਾਰਨ ਲਈ ਬੈਠੀਆਂ ਰਹਿੰਦੀਆਂ ਹਨ। ਇਸਤਰੀਆਂ ਤੇ ਮਰਦ ਵਰਜਿਸ਼ ਕਰਦੇ ਅਤੇ ਉਨ੍ਹਾਂ ਦੇ ਬੱਚੇ ਖੇਡਦੇ ਰਹਿੰਦੇ ਹਨ। ਪ੍ਰੇਮੀਆਂ ਦਾ ਤਾਂ ਗਾਹ ਪਾਇਆ ਹੁੰਦਾ ਹੈ। ਲਗਪਗ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਹੈ। ਪਰਮਜੀਤ ਸਿੰਘ ਵਿਰਕ ਨੇ ਪਾਰਕ ਵਿੱਚ ਕਈ ਤਰ੍ਹਾਂ ਦੇ ਸਲੋਗਨ ਗੱਤਿਆਂ 'ਤੇ ਲਿਖਕੇ ਲਗਾਏ ਹੋਏ ਹਨ ਤਾਂ ਜੋ ਪ੍ਰੇਮੀ ਸਭਿਅਕ ਢੰਗ ਨਾਲ ਪਾਰਕ ਦਾ ਆਨੰਦ ਮਾਣ ਸਕਣ। ਉਹ ਰਾਤ ਬਰਾਤੇ ਵੀ ਪ੍ਰੇਮੀਆਂ ਵੱਲੋਂ ਪਾਰਕ ਦੀ ਦੁਰਵਰਤੋਂ ਰੋਕਣ ਲਈ ਪਾਰਕ ਵਿੱਚ ਗੇੜਾ ਮਾਰਦਾ ਰਹਿੰਦਾ ਹੈ। ਫ਼ੁੱਲ ਤੋੜਨ ਦੀ ਮਨਾਹੀ ਦੇ ਬਾਰੇ ਗੱਤਿਆਂ ਤੇ ਲਿਖ ਕੇ ਲਗਾਇਆ ਹੋਇਆ ਹੈ।

ਪਰਮਜੀਤ ਸਿੰਘ ਵਿਰਕ ਦਾ ਸਾਹਿਤਕ ਦਿਲ ਸਮਾਜਿਕ ਦਰਦਾਂ ਦੀ ਨਬਜ਼ ਪਕੜਦਾ ਹੋਇਆ ਲੋਕਾਂ ਦੇ ਸਮਾਜਿਕ ਮਸਲਿਆਂ ਦੇ ਹੱਲ ਲਈ ਧੜਕਦਾ ਰਹਿੰਦਾ ਹੈ। ਉਸ ਨੇ ਪਾਰਕ ਵਿੱਚ ਲੋਹੇ ਦੀ ਅਲਮਾਰੀ ਵਿੱਚ ਇੱਕ ਲਾਇਬਰੇਰੀ ਬਣਾਈ ਹੋਈ ਹੈ।

ਕਹਾਣੀਆਂ, ਨਾਵਲਾਂ, ਕਵਿਤਾਵਾਂ ਅਤੇ ਵਾਰਤਕ ਦੀਆਂ ਪੁਸਤਕਾਂ ਰੱਖੀਆਂ ਹੋਈਆਂ ਹਨ। ਅਲਮਾਰੀ ਨੂੰ ਕੋਈ ਜੰਦਰਾ ਨਹੀਂ ਮਾਰਿਆ ਹੋਇਆ, ਜਿਹੜਾ ਵੀ ਪਾਠਕ ਪੁਸਤਕ ਪੜ੍ਹਨੀ ਚਾਹੁੰਦਾ ਹੈ, ਜਦ ਮਰਜ਼ੀ ਆ ਕੇ ਪੜ੍ਹ ਲਵੇ। ਪਾਰਕ ਦੀ ਰੱਖ ਰਖਾਈ ਲਈ ਮਾਲੀ ਰੱਖੇ ਹੋਏ ਹਨ, ਉਨ੍ਹਾਂ ਦੀ ਨਿਗਰਾਨੀ ਉਹ ਖ਼ੁਦ ਕਰਦਾ ਹੈ।

ਹੀਟ ਵੇਵ ਦੇ ਸ਼ੁਰੂ ਹੋਣ ਤੋਂ ਬਾਅਦ ਉਸ ਨੇ ਮਹਿਸੂਸ ਕੀਤਾ ਕਿ ਜਿਹੜੇ ਲੋਕ ਸੈਰ ਕਰਦੇ ਹਨ, ਬੱਚੇ ਅਤੇ ਯੋਗਾ ਕਰਨ ਵਾਲੇ ਆਉਂਦੇ ਹਨ, ਉਨ੍ਹਾਂ ਲਈ ਸਾਫ਼ ਸੁਥਰੇ ਠੰਡੇ ਪਾਣੀ ਦਾ ਇੰਤਜ਼ਾਮ ਕੀਤਾ ਜਾਵੇ। ਉਸ ਨੇ ਲੋਕਾਂ ਦੇ ਸਹਿਯੋਗ ਨਾਲ ਪਾਰਕ ਵਿੱਚ ਇੱਕ ਵਾਟਰ ਕੂਲਰ ਆਰ ਓ ਸਮੇਤ ਲਗਾਇਆ ਹੈ। ਲੰਬੇ ਸਮੇਂ ਤੋਂ ਪਾਰਕ ਵਿਚਲਾ ਬੰਦ ਪਿਆ ਫ਼ੁਹਾਰਾ ਵੀ ਉਸ ਨੇ ਚਾਲੂ ਕਰਵਾ ਲਿਆ ਹੈ। ਪੌਦਿਆਂ 'ਤੇ ਰੰਗ ਬਰੰਗੀਆਂ ਲਾਈਟਾਂ ਲਗਵਾ ਦਿੱਤੀਆਂ ਹਨ। ਅਰਬਨ ਅਸਟੇਟ ਦੇ ਲੋਕਾਂ ਨੂੰ ਸਿਵਕ ਅਤੇ ਹੋਰ ਸਹੂਲਤਾਂ ਦੀ ਵਕਾਲਤ ਕਰਨ ਲਈ ਫ਼ੇਜ ਇੱਕ ਅਤੇ ਦੋ ਦੀਆਂ ਲਗਪਗ 20 ਸਵੈਇੱਛਤ ਸੰਸਥਾਵਾਂ ਨੂੰ ਇਕੱਠਿਆਂ ਕਰਕੇ ਇੱਕ ਮੰਚ 'ਤੇ ਇਕੱਠਾ ਕੀਤਾ ਗਿਆ ਹੈ।

ਇਸ ਪਾਰਕ ਅਤੇ ਆਲੇ ਦੁਆਲੇ ਦੇ ਪਾਰਕਾਂ ਵਿੱਚ ਜਿਹੜੀਆਂ ਸੱਥਾਂ ਜੁੜਦੀਆਂ ਹਨ, ਪਰਮਜੀਤ ਸਿੰਘ ਵਿਰਕ ਉਨ੍ਹਾਂ ਵਿੱਚ ਵੀ ਸ਼ਾਮਲ ਹੁੰਦਾ ਰਹਿੰਦਾ ਹੈ ਅਤੇ ਆਪਣੀਆਂ ਕਵਿਤਾਵਾਂ ਨਾਲ ਲੋਕਾਂ ਦਾ ਮਨੋਰੰਜਨ ਵੀ ਕਰਦਾ ਰਹਿੰਦਾ ਹੈ। ਸੱਥਾਂ ਵਾਲੇ ਪਰਮਜੀਤ ਸਿੰਘ ਵਿਰਕ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਸਥਾਨਕ ਲੋਕਾਂ ਦੀਆਂ ਮੁਸ਼ਕਲਾਂ ਸੰਬੰਧੀ ਪੀ.ਡੀ.ਏ., ਡਰਨੇਜ ਵਿਭਾਗ ਅਤੇ ਸਥਾਨਕ ਵਿਧਾਇਕ ਜੋ ਇਸ ਸਮੇਂ ਸਿਹਤ ਮੰਤਰੀ ਹਨ, ਉਨ੍ਹਾਂ ਨਾਲ ਬਾਕਾਇਦਾ ਤਾਲਮੇਲ ਬਣਾਈ ਰੱਖਦਾ ਹੈ।

ਲੋਕਾਂ ਦੀਆਂ ਸਮੱਸਿਆਵਾਂ ਦੇ ਹਲ ਲਈ ਲਈ ਲਗਾਤਰ ਕੋਸ਼ਿਸ਼ਾਂ ਦੇ ਨਾਲ ਹੀ ਅਰਬਨ ਅਸਟੇਟ ਵਿੱਚ ਸਫਾਈ ਦੇ ਪ੍ਰਬੰਧ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦਾ ਹੈ, ਜਿਥੇ ਕਿਤੇ ਉਸ ਨੂੰ ਕੋਤਾਹੀ ਲੱਗਦੀ ਹੈ ਤਾਂ ਉਸ ਦੀ ਵੀਡੀਓ ਬਣਾਕੇ ਪੀ.ਡੀ.ਏ ਅਧਿਕਾਰੀਆਂ ਅਤੇ ਲੋਕਾਂ ਨੂੰ ਜਾਗ੍ਰਤ ਕਰਦਾ ਹੈ। ਪਰਮਜੀਤ ਸਿੰਘ ਵਿਰਕ ਦਾ ਸਾਰਾ ਪਰਿਵਾਰ ਹੀ ਸਾਹਿਤ ਤੇ ਸਮਾਜ ਸੇਵਾ ਨਾਲ ਜੁੜਿਆ ਹੋਇਆ ਹੈ। ਉਸ ਦੇ ਪਿਤਾ ਹਰੀ ਸਿੰਘ ਵਿਰਕ ਨੇ 'ਸਹਾਰੀ ਦੇ ਵਿਰਕਾਂ ਦਾ ਇਤਿਹਾਸ' ਪੁਸਤਕ ਲਿਖੀ ਹੈ। ਉਸ ਦਾ ਵੱਡਾ ਭਰਾ ਐਡਵੋਕੇਟ ਸਰਬਜੀਤ ਸਿੰਘ ਵਿਰਕ ਵਾਰਤਕਕਾਰ ਹੈ।

ਮੋਬਾਈਲ-94178 13072
ujagarsingh48@yahoo.com

ਭਾਰਤ ਦੇ ਕਿਸਾਨ ਆਲਸੀ ਨਾ ਬਣਨ। ਅੱਗ ਲਾ ਕੇ ਵਾਤਾਵਰਣ ਖਰਾਬ ਨਾ ਕੀਤਾ ਜਾਵੇ। ਵਾਤਾਵਰਣ ਖਰਾਬ ਹੋਣ ਨਾਲ ਲੋਕ ਬਿਮਾਰ ਹੁੰਦੇ ਨੇ ਤੇ ਲੱਖਾਂ ਰੁਪਏ ਬਿਮਾਰੀਆਂ ਦੇ ਇਲਾਜ ਲਈ ਖਰਚ ਹੋ ਜਾਂਦੇ ਹਨ। ਉਹਨਾਂ ਨੂੰ ਸਮਝਾਇਆ ਜਾਵੇ ਕਿ ਅੱਗ ਨਾ ਲਾਓ, ਸਰਕਾਰਾਂ ਵੀ ਅੱਗ ਲਾਉਣ ਵਾਲਿਆਂ ਤੇ ਸਖ਼ਤੀ ਕਰਕੇ ਰੋਕਣ ਅਤੇ ਕਿਸਾਨਾਂ ਨੂੰ ਇਸ ਦਾ ਬਦਲਵਾਂ ਪ੍ਰਬੰਧ ਮੁਹੱਈਆ ਕੀਤਾ ਜਾਵੇ।

# WHY DO I LOVE GURBANI?

**Kirpal Singh**
**Wellington, New Zealand**

Often a rather unpleasant discourse is encountered on asserting superiority of Vedantic Philosophy over Gurmat (Gurbani) or vice versa.

All religious/spiritual paths help make human life meaningful and happy and one can give different names to attainable spiritual states.

Vedantic Philosophy served the humanity well till some rituals overpowered the core messages by the practices of the Philosophy over the time. A number of barriers (like original language and traditions) over a long span of period have helped to dilute or corrode the significance of the Vedantic Philosophy. Practitioners of Sanatan Dharma do acknowledge this. There are a very few good Hindus who believe in Vedantic Philosophy rest simply think that Hinduism is just a way of life.

Sikhi on the other hand which thrives on Gurmat (drawn from teachings of Gurbani) has relevant elements of all religious philosophies and practices before Guru Nanak Sahib. Gurbani openly acknowledges good points of Vedas and Shastras and also condemns the useless practices (empty rituals) that became manifested among the masses.

Gurbani does not spare in condemning any empty rituals that were prevalent during Sikh Gurus' time. While Sikhs do pay attention to condemned rituals of Hindus and Muslims but at the same time they continue to attract rituals into Sikhism as well, thus undermining and defeating the core message of Gurbani: "Naam tul kach aver na hoe":-

??? ???? ??? ???? ? ??? ? ????
??????? ???? ???? ??? ??? ?????
(Raag Gauri M. 5, GGS. 265-8).

There is nothing equal to the Naam. O Nanak, rare are those, who, as Gurmukh, obtain the Naam. ||8||2||

In Sikhi, unless one gets Naam all other activities amount to waste of time and are empty rituals as in other religions. We need to examine how many of us are on the right path? While the goal is clear and can be achieved with grace of Waheguru as 'Gurparsad', the path itself is also very lucrative with blessings of different kinds even when we are short of the destination.

Gurbani does show a definite spiritual path leading to 'Gobind Milan' (blissful enlightenment) but at the same time does not put a seal that it is the only path. Therefore, people are free to explore any other path suggested by a Spiritual Guru provided the Guru attained the necessary enlightenment through that path.

On listening to informed devotees of other religions/faiths, I invariably end up in finding myself in a position of stronger resolve about truths in Gurbani (Gurmat). For example, I recently attended a meeting of Brahama Kumaris in Wellington. Prof. Harish Shukla attached to this Centre spoke for half an hour on 'How to build and strengthen the Inner Resources of the Mind". I got the impression that a devoted Sikh of Guru Granth Sahib gave that talk emphasizing on Naam Japna and Simran.

I have a conviction that anyone who knows his/her religion well easily attracts goodness from other religions/faiths while easily filtering out the insignificant differences.

I love Gurbani for the following reasons:-

1. It is fairly recent, written in a language well understood by me.

2. The authors of various compositions are known to have lived like me.

3. All the authors admit that a Divine Grace helped them to say what they said. I trust them as 'gentlemen'.

4. The truths, promises and instructions in Gurbani were tested by 1st to 5th and 9th Sikh Gurus, Bhagats and Mahapurakhs whose compositions are included in the Guru Granth Sahib.

5. There is historical account that the 6th, 7th, 8th, and 10th Gurus along with other Gurus practiced and demonstrated the divinity in Gurbani in their day to day real life.

6. The Gurbani was tested for a period of about 240 years before it was handed down as Guru Granth Sahib by Guru Gobind Singh Ji.

7. Gurbani was revealed in Kal-Yug by Kal-Yugi Gurus to save Kal-Yugi human beings. It is indeed bad luck of those who turn away from Gurbani that it belongs only to the Sikhs and not to them.

8. All the Gursikhs who are/were imbued with Gurbani guide us in the spirit of Seva, Sacrifice and Humility that illuminates/illuminated their personalities.

9. The Sikhs all over the World are enjoying the fruits of Gurbani as evidence of their successful presence on all the continents.

10. I am able to comprehend other faiths and religions better because of some understanding of Gurbani.

11. Personally Gurbani helps me to communicate with you otherwise I would be talking only chemistry (my professional subject).

12. Gurbani gives me an insight in to the Truths in other religious Scriptures as well. The following message of Guru Nanak Sahib in Asa di Vaar is eye opener for those who are exploring Spiritual Paths. However the emphasis is on

ਚਾਰੇ ਵੇਦ ਹੋਏ ਸਚਿਆਰ ॥
ਪੜਹਿ ਗੁਣਹਿ ਤਿਨ੍ਹ ਚਾਰ ਵੀਚਾਰ ॥
(Raag Asa M. 1, GGS. 470-8).

The four Vedas each claim to be true. Reading and studying them, four doctrines are found.

What are those four steps (ਚਾਰ ਵੀਚਾਰ) to ponder?:-


ਭਾਉ (1) ਭਗਤਿ ਕਰਿ (2) ਨੀਚੁ ਸਦਾਏ (3) ॥ ਤਉ ਨਾਨਕ ਮੋਖੰਤਰੁ (4) ਪਾਏ ॥੨ ॥

1. Love for God/Waheguru (ਭਾਉ) 2. devotional worship (ਭਗਤਿ) and that too with 3. total loss of ego/houmai/duality (abiding in humility – ਨੀਚੁ ਸਦਾਏ). 4. the above three steps lead to the final state of attaining Salvation (ਮੋਖੰਤਰੁ).

According to Guru Nanak Sahib, there is need is to erase personal conceit (Houmai/Ego) through Gurbani Vichaar in order to seek Divine Grace/Nadr/Kirpa/ Gurparsad - leading to some degree of enlightenment:-

ਆਪੁ ਗਵਾਈਐ ਤਾ ਸਹੁ ਪਾਈਐ
ਅਉਰੁ ਕੈਸੀ ਚਤੁਰਾਈ ॥ (Raag Tilang M. 1, GGS. 722-13).

Aap Gavaaeeai Thaa Sahu



Paaeeai Aour Kaisee Chathuraaee ||

Give up your selfhood, and so obtain your Husband Lord; what other clever tricks are of any use?

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥

Sahu Nadhar Kar Dhaekhai So Dhin Laekhai Kaaman No Nidhh Paaee ||

When the Husband Lord looks upon the soul-bride with His Gracious Glance, that day is historic - the bride obtains the nine treasures.

That's why I love Gurbani! However, I shall be open to temptation to accept any other religion or faith that offers me more than the above mentioned posts to hold on to.

'Why I Love Gurbani', Kirpal Singh, The Sikh Review, September 2014, p. 53. 191 articles: Gurmat Blog: https:// gurmatvichaar.home.blog

# ਰਾਸ਼ਟਰਪਤੀ ਬਣੀ ਤਾਂ 'ਟਿਪਸ' ਉਪਰ ਸੰਘੀ ਟੈਕਸ ਖਤਮ ਕਰਾਂਗੀ– ਕਮਲਾ ਹੈਰਿਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਲਾਸ ਵੇਗਾਸ , ਨੇਵਾਡਾ ਵਿਚ ਇਕ ਰੈਲੀ ਦੌਰਾਨ ਐਲਾਨ ਕੀਤਾ ਕਿ ਜੇਕਰ ਉਹ ਰਾਸ਼ਟਰਪਤੀ ਦੀ ਚੋਣ ਜਿੱਤ ਗਈ ਤਾਂ ਹੋਟਲਾਂ ਤੇ ਹੋਰ ਮਹਿਮਾਨ ਨਿਵਾਜ਼ੀ ਦੇ ਸਥਾਨਾਂ 'ਤੇ ਗਾਹਕਾਂ ਵੱਲੋਂ ਦਿੱਤੇ ਜਾਂਦੇ 'ਟਿਪਸ' ਉਪਰ ਸੰਘੀ ਟੈਕਸ ਖਤਮ ਕਰ ਦੇਣਗੇ। ਹੈਰਿਸ ਨੇ ਕਿਹਾ ਕਿ ਇਥੇ ਮੌਜੂਦ ਹਰ ਇਕ ਵਿਅਕਤੀ ਨਾਲ ਇਹ ਮੇਰਾ ਵਾਅਦਾ ਹੈ ਕਿ ਇਕ ਰਾਸ਼ਟਰਪਤੀ ਵਜੋਂ ਉਹ ਘੱਟੋ ਘੱਟ ਮਜ਼ਦੂਰੀ ਵਧਾਉਣ ਤੇ ਸੇਵਾ ਅਤੇ ਮਹਿਮਾਨ ਨਿਵਾਜ਼ੀ ਬਦਲੇ ਮਿਲਦੇ ਪੈਸੇ ਉਪਰ ਟੈਕਸ ਖਤਮ ਕਰਨ ਸਮੇਤ ਕੰਮਕਾਜੀ ਪਰਿਵਾਰਾਂ ਦੇ ਹੋਰ ਹਿੱਤਾਂ ਲਈ ਕੰਮ ਕਰਨਗੇ।



ਕਮਲਾ ਹੈਰਿਸ ਲਾਸ ਵੇਗਾਸ ਵਿਚ ਰੈਲੀ ਦੌਰਾਨ

ਇਥੇ ਜਿਕਰਯੋਗ ਹੈ ਕਿ ਟਰੰਪ ਨੇ ਵੀ ਲਾਸ ਵੇਗਾਸ ਵਿਚ ਜੂਨ ਵਿਚ ਕੀਤੀ ਰੈਲੀ ਦੌਰਾਨ ਇਸ ਕਿਸਮ ਦੀ ਤਜਵੀਜ ਦਾ ਐਲਾਨ ਕੀਤਾ ਸੀ। ਹੈਰਿਸ ਦੇ ਐਲਾਨ ਉਪਰੰਤ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ ਉਪਰ ਦੋਸ਼ ਲਾਇਆ ਕਿ ਡੈਮੋਕਰੈਟਿਕ ਉਮੀਦਵਾਰ ਨੇ ਉਸ ਦੀ ਤਜਵੀਜ਼ ਚੋਰੀ ਕੀਤੀ ਹੈ। ਟਰੰਪ ਨੇ ਲਿਖਿਆ ਹੈ '' ਕਮਲਾ ਹੈਰਿਸ ਜਿਸ ਦੇ ਐਸ਼ ਦੇ ਦਿਨ ਖਤਮ ਹੋ ਰਹੇ ਹਨ, ਨੇ ਮੇਰੀ 'ਨੋ ਟੈਕਸ ਆਨ ਟਿਪਸ ਪਾਲਸੀ' ਦੀ ਕਾਪੀ ਕੀਤੀ ਹੈ। ਇਹ ਟਰੰਪ ਦੀ ਨੀਤੀ ਹੈ, ਉਸ ਕੋਲ ਕੋਈ ਨੀਤੀ ਨਹੀਂ ਹੈ, ਉਹ ਕੇਵਲ ਮੇਰੇ ਕੋਲੋਂ ਚੋਰੀ ਕਰ ਸਕਦੀ ਹੈ।''

# ਸੀਸ ਤਲੀ 'ਤੇ ਧਰ ਕੇ ਮੱਸੇ ਦਾ ਸਿਰ ਲਾਹੁਣ ਵਾਲੇ ਸੂਰਮੇ ਸਿੱਖ:-ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ

**ਰਮੇਸ਼ ਬੱਗਾ ਚੋਹਲਾ**



ਧਰਮ ਦੀ ਕਾਰ ਅਤੇ ਸੁਚੱਜਾ (ਸਰਬੱਤ ਦੇ ਭਲੇ ਵਾਲਾ) ਵਿਹਾਰ ਸਿੱਖੀ ਜੀਵਨ-ਜਾਚ ਦਾ ਅਹਿਮ ਹਿੱਸਾ ਹੈ। ਇਹ ਕਾਰ ਤੇ ਵਿਹਾਰ ਸਿੱਖ ਨੂੰ ਜਿਥੇ ਗੁਰਬਾਣੀ ਨਾਲ ਜੋੜੀ ਰੱਖਦੇ ਹਨ, ਉੱਥੇ ਲੋੜ ਪੈਣ 'ਤੇ ਕੁਰਬਾਨੀ ਲਈ ਤੱਤਪਰ ਰਹਿਣ ਵਾਸਤੇ ਵੀ ਪ੍ਰੇਰਦੇ ਰਹਿੰਦੇ ਹਨ। ਰੱਬੀ ਬਖਸ਼ਿਸ਼ ਲਈ ਵੱਡੇ ਬਾਬੇ ਦੇ ਬੋਲ ਜਿਥੇ ਪ੍ਰੇਮ ਦੀ ਖੇਡ ਖੇਡਣ ਦਾ ਹੋਕਾ ਦਿੰਦੇ ਹਨ, ਉੱਥੇ ਇਸ ਉੱਚੀ ਅਤੇ ਸੁੱਚੀ ਖੇਡ ਦੀ ਨਿਰਵਿਘਨਤਾ ਲਈ ਕੁਰਬਾਨੀ ਦਾ ਜ਼ਜਬਾ ਵੀ ਜਗਾਉਂਦੇ ਹਨ। ਇਸ ਪਵਿੱਤਰ ਜ਼ਜਬੇ ਅਧੀਨ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿਦਕੀ ਸਿੱਖ 'ਸੀਸ ਤਲੀ 'ਤੇ ਧਰ ਕੇ' ਆਪਣੇ ਧਾਰਮਿਕ ਅਤੇ ਰਾਜਨੀਤਕ ਨਿਸ਼ਾਨੇ ਪ੍ਰਾਪਤ ਕਰਦੇ ਰਹੇ ਹਨ। ਇਸ ਤਰ੍ਹਾਂ ਦੀ ਮਾਣ-ਮੱਤੀ ਪ੍ਰਾਪਤੀ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਹੈ ਦੋ ਸੂਰਮੇ ਸਿੱਖਾਂ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਨਾਂਅ ਜਿਨ੍ਹਾਂ ਮਣਾਂ-ਮੂੰਹੀਂ ਦਲੇਰੀ ਨਾਲ ਦਿਨ-ਦੀਵੀਂ ਮੱਸੇ ਰੰਗੜ ਦਾ ਸਿਰ ਵੱਢ ਕੇ ਇੱਕ ਨਵਾਂ ਇਤਿਹਾਸ ਰਚਿਆ ਸੀ। ਸਿੱਖ ਇਤਿਹਾਸ ਦਾ ਇਹ ਰਚਣ ਦੱਸਦਾ ਹੈ ਕਿ ਇੱਕ ਸਿੱਖ ਨੂੰ ਉਸ ਦਾ ਗੁਰੂ ਅਤੇ ਉਸ ਨਾਲ ਜੁੜੇ ਗੁਰਧਾਮ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ।

ਇਤਿਹਾਸਕ ਪੰਨੇ ਫਰੋਲਿਆਂ ਪਤਾ ਲੱਗਦਾ ਹੈ ਕਿ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆਂ ਖਾਨ ਨੇ ਸਿੱਖੀ ਦਾ ਖੁਰਾ-ਖੋਜ ਮਿਟਾਉਣ ਦੀ ਪੱਕੀ ਠਾਣ ਲਈ ਸੀ। ਇਸ ਠਾਣਤਾ ਦਾ ਭਾਈਵਾਲ ਉਸ ਨੇ ਪਿੰਡ ਮਡਿਆਣੀ ਦੇ ਵਸਨੀਕ ਚੌਧਰੀ ਮੱਸੇ ਰੰਗੜ ਨੂੰ ਵੀ ਬਣਾ ਲਿਆ। ਆਪਣੀ ਸਿੱਖ ਵਿਰੋਧੀ ਨੀਤੀ ਅਧੀਨ ਉਸ ਨੇ ਮੱਸੇ ਨੂੰ ਥਾਪੜਾ ਦੇ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਬੇਅਦਬ ਕਰਨ ਲਈ ਭੇਜ ਦਿੱਤਾ। ਹਕੂਮਤ ਦੇ ਇਸ ਥਾਪੜੇ ਨਾਲ ਰੰਗੜ ਦੀ ਬੁੱਧੀ ਭ੍ਰਿਸ਼ਟ ਹੋ ਗਈ ਅਤੇ ਉਹ ਹੰਕਾਰ ਦੇ ਘੋੜੇ ਤੇ ਸਵਾਰ ਹੋ ਕੇ ਮਨਆਈਆਂ ਕਰਨ ਲੱਗਾ। ਪਵਿੱਤਰ ਦਰਬਾਰ ਸਾਹਿਬ ਵਿੱਚ ਮੰਜਾ ਡਾਹ ਕੇ ਉਸ ਨੀਚ ਨੇ ਹੁੱਕੇ ਦੀ ਗੁੜਗੁੜਾਹਟ ਪੈਦਾ ਕਰ ਦਿੱਤੀ ਅਤੇ ਨਾਲ ਹੀ ਦਾਰੂ ਦਾ ਦੌਰ ਵੀ ਚਲਾ ਦਿੱਤਾ ਜ਼ਾਮ ਦੇ ਛਲਕਾਅ ਅਤੇ ਵੇਸਵਾ ਦੀ ਅਦਾ ਨੇ ਉਸ ਨੂੰ ਮਦਹੋਸ਼ ਕਰਕੇ ਰੱਖ ਦਿੱਤਾ ਅਤੇ ਉਹ ਖੁਦਾ ਦਾ ਖ਼ੌਫ਼ ਭੁਲਾ ਕੇ ਬਹਿ ਗਿਆ।

ਚੌਧਰੀ ਦਾ ਇਹ ਦੁਰਾਚਾਰੀ ਸਿਲਸਲਾ ਕੁੱਝ ਕੁ ਦਿਨ ਤੱਕ ਤਾਂ ਚੱਲਦਾ ਰਿਹਾ ਪਰ ਅਖੀਰ ਇਸ ਦੀ ਖ਼ਬਰ ਬੀਕਾਨੇਰ (ਰਾਜਸਥਾਨ) ਵਿਚ ਵਸਦੇ ਖ਼ਾਲਸੇ ਕੋਲ ਪਹੁੰਚ ਗਈ। ਇਹ ਖ਼ਬਰ ਪਹੁੰਚਾਉਣ ਵਾਲਾ ਪਿੰਡ ਕੰਗ ਦਾ ਵਾਸੀ ਭਾਈ ਬਲਾਕਾ ਸਿੰਘ ਸੀ। ਬੇਅਦਬੀ ਦੀ ਖ਼ਬਰ ਸੁਣਦਿਆਂ ਹੀ ਸਿੰਘਾਂ ਦਾ ਖੂਨ ਖੌਲ੍ਹਣ ਲੱਗਾ। ਇਸ ਖੋਲ੍ਹੇ ਖੂਨ ਦੀ ਬਾਦੌਲਤ ਜਥੇਦਾਰ ਬੁੱਢਾ ਸਿੰਘ ਨੇ ਸਿੰਘਾਂ ਨੂੰ ਸੰਬੋਧਨ ਕਰਕੇ ਕਿਹਾ, "ਖਾਲਸਾ ਜੀ! ਵੈਰੀਆਂ ਨੇ ਸਾਡੇ ਗੁਰਧਾਮ 'ਤੇ ਕਬਜ਼ਾ ਕਰਕੇ ਗੁਰੂ-ਘਰ ਦੀ ਮਰਿਯਾਦਾ ਦਾ ਘਾਣ ਕਰ ਦਿੱਤਾ ਹੈ ਜ਼ੇ ਅੱਜ ਅਸੀਂ ਇਸ ਮਰਿਯਾਦਾ ਨੂੰ ਕਾਇਮ ਨਾ ਰੱਖ ਸਕੇ ਤਾਂ ਆਪਣੇ ਗੁਰੂ ਨੂੰ ਮੂੰਹ ਦਿਖਾਉਣ ਦੇ ਕਾਬਿਲ ਨਹੀਂ ਰਹਾਂਗੇ। ਸੋ ਉੱਠੋ! ਕੋਈ ਸੂਰਮਾ ਜਿਹੜਾ ਉਸ ਦੁਸ਼ਟ ਰੰਗੜ ਦਾ ਸਿਰ ਵੱਢ ਕੇ ਗੁਰੂ ਰਾਮਦਾਸ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੇ।"

ਜਥੇਦਾਰ ਬੁੱਢਾ ਸਿੰਘ ਦੀ ਵੰਗਾਰ ਸੁਣ ਕੇ



ਇਕੱਠ ਵਿਚੋਂ ਦੋ ਸੂਰਮੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਉੱਠ ਖੜ੍ਹੇ ਹੋਏ ਅਤੇ ਹੱਥ ਜੋੜਕੇ ਕਹਿਣ ਲੱਗੇ ਕਿ, 'ਜਥੇਦਾਰ ਜੀ ! ਇਸ ਸੇਵਾ ਦਾ ਮੌਕਾ ਸਾਨੂੰ ਬਖਸ਼ੋ,ਅਸੀਂ ਵਾਅਦਾ ਕਰਦੇ ਹਾਂ ਕਿ ਜਾਂ ਤਾਂ ਉਸ ਪਾਪੀ ਦਾ ਸਿਰ ਵੱਢ ਕੇ ਪੰਥ ਦੀ ਝੋਲੀ ਵਿਚ ਪਾ ਦੇਵਾਂਗੇ ਜਾਂ ਫਿਰ ਆਪਣੇ ਸਿਰ (ਸ਼ਹੀਦ ਹੋ ਕੇ) ਗੁਰੂ ਦੇ ਲੇਖੇ ਲਾ ਦੇਵਾਂਗੇ।' ਜੇ ਕਰ ਸੀਸ ਲਗੇ ਗੁਰ ਅਰਥ। ਧੰਨ ਜਨਮ ਧੰਨ ਮਰਣ ਸਮਰੱਥ। (ਪ੍ਰਚੀਨ ਪੰਥ ਪ੍ਰਕਾਸ਼) ਵਾਅਦਾ ਕਰਕੇ ਦੋਵਾਂ ਸੂਰਮਿਆਂ ਨੇ ਅਰਦਾਸਾ ਸੋਧਿਆ ਅਤੇ ਮੱਸੇ ਦੀ ਮੌਤ ਬਣਕੇ ਬੀਕਾਨੇਰ ਤੋਂ ਸ੍ਰੀ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ।

ਦੋਵਾਂ ਸਿੰਘਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਜਾ ਰਹੇ ਸਨ। ਰਸਤੇ ਵਿਚ ਇੱਕ ਖੂਹ 'ਤੇ ਠਹਿਰ ਕੇ ਦੋਵਾਂ ਨੇ ਜਲ ਛਕਿਆ ਅਤੇ ਮੱਸੇ ਨੂੰ ਮਜ਼ਾ ਚਖਾਉਣ ਦੀ ਵਿਉਂਤਬੰਦੀ ਕਰਨ ਲੱਗੇ। ਇਸ ਵਿਉਂਤਬੰਦੀ ਤਹਿਤ ਉਨ੍ਹਾਂ ਦੋਵਾਂ ਨੇ ਚੌਧਰੀਆਂ ਦਾ ਭੇਸ ਧਾਰਨ ਕੀਤਾ ਅਤੇ ਇਕ ਆਵੇ ਤੋਂ ਘੜੇ ਖ੍ਰੀਦ ਕੇ ਉਸ ਦੀਆਂ ਠੀਕਰੀਆਂ ਬਣਾ ਲਈਆਂ। ਇਹ ਠੀਕਰੀਆਂ ਥੈਲ੍ਹੀਆਂ ਵਿਚ ਭਰ ਕੇ ਉਹ ਆਪਣੀ ਮੰਜ਼ਿਲ ਵੱਲ ਵਧਣ ਲੱਗੇ। ਇਹ ਦਿਨ 11 ਅਗਸਤ 1740 ਦਾ ਹੈ।

ਘੋੜਿਆਂ 'ਤੇ ਲੱਦੀਆਂ ਥੈਲੀਆਂ ਅਤੇ ਢਿੱਲੀ ਜਿਹੀ ਪੁਸ਼ਾਕ ਤੋਂ ਉਹ ਕਿਸੇ ਪਿੰਡ ਦੇ ਚੌਧਰੀ ਜਾਂ ਨੰਬਰਦਾਰ ਲੱਗਦੇ ਸਨ। ਦੁਪਹਿਰ ਦਾ ਸਮਾਂ ਸੀ ਅਤੇ ਮੁ.ਗਲ ਸਿਪਾਹੀ ਆਰਾਮ ਕਰ ਰਹੇ ਸਨ। ਜਿਹੜੇ ਜਾਗ ਰਹੇ ਸਨ ਉਨ੍ਹਾਂ ਨੂੰ ਵੀ ਇੰਝ ਲੱਗਾ ਕਿ ਇਹ ਕੋਈ ਚੌਧਰੀ ਹਨ ਜਿਹੜੇ ਮਾਮਲਾ ਤਾਰਣ ਆਏ ਹੋਣਗੇ। ਮਾਹੌਲ ਦਾ ਲਾਹਾ ਲੈ ਕੇ ਦੋਵੇਂ ਸਿੰਘ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ।

ਦਰਬਾਰ ਸਾਹਿਬ ਦੇ ਸਨਮੁੱਖ ਹੋ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਅਰਦਾਸ ਕੀਤੀ-'ਧੰਨ ਧੰਨ! ਗੁਰੂ ਰਾਮਦਾਸ ਪਾਤਸ਼ਾਹ ਸੇਵਕਾਂ ਦੀ ਲਾਜ ਰੱਖਣੀ ਅਤੇ ਬਖ਼ਸ਼ਿਸ਼ ਕਰਨੀ ਕਿ ਅਸੀਂ ਆਪਣੇ ਮਨੋਰਥ ਵਿਚ ਕਾਮਯਾਬ ਹੋ ਕੇ ਕੀਤੇ ਹੋਏ ਵਾਅਦੇ ਨੂੰ ਨਿਭਾਅ ਸਕੀਏ ਅਤੇ ਨਾਲ ਹੀ ਘੋੜਿਆਂ ਸਮੇਤ ਪ੍ਰਕਰਮਾ ਵਿਚਲੇ ਪ੍ਰਵੇਸ਼ ਦੀ ਖਿਮਾਂ ਵੀ ਮੰਗ ਲਈ।'

ਅਰਦਾਸ ਕਰਕੇ ਦੋਵੇਂ ਜਣੇਂ ਸ੍ਰੀ ਹਰਿਮੰਦਰ ਸਾਹਿਬ ਵੱਲ ਵੱਧਣ ਲੱਗੇ। ਦਰਬਾਰ ਵਿਚ ਪਹੁੰਚ ਕੇ ਸਿੰਘਾਂ ਨੇ ਦੇਖਿਆ ਕਿ ਜਿਥੇ ਕਦੇ ਰੱਬ ਦੀ ਕੀਰਤੀ ਗਾਈ ਜਾਂਦੀ ਸੀ ਉਸ ਸ਼ਥਾਨ ਮੱਸੇ ਦੀ ਮਸਤੀ ਚੱਲ ਰਹੀ ਸੀ। ਵੇਸਵਾ ਦਾ ਨਾਚ ਹੋ ਰਿਹਾ ਸੀ ਅਤੇ ਦਾਰੂ ਵਰਤ ਰਹੀ ਸੀ। ਹਕੂਮਤੀ ਸ਼ਹਿ 'ਤੇ ਰੰਘੜ ਖ਼ਾਲਸੇ ਦਾ ਖ਼ੌਫ਼ ਭੁਲਾਈ ਬੈਠਾ ਸੀ।

ਦੋਵੇਂ ਸਿੰਘ ਚੌਧਰੀ ਦੇ ਪਲੰਘ ਕੋਲ ਪਹੁੰਚ ਗਏ ਅਤੇ ਕਹਿਣ ਲੱਗੇ ਕਿ 'ਬੜੇ ਸਮੇਂ ਦਾ ਹਿਸਾਬ ਬਕਾਇਆ ਸੀ ਜੋ ਕਰਨ ਵਾਸਤੇ ਆਏ ਹਾਂ।' ਇਹ ਕਹਿ ਕੇ ਉਨ੍ਹਾਂ ਦੋਵਾਂ ਨੇ ਥੈਲੀਆਂ ਪਲੰਘ ਹੇਠਾਂ ਸੁੱਟ ਦਿੱਤੀਆਂ। ਪਲੰਘ ਹੇਠਲੀਆਂ ਥੈਲੀਆਂ ਨੂੰ ਚੁੱਕਣ ਲਈ ਜਦੋਂ ਚੌਧਰੀ ਹੇਠਾਂ ਵੱਲ ਝੁਕਿਆ ਤਾਂ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਨੇ ਕ੍ਰਿਪਾਨ ਦੇ ਇੱਕ ਵਾਰ ਨਾਲ ਹੀ ਉਸ ਦਾ ਸਿਰ ਵੱਢ ਦਿੱਤਾ। ਖ਼ਾਲਸੇ ਦਾ ਇਹ ਕੌਤਕ ਦੇਖ ਕੇ ਵੇਸਵਾ ਨੂੰ ਨੱਚਣਾ ਭੁੱਲ ਗਿਆ ਅਤੇ ਸਾਜੀਆਂ ਦੀਆਂ ਸੁਰਾਂ ਗੁਆਚ ਗਈਆਂ। ਦਰਬਾਰ ਵਿਚ ਹਲਚਲ ਮੱਚ ਗਈ। ਇਸ ਤੋਂ ਪਹਿਲਾਂ ਕਿ ਕਿਸੇ ਨੂੰ ਘਟਨਾ ਦੀ ਪੂਰੀ ਸਮਝ ਲੱਗਦੀ ਦੋਵਾਂ ਨੇ ਡਿੱਗੇ ਹੋਏ ਸਿਰ ਨੂੰ ਸੰਭਾਲ ਲਿਆ ਅਤੇ ਲਾਚੀ ਬੇਰੀ ਕੋਲ ਪਹੁੰਚ ਗਏ। ਘੋੜਿਆਂ ਕੋਲ ਆ ਕੇ ਉਨ੍ਹਾਂ ਨੇ ਮੱਸੇ ਦਾ ਸਿਰ ਨੇਜ਼ੇ 'ਤੇ ਟੰਗ ਲਿਆ ਤੇ ਜੈਕਾਰੇ ਗਜ਼ਾਉਂਦੇ ਹੋਏ ਪ੍ਰਕਰਮਾ ਵਿਚੋਂ ਬਾਹਰ ਨਿਕਲ ਗਏ।

ਪਾਪਾਂ ਦਾ ਬੁਰਜ ਢਾਹ ਕੇ ਸਿਦਕੀ ਸਿੱਖਾਂ ਨੇ ਗੁਰੂ ਰਾਮਦਾਸ ਦਾ ਸ਼ੁਕਰਾਨਾ ਕੀਤਾ ਅਤੇ ਵਾਪਸੀ ਲਈ ਚਾਲੇ ਪਾ ਦਿੱਤੇ। ਬੀਕਾਨੇਰ ਪਹੁੰਚ ਕੇ ਸਿੰਘਾਂ ਨੇ ਸੱਜੇ ਹੋਏ ਦੀਵਾਨ ਵਿਚ 'ਮੱਸੇ ਦਾ ਸਿਰ' ਜਥੇਦਾਰ ਬੁੱਢਾ ਸਿੰਘ ਨੂੰ ਭੇਟ ਕਰ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਗੁਰ-ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋ ਵੀ ਵੱਧ ਪਿਆਰੇ ਹੁੰਦੇ ਹਨ। ਇਨ੍ਹਾਂ ਦੀ ਬੇਅਦਬੀ ਨੂੰ ਸਿੱਖ ਆਪਣੀ ਬੇਅਦਬੀ ਸਮਝਦਾ ਹੈ ਅਤੇ ਆਪਣਾ ਮਾਲਾ ਵਾਲਾ ਹੱਥ ਕ੍ਰਿਪਾਨ ਵੱਲ ਵਧਾ ਦਿੰਦਾ ਹੈ। ਧਰਮ (ਸੱਚ) ਦੀ ਖ਼ਾਤਰ ਵਧਿਆ ਇਹ ਹੱਥ ਕਈ ਵਾਰ ਵੱਡੀ ਕਰਾਮਾਤ ਵੀ ਕਰ ਦਿਖਾਉਂਦਾ ਹੈ। ਇਸ ਤਰ੍ਹਾਂ ਦੀਆਂ ਕਈ ਕਰਾਮਾਤਾਂ ਸਮੇਂ-ਸਮੇਂ ਸਿੱਖ ਇਤਿਹਾਸ ਦਾ ਅੰਗ ਬਣਦੀਆਂ ਆ ਰਹੀਆਂ ਹਨ।

ਇਸ ਕਰਾਮਾਤੀ (ਬਹਾਦਰੀ ਵਾਲੇ) ਕਾਰਨਾਮੇ ਤੋਂ ਬਾਅਦ ਮੱਸੇ ਦਾ ਪਰਿਵਾਰ ਖਾਨ ਬਹਾਦਰ ਜ਼ਕਰੀਆ ਖਾਨ ਦੇ ਦਰਬਾਰ ਵਿਚ ਪੇਸ਼ ਹੋਇਆ ਅਤੇ ਭੁੱਬਾਂ ਮਾਰ ਕੇ ਰੋਣ ਲੱਗਾ। ਖਾਨ ਨੇ ਅੰਮ੍ਰਿਤਸਰ ਦੇ ਨੇੜਲੇ ਚੌਧਰੀਆਂ ਨੂੰ ਦਰਬਾਰ ਵਿਚ ਬੁਲਾਇਆ ਅਤੇ ਚੌਧਰੀ ਮੱਸੇ ਦੇ ਕਾਤਲਾਂ ਦੀ ਸੂਹ ਲਾਉਣ ਦਾ ਹੁਕਮ ਦਿੱਤਾ। ਮੌਕੇ 'ਤੇ ਹਾਜ਼ਰ ਹਰਭਗਤ ਨਿਰੰਜਨੀਏ ਜੰਡਆਲੇ ਵਾਲੇ ਨੇ ਸੂਹ ਦਿੱਤੀ ਕਿ ਇਹ ਕਾਰਜ ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਅਤੇ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਕੀਤਾ ਹੈ। ਨਿਰੰਜਨੀਏ ਦੀ ਮੁਖ਼ਬਰੀ ਦੇ ਮੁਤਾਬਿਕ ਫ਼ੌਜਦਾਰ ਨੂਰਦੀਨ ਦੀ ਅਗਵਾਈ ਹੇਠ ਫੌਜ ਨੇ ਪਿੰਡ ਮੀਰਾਂ ਕੋਟ ਨੂੰ ਘੇਰਾ ਪਾ ਲਿਆ। ਮਹਿਤਾਬ ਸਿੰਘ ਤਾਂ ਉੱਥੇ ਹੈ ਨਹੀਂ ਸੀ ਪਰ ਉਸ ਦਾ ਪੁੱਤਰ ਰਾਇ ਸਿੰਘ ਆਪਣੇ ਤਾਏ (ਭਾਈ ਸਾਹਿਬ ਦੇ ਪੱਗ ਵੱਟ ਭਰਾ) ਨੱਥੇ ਖਹਿਰੇ ਕੋਲ ਰਹਿ ਰਿਹਾ ਸੀ। ਨੂਰਦੀਨ ਨੇ ਨੱਥੇ ਖਹਿਰੇ ਨੂੰ ਕਿਹਾ ਕਿ ਉਹ ਰਾਇ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ ਪਰ ਨੱਥੇ ਨੇ ਭਾਈ ਮਹਿਤਾਬ ਸਿੰਘ ਨਾਲ ਵਟਾਈ ਹੋਈ ਪੱਗ ਨੂੰ ਦਾਗ ਨਹੀਂ ਲੱਗਣ ਦਿੱਤਾ। ਬਾਲਕ ਰਾਇ ਸਿੰਘ ਨੂੰ ਮੌਢਿਆਂ 'ਤੇ ਚੱਕ ਕੇ ਉਹ, ਆਪਣੇ ਤਿੰਨ-ਚਾਰ ਸਾਥੀਆਂ ਸਮੇਤ ਪਿਛਲੇ ਪਾਸਿਓਂ ਬਾਹਰ ਨਿਕਲ ਗਿਆ। ਸ਼ਾਹੀ ਫੌਜ਼ ਨੇ ਪਿੱਛਾ ਕਰਕੇ ਇਨ੍ਹਾਂ ਸਾਰਿਆਂ ਨੂੰ ਘੇਰ ਲਿਆ। ਘਮਸਾਨ ਦੀ ਲੜ੍ਹਾਈ ਵਿਚ ਨੱਥਾ ਖਹਿਰਾ ਅਤੇ ਉਸ ਦੇ ਸਾਥੀ ਸ਼ਹੀਦ ਹੋ ਗਏ ਅਤੇ ਰਾਇ ਸਿੰਘ ਸਖਤ ਜ਼ਖਮੀ ਹੋਣ ਕਰਕੇ ਬੇਹੋਸ਼ ਹੋ ਗਿਆ। ਫੌਜੀਆਂ ਨੇ ਉਸ ਨੂੰ ਵੀ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ। ਉਸ ਦੇ ਸਾਹ ਚੱਲਦੇ ਦੇਖ ਕੇ ਇਕ ਦਾਇਆਵਾਨ ਇਸਤਰੀ ਕੰਬੋ ਉਸ ਨੂੰ ਆਪਣੇ ਘਰ ਲੈ ਗਈ ਅਤੇ ਉਸ ਦੀ ਸੇਵਾ-ਸੰਭਾਲ ਨਾਲ ਉਹ ਤੰਦਰੁਸਤ ਹੋ ਗਿਆ। ਇੱਕ ਦਿਨ ਆਪਣੇ ਪੁੱਤਰ ਨੂੰ ਮਿਲਣ ਲਈ ਭਾਈ ਮਹਿਤਾਬ ਸਿੰਘ ਪਿੰਡ ਮੀਰਾਂ ਕੋਟ ਆਇਆ,ਜਿਸ ਦੀ ਭਿਣਕ ਨਿਰੰਜਨੀਏ ਨੂੰ ਵੀ ਪੈ ਗਈ ਅਤੇ ਉਸ ਨੇ ਭਾਈ ਸਾਹਿਬ ਨੂੰ ਫੜਾ ਦਿੱਤਾ।

ਜੰਜੀਰਾਂ ਵਿਚ ਜਕੜ ਕੇ ਭਾਈ ਮਹਿਤਾਬ ਸਿੰਘ ਨੂੰ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਸਵਾਲ ਜਵਾਬ ਕਰਨ ਤੋਂ ਬਾਅਦ ਜ਼ਕਰੀਆ ਖਾਨ ਨੇ ਉਸ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਤਾਂ ਜੋ ਉਸ ਦੀ ਜਾਨ ਬਖਸ਼ੀ ਜਾ ਸਕੇ। ਸਿਦਕੀ ਸਿੱਖ ਨੇ ਜਾਨ ਬਚਾਉਣ ਦੀ ਬਜਾਏ ਜਾਨ ਕੁਰਬਾਨ ਕਰਨ ਨੂੰ ਤਰਜ਼ੀਹ ਦਿੱਤੀ। ਸਿੱਟੇ ਵਜੋਂ 1745 ਈ. (ਸੰਮਤ1802) ਨੂੰ ਜ਼ਾਲਮਾ ਨੇ ਉਸ ਨੂੰ ਚਰਖੜੀ 'ਤੇ ਚਾੜ ਕੇ ਸ਼ਹੀਦ ਕਰ ਦਿੱਤਾ ਅਤੇ ਉਸ ਦਾ ਸੀਸ ਵੱਢ ਕੇ ਲਾਹੌਰ ਦੀ ਹੀਰਾ ਮੰਡੀ ਵਿਚ ਟੰਗ ਦਿੱਤਾ ਗਿਆ।

ਮੱਸੇ ਦੀ ਮੌਤ ਤੋਂ ਬਾਅਦ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਸਿੱਖੀ ਦੀ ਚੜ੍ਹਦੀ ਕਲਾ ਅਤੇ ਖ਼ਾਲਸਾ ਰਾਜ ਦੀ ਕਾਇਮੀ ਲਈ ਲਗਾਤਾਰ ਸਰਗਰਮ ਰਿਹਾ। ਉਸ ਨੇ 1740 ਈ. ਤੋਂ ਲੈ ਕੇ 1753 ਈਂ ਤੱਕ ਆਪਣੀ ਜੁਝਾਰੂ ਭੂਮਿਕਾ ਨਿਭਾਈ। ਸੰਨ 1746 ਵਿਚ ਜਦੋਂ ਯਾਹੀਆ ਖਾਂ ਤੇ ਲਖਪਤ ਰਾਏ ਨੇ ਸਿੱਖਾਂ 'ਤੇ ਹਮਲਾ ਕੀਤਾ ਤਾਂ ਉਸ ਦਾ ਮੁਕਾਬਲਾ ਕਰਨ ਵਾਲੇ ਸੂਰਮੇ ਸਿੱਖਾਂ ਵਿਚ ਭਾਈ ਸੁੱਖਾ ਸਿੰਘ ਵੀ ਸ਼ਾਮਿਲ ਸੀ। ਉਹ ਲਖਪਤ ਰਾਏ ਦਾ ਖਾਤਮਾ ਕਰਨ ਦਾ ਚਾਹਵਾਨ ਸੀ ਪਰ ਉਹ (ਲਖਪਤ) ਉਸ ਦੇ ਹੱਥ ਨਹੀਂ ਆਇਆ। ਇਸ ਮੁਕਾਬਲੇ ਵਿਚ ਗੋਲੀ ਲੱਗਣ ਕਾਰਨ ਉਸ ਦੀ ਲੱਤ ਦੀ ਹੱਡੀ ਵੀ ਟੁੱਟ ਗਈ ਸੀ ਪਰ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਆਪਣੇ ਸਾਥੀਆਂ ਨਾਲ ਮਾਲਵੇ ਨੂੰ ਚਲਾ ਗਿਆ। ਭਾਈ ਸੁੱਖਾ ਸਿੰਘ ਦੀ ਸੂਰਮਗਤੀ ਦੇ ਹੋਰ ਵੀ ਅਨੇਕਾਂ ਕਿੱਸੇ ਹਨ।1753 ਈ. ਵਿਚ ਉਸ ਨੇ ਆਪਣਾ ਅੰਤਮ ਯੁੱਧ ਮੀਰ ਮਨੂੰ ਨਾਲ ਕੀਤਾ। ਇਹ ਯੁੱਧ ਪਿੰਡ ਕੋਟ ਬੁੱਢਾ ਕੋਲ ਹੋਇਆ ਜਿਸ ਵਿਚ ਭਾਈ ਸੁੱਖਾ ਸਿੰਘ ਸ਼ਹਾਦਤ ਦਾ ਜ਼ਾਮ ਪੀ ਗਿਆ ਅਤੇ ਸਿੱਖ ਇਤਿਹਾਸ ਵਿਚ ਸਦਾ ਲਈ ਅਮਰ ਹੋ ਗਿਆ।

ਅਜੋਕੇ ਸਮੇਂ ਵੀ ਸਾਡੇ ਪਾਵਨ ਗੁਰਧਾਮਾਂ ਅੰਦਰ ਮੱਸੇ ਰੰਘੜ ਦੀ ਰੂਹ ਪ੍ਰਵੇਸ਼ ਕਰ ਚੁੱਕੀ ਹੈ ਜਿਸ ਦਾ ਸਿਰ (ਸੋਚ) ਲਾਹੁਣ ਲਈ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਵਰਗੇ ਸੂਰਮਿਆਂ ਦੀ ਲੋੜ ਹੈ ਜਿਹੜੇ ਨਾ ਸਿਰਫ਼ ਗੁਰਧਾਮਾਂ ਦਾ ਸਤਿਕਾਰ ਹੀ ਬਹਾਲ ਕਰਵਾ ਸਕਣ ਸਗੋਂ ਗੁਰੂ ਸਾਹਿਬਾਨ ਦੇ ਮਹਾਨ ਵਿਚਾਰ (ਨਾਨਕ ਨਾਮ ਚੜ੍ਹਦੀਕਲ੍ਹਾ ਤੇਰੇ ਭਾਣੇ ਸਰਬਤ ਦਾ ਭਲਾ) ਨੂੰ ਵੀ ਕਾਇਮ ਰੱਖ ਸਕਣ।

#1348/17/1 ਗਲੀ ਨੰ:8 ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ)
ਮੋ: 9463132719

# ਮੋਬਾਇਲ ਅਤੇ ਬੱਚੇ ਅੰਦਰਲੀਆਂ ਬਹੁਪੱਖੀ ਕਲਾਵਾਂ

ਮੇਜਰ ਸਿੰਘ ਨਾਭਾ
ਮੋ. 9463553962



ਮੋਬਾਇਲ ਨੇ ਬਹੁਤ ਸਾਰੀਆਂ ਚੀਜ਼ਾਂ ਨੂੰ ਆਪਣੇ ਅੰਦਰ ਸਮਾ ਕੇ ਕਈਆਂ ਦੇ ਰੁਜਗਾਰ ਨੂੰ ਖੋਹ ਲਿਆ ਹੈ। ਪਰ ਮਨੁੱਖ ਹੁਣ ਮੋਬਾਇਲ ਉੱਪਰ ਏਨਾ ਨਿਰਭਰ ਹੋ ਗਿਆ ਹੈ ਕਿ ਉਹ ਇਸ ਤੋਂ ਬਿਨ੍ਹਾਂ ਆਪਣੇ ਆਪ ਨੂੰ ਨਿਕੰਮਾ ਸਮਝਣ ਲੱਗ ਪਿਆ ਹੈ। ਅੱਜ ਦੇ ਸਮੇਂ ਜਨਮ ਲੈਣ ਵਾਲੇ ਬੱਚੇ ਦਿਮਾਗੀ ਤੌਰ ਤੇ ਬਹੁਤ ਤੇਜ਼ ਤਰਾਰ ਹਨ। ਉਨ੍ਹਾਂ ਨੂੰ ਮਾਪੇ ਏਨੀਆਂ ਸਹੂਲਤਾਂ ਨਾਲ ਪਾਲਦੇ ਹਨ ਕਿ ਉਹ ਜੋ ਵੀ ਚੀਜ਼ ਦੀ ਮੰਗ ਕਰਦੇ ਹਨ ਉਹ ਉਨ੍ਹਾਂ ਨੂੰ ਮਿਲ ਜਾਂਦੀ ਹੈ। ਇਹ ਆਦਤ ਬੱਚੇ ਅੰਦਰ ਪਾਉਣ ਲਈ ਮਾਪੇ ਜ਼ਿੰਮੇਵਾਰ ਹੁੰਦੇ ਹਨ।

ਅੱਜ ਮਾਪੇ ਬੱਚਿਆਂ ਨੂੰ ਰੁੱਝੇ ਰਹਿਣ ਲਈ ਖਿਡਾਉਣੇ ਟਾਈਪ ਮੋਬਾਇਲ ਲੈ ਦੇਂਦੇ ਹਨ ਜੋ ਥੋੜੇ ਵੱਡੇ ਹੁੰਦੇ ਹੀ ਮਾਪਿਆਂ ਦੇ ਫੋਨ ਨੂੰ ਚਲਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ 'ਚ ਉਹ ਕਾਮਯਾਬ ਹੋ ਜਾਂਦੇ ਹਨ। ਮੋਬਾਇਲ ਨਾਲ ਉਹ ਇੰਨ੍ਹੇ ਜੁੜ ਜਾਂਦੇ ਹਨ ਕਿ ਉਹ ਖਾਣ-ਪੀਣ ਵੀ ਭੁੱਲ ਜਾਂਦੇ ਹਨ। ਜੇ ਉਨ੍ਹਾਂ ਨੂੰ ਰੋਕਿਆ ਜਾਂਦਾ ਹੈ ਤਾਂ ਉਹ ਖਿਝ ਜਾਂਦੇ ਹਨ, ਕਈ ਵਾਰੀ ਤਾਂ ਚੀਜ਼ਾਂ ਦਾ ਨੁਕਸਾਨ ਵੀ ਕਰ ਦਿੰਦੇ ਹਨ। ਮੋਬਾਇਲ ਅੰਦਰ ਬਹੁਤ ਚੰਗਾ ਪਰ ਬਹੁਤ ਮਾੜਾ ਵੀ ਹੈ। ਪਰ ਬੱਚੇ ਦੇ ਹੱਥ ਮੋਬਾਇਲ ਦੇਣਾ, ਇਹ ਇੱਕ ਮਾੜਾ ਰੁਝਾਨ ਹੈ। ਬੱਚਿਆਂ ਦੇ ਅੰਦਰ ਬਹੁਤ ਸਾਰੀਆਂ ਕਲਾਵਾਂ ਕੁਦਰਤ ਨੇ ਜਨਮ ਤੋਂ ਹੀ ਦਿੱਤੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਹਿਚਾਨਣ ਦੀ ਲੋੜ ਹੁੰਦੀ ਹੈ। ਛੋਟੇ ਬੱਚੇ ਸ਼ੁਰੂ ਸ਼ੁਰੂ 'ਚ ਆਪਣੇ ਆਲੇ ਦੁਆਲੇ ਕੰਧਾਂ ਉੱਪਰ ਲਕੀਰਾਂ ਮਾਰ ਕੇ ਖੁਸ਼ ਹੁੰਦੇ ਹਨ, ਰੰਗਾਂ ਨਾਲ ਉਨ੍ਹਾਂ ਦਾ ਮੋਹ ਉਨ੍ਹਾਂ ਦੇ ਰੰਗਾਂ ਨੂੰ ਬੱਚਿਆਂ ਵਾਲੇ ਘਰੇ ਕੰਧਾਂ ਤੋਂ ਦੇਖ ਸਕਦੇ ਹੋ। ਛੋਟੇ ਬੱਚਿਆਂ ਨੂੰ ਮਾਪੇ ਜਾਂ ਪਰਿਵਾਰਿਕ ਮੈਂਬਰ ਰੰਗਾਂ ਨਾਲ ਖੇਡਣ ਲਾ ਸਕਦੇ ਹਨ, ਹੌਲੀ ਹੌਲੀ ਉਹ ਆਪਣੀ ਅੰਦਰਲੀ ਕਲਾ ਨੂੰ ਕਲਾਕ੍ਰਿਤਾਂ ਰਾਹੀਂ ਬਾਹਰ ਕੱਢਣ ਲੱਗ ਜਾਂਦੇ ਹਨ। ਇਸ ਨਾਲ ਬੱਚਿਆਂ ਦੇ ਪੜ੍ਹਾਈ ਵਿਸ਼ੇ ਨੂੰ ਵੀ ਛੁਹਿਆ ਜਾਂਦਾ ਹੈ ਅਤੇ ਬੱਚਾ ਉਂਝ ਵੀ ਆਪਣੀ ਕਲਾਕ੍ਰਿਤ ਨੂੰ ਬਣਾ ਕੇ ਖੁਸ਼ੀ ਮਹਿਸੂਸ ਕਰਦਾ ਹੈ। ਮੇਰੀ ਦੋਹਤੀ ਬੱਚੀ ਏਕਨੂਰ ਕੌਰ ਨੇ ਮੇਰੇ ਸਾਹਮਣੇ ਆਪਣੀ ਕਲਾਕ੍ਰਿਤ ਬਣਾ ਕੇ ਰੰਗ ਭਰ ਕੇ ਆਪਣੇ ਵਲਵਲੇ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੇ ਭਾਵੇਂ ਕਾਹਲ 'ਚ ਡਰਾਇੰਗ ਕੀਤੀ ਪਰ ਫੇਰ ਵੀ ਦੱਸਣ ਤੇ ਉਹ ਹੋਰ ਸੁਧਾਰ ਕਰਨ ਲਈ ਵੀ ਕੋਸ਼ਿਸ਼ ਕਰਦੀ ਰਹੀ। ਸੋ ਏਸੇ ਤਰ੍ਹਾਂ ਖੇਡਾਂ 'ਚ ਰੁਚੀ ਰੱਖਣ ਵਾਲੇ ਬਹੁਤੇ ਬੱਚੇ ਪੜ੍ਹਾਈ ਪੱਖੋਂ ਕਮਜੋਰ ਹੀ ਹੁੰਦੇ ਹਨ ਪਰ ਫਿਰ ਵੀ ਕਈ ਬੱਚੇ ਖੇਡਾਂ 'ਚ ਕਾਮਯਾਬੀ ਪ੍ਰਾਪਤ ਕਰ ਲੈਂਦੇ ਹਨ। ਇਸ ਲਈ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਉਨ੍ਹਾਂ ਦੇ ਪੱਧਰ ਦੀਆਂ ਖੇਡਾਂ 'ਚ ਸਮੂਲੀਅਤ ਕਰਵਾ ਕੇ ਉਨ੍ਹਾਂ ਦੇ ਫਾਲਤੂ ਸਮੇਂ ਨੂੰ ਇਸ ਪਾਸੇ ਲਾਇਆ ਜਾ ਸਕਦਾ ਹੈ। ਸੰਗੀਤ 'ਚ ਰੁਚੀ ਵਾਲੇ ਬੱਚੇ ਵੀ ਅੱਜਕਲ ਚੰਗੇ ਕਲਾਕਾਰ ਬਣ ਸਕਦੇ ਹਨ। ਉਨ੍ਹਾਂ ਨੂੰ ਸਕੂਲ ਪੱਧਰ ਤੇ ਜੇਕਰ ਵਧੀਆ ਮੌਕੇ ਮਿਲ ਜਾਣ ਤਾਂ ਹੋਰ ਵੀ ਵਧੀਆ ਹੋਵੇਗਾ। ਸੋ ਬੱਚਾ ਇੱਕ ਕੱਚੀ ਕਲੀ ਵਾਂਗ ਹੁੰਦਾ ਉਸ ਨੂੰ ਜਿਵੇਂ ਚਾਹੋ ਮੋੜ ਸਕਦੇ ਹੋ। ਡਾਕਟਰ ਅਤੇ ਇੰਜਨੀਅਰ ਬੱਚਿਆਂ ਨੂੰ ਬਣਾਉਣ ਦੇ ਸੁਪਨੇ ਮਾਪਿਆਂ ਨੂੰ ਲੈਣੇ ਚਾਹੀਦੇ ਹਨ ਪਰ ਬੱਚੇ ਦੀ ਰੁਚੀ ਨੂੰ ਪਰਖਣਾ ਮਾਪਿਆਂ ਲਈ ਜਰੂਰੀ ਹੈ, ਰੁਚੀ ਦੇ ਵਿਰੁੱਧ ਕੋਈ ਫੈਸਲਾ ਲੈਣਾ ਕੋਈ ਵਧੀਆ ਨਤੀਜਾ ਨਹੀਂ ਦਿੰਦਾ। ਬੱਚਿਆਂ ਨੂੰ ਪਰਚਾਉਣ ਲਈ ਬਚਪਨ 'ਚ ਦਿੱਤੀਆਂ ਅਥਾਹ ਸਹੂਲਤਾਂ ਅੱਗੇ ਜਾ ਕੇ ਜ਼ਿੰਦਗੀ ਦੀ ਸਫਲਤਾ ਲਈ ਅੜਿਚਨਾਂ ਪੈਦਾ ਕਰਨ ਲਈ ਰੋਲ ਅਦਾ ਕਰਦੀਆਂ ਹਨ। ਵੱਡੇ/ਸੀਨੀਅਰ ਬੱਚੇ ਅਕਸਰ ਛੋਟੇ ਬੱਚਿਆਂ ਲਈ ਰੋਲ ਮਾਡਲ ਹੁੰਦੇ ਹਨ, ਵੱਡਿਆਂ ਦੀਆਂ ਗੱਲ੍ਹਾਂ/ਕੰਮਾਂ ਦੀ ਬੱਚੇ ਆਮ ਤੌਰ ਤੇ ਰੀਸ ਕਰਦੇ ਹਨ। ਸੋ ਅੱਜ ਬੱਚਿਆਂ ਨੂੰ ਛੋਟੇ ਹੁੰਦੇ ਹੀ ਸਾਂਭਣ ਦੀ ਲੋੜ ਹੈ।ਉਨ੍ਹਾਂ ਦੀਆਂ ਅੰਦਰਲੀਆਂ ਕਲਾਵਾਂ ਨੂੰ ਨਿਖਾਰਣ ਲਈ ਸਾਨੂੰ ਬੱਚਿਆਂ ਨੂੰ ਸਮੇਂ ਸਮੇਂ ਸਿਰ ਗਾਈਡ ਲਾਈਨਜ ਦੇਣੀਆਂ ਅਹਿਮ ਹਨ।

ਅੱਜ ਮੋਬਾਇਲ / ਟੀ.ਵੀ. ਨੇ ਬੱਚਿਆਂ ਦਾ ਖੇਡਣ ਦਾ ਸਮਾਂ ਵੀ ਨਿਗਲ ਲਿਆ ਹੈ। ਇਸ ਪ੍ਰਤੀ ਮਾਪਿਆਂ ਅਤੇ ਅਧਿਆਪਕਾਂ ਨੂੰ ਗੰਭੀਰ ਹੋ ਕੇ ਬੱਚਿਆਂ ਨੂੰ ਸਹੀ ਸੇਧ ਦੇਣ ਲਈ ਉਪਰਾਲਾ ਕਰਨਾ ਚਾਹੀਦਾ ਹੈ।ਸਕੂਲੀ ਖੇਡਾਂ 'ਚ ਬੱਚਿਆਂ ਦੀ ਸਮੂਲੀਅਤ ਬਹੁਤ ਘੱਟ ਸਕੂਲਾਂ 'ਚ ਕਰਵਾਈ ਜਾਂਦੀ ਹੈ। ਨਾਭਾ ਨੇੜੇ ਸ.ਹ.ਸ. ਬੁਹੀ ਵਿੱਚ ਹਰਿੰਦਰ ਸਿੰਘ ਗਰੇਵਾਲ ਨੈਸ਼ਨਲ ਐਵਾਰਡੀ ਅਧਿਆਪਕ ਨੇ ਬੱਚਿਆਂ ਦੇ ਖੇਡਣ ਲਈ ਜੋ ਕਦਮ ਚੁੱਕੇ ਹਨ ਉਹ ਸੁਲਾਹੁਣਯੋਗ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਬੱਚਿਆਂ ਲਈ ਸਮਰਪਿਤ ਕੀਤਾ ਹੋਇਆ। ਉਨ੍ਹਾਂ ਦੇ ਬੱਚੇ ਸਟੇਟ, ਰਾਸਟਰੀ ਪੱਧਰ ਤੇ ਖੇਡ ਚੁੱਕੇ ਹਨ। ਇਸੇ ਕਰਕੇ ਸਿੱਖਿਆ ਵਿਭਾਗ ਲਈ ਸਲਾਹਕਾਰੀ ਕਮੇਟੀ ਦੇ ਉਨ੍ਹਾਂ ਨੂੰ ਮੈਂਬਰ ਬਣਾ ਕੇ ਹੋਰ ਜ਼ਿੰਮੇਵਾਰੀ ਦੇ ਕੇ ਮਾਣ ਬਖਸ਼ਿਆ ਹੈ। ਇਸੇ ਕਰਕੇ ਇਸ ਸਕੂਲ ਵਿੱਚ ਖਿਡਾਰੀ ਬੱਚੇ ਦਾਖਲਾ ਲੈਣ ਲਈ ਉਤਾਵਲੇ ਰਹਿੰਦੇ ਹਨ। ਇਸ ਤਰ੍ਹਾਂ ਹੋਰਾਂ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਅੱਗੇ ਆ ਕੇ ਬੱਚਿਆਂ ਨੂੰ ਖੇਡਾਂ ਪ੍ਰਤੀ ਰੁਚਿਤ ਕਰਨਾ ਚਾਹੀਦਾ ਹੈ ਜਿਸ ਨਾਲ ਇਨ੍ਹਾਂ ਸਕੂਲਾਂ 'ਚੋਂ ਵੀ ਖਿਡਾਰੀ ਚੰਗਾ ਨਾਮ ਕਮਾ ਸਕਦੇ ਹਨ।

ਇਸੇ ਬੁਹੀ ਸਕੂਲ 'ਚੋਂ ਪੜ੍ਹੀ ਵਿਦਿਆਰਥਣ ਹਰਜਿੰਦਰ ਕੌਰ ਨੇ ਵੇਟ ਲਿਫਟਿੰਗ 'ਚ 2022 ਦੀਆਂ ਕਾਮਨਵੈਲਥ ਗੇਮਜ਼ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਜੇਕਰ ਬੱਚਿਆਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਰੁਚੀ ਵਾਲੇ ਕੀਤੇ ਕੰਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਉਹ ਵੱਡੇ ਹੋ ਕੇ ਹੋਰ ਵੀ ਵਧੀਆ ਕਾਰਗੁਜ਼ਾਰੀ ਜਰੂਰ ਦੇਣਗੇ ਅਤੇ ਸਫਲਤਾ ਪ੍ਰਾਪਤ ਕਰਨਗੇ।

********

## ਰੁਪਿਨ ਦੀ ਟੇਪ-1



ਆਰ.ਜੇ. ਬੀਟਸ ਤੇ ਰਾਮ ਭੋਗਪੁਰੀਆ ਨੇ ਸੰਗੀਤ ਦੀ ਕਰੀਮ ਇਕੱਠੀ ਕਰ ਜਵਾਨ ਸੰਗੀਤਕਾਰ। ਗਾਇਕ ਰੁਪਿਨ ਕਾਹਲੋਂ ਦੇ ਸੰਗੀਤ 'ਚ ਚੋਟੀ ਦੇ ਗਾਇਕ 'ਰੁਪਿਨ ਦੀ ਟੇਪ-1' ਨਾਲ ਸਰੋਹਿਆਂ ਸਨਮੁੱਖ ਹਾਜਿਰ ਕਰ ਦਰਸਾ ਦਿੱਤਾ ਹੈ ਕਿ ਸੰਗੀਤ ਜਗਤ ਦਾ ਬਾਦਸ਼ਾਹ ਉਹ ਬਣੇਗਾ। ਕੰਵਰ ਗਰੇਵਾਲ, ਸੁਦੇਸ਼ ਕੁਮਾਰੀ, ਮਨਜੀਤ ਪੱਪੂ, ਰੁਪਿੰਦਰ ਹਾਂਡਾ, ਮਨਜੀਤ ਸਹੋਤਾ, ਰਜੀਆ, ਸ਼ਿੰਦਾ ਮੁਲਤਾਨੀ, ਪੁਰੀ ਸਾਅਬ, ਸੈਮ ਗਿੱਲ ਤੇ ਰੁਪੇਨ ਕਾਹਲੋਂ ਦੇ ਗਾਣੇ ਸੁਣ ਅਨੰਦ ਆਇਗਾ ਤੇ ਇਹ ਗਾਣੇ ਹੋ ਸਕਦਾ ਹੈ ਕਿ ਕੱਲ੍ਹ ਨੂੰ ਕਿਸੇ ਫਿਲਮ ਦੀ ਸ਼ਾਨ ਬਣ ਜਾਣ।

## ਅਮਰਪਾਲ ਸਾਊ ਨਿਰਦੇਸ਼ਕ

ਅਮਰਪਾਲ ਕੋਲ ਵੀਡਿਊ ਗਾਣੇ ਵੀ ਚੋਟੀ ਦੇ ਕਲਾਕਾਰਾਂ ਦੇ ਹਨ ਤੇ ਫ਼ਿਲਮ 'ਹਾਸੇ ਦਾ ਮੜ੍ਹਾਸਾ' ਉਹ ਵੱਡੇ ਪੱਧਰ ਤੇ ਕਰ ਰਿਹਾ ਹੈ। ਕਦੇ ਸਾਨੀਆ ਪੰਨੂ ਨੇ ਕਿਹਾ ਸੀ ਕਿ ਅਮਰਪਾਲ ਸਾਊ ਨਿਰਦੇਸ਼ਕ ਹੈ। ਹਰ ਸਿਤਾਰਾ

# • ਪੰਜਾਬੀ ਫ਼ਿਲਮ ਦਰਪਣ •




ਚਾਹੇ ਕੁਝ ਵੀ ਕਹੇ ਉਸਦੀ ਪ੍ਰਤਿਭਾ ਤੇ ਸ਼ੱਕ ਨਹੀਂ ਹੈ। ਅੱਜ ਬਲਕਾਰ ਅਣਖੀਲਾ, ਅੰਮ੍ਰਿਤਾ ਸੇਚੀ, ਗੁਰਦੀਪ ਸੰਧੂ, ਸੁਰਿੰਦਰ ਫਰਿਸ਼ਤਾ ਸਾਰੇ ਅਮਰਪਾਲ ਦੇ ਕੰਮ ਦੀ ਤਾਰੀਫ ਕਰ ਰਹੇ ਹਨ। ਹੀਰੋਇਨਾਂ ਅਕਸਰ ਕਹਿੰਦੀਆਂ ਹਨ ਕਿ ਕੰਮ ਲਈ ਝਿੜਕਾਂ ਵੀ ਸਾਊਪਣ ਹੈ।

## ਗੁਰਲੀਨ ਚੋਪੜਾ ਅੱਤ ਦਾ ਗਲੈਮਰ



'ਬਾਗੀ', 'ਦੇਸੀ ਮੁੰਡੇ' ਵਾਲੀ ਨਾਇਕਾ ਗੁਰਲੀਨ ਚੋਪੜਾ ਦਾ ਗਲੈਮਰ ਦੇਖ ਕਿ ਸਾਊਥ ਇੰਡਸਟਰੀ ਹੈਰਾਨ ਹੈ। ਪਾਲੀਵੁੱਡ ਦੰਗ ਰਹਿ ਗਈ ਜਦ ਉਸਦੀਆਂ ਅੱਤ ਗਲੈਮਰਜ ਤਸਵੀਰਾਂ ਦੇਖੀਆਂ। ਖੈਰ ਜਿਸਮ ਰੱਬ ਦੀ ਦੇਣ ਹੈ ਤੇ ਜੇ ਖੇਤਰ ਦੀ ਗਲੈਮਰਜ ਹੈ ਤਾਂ ਫਿਰ ਕੰਮ ਲੈਣ ਲਈ ਦਿਖਾਉਣ 'ਚ ਕੀ ਹਰਜ ਹੈ। ਪ੍ਰਿਅੰਕਾ ਚੋਪੜਾ ਅਜਿਹਾ ਕਰ ਸਕਦੀ ਹੈ ਤਾਂ ਫਿਰ ਗੁਰਲੀਨ ਚੋਪੜਾ ਨੂੰ ਵੀ ਪੂਰਾ-ਪੂਰਾ ਹੱਕ ਹੈ, ਸੋਹਣੇ ਗਲੈਮਰ ਦਿਖਾਉਣਗੇ।

## ਅਮਰ ਨੂਰੀ ਬੋਲੀ ਵਾਹ ਦੀਪਕ ਬਾਲੀ



ਦੇਰ ਬਾਅਦ ਦੀਪਕ ਬਾਲੀ ਨੂੰ ਅਮਰ ਨੂਰੀ ਮਿਲੀ ਤਾਂ ਹੋਟਲ 'ਸੁੱਖ ਮਹਿਲ' ਦੀ ਤਰਤੀਬ ਦੇਖ ਇਸਦੇ ਪਲਾਨਰ ਦੀਪਕ ਬਾਲੀ ਦੀ ਤਾਰੀਫ ਇਝ ਨਾ ਰਹੀ ਤੇ ਕਿਹਾ ਕਿ ' ਵਾਰਿਸ ਭਰਾਂਵਾਂ' ਦਾ 'ਧਰਮੀ ਖੂਨ' ਦੀਪਕ ਬਾਲੀ ਮਾਂ ਬੋਲੀ ਦਾ ਪਹਿਰੇਦਾਰ ਹੈ, ਸਰਹੱਦ ਤੇ ਗਾਇਕੀ ਦੇ ਦੀਪ ਜਗਾਉਂਦਾ ਹੈ ਤੇ ਸਿਆਸਤ 'ਚ ਲੋਕ ਸੇਵਕ ਦੇ ਨਾਲ ਭਾਸ਼ਾ ਸਲਾਹਕਾਰ ਦਿੱਲੀ ਸਰਕਾਰ ਬਣ ਦੀਪਕ ਬਾਲੀ ਸੰਗੀਤ, ਪੰਜਾਬੀ ਫਿਲਮਾਂ ਲਈ ਨਵੇਂ ਮੌਕੇ ਪੈਦਾ ਕਰੇਗਾ।

## ਦਲੇਰ ਮਹਿਤਾ 'ਤਬਾਹੀ' ਲਿਆਏਗਾ

ਦਿਨ ਸਟਾਰ ਬਣਨ ਦੇ ਦਲੇਰ ਮਹਿਤਾ ਦੇ ਆ ਗਏ ਹਨ। 'ਮਸੰਦ' ਨੇ 'ਪਛਤਾਵਾ', ਲੰਬੜਦਾਰ' ਬਣੇ ਦਲੇਰ ਨੂੰ ਦਲੇਰ ਕੀਤਾ ਤੇ ਹੁਣ 'ਤਬਾਹੀ' ਨਾਲ ਉਹ ਸਟਾਰ ਬਣਨ ਵਾਲਾ ਹੈ। 'ਰੰਗ ਬਰੰਗੀ' ਵੈਬ-ਸੀਰੀਜ ਉਸਨੇ ਕੀਤੀ



ਹੈ। ਦੋ ਹੋਰ ਫਿਲਮਾਂ ਵੀ ਉਸ ਪਾਸ ਹਨ। ਖਾਸ ਗੱਲ ਕਿ ਇਕਬਾਲ ਢਿੱਲੋਂ ਦੀ ਥਾਪੀ ਉਸਨੂੰ ਜਰੂਰ ਮੰਜਲ ਤੇ ਪਹੁਚਾ ਦੇਵੇਗੀ। ਦਲੇਰ ਮਹਿਤਾ ਦਾ ਕੈਰੀਅਰ ਚਮਕਣ ਵਾਲਾ ਹੈ।

## 'ਲੰਬੜਾਂ ਦਾ ਲਾਣਾ'



ਤਾਜ ਨਿਰਦੇਸ਼ਕ ਜਵਾਨ ਹੈ। ਸੋਚ ਜਵਾਨ ਹੈ ਪਰ ਵਿਰਾਸਤ ਦੇ ਨਾਲ ਪੰਜਾਬੀਅਤ ਦਾ ਗਿਆਨੀ ਹੈ। ਸਾਰਾ ਗੁਰਪਾਲ ਤੇ ਬਬਲ ਰਾਏ ਨੂੰ ਲੈ ਕਿ ਬਣਾਈ ਗਈ ਉਸਦੀ ਫਿਲਮ 'ਲੰਬੜਾਂ ਦਾ ਲਾਣਾ' ਆ ਰਹੀ ਹੈ। ਨਿਰਮਲ ਰਿਸ਼ੀ, ਟਾਟਾ ਬੈਨੀਪਾਲ, ਅਨੀਤਾ ਦੇਵਗਨ, ਗੁਰਪ੍ਰੀਤ ਭੰਗੂ ਜਿਹੇ ਸਟਾਰ ਤਾਜ ਦੇ ਫਿਲਮੀ 'ਲਾਣੇ' ਦਾ ਹਿੱਸਾ ਹਨ। 'ਲੰਬੜਾਂ ਦਾ ਲਾਣਾ' ਨਾਲ ਤਾਜ ਕਾਮਯਾਬੀ ਦਾ 'ਤਾਜ' ਪਹਿਨੇਗਾ।


ਅੰਮ੍ਰਿਤ ਪਵਾਰ

# 'ਤੀਸਰੀ ਖਿੜਕੀ' ਦੇ ਉਹਲੇ ਛੁਪੀਆਂ ਕਹਾਣੀਆਂ ਨੂੰ ਨਿਹਾਰਦੀਆਂ ਆਲੋਚਨਾਤਮਕ ਕਲਮਾਂ ਦਾ ਸੁਮੇਲ

**ਰਵਿੰਦਰ ਸਿੰਘ ਸੋਢੀ**
001-604-369-2371
ਰਿਚਮੰਡ, ਕੈਨੇਡਾ



ਨਿੱਤ ਦਿਹਾੜੇ ਸੂਰਜ ਦੀ ਲਾਲੀ ਚੜ੍ਹਦਿਆਂ ਹੀ ਨਵੀਆਂ ਪੰਜਾਬੀ ਪ੍ਰਕਾਸ਼ਿਤ ਪੁਸਤਕਾਂ ਦੀ ਆਮਦ ਸ਼ੁਰੂ ਹੋ ਜਾਂਦੀ ਹੈ। ਕੁਝ ਪੁਰਾਣੇ ਅਤੇ ਬਹੁਤੇ ਨਵੇਂ ਲੇਖਕਾਂ ਦੀਆਂ ਕਿਤਾਬਾਂ ਪਾਠਕਾਂ ਦੇ ਹੁੰਗਾਰੇ ਦੀ ਆਸ ਵਿਚ ਰੰਗ ਬਿਰੰਗੇ ਸਵਰਕਾਂ ਦੀ ਓਟ ਵਿਚੋਂ ਕੋਈ ਹਾਂ-ਪੱਖੀ ਹੁੰਗਾਰਾ ਭਾਲਦੀਆਂ ਹਨ। ਨਵੇਂ ਪੁਰਾਣੇ ਅਖਬਾਰ, ਮੈਗਜ਼ੀਨ, ਆਨ ਲਾਈਨ ਅਖਬਾਰਾਂ ਵਿਚ ਕੁਝ ਕੁ ਪੁਸਤਕਾਂ ਦੀ ਚਰਚਾ ਵੀ ਹੁੰਦੀ ਹੈ ਅਤੇ ਅੰਤਲੇ ਸ਼ਬਦ ਅਜਿਹੀਆਂ ਪੁਸਤਕਾਂ ਨੂੰ 'ਪੰਜਾਬੀ ਸਾਹਿਤ ਵਿਚ ਹੋਏ ਨਿਗਰ ਵਾਧੇ' ਅਤੇ 'ਸਵਾਗਤ ਕਰਨਾ ਬਣਦਾ ਹੈ' ਵਰਗੇ ਵਾਕਾਂ ਨਾਲ ਖਤਮ ਹੁੰਦੀਆਂ ਹਨ। ਪਰ ਕਦੇ ਕਦਾਈਂ ਹੀ ਅਜਿਹੀਆਂ ਸਾਹਿਤਕ ਕਿਰਤਾਂ ਦੀ ਆਮਦ ਹੁੰਦੀ ਹੈ ਜੋ ਵੱਖ-ਵੱਖ ਆਲੋਚਕਾਂ ਦੀ ਆਲੋਚਨਾਤਮਕ ਦ੍ਰਿਸ਼ਟੀ ਦੇ ਮਾਪਦੰਡਾਂ ਦੀ ਸੰਤੁਸ਼ਟੀ ਕਰਨ ਤੋਂ ਬਾਅਦ ਹੀ ਆਪਣੇ ਪੱਖ ਵਿਚ ਕੁਝ ਸ਼ਬਦ ਲਿਖਵਾਉਣ ਵਿਚ ਕਾਮਯਾਬ ਹੁੰਦੀਆਂ ਹਨ। ਅਜਿਹੀ ਹੀ ਇਕ ਪੁਸਤਕ "ਤੀਸਰੀ ਖਿੜਕੀ" (ਨਿਰੰਜਣ ਬੋਹਾ) ਦੀ 2022 ਵਿਚ ਸਾਹਮਣੇ ਆਈ। ਨਿਰੰਜਣ ਬੋਹਾ ਨੇ ਭਾਵੇਂ ਆਪਣਾ ਇਹ ਕਹਾਣੀ ਸੰਗ੍ਰਹਿ ਤਕਰੀਬਨ ਬਾਈ ਸਾਲ ਦੇ ਵਕਫੇ ਬਾਅਦ ਪੰਜਾਬੀ ਸਾਹਿਤ ਦੀ ਝੋਲੀ ਪਾਇਆ, ਪਰ ਇਸ ਸਮੇਂ ਦੌਰਾਨ ਉਹ ਗਲਪ ਦੀਆਂ ਪੁਸਤਕਾਂ ਸੰਬੰਧੀ ਵਿਸਥਾਰ ਵਿਚ ਚਰਚਾ ਕਰਨ ਵਾਲੇ ਆਲੋਚਕ ਵੱਜੋਂ ਕ੍ਰਿਆਸ਼ੀਲ ਰਿਹਾ ਹੈ ਅਤੇ ਯੂ ਟਿਊਬ ਦੇ ਆਪਣੇ ਚੈਨਲ ਤੇ ਵੀ ਚਰਚਾ ਕਰਦਾ ਰਿਹਾ ਹੈ। ਇਸ ਦਾ ਭਾਵ ਹੈ ਕਿ ਉਸ ਦੀਆਂ ਮੌਲਿਕ ਕਹਾਣੀਆਂ ਲੰਬੇ ਸਮੇਂ ਤੱਕ ਉਸ ਦੇ ਅੰਦਰ ਸਮੁੰਦਰ ਦੀਆਂ ਲਹਿਰਾਂ ਵਾਂਗ ਉਛਾਲੇ ਮਾਰਦੀਆਂ ਰਹੀਆਂ ਅਤੇ ਜਦੋਂ ਚੰਗੀ ਤਰਾਂ ਰਿੜਕੀਆਂ ਗਈਆਂ ਫੇਰ ਹੀ ਸ਼ਬਦਾਂ ਦਾ ਜਾਮਾ ਪਹਿਨ ਕੇ ਪ੍ਰਗਟ ਹੋਈਆਂ।




ਪ੍ਰਸਤੁਤ ਪੁਸਤਕ 'ਨਿਰੰਜਣ ਬੋਹਾ ਦੇ ਕਹਾਣੀ ਸੰਗ੍ਰਹਿ 'ਤੀਸਰੀ ਖਿੜਕੀ' ਦਾ ਸਮਾਜਿਕ ਪਰਿਪੇਖ', ਡਾ. ਰਾਜਬਿੰਦਰ ਕੌਰ ਵੱਲੋਂ ਸੰਪਾਦਿਤ ਕੀਤੀ ਗਈ ਹੈ, ਜਿਸ ਵਿਚ 'ਤੀਸਰੀ ਖਿੜਕੀ' ਸੰਬੰਧੀ ਅਠਾਰਾਂ ਆਲੋਚਕਾਂ ਨੇ ਵੱਖ-ਵੱਖ ਅਖਬਾਰਾਂ, ਮੈਗਜ਼ੀਨਾਂ ਵਿਚ ਆਪਣੇ ਜੋ ਵਿਚਾਰ ਪ੍ਰਗਟਾਏ ਹਨ, ਉਹਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਕਿਸੇ ਪੁਸਤਕ ਸੰਬੰਧੀ ਐਨੇ ਆਲੋਚਕਾਂ ਵੱਲੋਂ ਆਲੋਚਨਾਤਮਕ ਲੇਖ ਲਿਖੇ ਜਾਣਾ ਆਪਣੇ-ਆਪ ਵਿਚ ਹੀ ਇਕ ਵਿਸ਼ੇਸ਼ ਪ੍ਰਾਪਤੀ ਹੈ। ਇਹਨਾਂ ਪ੍ਰਬੁੱਧ ਆਲੋਚਕਾਂ ਵਿਚੋਂ ਕੁਝ ਹਨ-ਡਾ. ਰਾਜਬਿੰਦਰ ਕੌਰ, ਡਾ. ਹਰਜਿੰਦਰ ਸਿੰਘ, ਡਾ. ਕੁਲਦੀਪ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਅਮਰਜੀਤ ਕੌਂਕੇ, ਪ੍ਰੋ. ਗੁਰਦੀਪ ਸਿੰਘ ਢਿਲੋਂ, ਡਾ. ਚੰਦਰ ਪ੍ਰਕਾਸ਼, ਡਾ. ਪਰਗਟ ਸਿੰਘ ਟਿਵਾਣਾ, ਡਾ. ਹਰਿੰਦਰ ਸਿੰਘ, ਰਵਿੰਦਰ ਸਿੰਘ ਸੋਢੀ, ਜਗਦੀਸ਼ ਰਾਏ ਕੁਲਰੀਆ ਆਦਿ। ਇਸ ਪੁਸਤਕ ਵਿਚ ਦਰਜ ਕੁਝ ਲੇਖ, ਰੀਵਿਊਆਂ ਦੀ ਸੀਮਾਂ ਪਾਰ ਕਰਦੇ ਹੋਏ 'ਆਲੋਚਨਾਤਮਕ ਪੇਪਰਾਂ ਦੀ ਸ਼੍ਰੇਣੀ ਵਿਚ ਪ੍ਰਵੇਸ਼ ਕਰ ਗਏ ਹਨ, ਜਿਸ ਤੋਂ ਇਹ ਤੱਥ ਉਜਾਗਰ ਹੁੰਦਾ ਹੈ ਕਿ ਵਿਚਾਰ ਅਧੀਨ ਕਹਾਣੀ ਸੰਗ੍ਰਹਿ ਇਕ ਆਮ ਕਹਾਣੀ ਸੰਗ੍ਰਹਿ ਨਾ ਹੋ ਕੇ ਆਪਣੇ ਵਿਸ਼ਿਆਂ, ਪਾਤਰਾਂ, ਪੇਸ਼ਕਾਰੀ ਅਤੇ ਸਮੁੱਚੇ ਪ੍ਰਭਾਵ ਕਾਰਨ ਵਿਸ਼ੇਸ਼ ਸਾਹਿਤਕ ਕਿਰਤ ਦੀ ਫ਼ਹਿਰਸਤ ਵਿਚ ਸ਼ਾਮਲ ਹੁੰਦਾ ਹੈ।

ਕਮਾਲ ਦੀ ਗੱਲ ਇਹ ਹੈ ਕਿ ਸਾਰੇ ਆਲੋਚਕਾਂ ਨੇ ਹੀ ਇਸ ਪੁਸਤਕ ਦੀ ਸਮੀਖਿਆ ਵੱਖੋ-ਵੱਖ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਇਸ ਦਾ ਭਾਵ ਹੈ ਕਿ ਡਾ. ਰਾਜਬਿੰਦਰ ਦੀ ਇਹ ਪੁਸਤਕ ਪੜ੍ਹ ਕੇ 'ਤੀਸਰੀ ਖਿੜਕੀ' ਦੇ ਅਠਾਰਾਂ ਪੱਖ ਪਾਠਕਾਂ ਦੇ ਸਨਮੁੱਖ ਹੁੰਦੇ ਹਨ। ਆਪਣੀਆਂ ਕਹਾਣੀਆਂ ਨੂੰ ਇਸ ਤਰਾਂ ਦੀ ਵਿਸ਼ਾਲਤਾ ਪ੍ਰਦਾਨ ਕਰਨ ਲਈ ਕਹਾਣੀਕਾਰ ਨਿਰੰਜਣ ਬੋਹਾ ਪੰਜਾਬੀ ਕਹਾਣੀ ਸਾਹਿਤ ਵਿਚ ਇਕ ਵੱਖਰੇ ਮੁਕਾਮ ਤੇ ਪਹੁੰਚ ਗਿਆ ਹੈ। ਕੁਝ ਆਲੋਚਨਾਤਮਕ ਲੇਖਾਂ ਦੇ ਸਿਰਲੇਖ ਦੇਖ ਕੇ ਉਪਰੋਕਤ ਕਥਨ ਦੀ ਸਚਾਈ ਨੂੰ ਪਰਖਿਆ ਜਾ ਸਕਦਾ ਹੈ-- ਰਿਸ਼ਤਾ ਨਾਤਾ ਪ੍ਰਬੰਧ ਪ੍ਰਤੀ ਯਥਾਰਥਕ ਦ੍ਰਿਸ਼ਟੀਕੋਣ ਦੀ ਤਰਜਮਾਨੀ ਕਰਦਾ ਕਹਾਣੀ ਸੰਗ੍ਰਹਿ, ਨਿਰੰਜਣ ਬੋਹਾ ਦੇ ਕਹਾਣੀ 'ਤੀਸਰੀ ਖਿੜਕੀ' 'ਚੋ ਝਾਕਦੀਆਂ ਪਰਿਵਾਰਕ ਪ੍ਰਸਥਿਤੀਆਂ, ਤਿੜਕ ਰਹੇ ਰਿਸ਼ਤਿਆਂ ਦੀ ਜੜ੍ਹ ਪਹਿਚਾਣਦਾ ਕਥਾ ਕੈਨਵਸ, ਪੰਜਾਬੀ ਕਹਾਣੀ ਵਿਚ ਨਵੀਂ ਕਿਸਮ ਦੀ ਚੇਤਨਾ ਤੇ ਵਿਹਾਰ ਦੀ ਨਿਸ਼ਾਨਦੇਹੀ ਕਰਦਾ ਕਹਾਣੀ ਸੰਗ੍ਰਹਿ, 'ਤੀਸਰੀ ਖਿੜਕੀ' ਦਾ ਮੂਲ ਪਛਾਣਦਿਆਂ, ਨਾਰੀ ਮਨ ਦੀ ਸੰਵੇਦਨਾਤਮਕ ਪਰਤ, ਮਨੁੱਖੀ ਕਿਰਦਾਰਾਂ ਨੂੰ ਅੰਦਰੋਂ ਤੇ ਬਾਹਰੋਂ ਚਿਤਰਦੀਆਂ ਕਹਾਣੀਆਂ, 'ਤੀਸਰੀ ਖਿੜਕੀ' : ਆਲੋਚਨਾਤਮਕ ਅਧਿਐਨ ਆਦਿ। ਇਹ ਪਰਚੇ ਸਮਕਾਲੀ ਸਾਹਿਤ, ਮੁਹਾਂਦਰਾ, ਆਬਰੂ, ਕਹਾਣੀਧਾਰਾ, ਸਿਰਜਣਾ, ਕਲਾਕਾਰ, ਆਪਣੀ ਅਵਾਜ਼, ਮੇਲਾ, ਪੰਜ ਦਰਿਆ, ਗੁਫਤ-ਗੂ, ਸ਼ਬਦ ਤ੍ਰਿਜੰਣ ਮੈਗਜ਼ੀਨਾਂ ਤੋਂ ਇਲਾਵਾ ਨਵਾਂ ਜ਼ਮਾਨਾਂ, ਦੇਸ਼ ਸੇਵਕ, ਪੰਜਾਬੀ ਜਾਗਰਣ, ਪੰਜਾਬ ਟਾਈਮਜ਼ (ਯੂ ਐਸ ਏ), ਪੰਜਾਬ ਟਾਈਮਜ਼ (ਯੂ ਕੇ) ਅਤੇ ਹੋਰ ਕਈ ਪੇਪਰਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਪੁਸਤਕ ਦੀ ਸੰਪਾਦਕ ਡਾ. ਰਾਜਬਿੰਦਰ ਕੌਰ ਨੇ ਪ੍ਰਵੇਸ਼ਕਾ ਵਿਚ ਨਿਰੰਜਣ ਬੋਹਾ ਦੀ ਕਹਾਣੀਕਲਾ ਤੇ ਚਰਚਾ ਹੀ ਨਹੀਂ ਕੀਤੀ ਬਲਕਿ ਪੁਸਤਕ ਵਿਚ ਦਰਜ ਸਾਰੇ ਲੇਖਾਂ ਦਾ ਸਮੁੱਚਾ ਨਿਚੋੜ ਵੀ ਪੇਸ਼ ਕੀਤਾ ਹੈ। ਉਸ ਨੇ ਕਹਾਣੀਕਾਰ ਸੰਬੰਧੀ ਇਕ ਬਹੁਤ ਹੀ ਸਾਰਥਿਕ ਟਿਪਣੀ ਕੀਤੀ ਹੈ, "ਇਸ ਕਹਾਣੀ ਸੰਗ੍ਰਹਿ ਰਾਹੀਂ ਉਸ ਨੇ ਸਾਡੇ ਰਿਸ਼ਤਾ ਪ੍ਰਬੰਧ ਦੀਆਂ ਅਨੇਕਾ ਮਹੀਨ ਪਰਤਾਂ ਨੂੰ ਬਹੁਤ ਹੀ ਸਹਿਜਤਾ, ਸੁਹਿਰਦਤਾ, ਸੰਜੀਦਗੀ ਤੇ ਸੂਹਜ ਨਾਲ ਫਰੋਲਿਆ ਹੈ। ਇਕ ਪਾਸੇ ਉਹ ਸਾਡੇ ਸਮਾਜਿਕ ਪ੍ਰਬੰਧ ਦੀਆਂ ਰੂੜੀਵਾਦੀ ਕੀਮਤਾਂ ਤੇ ਠੋਸ ਹਕੀਕਤਾਂ ਤੇ ਚਾਨਣਾ ਪਾਉਂਦਾ ਹੈ ਤਾਂ ਦੂਜੇ ਪਾਸੇ ਇਹਨਾਂ ਰਸਮਾਂ-ਭਿੱਥਾਂ ਦੇ ਬਦਲ ਪੇਸ਼ ਕਰਦਿਆਂ ਨਵਾਂ ਨਰੋਇਆ ਸਮਾਜ ਸਿਰਜਣ ਦੀ ਗੱਲ ਵੀ ਕਰਦਾ ਹੈ।" ਇਹ ਪੁਸਤਕ ਪੜ੍ਹ ਕੇ ਨਿਰੰਜਣ ਬੋਹਾ ਦੀ ਕਹਾਣੀ ਕਲਾ ਨੂੰ ਚੰਗੀ ਤਰਾਂ ਸਮਝਿਆ ਜਾ ਸਕਦਾ ਹੈ। ਸਾਹਿਬਦੀਪ ਪਬਲੀਕੇਸ਼ਨ, ਭਿੱਖੀ ਵੱਲੋਂ 137ਪੰਨਿਆਂ ਦੀ ਇਸ ਪੁਸਤਕ ਦਾ ਮੁੱਲ 300 ਰੁਪਏ ਹੈ।

# ਨਛੱਤਰ ਗਿੱਲ ਦਾ ਗਲਾਸਗੋ ਸ਼ੋਅ ਯਾਦਗਾਰੀ ਹੋ ਨਿੱਬੜਿਆ







ਗਲਾਸਗੋ, (ਹਰਜੀਤ ਸਿੰਘ ਦੁਸਾਂਝ ਪੁਆਦੜਾ)-ਬੀਤੇ ਦਿਨ ਪੰਜਾਬੀ ਦੇ ਪ੍ਰਸਿੱਧ ਗਾਇਕ ਨਛੱਤਰ ਗਿੱਲ ਦਾ ਪੰਜਾਬੀ ਸ਼ੋਅ ਗਲਾਸਗੋ ਦੇ ਗਲੀਅ ਕਲੱਬ ਵਿੱਚ ਕਰਵਾਇਆ ਗਿਆ। ਦੋ ਦਹਾਕਿਆਂ ਦੇ ਵੱਧ ਸਮੇਂ ਤੋਂ ਪੰਜਾਬੀਆਂ ਦੇ ਦਿਲਾਂ 'ਤੇ ਆਪਣੀ ਗਾਇਕੀ ਨਾਲ ਰਾਜ ਕਰਨ ਵਾਲੇ ਨਛੱਤਰ ਗਿੱਲ ਨੇ ਸ਼ੋਅ ਦੀ ਸ਼ੁਰੂਆਤ ਅਰਦਾਸ ਫ਼ਿਲਮ ਦੇ ਗੀਤ ਦਾਤਾ ਜੀ ਨਾਲ ਕੀਤੀ। ਇਸ ਤੋਂ ਬਾਅਦ ਉਹਨਾਂ ਨੇ ਆਪਣੇ ਗੀਤਾਂ ਦਿਲ ਦਿੱਤਾ ਨਹੀ ਸੀ, ਪਿੱਛੋ ਵਾਜ ਮਾਰੀ ਆ, ਬਿੱਲੋ ਤੇਰੇ ਨਖ਼ਰੇ ਨੇ, ਮਹਿੰਗਾ ਪਿਆ ਕਨੇਡਾ, ਤਾਰਿਆਂ ਦੀ ਲੋਏ, ਸ਼ਿਕਰਾ ਯਾਰ, ਮਿੱਟੀ ਦਿਆ ਬਾਵਿਆ, ਵਾਅਦਿਆਂ ਤੋਂ ਮੁੱਕਰੀ, ਤੇਰਾ ਹਾਸਾ ਹੋ ਗਿਆ, ਅੱਖੀਆ 'ਚ ਪਾਣੀ, ਛੱਡ ਕੇ ਨਾ ਜਾ, ਸੀਨੇ ਵਿੱਚ ਠੰਡ ਪੈਣ ਦੇ ਆਦਿ ਨਵੇਂ ਪੁਰਾਣੇ ਗੀਤਾਂ ਦੀ ਝੜੀ ਲਾ ਦਿੱਤੀ ਅਤੇ ਖਚਾਖਚ ਭਰੇ ਹਾਲ ਵਿੱਚ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਿਆ। ਸਰੋਤਿਆਂ ਨੇ ਤਾੜੀਆਂ ਦੇ ਨਾਲ ਨਾਲ ਵਾਰ ਵਾਰ ਪਸੰਦੀਦਾ ਗੀਤਾਂ 'ਤੇ ਖੜੇ ਹੋ ਕੇ ਦਾਦ ਵੀ ਦਿੱਤੀ। ਸ਼ੋਅ ਦੇ ਪ੍ਰਬੰਧਕਾਂ ਸੋਢੀ ਬਾਗੜੀ ਅਤੇ ਨਵਜੋਤ ਗੋਸਲ ਨੇ ਕਿਹਾ ਇਹ ਇੱਕ ਯਾਦਗਾਰੀ ਅਖਾੜਾ ਹੋ ਨਿੱਬੜਿਆ ਅਤੇ ਇਸ ਅਖਾੜੇ ਨੂੰ ਕਾਮਯੋਗ ਬਣਾਉਣ ਲਈ ਸੰਜੀਦਗੀ ਨਾਲ ਸੁਣਨ ਲਈ ਧੰਨਵਾਦ ਕੀਤਾ।

ਸਟੇਜ ਸੰਚਾਲਨ ਦੇ ਫਰਜ ਸ਼ਿੰਦਾ ਸੁਰੀਲਾ ਕਾਵੈਂਟਰੀ ਨੇ ਵਾਖੂਬੀ ਨਿਭਾਏ।

## ਵਿਸ਼ਵ ਦੇ ਮਹਾਨ ਖਿਡਾਰੀ

# ਮੈਡਲਾਂ ਦਾ ਬੋਹਲ ਲਾਉਣ ਵਾਲਾ ਮਹਿੰਦਰ ਸਿੰਘ ਗਿੱਲ

ਪ੍ਰਿੰ. ਸਰਵਣ ਸਿੰਘ




ਓਲੰਪੀਅਨ ਮਹਿੰਦਰ ਸਿੰਘ ਗਿੱਲ ਕਮਾਲ ਦਾ ਟ੍ਰਿਪਲ ਜੰਪਰ ਸੀ। ਮੈਂ ਉਸ ਦੇ ਸ਼ਬਦ ਚਿੱਤਰ ਦਾ ਸਿਰਲੇਖ 'ਹੀਰਾ ਹਿਰਨ' ਰੱਖਿਆ ਸੀ। ਸ਼ੌਕੀਨ ਏਨਾ ਸੀ ਕਿ ਉਸ ਨੂੰ 'ਅਲਸੀ ਦਾ ਫੁੱਲ ਵੀ ਕਹਿਣਾ ਪੈਂਦਾ ਸੀ। ਉਸ ਨੇ ਕੌਮੀ ਤੇ ਕੌਮਾਂਤਰੀ ਮੀਟਾਂ 'ਚੋਂ 100 ਤੋਂ ਵੱਧ ਮੈਡਲ ਜਿੱਤੇ ਹਨ। ਸਮਝ ਲਓ ਟਰਾਫੀਆਂ ਤੇ ਮੈਡਲਾਂ ਦਾ ਬੋਹਲ ਲਾ ਦਿੱਤਾ ਹੈ। ਇਕ ਵਾਰ ਉਸ ਨੇ ਵਿਸ਼ਵ ਰਿਕਾਰਡ ਨਵਿਆ ਦਿੱਤਾ ਸੀ ਪਰ ਪਿਛਲੀ ਹਵਾ ਦੀ ਗਤੀ ਰਤਾ ਵੱਧ ਹੋਣ ਕਾਰਨ ਉਸ ਰਿਕਾਰਡ ਨੂੰ ਮਾਨਤਾ ਨਹੀਂ ਮਿਲ ਸਕੀ। ਉਸ ਨੇ 52 ਮੈਡਲ ਉੱਤਰੀ ਅਮਰੀਕਾ ਤੇ ਯੂਰਪ ਦੀਆਂ ਮੀਟਾਂ 'ਚੋਂ ਜਿੱਤੇ ਤੇ ਏਨੇ ਹੀ ਹੋਰਨਾਂ ਕੌਮਾਂਤਰੀ ਮੀਟਾਂ 'ਚੋਂ ਮਾਠੇ। ਟ੍ਰਿਪਲ ਜੰਪ ਲਾਉਣ ਦੇ ਸਭ ਤੋਂ ਵੱਧ ਮੈਡਲ ਜਿੱਤਣ ਦਾ ਭਾਰਤੀ ਰਿਕਾਰਡ ਕਈ ਸਾਲ ਉਹਦੇ ਨਾਂ ਰਿਹਾ। ਫਿਰ ਵੀ ਉਹਦੀ ਓਨੀ ਮਸ਼ਹੂਰੀ ਨਹੀਂ ਹੋਈ ਜਿੰਨੀ ਦਾ ਉਹ ਹੱਕਦਾਰ ਸੀ।

ਇੱਕ ਸਮਾਂ ਸੀ ਜਦੋਂ ਮਹਿੰਦਰ ਸਿੰਘ ਦੇ ਨਾਂ ਅੰਤਰਰਾਸ਼ਟਰੀ ਮੀਟਾਂ ਦੇ 19 ਰਿਕਾਰਡ ਸਨ। ਉਸ ਨੇ ਏਸ਼ਿਆਈ ਖੇਡਾਂ ਤੇ ਏਸ਼ਿਆਈ ਅਥਲੈਟਿਕਸ ਮੀਟਾਂ ਵਿੱਚੋਂ ਇਕ ਚਾਂਦੀ ਤੇ ਦੋ ਸੋਨੇ ਦੇ ਤਗ਼ਮੇ ਜਿੱਤੇ ਸਨ। ਕਾਮਨਵੈਲਥ ਖੇਡਾਂ ਵਿੱਚੋਂ ਵੀ ਇਕ ਚਾਂਦੀ ਤੇ ਇੱਕ ਤਾਂਬੇ ਦਾ ਤਗ਼ਮਾ ਜਿੱਤਿਆ ਸੀ। ਟੈਕਸਾਸ ਦੀ ਇਕ ਮੀਟ ਵਿੱਚ 56 ਫੁੱਟ ਸਾਢੇ 4 ਇੰਚ ਤੀਹਰੀ ਛਾਲ ਲਾਈ ਸੀ ਜਿਸ ਨਾਲ ਉਹ ਵਿਸ਼ਵ ਦਾ ਚੋਟੀ ਦਾ ਅਥਲੀਟ ਗਿਣਿਆ ਗਿਆ ਸੀ। 1971 ਦੀਆਂ ਪ੍ਰੀ-ਓਲੰਪਿਕ ਖੇਡਾਂ ਵਿੱਚ ਉਹ ਏਸ਼ੀਆ ਦਾ ਇੱਕੋ ਇੱਕ ਅਥਲੀਟ ਸੀ ਜੋ ਚਾਂਦੀ ਦਾ ਤਗਮ ਜਿੱਤ ਸਕਿਆ।

ਅਮਰੀਕਾ 'ਚ ਉਹ ਪੰਜ ਸਾਲ ਸਭ ਤੋਂ ਮੂਹਰੇ ਰਿਹਾ। ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਉਸ ਨੇ 15 ਵਾਰ ਭਾਰਤ ਦੀ ਨੁਮਾਇੰਦਗੀ ਕੀਤੀ। ਏਸ਼ੀਆ, ਅਮਰੀਕਾ ਤੇ ਯੂਰਪ ਦੀਆਂ ਮੀਟਾਂ 'ਚ 75 ਮੁਕਾਬਲਿਆਂ 'ਚ ਸ਼ਾਮਲ ਹੋਇਆ ਤੇ ਮੈਡਲ ਜਿੱਤੇ। 1972 ਵਿੱਚ ਮਿਊਨਖ਼ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਭਾਰਤੀ ਅਥਲੈਟਿਕ ਟੀਮ ਦਾ ਕਪਤਾਨ ਸੀ। 1965 ਤੋਂ 75 ਤੱਕ ਉਸ ਦੇ ਸੁਨਹਿਰੀ ਦਿਨ ਸਨ। ਉਹ ਵਿਸ਼ਵ ਪੱਧਰ ਦਾ ਟ੍ਰਿਪਲ ਜੰਪਰ ਸੀ। ਉਸ ਨੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦਾ ਸਿਖਿਆਰਥੀ ਹੁੰਦਿਆਂ ਅਮਰੀਕਾ ਦੀਆਂ ਨੈਸ਼ਨਲ ਮੀਟਾਂ 'ਚੋਂ ਤੀਹਰੀ ਛਾਲ ਦੀਆਂ ਪੰਜ ਚੈਂਪੀਅਨਸ਼ਿਪਾਂ ਜਿੱਤੀਆਂ ਅਤੇ ਉਹ ਵੀ ਨਵੇਂ ਰਿਕਾਰਡਾਂ ਨਾਲ। ਉਹ ਭਾਰਤ ਦਾ ਇੱਕੋ ਇੱਕ ਅਥਲੀਟ ਸੀ ਜੀਹਨੇ 1971 ਵਿੱਚ ਪ੍ਰੀ ਓਲੰਪਿਕ ਖੇਡਾਂ 'ਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਕਾਮਨਵੈਲਥ ਖੇਡਾਂ 'ਚੋਂ ਵੀ ਦੋ ਮੈਡਲ ਜਿੱਤੇ। 1961 'ਚ ਜਲੰਧਰ ਵਿਖੇ ਇੰਡੋ-ਜਰਮਨ ਅਥਲੈਟਿਕਸ ਮੀਟ ਵੇਖ ਕੇ ਹੀ ਉਹ ਅਥਲੈਟਿਕਸ ਕਰਨ ਲੱਗਾ ਸੀ।

ਪਹਿਲਾਂ ਉਹ ਵਾਲੀਬਾਲ ਖੇਡਿਆ ਫਿਰ ਤੀਹਰੀਆਂ ਛਾਲਾਂ ਲਾਉਣ ਲੱਗਾ। 1961 ਤੋਂ 64 ਤਕ ਭਾਰਤੀ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣਦਾ ਰਿਹਾ। ਸਕੂਲੀ ਮੁਕਾਬਲਿਆਂ





'ਚ ਉਹ ਚਾਰ ਈਵੈਂਟ ਹਾਈ ਜੰਪ, ਲੌਂਗ ਜੰਪ, ਟ੍ਰਿਪਲ ਜੰਪ ਤੇ 110 ਮੀਟਰ ਹਰਡਲਜ਼ ਦੌੜ ਵਿੱਚ ਵੀ ਭਾਗ ਲੈ ਲੈਂਦਾ ਸੀ। 1964 'ਚ ਉਹ ਸਪੋਰਟਸ ਸਕਾਲਰਸ਼ਿਪ ਨਾਲ ਕੁਰਸ਼ੇਤਰ ਯੂਨੀਵਰਸਿਟੀ ਵਿੱਚ ਦਾਖਲ ਹੋਇਆ ਤੇ ਯੂਨੀਵਰਸਿਟੀ ਵੱਲੋਂ 6 ਇੰਟਰਵਰਸਿਟੀ ਮੈਡਲ ਜਿੱਤੇ। 2 ਮੈਡਲ ਇੰਡੋ-ਰਸ਼ੀਅਨ ਮੀਟਾਂ 'ਚੋਂ, 1 ਮੈਡਲ ਇੰਡੋ-ਜਰਮਨ ਮੀਟ 'ਚੋਂ ਤੇ 2 ਏਸ਼ੀਅਨ ਟ੍ਰੈਕ ਚੈਂਪੀਅਨਸ਼ਿਪਾਂ 'ਚੋਂ ਜਿੱਤੇ। ਨਾਲ ਨੈਸ਼ਨਲ ਰਿਕਾਰਡ ਵੀ ਨਵਿਆਏ। 1967 ਵਿੱਚ ਵਰਲਡ ਸਟੂਡੈਂਟਸ ਗੇਮਜ਼ ਟੋਕੀਓ ਵਿਖੇ ਉਹ ਅਮਰੀਕੀ ਕੋਚ ਟੌਮੀ ਸਮਿੱਥ ਦੇ ਸੰਪਰਕ 'ਚ ਆਇਆ ਜਿਸ ਨੇ ਸਪੋਰਟਸ ਸਕਾਲਰਸ਼ਿਪ ਦੁਆ ਕੇ ਉਸ ਨੂੰ ਕੈਲੀਫੋਰਨੀਆ ਦੀ ਯੂਨੀਵਰਸਿਟੀ 'ਚ ਪੁਚਾਇਆ। ਉਸ ਨੇ 8 ਮਈ 1971 ਨੂੰ ਫਰਿਜ਼ਨੋ ਵੈਸਟ ਕੋਸੇ ਰਿਲੇਅਜ਼ ਵਿੱਚ 55 ਫੁੱਟ ਤੋਂ ਵੱਧ ਛਾਲ ਲਾਈ ਜੋ ਅਮਰੀਕਾ ਦੀ ਧਰਤੀ 'ਤੇ ਦੂਜੀ ਸਭ ਤੋਂ ਲੰਮੀ ਤੀਹਰੀ ਛਾਲ ਸੀ। 1972 'ਚ ਉਸ ਨੇ 57 ਫੁੱਟ ਸਾਢੇ 5 ਇੰਚ ਤੀਹਰੀ ਛਾਲ ਲਾਈ ਜੋ ਫਾਊਲ ਮੰਨੀ ਗਈ। ਉਸ ਨੇ ਆਸਟਰੀਆ, ਜਰਮਨੀ, ਸਪੇਨ, ਇਟਲੀ, ਲੰਡਨ ਦੀਆਂ ਮੀਟਾਂ 'ਚ ਵੀ ਨਵੇਂ ਰਿਕਾਰਡ ਰੱਖੇ।

ਉਸ ਦਾ ਕੱਦ 6 ਫੁੱਟ ਹੈ ਤੇ ਭਾਰ 163 ਪੌਂਡ ਹੁੰਦਾ ਸੀ। ਉਹ 100 ਗਜ਼ ਦੌੜ 9.4 ਸੈਕੰਡ ਵਿੱਚ ਦੌੜ ਲੈਂਦਾ ਸੀ। ਵੇਟ ਟ੍ਰੇਨਿੰਗ, ਭਾਰੀ ਵਜ਼ਨ ਨਾਲ ਕਰਦਾ। 300 ਪੌਂਡ ਦੀ ਪੂਰੀ ਤੇ 600 ਪੌਂਡ ਦੀ ਅੱਧੀ ਬੈਠਕ ਮਾਰਦਾ ਸੀ। ਯੂਨੀਵਰਸਿਟੀ ਆਫ਼ ਰੈੱਡਲੈਂਡਜ਼ ਕੈਲੀਫੋਰਨੀਆਂ ਤੋਂ ਬਿਜ਼ਨੈੱਸ ਮੈਨਜਮੈਂਟ ਦੀ ਮਾਸਟਰ ਡਿਗਰੀ ਕਰਦਿਆਂ 1976 'ਚ ਉਹ ਸਰਗਰਮ ਛਾਲਾਂ ਤੋਂ ਰਿਟਾਇਰ ਹੋ ਗਿਆ ਤੇ ਮੋਹਿੰਦਰਾ ਸਪੋਰਟਿੰਗ ਗੁੱਡਜ਼ ਦਾ ਬਿਜ਼ਨੈੱਸ ਸ਼ੁਰੂ ਕਰ ਲਿਆ। ਉਹ ਹਾਕੀ ਸਟਿੱਕਾਂ, ਖੇਡ ਪੁਸ਼ਾਕਾਂ ਤੇ ਬਾਲਾਂ ਦੇ ਕੰਟੇਨਰ ਮੰਗਵਾਉਂਦਾ ਤੇ ਭਾਰਤੀ ਅਥਲੀਟਾਂ ਦੀ ਸਕਾਲਰਸ਼ਿਪ ਦੁਆਉਣ 'ਚ ਮਦਦ ਕਰਦਾ ਰਿਹਾ।

ਪਿੱਛੇ ਜਹੇ ਅਸੀਂ ਕੈਲੀਫੋਰਨੀਆ ਗਏ। ਪਤਾ ਲੱਗਾ ਕਿ ਮਹਿੰਦਰ ਸਿੰਘ ਗਿੱਲ ਫਰਿਜ਼ਨੋ ਨੇੜੇ ਟਰਲੱਕ ਸ਼ਹਿਰ 'ਚ ਰਹਿ ਰਿਹੈ। ਸਾਡਾ ਮੇਜ਼ਬਾਨ ਕਹਿਣ ਲੱਗਾ, "ਉਹ ਏਥੋਂ ਨੇੜੇ ਈ ਆ, ਆਖੋ ਤਾਂ ਗੱਲ ਕਰਾਵਾਂ?"

ਮਹਿੰਦਰ ਨਾਲ ਫੋਨ ਮਿਲਾ ਕੇ ਉਸ ਨੇ ਮੈਨੂੰ ਫੜਾ ਦਿੱਤਾ। ਉਹੀ ਚਾਲੀ ਸਾਲ ਪਹਿਲਾਂ ਵਰਗੀ ਆਵਾਜ਼ ਸੁਣਾਈ ਦਿੱਤੀ। ਮੈਂ ਪੁੱਛਿਆ, "ਕੀ ਹਾਲ ਐ ਹੁਣ ਅਲਸੀ ਦੇ ਫੁੱਲ ਦਾ?" ਉਹ ਪਹਿਲਾਂ ਵਾਲਾ ਹਾਸਾ ਹੱਸਿਆ ਤੇ ਆਖਣ ਲੱਗਾ, "ਅਲਸੀ ਦਾ ਫੁੱਲ ਤਾਂ ਹੁਣ ਕੁਮਲਾਇਆ ਪਿਐ। ਬਾਕੀ ਆ ਕੇ ਦੇਖ ਲਿਓ।"

ਉਥੋਂ ਅੱਧੇ ਪੌਣੇ ਘੰਟੇ ਦਾ ਰਾਹ ਸੀ। ਅਸੀਂ ਕਾਰ ਮਹਿੰਦਰ ਸਿੰਘ ਦੇ ਸ਼ਹਿਰ ਟਰਲੱਕ ਨੂੰ ਤੋਰ ਲਈ ਤੇ ਦਿਨ ਛਿਪਣ ਨਾਲ ਉਹਦੇ ਖੁੱਲ੍ਹੇ ਡੁੱਲ੍ਹੇ ਘਰ ਜਾ ਪਹੁੰਚੇ। ਉਸ ਨੇ ਉਡੀਕ ਵਿੱਚ ਬਾਹਰਲਾ ਦਰ ਖੋਲ੍ਹ ਰੱਖਿਆ ਸੀ ਤੇ ਸਵਿਮਿੰਗ ਪੂਲ ਦੁਆਲੇ ਕੁਰਸੀਆਂ ਡਾਹੀ ਬੈਠਾ ਸੀ। ਤੜਕੇ ਦੀ ਮਹਿਕ ਫੁੱਲਾਂ ਦੀ ਮਹਿਕ ਉੱਤੋਂ ਦੀ ਹੋਈ ਪਈ ਸੀ। ਵੇਲਾਂ ਬੂਟਿਆਂ ਨੂੰ ਲੱਗੇ ਰੰਗ ਬਰੰਗੇ ਫੁੱਲ ਟਹਿਕ ਰਹੇ ਸਨ। ਪੂਲ ਦਾ ਨਿਰਮਲ ਪਾਣੀ ਹਵਾ ਤੇ ਚਾਨਣ ਨਾਲ ਝਿਲਮਿਲ-ਝਿਲਮਲ ਕਰ ਰਿਹਾ ਸੀ।

ਮੈਥੋਂ 7 ਸਾਲ ਛੋਟੇ ਮਹਿੰਦਰ ਨੂੰ ਮੈਂ ਨੀਝ ਨਾਲ ਵੇਖਿਆ। ਉਹੀ ਛਾਂਗਵੀਂ ਦਾੜ੍ਹੀ, ਨਿੱਕੀਆਂ ਮੁੱਛਾਂ ਤੇ ਹੱਸਦੀਆਂ ਅੱਖਾਂ। ਗੋਰਾ ਰੰਗ ਤੇ ਚਿੱਟੇ ਦੰਦ। ਮੁਸਕਰਾਹਟ ਵੀ ਪਹਿਲਾਂ ਵਰਗੀ ਲੁਭਾਉਣੀ। ਕੁਮਲਾਅ ਜਾਣ ਵਾਲੀ ਕੋਈ ਗੱਲ ਨਹੀਂ ਸੀ। ਅਸੀਂ ਸਾਲਾਂ ਬਾਅਦ ਮਿਲੇ ਸਾਂ ਇਸ ਲਈ ਗੱਲਾਂ ਅਜਿਹੀਆਂ



ਤੁਰੀਆਂ ਕਿ ਡੂੰਘੀ ਰਾਤ ਤਕ ਤੁਰੀਆਂ ਹੀ ਗਈਆਂ। ਉਥੇ ਉਹ 'ਮਹਿੰਦਰ ਸਪੋਰਟਸ ਇੰਕ ਨਾਂਅ ਦਾ ਸਪੋਰਟਸ ਸਟੋਰ ਚਲਾ ਰਿਹਾ ਸੀ।

ਉਸ ਦਾ ਜਨਮ 12 ਅਪਰੈਲ 1947 ਨੂੰ ਜਲੰਧਰ ਨੇੜੇ ਪਿੰਡ ਫੋਲੜੀਵਾਲ ਵਿੱਚ ਸ. ਧੰਨਾ ਸਿੰਘ ਦੇ ਘਰ ਮਾਤਾ ਨਸੀਬ ਕੌਰ ਦੀ ਕੁੱਖੋਂ ਹੋਇਆ ਸੀ। ਉਨ੍ਹਾਂ ਦਾ ਪਿਛਲਾ ਪਿੰਡ ਜਮਸ਼ੇਰ ਸੀ। ਜਮਸ਼ੇਰ ਤੋਂ ਉਸ ਨੇ ਅੱਠ ਜਮਾਤਾਂ ਪਾਸ ਕੀਤੀਆਂ ਤੇ ਵਾਲੀਬਾਲ ਦੀ ਖੇਡ ਦੇ ਸਿਰ 'ਤੇ ਨੌਵੀਂ 'ਚ ਸਪੋਰਟਸ ਸਕੂਲ ਜਲੰਧਰ ਵਿੱਚ ਦਾਖਲ ਹੋਇਆ। ਉਹਨੀਂ ਦਿਨੀਂ ਉਹ ਤੇ ਉਹਦੇ ਸਾਥੀ ਤੜਕੇ ਤਿੰਨ ਵਜੇ ਉੱਠ ਖੜ੍ਹਦੇ। ਕਦੇ ਨਹਿਰ ਦੀ ਪਟੜੀ ਤੇ ਕਦੇ ਰੇਤੇ ਉਤੇ ਦੌੜਨ ਲੱਗਦੇ। ਇੱਕੋ ਲੱਤ ਉਤੇ ਜੰਪ ਲੈਂਦਿਆਂ ਗਰਾਊਂਡ ਦਾ ਗੇੜਾ ਲਾਉਂਦੇ। ਉਸ ਅਭਿਆਸ ਨੇ ਮਹਿੰਦਰ ਸਿੰਘ ਦੀਆਂ ਲੱਤਾਂ 'ਚ ਲੋਹੜੇ ਦੀ ਤਾਕਤ ਭਰ ਦਿੱਤੀ। ਉਥੇ ਉਹ ਆਲ ਇੰਡੀਆ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣ ਗਿਆ।

1964 'ਚ ਉਸ ਨੇ ਹਾਇਰ ਸੈਕੰਡਰੀ ਪਾਸ ਕੀਤੀ ਤੇ ਕੁਰਸ਼ੇਤਰ ਯੂਨੀਵਰਸਿਟੀ ਦੇ ਸਪੋਰਟਸ ਕੋਟੇ ਵਾਲੇ ਕਾਲਜ ਵਿੱਚ ਦਾਖਲ ਹੋ ਗਿਆ। ਮੈਂ ਉਦੋਂ ਦਿੱਲੀ ਯੂਨੀਵਰਸਿਟੀ ਦਾ ਅਥਲੀਟ ਸਾਂ। ਐੱਮਏ ਕਰ ਕੇ ਮੈਂ ਕੁਰਸ਼ੇਤਰ ਯੂਨੀਵਰਸਿਟੀ ਵਿੱਚ ਗਿਆ ਤਾਂ ਉਥੇ ਛੇ ਫੁੱਟਾ ਸ਼ੁਕੀਨ ਜੁਆਨ ਵੇਖਿਆ। ਉਸ ਤੋਂ ਇੱਕ ਪ੍ਰੋਫੈਸਰ ਦਾ ਥਾਂ ਟਿਕਾਣਾ ਪੁੱਛਿਆ ਤਾਂ ਉਹ ਦੱਸ ਨਾ ਸਕਿਆ ਤੇ ਚੁੱਪਕੀਤਾ ਅੱਗੇ ਲੰਘ ਗਿਆ। ਸ਼ਾਮ ਨੂੰ ਮੈਂ ਟਰੈਕ 'ਚ ਗਿਆ ਤਾਂ ਪਤਾ ਲੱਗਾ ਕਿ ਜਿਹੜੇ ਸ਼ੁਕੀਨ ਜੁਆਨ ਨੂੰ ਦੁਪਹਿਰੇ ਮਿਲਿਆ ਸਾਂ ਉਹ ਟ੍ਰਿਪਲ ਜੰਪਰ ਮਹਿੰਦਰ ਸਿੰਘ ਹੀ ਸੀ ਜੀਹਦੀਆਂ ਅਖ਼ਬਾਰਾਂ ਵਿੱਚ ਸੁਰਖ਼ੀਆਂ ਲੱਗਣ ਲੱਗ ਪਈਆਂ ਸਨ।

1966 ਦੀ ਗੱਲ ਹੈ। ਦਿੱਲੀ ਦੇ ਰੇਲਵੇ ਸਟੇਡੀਅਮ ਵਿੱਚ ਉਹ ਇਕ ਰੂਸੀ ਖਿਡਾਰਨ ਨਾਲ ਗੱਲਾਂ ਕਰ ਰਿਹਾ ਸੀ। ਉਹਦਾ ਨਾਂਅ ਓਲਗਾ ਸੀ ਜਾਂ ਉਲੇਨਾ, ਪੱਕਾ ਯਾਦ ਨਹੀਂ। ਉਹ ਇਕ ਖੂੰਜੇ ਖੜ੍ਹੇ ਕਾਫੀ ਦੇਰ ਘੁਸਰ ਮੁਸਰ ਕਰਦੇ ਰਹੇ। ਪਤਾ ਨਹੀਂ ਕਿਹੜਾ ਕਿੱਸਾ ਸੀ ਜੋ ਮੁੱਕਣ ਵਿਚ ਨਹੀਂ ਸੀ ਆ ਰਿਹਾ। ਅਖ਼ੀਰ ਰੂਸੀ ਕੁੜੀ ਨੂੰ ਉਹਦੇ ਟੀਮ ਮੈਨੇਜਰ ਨੇ ਸੱਦ ਲਿਆ ਤੇ

**ਬਾਕੀ ਹਿਸਾ ਸਫਾ 61 ਤੇ ਪੜ੍ਹੋ**

# ਭਾਰਤੀ ਹਾਕੀ ਟੀਮ ਨੇ ਓਲੰਪਿਕ ਵਿਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਦਰਬਾਰ ਸਾਹਿਬ ਵਿਖੇ ਕੀਤੇ ਦਰਸ਼ਨ

## ✪ ਸ਼੍ਰੋਮਣੀ ਕਮੇਟੀ ਨੇ ਕੀਤਾ ਸਨਮਾਨਿਤ, ਸਿਖ ਖਿਡਾਰੀਆਂ ਦੀ ਮਦਦ ਦਾ ਕੀਤਾ ਐਲਾਨ

ਅੰਮ੍ਰਿਤਸਰ-ਪੈਰਿਸ ਓਲੰਪਿਕ ਵਿਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਭਾਰਤੀ ਪੁਰਸ਼ ਹਾਕੀ ਟੀਮ ਬੀਤੇ ਦਿਨੀਂ ਅੰਮ੍ਰਿਤਸਰ ਪਹੁੰਚੀ। ਅੰਮ੍ਰਿਤਸਰ ਹਵਾਈ ਅੱਡੇ 'ਤੇ ਭਾਰਤੀ ਖਿਡਾਰੀਆਂ ਦਾ ਢੋਲ-ਢਮਕੇ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ 10 ਖਿਡਾਰੀ ਹਨ। ਜਿਨ੍ਹਾਂ ਦੇ ਮਾਪੇ ਵੀ ਉਨ੍ਹਾਂ ਨੂੰ ਰਿਸੀਵ ਕਰਨ ਲਈ ਏਅਰਪੋਰਟ ਪਹੁੰਚੇ। ਭਾਰਤੀ ਟੀਮ ਦੇ ਖਿਡਾਰੀ ਆਉਂਦਿਆਂ ਹੀ ਸਿੱਧੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਗਏ। ਜਿੱਥੇ ਉਨ੍ਹਾਂ ਗੁਰੂਘਰ ਵਿੱਚ ਮੱਥਾ ਟੇਕਿਆ ਅਤੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਾਕੀ ਖਿਡਾਰੀਆਂ ਨੂੰ ਦਰਬਾਰ ਸਾਹਿਬ ਦੇ ਸੁਨਿਹਰੀ ਮਾਡਲ, ਧਾਰਮਿਕ ਪੁਸਤਕਾਂ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਾਡੇ ਲਈ ਫ਼ਖਰ ਵਾਲੀ ਗੱਲ ਹੈ ਕਿ ਜਦੋਂ ਵੀ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਭਰਵੀਂ ਸ਼ਮੂਲੀਅਤ ਰਹੀ ਹੈ ਤਾਂ ਟੀਮ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਪੈਰਿਸ ਓਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜਿੱਤਣਾ ਵੀ ਉਨ੍ਹਾਂ ਵਿੱਚੋਂ ਇੱਕ ਹੈ। ਉਨ੍ਹਾਂ ਹਾਕੀ ਖਿਡਾਰੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦਿਆਂ ਭਵਿੱਖ ਵਿੱਚ ਹੋਰ



ਵੱਡੀਆਂ ਪ੍ਰਾਪਤੀਆਂ ਲਈ ਅਰਦਾਸ ਵੀ ਕੀਤੀ। ਉਨ੍ਹਾਂ ਕਿਹਾ ਕਿ ਟੀਮ ਵਿੱਚ ਸ਼ਾਮਲ ਪੰਜਾਬ ਦੇ ਖਿਡਾਰੀਆਂ ਨੇ ਲੰਮੇ ਅਰਸੇ ਤੋਂ ਬਾਅਦ ਪੰਜਾਬ ਦੇ ਹਾਕੀ ਨਾਲ ਸਬੰਧਤ ਇਤਿਹਾਸ ਨੂੰ ਦੁਹਰਾਇਆ ਹੈ। ਐਡਵੋਕੇਟ ਧਾਮੀ ਨੇ ਨੌਜਵਾਨਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਦੇਸ਼ ਦੀ ਹਾਕੀ ਟੀਮ ਵਿੱਚ ਵੱਡੀ ਗਿਣਤੀ ਪੰਜਾਬੀ ਖਿਡਾਰੀਆਂ ਤੋਂ ਉਹ ਪ੍ਰੇਰਣਾ ਲੈਣ ਅਤੇ ਖੇਡਾਂ ਵਿੱਚ ਅੱਗੇ ਆਉਣ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਹਮੇਸ਼ਾ ਖਿਡਾਰੀਆਂ ਨੂੰ ਉਤਸ਼ਾਹਤ ਕਰਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਪੰਜਾਬ ਤੇ ਸਿੱਖਾਂ ਦਾ ਮਾਣ ਵਧਾਉਣ ਵਾਲੇ ਨੌਜਵਾਨਾਂ ਦੀ ਹੌਸਲਾ ਅਫਜਾਈ ਕੀਤੀ ਜਾਂਦੀ ਰਹੇਗੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਭਾਰਤੀ ਹਾਕੀ ਟੀਮ ਲਈ ਖੇਡੇ ਸਾਬਤ ਸੂਰਤ ਗੁਰਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਦਾ ਜ਼ਿਕਰ ਕਰਦਿਆਂ ਸਿੱਖ ਪਰਿਵਾਰਾਂ ਨਾਲ ਸਬੰਧਤ ਖਿਡਾਰੀਆਂ ਨੂੰ ਆਪਣੇ ਸਿੱਖੀ ਸਰੂਪ ਬਰਕਰਾਰ ਰੱਖਣ ਦੀ ਪ੍ਰੇਰਣਾ ਵੀ ਕੀਤੀ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਉਹ ਟੀਮ ਦੇ ਖਿਡਾਰੀਆਂ ਨਾਲ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਵਡਭਾਗਾ ਮਹਿਸੂਸ ਕਰਦੇ ਹਨ। ਉਨ੍ਹਾਂ ਕਿ ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਹੀ ਟੀਮ ਵੱਲੋਂ ਇਹ ਪ੍ਰਾਪਤੀ ਸੰਭਵ ਹੋ ਸਕੀ ਹੈ ਅਤੇ ਉਨ੍ਹਾਂ ਟੀਮ ਲਈ ਭਵਿੱਖ ਅੰਦਰ ਹੋਰ ਬਿਹਤਰ ਪ੍ਰਦਰਸ਼ਨ ਦੀ ਅਰਦਾਸ ਕੀਤੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਤਿਕਾਰ ਤੇ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ।

### ਭਾਰਤੀ ਹਾਕੀ ਟੀਮ ਦੇ ਇਹ ਖਿਡਾਰੀ ਹੋਏ ਨਤਮਸਤਕ

ਦਰਬਾਰ ਸਾਹਿਬ ਵਿਖੇ ਸ਼ੁਕਰਾਨੇ ਲਈ ਪੁੱਜੇ ਭਾਰਤੀ ਹਾਕੀ ਟੀਮ ਦੇ ਨੌਂ ਖਿਡਾਰੀਆਂ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਮਨਦੀਪ ਸਿੰਘ, ਹਾਰਦਿਕ ਸਿੰਘ, ਸੁਖਜੀਤ ਸਿੰਘ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਜੁਗਰਾਜ ਸਿੰਘ ਸ਼ਾਮਲ ਸਨ। ਇਸ ਤੋਂ ਇਲਾਵਾ ਟੀਮ ਦੇ ਕੋਚ ਤੇ ਖਿਡਾਰੀਆਂ ਦੇ ਪਰਿਵਾਰਕ ਮੈਂਬਰ ਵੀ ਉਨ੍ਹਾਂ ਦੇ ਨਾਲ ਸਨ।ਇਸ ਤੋਂ ਬਾਅਦ ਭਾਰਤੀ ਹਾਕੀ ਟੀਮ ਨੇ ਨੈਸ਼ਨਲ ਸਟੇਡੀਅਮ ਦਾ ਦੌਰਾ ਕੀਤਾ ਅਤੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਨੂੰ ਸ਼ਰਧਾਂਜਲੀ ਭੇਟ ਕੀਤੀ।

ਪੰਜਾਬ ਦੇ ਮੰਤਰੀ ਕੁਲਦੀਪ ਧਾਲੀਵਾਲ ਹਾਕੀ ਖਿਡਾਰੀਆਂ ਨਾਲ। ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਹਰਭਜਨ ਸਿੰਘ ਈਟੀਓ ਖਿਡਾਰੀਆਂ ਨਾਲ ਮੌਜੂਦ ਸਨ।

---

### 60 ਸਫ਼ੇ ਦੀ ਬਾਕੀ

ਮਹਿੰਦਰ ਡੋਲਦਾ ਜਿਹਾ ਸਾਡੇ ਕੋਲ ਆ ਗਿਆ। 'ਕਲਹਿਰੀ ਮੋਰ ਜਰਨੈਲ ਸਿੰਘ ਨੇ ਪੁੱਛਿਆ, "ਬਣੀ ਗੱਲ ?"

ਮਹਿੰਦਰ ਗਿੱਲ ਨੇ ਕਿਹਾ, "ਕਿਹੜੀ ?"

"ਓਇ ਓਹੀ।" ਜਰਨੈਲ ਸਿੰਘ ਨੇ ਮਚਲਾ ਬਣਦਿਆਂ ਕਿਹਾ।

"ਓਇ ਜਾਣ ਦਿਓ। ਉਹ ਤਾਂ ਅਸੀਂ ਈਵੈਂਟ ਦੀਆਂ ਗੱਲਾਂ ਕਰਦੇ ਸੀ। ਐਵੇਂ ਹੱਥਾਂ 'ਤੇ ਉਂਗਲਾਂ ਜੀਆਂ ਮਾਰੀ ਗਈ। ਆਪਾਂ ਨੂੰ ਕਿਹੜਾ ਰੂਸੀ ਸਮਝ ਆਉਂਦੀ ਆ ? ਆਹ ਫੋਟੋ ਦੇ ਗਈ ਆ ਜਾਂਦੀ ਹੋਈ। ਪਤਾ ਨੀ ਇਹਦੇ 'ਤੇ ਕੀ ਲਿਖਿਆ ?" ਗੱਲਾਂ ਕਰਦਿਆਂ ਉਹਦਾ ਮੂੰਹ ਸੰਗ ਨਾਲ ਸੂਹਾ ਹੋਈ ਜਾ ਰਿਹਾ ਸੀ। ਸਾਥੀ ਉਹਨੂੰ ਦੇਰ ਤਕ ਛੇੜਦੇ ਰਹੇ।

ਸਪੋਰਟਸ ਸਕੂਲ ਜਲੰਧਰ ਵਿੱਚ ਭਾਵੇਂ ਉਹ ਵਾਲੀਬਾਲ ਦੇ ਖਿਡਾਰੀ ਵਜੋਂ ਦਾਖ਼ਲ ਹੋਇਆ ਸੀ ਪਰ ਛੇਤੀ ਹੀ ਅਥਲੈਟਿਕਸ ਵੱਲ ਆ ਗਿਆ ਸੀ। ਪਹਿਲੇ ਹੀ ਦਿਨ ਉਸ ਨੇ 41 ਫੁੱਟ ਹਾਪ ਸਟੈੱਪ ਐਂਡ ਜੰਪ ਕੀਤਾ। ਸਕੂਲ 'ਚ ਪੜ੍ਹਦਿਆਂ ਉਹ 48 ਫੁੱਟ ਸਾਢੇ 4 ਇੰਚ ਤੀਹਰੀ ਛਾਲ ਲਾ ਗਿਆ ਸੀ। ਉਹਦੇ ਸਰੀਰ ਵਿਚ ਲਚਕ ਸੀ ਤੇ ਕੱਦ ਦੇ ਹਿਸਾਬ ਲੱਤਾਂ ਲੰਮੇਰੀਆਂ ਸਨ। ਉਹਦੀ ਹੋਣਹਾਰੀ ਵੇਖਦਿਆਂ ਅਖ਼ਬਾਰਾਂ 'ਚ ਉਹਦੇ ਨਾਂਅ ਦੀਆਂ ਸੁਰਖ਼ੀਆਂ ਲੱਗਣ ਲੱਗ ਪਈਆਂ ਸਨ।

ਕੁਰਕਸ਼ੇਤਰ ਯੂਨੀਵਰਸਿਟੀ 'ਚ ਉਸ ਨੇ ਪਹਿਲੇ ਸਾਲ ਹੀ ਭਾਰਤੀ ਯੂਨੀਵਰਸਿਟੀਆਂ ਦਾ ਰਿਕਾਰਡ ਰੱਖ ਦਿੱਤਾ ਸੀ। ਉਹ ਖੇਡਾਂ ਦੇ ਨਾਲ ਪੜ੍ਹਾਈ ਵਿੱਚ ਵੀ ਹੁਸ਼ਿਆਰ ਰਿਹਾ। ਇਕ ਇਮਿਤਹਾਨ ਵਿੱਚ ਤਾਂ ਉਹ ਯੂਨੀਵਰਸਿਟੀ 'ਚੋਂ ਦੂਜੇ ਨੰਬਰ 'ਤੇ ਆ ਗਿਆ ਸੀ। ਉਦੋਂ ਉਹ ਕਿਹਾ ਕਰਦਾ ਸੀ ਕਿ ਪੜ੍ਹਾਈ ਮੁਕਾ ਕੇ ਜਾਂ ਪ੍ਰੋਫੈਸਰ ਬਣਾਂਗਾ ਜਾਂ ਕੋਈ ਹੋਰ ਵੱਡਾ ਅਫਸਰ। ਕਦੇ ਕਦੇ ਉਹ ਕਹਿੰਦਾ ਸੀ ਕਿ ਮੈਂ ਚਾਹ ਦੇ ਬਾਗ਼ਾਂ ਦੀ ਨੌਕਰੀ ਕਰਾਂਗਾ। ਕਦੇ ਸੈਰ ਸਪਾਟੇ ਦੀਆਂ ਗੱਲਾਂ ਕਰਦਾ ਸੀ। ਉਹਦੇ ਪਿਤਾ ਦਾ ਉੜੀਸਾ ਤੇ ਬੰਗਾਲ ਵਿੱਚ ਟਰਾਂਸਪੋਰਟ ਦਾ ਕਾਰੋਬਾਰ ਸੀ। ਮਹਿੰਦਰ ਦੇ ਬਚਪਨ ਦਾ ਕੁਝ ਸਮਾਂ ਕਲਕੱਤੇ ਵਿੱਚ ਵੀ ਗੁਜ਼ਰਿਆ ਸੀ।

ਉਹ ਬੀਏ ਕਰ ਕੇ ਐੱਮਏ ਕਰਨ ਲੱਗਾ ਸੀ ਕਿ ਰੇਲਵੇ ਵਾਲਿਆਂ ਨੇ ਸਪੋਰਟਸ ਕੋਟੇ ਵਿੱਚ ਉਸ ਨੂੰ ਨੌਕਰੀ ਦੇ ਦਿੱਤੀ ਸੀ। ਪਰ ਉਹ ਨੌਕਰੀ ਛੇਤੀ ਹੀ ਛੱਡ ਕੇ ਉਸ ਨੇ ਜਮਸ਼ੇਦਪੁਰ ਟਿਸਕੋ ਵਾਲਿਆਂ ਦੀ ਪੇਸ਼ਕਸ਼ ਮਨਜ਼ੂਰ ਕਰ ਲਈ ਸੀ। ਉਹ 1966 ਦੀਆਂ ਏਸ਼ਿਆਈ ਖੇਡਾਂ ਲਈ ਭਾਰਤੀ ਟੀਮ ਵਿੱਚ ਚੁਣਿਆ ਗਿਆ ਸੀ। ਫਿਰ 1970 ਤੇ 74 ਦੀਆਂ ਏਸ਼ਿਆਈ ਤੇ ਕਾਮਨਵੈਲਥ ਖੇਡਾਂ 'ਚੋਂ ਭਾਰਤ ਲਈ ਤਮਗ਼ੇ ਜਿੱਤੇ। ਭਾਰਤ ਤੇ ਏਸ਼ੀਆ ਦਾ ਰਿਕਾਰਡ ਵੀ ਕੁਝ ਸਮਾਂ ਉਹਦੇ ਨਾਂਅ ਰਿਹਾ।

ਇਕ ਵਾਰ ਮੂੰਹ ਹਨ੍ਹੇਰੇ ਉਹ ਕਰਾਸ ਕੰਟਰੀ ਲਾ ਰਿਹਾ ਸੀ। ਲਾਗਲੇ ਪਿੰਡ ਦਾ ਬੰਦਾ ਪੁੱਛਣ ਲੱਗਾ, "ਕੀ ਗੱਲ, ਪਿੰਡ ਪੁਲਿਸ ਪੈ ਗਈ ?" ਅਗਲੇ ਪਿੰਡ ਪਹੁੰਚਾ ਤਾਂ ਕੁੱਤੇ ਮਗਰ ਪੈ ਗਏ। ਉਸ ਨੇ ਦੱਸਿਆ, "ਹਨ੍ਹੇਰੇ ਸਵੇਰੇ ਦੌੜਦੇ ਸੀ ਤਾਂ ਦੂਜੇ ਪਿੰਡਾਂ ਵਾਲੇ ਕਹਿੰਦੇ ਬਈ ਇਹਨੂੰ ਕੀ ਬਣੀ ? ਪਾਥੀਆਂ ਪੱਥਦੀਆਂ ਕੁੜੀਆਂ ਪਾਥੀਆਂ ਪੱਟਣੋਂ ਹਟ ਜਾਂਦੀਆਂ ਤੇ ਖੜ੍ਹ ਖੜ੍ਹ ਦੇਖਦੀਆਂ। ਬੁੱਢੇ ਮੱਥਿਆਂ 'ਤੇ ਹੱਥ ਰੱਖ ਕੇ ਦੂਰ ਤਕ ਦੇਖਦੇ ਰਹਿੰਦੇ। ਉਹ ਸਮਝਦੇ ਜਾਂ ਤਾਂ ਬੰਦਾ ਡਰ ਕੇ ਦੌੜਦਾ ਜਾਂ ਕਿਸੇ ਬਹੁਤੇ ਜ਼ਰੂਰੀ ਕੰਮ ਹੌਂਕਣੀਆਂ ਚੜ੍ਹਾਉਂਦਾ। ਦੌੜਨ ਲਈ ਭਲਾ ਕੌਣ ਦੌੜਦੈ ?"

ਮਹਿੰਦਰ ਸਿੰਘ ਦੌੜਦਾ ਤਾਂ ਉਹਦੀ ਗਿੱਚੀ ਉਤਲੇ ਰੇਸ਼ਮੀ ਵਾਲ ਨਿੱਕੀਆਂ ਨਿੱਕੀਆਂ ਛਾਲਾਂ ਮਾਰਦੇ। ਜਦੋਂ ਛਾਲ ਲਾਉਂਦਾ ਤਾਂ ਪੈਰ ਤੋਂ ਹੀ ਤੇਜ਼ ਭੱਜਦਾ। ਤੀਹਰੀ ਛਾਲ ਲਾਉਂਦਿਆਂ ਉਹਦਾ ਹੌਪ ਲੰਮਾ ਹੁੰਦਾ, ਸਟੈੱਪ ਛੋਟਾ ਤੇ ਜੰਪ ਉਸ ਤੋਂ ਵੀ ਛੋਟਾ। ਜਦੋਂ ਉਹ 53 ਫੁੱਟ ਛਾਲ ਲਾਉਣ ਲੱਗਾ ਤਾਂ ਉਸ ਨੂੰ ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਵੱਲੋਂ ਪੜ੍ਹਾਈ ਤੇ ਖੇਡਾਂ ਦਾ ਸਕਾਲਰਸ਼ਿਪ ਮਿਲ ਮਿਲਿਆ। ਟਰਲੱਕ 'ਚ ਹੋਈ ਲੰਮੀ ਮੁਲਾਕਾਤ ਸਮੇਂ ਉਸ ਨੇ ਉਹ ਸਾਰੀਆਂ ਦੁਸ਼ਵਾਰੀਆਂ ਦੱਸੀਆਂ ਕਿ ਕਿਵੇਂ ਉਹ ਕੈਲੀਫੋਰਨੀਆ ਆਇਆ ਤੇ ਕਿਵੇਂ ਕੁਝ ਚਿਰ ਬੌਂਦਲਿਆ ਰਿਹਾ।

ਪਹਿਲਾਂ ਪਹਿਲ ਉਸ ਨੂੰ ਬੋਲੀ ਤੇ ਖਾਧ ਖੁਰਾਕ ਦੀਆਂ ਸਮੱਸਿਆਵਾਂ ਆਈਆਂ। ਨਾ ਉਸ ਨੂੰ ਕੋਚਾਂ ਦੀ ਭਾਸ਼ਾ ਸਮਝ ਆਉਂਦੀ ਨਾ ਅਮਰੀਕਨ ਖਾਣਾ ਸੁਆਦ ਲੱਗਦਾ। ਕੋਚਿੰਗ ਮਸ਼ੀਨੀ ਟਾਈਪ ਦੀ ਸੀ। ਕਦੇ ਕਦੇ ਉਥੋਂ ਭੱਜਣ ਨੂੰ ਦਿਲ ਕਰਦਾ। ਫਿਰ ਵੀ ਉਹ ਅਮਰੀਕਾ 'ਚ ਟ੍ਰੇਨਿੰਗ ਲੈਂਦਾ ਰਿਹਾ ਤੇ ਭਾਰਤ ਦੀ ਨੁਮਾਇੰਦਗੀ ਕਰਦਾ ਰਿਹਾ। 1972 ਦੀਆਂ ਓਲੰਪਿਕ ਖੇਡਾਂ 'ਚ ਭਾਗ ਲੈਣ ਲਈ ਉਹ ਤੇ ਕਮਲਜੀਤ ਸੰਧੂ ਅਮਰੀਕਾ ਤੋਂ ਹੀ ਮਿਊਨਖ਼ ਗਏ ਸਨ।

ਕੈਲੀਫੋਰਨੀਆ ਦੀ ਕੋਚਿੰਗ ਨਾਲ ਉਹਦੀ ਛਾਲ ਕਾਫੀ ਵਧ ਗਈ। ਵੱਡਾ ਫਾਇਦਾ ਇਹ ਹੋਇਆ ਕਿ ਉਥੇ ਉਸ ਦਾ ਵਿਆਹ ਹੋ ਗਿਆ ਤੇ ਅਮਰੀਕਨ ਬਣ ਗਿਆ। ਉਸ ਦਾ ਵਿਆਹ ਬੀਬੀ ਨਰਿੰਦਰ ਕੌਰ ਨਾਲ ਹੋਇਆ ਜਿਸ ਦਾ ਪੇਕਾ ਪਿੰਡ ਬਾਜੜਾ ਸੀ ਤੇ ਮਾਪੇ ਇੰਗਲੈਂਡ ਰਹਿੰਦੇ ਸਨ। ਉਹ ਵੀ ਪੜ੍ਹਨ ਲਈ ਅਮਰੀਕਾ ਆਈ ਸੀ। ਉਨ੍ਹਾਂ ਦਾ ਵਿਆਹ 1974 ਵਿੱਚ ਹੋਇਆ। ਉਨ੍ਹਾਂ ਦੇ ਇਕ ਪੁੱਤਰ ਹੈ ਤੇ ਦੋ ਧੀਆਂ ਹਨ। ਪੁੱਤਰ ਦਾ ਨਾਂਅ ਹਰਮਨ ਸਿੰਘ ਹੈ ਤੇ ਧੀਆਂ ਗੁਰਿੰਦਰ ਕੌਰ ਤੇ ਅਮਿਤ ਕੌਰ ਹਨ। ਨਰਿੰਦਰ ਕੌਰ ਸਵਰਗ ਸਿਧਾਰ ਗਈ ਹੈ। ਮਹਿੰਦਰ ਸਿੰਘ ਹੁਣ ਰਤਵਾੜਾ ਸਾਹਿਬ ਟ੍ਰੱਸਟ ਦਾ ਮੈਂਬਰ ਹੈ ਤੇ ਚੰਡੀਗੜ੍ਹ ਲਾਗੇ ਰਤਵਾੜਾ ਸਾਹਿਬ ਆਉਂਦਾ ਜਾਂਦਾ ਰਹਿੰਦਾ ਹੈ। ਉਹਦੇ ਘਰ ਬਾਬਾ ਵਰਿਆਮ ਸਿੰਘ ਜੀ ਤੇ ਉਨ੍ਹਾਂ ਦੀ ਸੁਪਤਨੀ ਦੀਆਂ ਆਦਮ ਕੱਦ ਤਸਵੀਰਾਂ ਲੱਗੀਆਂ ਹੋਈਆਂ ਹਨ।

ਕਿਥੇ ਉਹ ਦਿਨ ਤੇ ਕਿਥੇ ਆਹ ਦਿਨ ! ਮਹਿੰਦਰ ਸਿੰਘ ਗਿੱਲ 'ਅਲਸੀ ਦੇ ਫੁੱਲ ਤੋਂ ਸਾਧ ਸੰਤ ਬਣਨ ਦੇ ਰਾਹ ਪੈ ਗਿਆ ਲੱਗਦਾ ਹੈ। ਕੋਈ ਪਤਾ ਨਹੀਂ ਜਿੱਡਾ ਵੱਡਾ ਉਹ ਅਥਲੀਟ ਸੀ ਓਡਾ ਵੱਡਾ ਹੀ ਸੰਤ ਮਹਾਂਪੁਰਸ਼ ਬਣ ਜਾਵੇ। ਦੁਨੀਆ ਉਸ ਨੂੰ ਪੂਜਣ ਤੇ ਮੱਥੇ ਟੇਕਣ ਲੱਗ ਪਵੇ। ਤੇ ਕੀ ਪਤਾ ਮੈਨੂੰ ਉਹਦੇ ਬਾਰੇ ਲਿਖੇ ਜਾਣ ਵਾਲੇ ਕਿਸੇ ਹੋਰ ਸ਼ਬਦ ਚਿੱਤਰ ਦਾ ਸਿਰਲੇਖ 'ਸੰਤ ਬਾਬਾ ਮਹਿੰਦਰ ਸਿੰਘ ਜੀ ਰੱਖਣਾ ਪਵੇ ?

*principalsarwansingh@gmail.com*

* * * * * *

# ਆਜ਼ਾਦੀ ਦਿਹਾੜਾ : ਦੇਸ਼ ਦੀ ਵੰਡ ਲੱਖਾਂ ਲੋਕਾਂ ਦੇ ਕਤਲ ਅਤੇ ਉਜਾੜੇ ਦਾ ਕਾਰਨ ਬਣਿਆ

ਮੇਜਰ ਸਿੰਘ ਨਾਭਾ
ਮੋ. 9463553962





ਸ਼ਾਡੇ ਦੇਸ ਅੰਦਰ ਆਜ਼ਾਦੀ ਦਿਵਸ਼ ਹਰੇਕ ਸਾਲ ਪੰਦਰਾਂ ਅਗਸਤ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।ਆਜ਼ਾਦੀ ਪ੍ਰਾਪਤੀ ਕਰਨ ਲਈ ਜੋ ਇਨਸਾਨੀਅਤ ਦਾ ਨੀਚੇ ਪੱਧਰ ਉੱਪਰ ਜੋ ਲੂੰ ਕੰਡੇ ਖੜ੍ਹੇ ਕਰਨ ਵਾਲਾ ਘਾਣ ਹੋਇਆ ਉਸ ਬਾਰੇ ਬਹੁਤ ਸਾਰਾ ਲਿਖਿਆ ਗਿਆ ਹੈ ਪਰ ਬਹੁਤਾ ਲਿਖਿਆ ਨਹੀਂ ਜਾ ਸਕਿਆ, ਬਹੁਤਾ ਸ਼ਬਦਾਂ ਵਿਚ ਸਮਾ ਸਕਣ ਦੇ ਯੋਗ ਵੀ ਨਹੀਂ। ਬ੍ਰਿਟਿਸ਼ ਸਰਕਾਰ ਨੇ ਲਾਰਡ ਮਾਊਂਟਬੇਟਨ ਪਲਾਨ 3 ਜੂਨ 1947 ਨੂੰ ਜਿਹੜੀ ਕਿ ਦੇਸ਼ ਨੂੰ ਦੋ ਭਾਗਾਂ 'ਚ ਵੰਡਣ ਦੀ ਤਜ਼ਵੀਜ ਸੀ ਅਨਾਊਂਸ ਕਰ ਦਿੱਤੀ। ਦੇਸ਼ ਦੀ ਵੰਡ ਦਾ ਫੈਸ਼ਲਾ 1ਮਾਰਚ 1947 ਨੂੰ ਲਾਰਡ ਮਾਊਂਟਬੈਟਨ ਦੁਆਰਾ ਲਿਆ ਗਿਆ ਸੀ। ਪੰਜਾਬ ਅਤੇ ਬੰਗਾਲ ਨੂੰ ਵੰਡਣ ਲਈ ਸਰ ਰੈਡਕਲਿਫ ਦੀ ਅਗਵਾਈ ਵਿੱਚ ਬਾਊਂਡਰੀ ਕਮਿਸ਼ਨ ਸਥਾਪਤ ਕੀਤਾ ਗਿਆ। ਅੰਗਰੇਜ਼ਾਂ ਨੇ ਜਾਂਦੇ ਜਾਂਦੇ ਦੇਸ਼ ਨੂੰ ਧਰਮ ਦੇ ਨਾਂ ਤੇ ਵੰਡਣ ਦੀ ਤਜ਼ਵੀਜ਼ ਨੂੰ, ਕੁਰਸੀਆਂ ਦੇ ਲਾਲਚੀਆਂ ਪਾਸੋਂ ਹਾਮੀ ਲੈ ਕੇ, ਦੇਸ਼ ਨੂੰ ਦੋ ਹਿੱਸਿਆਂ 'ਚ ਵੰਡ ਕੇ ਦੇਸ਼ ਨੂੰ ਕਮਜੋਰ ਕਰਨ ਦਾ ਕੰਮ ਕਰ ਗਏ, ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਜਿਆਦਾ ਭੁਗਤਣਾ ਪਿਆ। ਦੋਹਾਂ ਪਾਸੇ ਪੰਜਾਬ ਦੇ ਲੋਕਾਂ ਦੀ ਹਾਲਤ ਇਨਸਾਨੀਅਤ ਤੋਂ ਡਿੱਗ ਕੇ ਬਿਨ੍ਹਾਂ ਕਿਸੇ ਕਸੂਰ ਤੋਂ ਐਨੀ ਮਾੜੀ ਹੋਈ ਜੋ ਸ਼ਬਦਾਂ ਵਿਚ ਬਿਆਨ ਕਰਨਾ ਸੰਭਵ ਨਹੀਂ। ਇਨ੍ਹਾਂ ਦਿਨਾਂ ਵਿੱਚ ਲੱਖਾਂ ਲੋਕਾਂ ਦਾ ਉਜਾੜਾ ਹੋਇਆ, ਹੱਸਦੇ ਵੱਸਦੇ ਘਰਾਂ ਨੂੰ ਖਾਲੀ ਹੱਥ ਛੱਡ ਕੇ ਦੂਜੀ ਥਾਂ ਆਉਣਾ ਕੋਈ ਸੌਖਾ ਨਹੀਂ ਸੀ ਪਰ ਕਿੰਨੇ ਵੱਡੇ ਜਿਗਰੇ ਨਾਲ ਫਿਰ ਵੀ ਇਹ ਬੇਕਸੂਰ ਲੋਕ ਆਪਣਿਆਂ ਤੋਂ ਵਿਛੜ ਕੇ, ਕਈ ਕਈ ਪਰਿਵਾਰਕ ਮੈਂਬਰਾਂ ਨੂੰ ਗੁਆ ਕੇ ਅਣਜਾਣ ਥਾਵਾਂ ਤੇ ਆ ਕੇ ਵਸੇ। ਇਸ ਤਰ੍ਹਾਂ ਪੰਜਾਬ ਦੇ ਦੋਹਾਂ ਪਾਸੇ ਦੇ ਲੱਖਾਂ ਲੋਕਾਂ ਦੀ ਦਰਦਨਾਕ ਮੌਤਾਂ ਅਤੇ ਲੱਖਾਂ ਲੋਕਾਂ ਦੇ ਉਜਾੜੇ ਜਿਨ੍ਹਾਂ ਦੇ ਅੰਕੜੇ ਸਰਕਾਰੀ ਤੌਰ ਤੇ ਇੱਕਠੇ ਨਹੀਂ ਹੋ ਸਕੇ ਸਗੋਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜੇ ਭਿੰਨ-ਭਿੰਨ ਹਨ, ਨੇ ਹੱਸਦੇ ਵੱਸਦੇ ਘਰਾਂ ਨੂੰ ਬੇਘਰ ਬਣਾ ਦਿੱਤਾ ਅਤੇ ਜ਼ਿੰਦਗੀ ਦੀ ਇੱਕ ਨਵੀਂ ਸ਼ੁਰੂਆਤ ਨੂੰ ਜਨਮ ਦਿੱਤਾ ਜੋ ਕਿ ਬੜਾ ਹੀ ਕਠਿਨ ਸੀ, ਜੋ ਕਿ ਮਜਬੂਰੀ ਵੱਸ ਉਨ੍ਹਾਂ ਨੂੰ ਕਰਨਾ ਪਿਆ। ਜ਼ਮੀਨਾਂ, ਘਰ, ਕਾਰੋਬਾਰ ਆਦਿ ਛੱਡ ਕੇ ਦੂਜੀ ਥਾਂ ਜਾ ਕੇ ਰਿਫਊਜ਼ੀ ਕੈਂਪਾਂ ਵਿਚ ਰਹਿਣਾ ਬੜੀ ਔਖੀ ਘੜੀ ਉਨ੍ਹਾਂ ਲਈ ਸੀ। ਰੇਲ ਗੱਡੀਆਂ ਵਿੱਚ ਆ ਰਹੇ ਦੋਹਾਂ ਪਾਸੇ ਦੇ ਹਜ਼ਾਰਾਂ ਬੇਦੋਸ਼ਿਆਂ ਦੇ ਕਤਲ ਫਿਰਕੂ ਰੰਗਤ ਨੂੰ ਫੈਲਾਉਣ ਕਾਰਨ ਹੋਏ।

ਧੀਆਂ, ਭੈਣਾਂ ਦੀ ਇੱਜ਼ਤ ਦਰਿੰਦਗੀ ਨਾਲ ਲੁੱਟੀ ਗਈ, ਬਹੁਤ ਸਾਰੇ ਮਾਪਿਆਂ ਨੇ ਆਪ ਹੀ ਆਪਣੀਆਂ ਧੀਆਂ ਨੂੰ ਇਸ ਹਿਰਦੇ ਵਲੂੰਧਰਨ ਵਾਲੀ ਦਰਿੰਦਗੀ ਨੂੰ ਅੱਖਾਂ ਸਾਹਮਣੇ ਦੇਖਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪ ਮਾਰ ਦੇਣਾ ਠੀਕ ਸਮਝਿਆ। ਇਹ ਕਿਹੋ ਜਿਹਾ ਮੰਜ਼ਰ ਸੀ। ਕੁਰਸੀਆਂ ਉੱਪਰ ਬੈਠਣ ਵਾਲਿਆਂ ਨੂੰ ਕੀ ਪਤਾ ਇਨ੍ਹਾਂ ਪੀੜ੍ਹਤ ਪਰਿਵਾਰਾਂ ਦੀਆਂ ਭਾਵਨਾਵਾਂ ਦਾ। ਕਈਆਂ ਧੀਆਂ, ਭੈਣਾਂ ਅਤੇ ਮਾਤਾਵਾਂ ਨੇ ਖੂਹਾਂ, ਨਹਿਰਾਂ ਆਦਿ ਵਿਚ ਛਾਲਾਂ ਮਾਰ ਕੇ ਆਪ ਹੀ ਮਾੜੇ ਅਨਸਰਾਂ ਦੇ ਹੱਥ ਆਉਣ ਤੋਂ ਪਹਿਲਾਂ ਹੀ ਮੌਤ ਨੂੰ ਗਲੇ ਲਾਇਆ। ਨਹਿਰਾਂ, ਖੂਹਾਂ ਦਾ ਪਾਣੀ ਖੂਨ ਨਾਲ ਲਾਲ ਹੋ ਗਿਆ ਸੀ। ਦੋਹਾਂ ਪਾਸਿਆਂ ਦੀ ਧਰਤੀ ਲੋਕਾਈ ਦੇ ਖੂਨ ਨਾਲ ਲੱਥੀ ਹੋਈ ਅੱਜ ਵੀ ਉਸ ਘਿਣਾਉਣੇ ਦ੍ਰਿਸ਼ ਨੂੰ ਲਾਹਨਤਾਂ ਪਾ ਰਹੀ ਹੈ। ਦੇਸ਼ਾਂ ਦੀਆਂ ਕਾਰਜਕਾਰੀ ਸਰਕਾਰਾਂ ਵੀ ਦੰਗਿਆਂ, ਫਸਾਦਾਂ ਆਦਿ ਉੱਪਰ ਕੰਟਰੋਲ ਕਰਨ ਤੋਂ ਅਸਮਰੱਥ ਸਨ। ਉਨ੍ਹਾਂ ਅਭਾਗੇ ਲੋਕਾਂ ਦੀ ਆਪਣੇ ਪਰਿਵਾਰ ਦੇ ਵਿਛੜਿਆਂ ਮੈਂਬਰਾਂ ਨੂੰ ਮਿਲਣ ਦੀ ਤਾਂਘ ਅਜੇ ਵੀ ਤੜਪ ਰਹੀ ਹੈ। ਕਈ ਮੈਂਬਰ ਜੋ ਦੋਹਾਂ ਦੇਸ਼ਾਂ ਵਿੱਚ ਬਚ ਗਏ ਉਹ ਕਿਵੇਂ ਜ਼ਿੰਦਗੀ ਨੂੰ ਗੁਜ਼ਾਰ ਰਹੇ ਹਨ ਉਹ ਤਾਂ ਉਹੀ ਹੀ ਜਾਣਦੇ ਹਨ।ਕਈ ਮਜਬੂਰੀ ਵਸ ਧਰਮ ਪਰਿਵਰਤਨ ਕਰਕੇ ਆਂਪਣੀਆਂ ਜਾਨਾਂ ਬਚਾ ਕੇ ਉਥੋਂ ਦੇ ਹੀ ਬਣ ਕੇ ਰਹਿ ਗਏ ਜਦੋਂ ਕਿ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਖਿੰਡ ਪੁੰਡ ਗਏ, ਆਪਣੇ ਪਿਆਰਿਆਂ ਨੂੰ ਮਿਲਣ ਦੀ ਤਾਂਘ ਜਰੂਰ ਉਨ੍ਹਾਂ ਅੰਦਰ ਉਬਾਲੇ ਲੈ ਰਹੀ ਹੈ। ਉਨ੍ਹਾਂ ਵਿਚੋਂ ਬਹੁਤੇ ਇਸ ਸਮੇਂ ਇਸ ਦੁਨੀਆ ਤੋਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਹੁਣ ਤਾਂ ਕੋਈ ਵਿਰਲਾ ਹੀ ਬਚਿਆ ਹੋਵੇਗਾ। ਪੰਜਾਬ ਨੂੰ ਇਹ ਸੰਤਾਪ ਕਦੇ ਨਹੀਂ ਭੁੱਲ ਸਕਦਾ। ਇਸ ਦੁੱਖਦਾਈ ਬਟਵਾਰੇ ਦਾ ਜ਼ਿਕਰ ਬਹੁਤ ਸਾਰੇ ਸਮਕਾਲੀ ਵਿਦਵਾਨਾਂ ਨੇ ਆਪਣੀਆਂ ਦਿਲ ਕੰਬਾਊ ਅੱਖੀਂ ਡਿਠੇ ਦ੍ਰਿਸ਼ਾਂ ਰਾਹੀਂ ਆਪਣੇ ਸ਼ਬਦਾਂ 'ਚ ਪ੍ਰਗਟ ਕੀਤਾ ਹੈ। ਔਰਤਾਂ ਨੂੰ ਜਬਰਦਸਤੀ ਧਾੜਵੀ ਅਗਵਾ ਕਰਕੇ ਲੈ ਗਏ, ਉਨ੍ਹਾਂ ਨਾਲ ਧਰਮ ਪਰਿਵਰਤਨ ਕਰਵਾਕੇ ਵਿਆਹ / ਨਿਕਾਹ ਕਰਵਾ ਲਏ। ਇਨਸਾਨੀਅਤ ਦੀ ਥਾਂ ਸ਼ੈਤਾਨੀ ਬਿਰਤੀ ਸਿਰ ਫਿਰਿਆਂ ਵਿਚ ਆ ਗਈ ਸੀ। ਲੋਕਾਂ ਦਾ ਆਪਸੀ ਪ੍ਰੇਮ ਪਿਆਰ ਦੋਹਾਂ ਫਿਰਕਿਆਂ ਵਿੱਚ ਵਾਹਵਾ ਸੀ, ਬਹੁਤ ਸਾਰੇ ਲੋਕਾਂ ਨੇ ਇੱਕ ਦੂਜੇ ਦੀ ਆਪਣੇ ਘਰਾਂ ਵਿਚ ਸ਼ਰਨ ਦੇ ਕੇ ਰੱਖਿਆ ਕੀਤੀ। ਭਾਵੇਂ ਇਹ ਘਿਣਾਉਣਾ ਮੰਜ਼ਰ ਆਜ਼ਾਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ ਅਤੇ ਬਾਅਦ ਵਿਚ ਜਾ ਕੇ ਸਾਂਤ ਹੋਇਆ। ਪਰ ਮੂਹਰਲੀ ਕਤਾਰ ਦੇ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਤਾਂ ਆਪਣੀ ਸੱਤਾ 'ਤੇ ਕਾਬਜ਼ ਹੋਣ ਦੀ ਤਾਕ ਸੀ, ਉਨ੍ਹਾਂ ਲੋਕਾਂ ਦੀ ਸੁਰੱਖਿਆ ਪ੍ਰਤੀ ਕੋਈ ਅਹਿਮ ਭੂਮਿਕਾ ਨਹੀਂ ਨਿਭਾਈ। ਹੁਣ ਸੋਚੋ ਪੰਜਾਬੀਆਂ ਲਈ ਇਹ ਕਿਹੋ ਜਿਹੀ ਆਜ਼ਾਦੀ ਸੀ ਜਿਸ ਲਈ ਉਹ ਪੀੜ੍ਹਤ ਪਰਿਵਾਰ ਇਸ ਦਿਨ ਖੁਸ਼ੀ ਦਾ ਇਜ਼ਹਾਰ ਕਰਨ। ਸੱਤ ਦਹਾਕੇ ਬੀਤਣ ਉਪਰੰਤ ਵੀ ਸਰਕਾਰ੍ਹ ਵਿਚ ਸਰੀਕ ਹੁੰਦੇ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਇਨ੍ਹਾਂ ਰਿਫਊਜ਼ੀ ਲੋਕਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ

ਉੱਧਰੋਂ ਆਏ ਕਈਆਂ ਪਰਿਵਾਰਾਂ ਨੇ 1984 'ਚ ਦੁਆਰਾ ਇਹੋ ਦੁੱਖਦਾਈ ਸੰਤਾਪ ਭਾਰਤ ਅੰਦਰ ਆਪਣਿਆਂ ਤੋਂ ਹੀ ਆਪਣੇ ਪਿੰਡੇ ਤੇ ਹੰਢਾਇਆ, ਜਿਸ ਵਿਚ ਉਨ੍ਹਾਂ ਦੇ ਘਰਾਂ ਨੂੰ ਕਾਰੋਬਾਰਾਂ ਨੂੰ ਅੱਗਾਂ ਲਾਕੇ, ਲੁੱਟ ਕੇ ਪ੍ਰਸਾਸਨ ਦੇ ਸਾਹਮਣੇ ਇਹ ਵਰਤਾਰਾ ਕਰਕੇ ਨਿਰਦੋਸ਼ ਸਿੱਖਾਂ ਨੂੰ ਇਸ ਦੇਸ਼ ਦੇ ਵਸਨੀਕ ਨਾ ਸਮਝਦੇ ਹੋਏ ਸ਼ਰੇਆਮ ਦੰਗੇ ਕੀਤੇ ਜਿੰਨ੍ਹਾਂ ਦੇ ਜਖਮ ਅਜੇ ਤੱਕ ਅੱਲ੍ਹੇ ਨੇ, ਸਰਕਾਰ ਨੇ ਉਨ੍ਹਾਂ ਪੀੜ੍ਹਤਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ। ਉਸ ਸਮੇਂ ਦੇ ਨੇਤਾ ਸ਼ਰੇਆਮ ਘੁੰਮ ਰਹੇ ਹਨ। ਪਰ ਦੂਸਰੇ ਪਾਸੇ ਸ਼ਜਾ ਭੁਗਤ ਚੁੱਕੇ ਸਿੱਖ ਨਜ਼ਰਬੰਦੀ ਅਜੇ ਵੀ ਜੇਲ੍ਹਾਂ ਅੰਦਰ ਹੀ ਬੈਠੇ ਹਨ। ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਪ੍ਰਤੀ ਕਿਉਂ ਹੈ। ਸਿੱਖਾਂ ਦੇ ਗੁਰੂ ਸਾਹਿਬਾਨ ਵਲੋਂ ਪੀੜ੍ਹਤ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਧਾਰਨਾ ਨੂੰ ਜਾਰੀ ਰੱਖਦੇ ਦੇਸ਼ ਦੇ ਹਰ ਵਰਗ ਦੀ ਬਿਨ੍ਹਾਂ ਭੇਦ ਭਾਵ ਦੇ ਮਦਦ ਕਰਨ ਦੀ ਪਰੰਪਰਾ ਜਾਰੀ ਰੱਖੀ ਹੋਈ ਹੈ।ਦੋਹਰੀ ਮਾਰ ਝੱਲਣ ਵਾਲੇ ਇਹ ਵਾਰ ਵਾਰ ਉੱਜੜੇ ਪਰਿਵਾਰ ਪੰਦਰਾਂ ਅਗਸਤ ਅਤੇ ਜੂਨ ਚੌਰਾਸੀ ਨੂੰ ਨਹੀਂ ਭੁੱਲ ਸਕਦੇ। ਸਰਕਾਰੀ ਅਧਿਕਾਰੀ, ਸਾਡੇ ਨੇਤਾ ਆਜ਼ਾਦੀ ਦਿਵਸ਼ 'ਤੇ ਇਨ੍ਹਾਂ ਦੇ ਪਰਿਵਾਰਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੀ ਗੱਲ਼ ਕਿਉਂ ਨਹੀਂ ਕਰਦੀ। ਇਨ੍ਹਾਂ ਪਰਿਵਾਰਾਂ ਦੇ ਪ੍ਰਤੀ ਵੀ ਇਨ੍ਹਾਂ ਦੇ ਦਖਾਂਤ ਨੂੰ ਚਿਤਾਰ ਕੇ ਵਿਛੜਿਆਂ ਮੈਂਬਰਾਂ ਨੂੰ ਸਰਧਾਂਜ਼ਲੀ ਦੇਣੀ ਚਾਹੀਦੀ ਹੈ ਤਾਂ ਕਿ ਘੱਟੋ-ਘੱਟ ਉਨ੍ਹਾਂ ਦੇ ਹਿਰਦੇ ਕੁਝ ਸਾਂਤ ਹੋ ਜਾਣ ਜਿਹੜੇ ਅਜੇ ਜਿਊਂਦੇ ਹਨ। ਹੋਲੀ ਹੋਲੀ ਅਗਲੀਆਂ ਪੀੜ੍ਹੀਆਂ ਦੇ ਮਨਾਂ ਵਿਚੋਂ ਇਹ ਦੁਖਾਂਤ ਦੀ ਘਟਨਾ ਸ਼ਾਇਦ ਵਿਸਰਦੀ ਜਾਵੇ। ਉਜਾੜੇ ਤੋਂ ਪ੍ਰਭਾਵਿਤ ਲੋਕ ਅਜੇ ਵੀ ਆਪਣੇ ਵਿਛੜਿਆਂ ਨੂੰ ਮਿਲਣ ਅਤੇ ਘਰਾਂ ਨੂੰ ਦੇਖਣ ਲਈ ਦਿਲੀ ਤਮੰਨਾ ਰੱਖਦੇ ਹਨ, ਸਰਕਾਰ ਨੂੰ ਇਸ ਵੱਲ ਧਿਆਨ ਦੇਂਦੇ ਉਨ੍ਹਾਂ ਲਈ ਸੌਖੇ ਪ੍ਰਬੰਧ ਕਰਨੇ ਚਾਹੀਦੇ ਹਨ।

ਇੰਟਰਨੈਟ ਜ਼ਰੀਏ ਕਈ ਪਰਿਵਾਰ ਆਪਣੇ ਵਿਛੜੇ ਰਿਸ਼ਤੇਦਾਰਾਂ ਨਾਲ ਗੱਲ ਬਾਤ ਕਰਕੇ ਸੁੱਖ-ਸਾਂਦ ਪੁੱਛ ਲੈਂਦੇ ਹਨ। ਪੰਜਾਬ ਲਈ ਕੇਂਦਰ ਸਰਕਾਰ ਦੇਸ਼ ਦੀ ਆਜ਼ਾਦੀ ਵਿਚ ਸਾਰਿਆਂ ਨਾਲੋਂ ਵੱਧ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ। ਕੇਂਦਰ ਸਰਕਾਰ ਵਿੱਤੀ ਪੈਕੇਜ਼ ਹੋਰਾਂ ਰਾਜਾਂ ਨੂੰ ਵੱਡੇ ਪੱਧਰ ਓਪਰ ਬਜ਼ਟ ਵਿੱਚ ਦਿੰਦੀ ਪਰ ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ਼ ਦੇਣ ਤੋਂ ਕੰਨੀ ਕਤਰਾ ਜਾਂਦੀ ਹੈ। ਬਾਰਡਰ ਸੂਬਾ ਹੋਣ ਕਾਰਨ ਪੰਜਾਬੀ ਫੌਜੀ ਸਰਹੱਦਾਂ ਤੇ ਅਜੇ ਵੀ ਮੂਹਰਲੀ ਕਤਾਰ ਵਿਚ ਹੋਣ ਕਾਰਨ ਅਨੇਕਾਂ ਸ਼ਹੀਦੀਆਂ ਦੇ ਰਹੇ ਹਨ। ਪੰਜਾਬ ਦਾ ਜੋ ਵਿਕਾਸ ਕੇਂਦਰ ਤੋਂ ਵਿਸ਼ੇਸ਼ ਪੈਕੇਜ਼ ਮਿਲਣ ਕਾਰਨ ਹੋਣਾ ਚਾਹੀਦਾ ਸੀ ਉਹ ਨਹੀਂ ਨਾ ਮਿਲਣ ਸਦਕਾ ਓਨਾ ਵਿਕਾਸ ਪੰਜਾਬ ਦਾ ਨਹੀਂ ਹੋਇਆ, ਜਿਸ ਕਾਰਨ ਹੀ ਇਥੋਂ ਦੇ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਤੇਜ਼ੀ ਨਾਲ ਜਾ ਰਹੇ ਹਨ।


* * * * * * * * *

## ਆਜ਼ਾਦੀ ਦਿਵਸ ਤੇ ਵਿਸ਼ੇਸ਼

# ਜਦੋਂ ਸਿੱਖ ਲੀਡਰਾਂ ਨੇ ਮਹਾਤਮਾ ਗਾਂਧੀ ਤੇ ਅੰਨ੍ਹਾ ਵਿਸ਼ਵਾਸ ਕੀਤਾ !

ਸੁਖਵਿੰਦਰ ਸਿੰਘ ਮੁੱਲਾਂਪੁਰ

9914184794



ਜਨਵਰੀ 1922 ਵਿੱਚ ਸਿੱਖਾਂ ਨੇ ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ ਸ਼ੁਰੂ ਕੀਤਾ। ਸਰਕਾਰ ਅਖ਼ੀਰ ਸਿੱਖਾ ਤੇ ਤਸ਼ੱਦਦ ਕਰ ਕਰ ਕੇ ਹਾਰ ਗਈ।ਪਰ ਸਿੱਖਾਂ ਦੇ ਵੱਧਦੇ ਵਿਦਰੋਹ ਮੂਹਰੇ ਅੰਗਰੇਜ਼ ਸਰਕਾਰ ਨੂੰ ਹਾਰ ਮੰਨਣੀ ਪਈ। 17 ਜਨਵਰੀ 1922 ਨੂੰ ਸਿੱਖਾਂ ਨੂੰ ਬਿਨ੍ਹਾਂ ਸ਼ਰਤ ਜੇਲਾਂ ਤੋਂ ਰਿਹਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ) ਦੇ ਸਾਹਮਣੇ ਭਰੇ ਦੀਵਾਨ ਵਿੱਚ ਚਾਬੀਆਂ ਦਾ ਗੁੱਛਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਦੇ ਹਵਾਲੇ ਕਰ ਦਿੱਤਾ।

ਗੁਰਦਵਾਰਾ ਸੁਧਾਰ ਲਹਿਰ ਲਈ ਜਿੰਨੇ ਵੀ ਮੋਰਚੇ ਲੱਗੇ ਉਹਨਾਂ ਵਿੱਚ ਭਾਂਵੇ ਸਿੱਖਾਂ ਨੂੰ ਵੱਡੀ ਮਾਤਰਾ ਵਿੱਚ ਕੁਰਬਾਨੀਆਂ ਦੇਣੀਆਂ ਪਈਆਂ ਅਤੇ ਸਰੀਰ ਉੱਤੇ ਵੀ ਅਣ-ਮਨੁੱਖੀ ਤਸ਼ੱਦਦ ਝੱਲਣੇ ਪਏ। ਪਰ ਫਿਰ ਵੀ ਸਿੱਖ ਅਡੋਲ ਰਹੇ। ਗੁਰਦੁਵਾਰਿਆਂ ਉੱਤੇ ਮਹੰਤਾ ਦੇ ਕਬਜ਼ੇ ਹੋ ਚੁੱਕੇ ਸਨ ਜੋ ਅਸਲ ਮੂਲ ਰੂਪ ਵਿੱਚ ਬ੍ਰਾਮਣ ਹਿੰਦੂ ਹੀ ਸਨ ਇਸ ਕਰਕੇ ਅੰਗਰੇਜ਼ ਸਰਕਾਰ ਅਤੇ ਬ੍ਰਾਮਣਵਾਦੀ ਲੋਕ ਜਿਵੇਂ ਮਹਾਤਮਾਂ ਗਾਂਧੀ, ਪੰਡਤ ਨਹਿਰੂ ਵਰਗੇ ਉਸ ਮਹੰਤਾ ਨੂੰ ਪੂਰੀ ਸ਼ਹਿ ਦੇ ਰਹੇ ਸਨ।

ਚਾਬੀਆਂ ਦੇ ਮੋਰਚੇ ਤੋਂ ਬਾਅਦ ਮਹਾਤਮਾ ਗਾਂਧੀ ਨੇ ਇਹ ਦੇਖ ਲਿਆ ਸੀ ਜੇਕਰ ਅਸੀ ਆਜ਼ਾਦੀ ਚਹੁੰਦੇ ਹਾਂ ਤਾਂ ਸਾਨੂੰ ਸਿੱਖ ਹੀ ਲੈ ਕੇ ਦੇ ਸਕਦੇ ਹਨ ਇਸ ਕਰਕੇ ਇਹਨਾਂ ਨੂੰ ਹੱਲਾ ਸ਼ੇਰੀ ਦਿੱਤੀ ਜਾਵੇ ਅਤੇ ਆਜ਼ਾਦੀ ਲੈਣ ਦੀ ਵਾਂਗਡੋਰ ਆਪਣੇ ਹੱਥ ਰੱਖੀ ਜਾਵੇ ਅੰਦਰ ਤੋਂ ਗਾਂਧੀ ਵਰਗੇ ਸਿੱਖਾਂ ਦੇ ਉਲਟ ਸਨ ਉੱਪਰ ਤੋਂ ਸਿੱਖਾਂ ਨੂੰ ਹੱਲਾ-ਸ਼ੇਰੀ ਦੇਣ ਖ਼ਾਤਰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਨੂੰ ਇਹ ਕਹਿ ਕੇ ਵਧਾਈ ਭੇਜ ਦਿੱਤੀ ਕੇ ਆਜ਼ਾਦੀ ਅੰਦੋਲਨ ਦੀ ਪਹਿਲੀ ਲੜ੍ਹਾਈ ਆਪਾਂ ਸਰਕਾਰ ਕੋਲੋਂ ਚਾਬੀਆਂ ਪ੍ਰਾਪਤ ਕਰਕੇ ਜਿੱਤ ਲਈ ਹੈ। ਇਸ ਹੱਲਾ-ਸ਼ੇਰੀ ਨੇ ਸਿੱਖਾਂ ਦੇ ਮਨਾਂ ਨੂੰ ਖੁਸ਼ ਕਰ ਦਿੱਤਾ ਅਤੇ ਅੱਗੇ ਵਾਸਤੇ ਉਤਸ਼ਾਹਿਤ ਕਰ ਦਿੱਤਾ ਇੱਧਰੋਂ ਸਿੱਖ ਲੀਡਰਾਂ ਨੇ ਵੀ ਮਹਾਤਮਾਂ ਗਾਂਧੀ ਨੂੰ ਜਵਾਬ ਵਿਚ ਕਹਿ ਦਿੱਤਾ ਸਾਡੇ ਲਈ ਜੋ ਕੁਝ ਹਨ ਹਿੰਦੂ ਹੀ ਹਨ।

ਕਾਂਗਰਸ ਨੇ 1930 ਵਿੱਚ ਕੌਂਸਲ ਚੋਣਾਂ ਦਾ ਬਾਈਕਾਟ ਕਰ ਦਿੱਤਾ ਉਹ ਤਾਂ ਇਹ ਦੇਖ ਰਹੇ ਸਨ ਚੋਣਾਂ ਦਾ ਬਾਈਕਾਟ ਕਰਕੇ ਸਾਨੂੰ ਆਜ਼ਾਦੀ ਦੀ ਲਹਿਰ ਵਿੱਚ ਕੀ ਫਾਇਦਾ ਹੋਵੇਗਾ ? ਪਰ ਸਿੱਖਾਂ ਨੇ ਬਿੰਨਾ ਸੋਚੇ ਸਮਝੇ ਆਪ ਦੀ ਸਹਿਮਤੀ ਕਾਂਗਰਸ ਨਾਲ ਹੀ ਪ੍ਰਗਟ ਕਰ ਦਿੱਤੀ।

ਅੰਗਰੇਜ਼ ਸਰਕਾਰ ਸਿੱਖਾਂ ਦਾ ਬਹੁਤ ਧਿਆਨ ਰੱਖ ਰਹੀ ਸੀ ਉਹ ਕਹਿ ਰਹੀ ਸੀ ਅਸੀਂ ਸਿੱਖ ਰਾਜ ਸਿੱਖਾਂ ਕੋਲੋਂ ਲਿਆ ਸੀ ਇਹਨਾਂ ਨੂੰ ਹੀ ਵਾਪਿਸ ਕਰਕੇ ਜਾਣਾ ਹੈ ਪਰ ਮਾੜੀ ਗੱਲ ਇਹ ਸੀ ਸਿੱਖ ਆਪਣਾ ਦਿਮਾਗ ਨਹੀਂ ਵਰਤ ਰਹੇ ਸਨ ਜ਼ਦ ਅੰਗਰੇਜ਼ ਸਿੱਖਾਂ ਦਾ ਫਾਇਦਾ ਕਰਨ ਦੀ ਕੋਈ ਗੱਲ ਕਰਦੇ ਤਾਂ ਹਿੰਦੂ ਸਿੱਖਾਂ ਨੂੰ ਗਲਤ ਰਾਹ ਪਾ ਕੇ ਮੁ ਦਿੰਦੇ। ਅੰਗਰੇਜ਼ ਸਰਕਾਰ ਨੇ 1921 ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਸਿੱਖ ਯੂਨੀਵਰਸਿਟੀ ਬਣਾਉਣ ਦੀ ਤਜਵੀਜ ਪਾਸ ਕਰ ਦਿੱਤੀ। ਬਰਤਾਨੀਆਂ ਦੇ ਸ਼ਹਿਜ਼ਾਦੇ ਨੇ ਉਸ ਦਾ ਐਲਾਨ ਕਰਨ ਲਈ ਖ਼ਾਲਸਾ ਕਾਲਜ ਆਉਣਾ ਸੀ। ਪਰ ਮਹਾਤਮਾਂ ਗਾਂਧੀ ਹੋਰਾ ਨੂੰ ਜਦ ਪਤਾ ਲਗਿਆ ਤਾਂ ਉਹਨਾਂ ਕਾਲਜ ਦੇ ਸਿੱਖ ਪ੍ਰੋਫ਼ੈਸਰਾਂ ਨੂੰ ਕਹਿ ਕੇ ਕਾਲਜ ਵਿੱਚ ਹੜਤਾਲ ਕਰਵਾ ਦਿੱਤੀ। ਇੱਥੇ ਹੀ ਬਸ ਨਹੀ ਮਹਾਤਮਾਂ ਗਾਂਧੀ ਨੇ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਤੋਂ ਇੱਕ ਮਤਾ ਪਾਸ ਕਰਵਾ ਕੇ ਸਿੱਖ ਫ਼ੌਜੀਆਂ ਅਤੇ ਰਿਟਾਈਡ ਹੋ ਚੁੱਕੇ ਸਿੱਖ ਫ਼ੌਜੀਆਂ ਨੂੰ ਸਮਾਗਮ ਤੋ ਪਰੇ ਰਹਿਣ ਲਈ ਕਿਹਾ ਸ਼ਹਿਜ਼ਾਦੇ ਨੇ ਆਪਣਾ ਅੰਮ੍ਰਿਤਸਰ ਆਉਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ। ਜਦ ਮਦਨ ਮੋਹਨ ਮਾਲਵੀਆ ਕਾਂਗਰਸੀ ਲੀਡਰ ਅੰਮ੍ਰਿਤਸਰ ਪਹੁੰਚਿਆ ਉਸ ਦਾ ਖ਼ਾਲਸਾ ਕਾਲਜ ਆਉਣ ਦਾ ਪ੍ਰੋਗਰਾਮ ਸੀ ਸਿੱਖ ਪ੍ਰੋਫ਼ੈਸਰਾਂ ਨੂੰ ਪੂਰਾ ਚਾਅ ਸੀ। ਪ੍ਰੋਫ਼ੈਸਰ, ਵਿਦਿਆਰਥੀਆਂ ਨੂੰ ਨਾਲ ਲੈ ਕੇ ਰੇਲਵੇ ਸਟੇਸ਼ਨ ਤੋਂ ਕਾਲਜ ਤੱਕ ਬੜੇ ਜਸ਼ਨਾ ਨਾਲ ਉਸ ਨੂੰ ਲੈ ਕੇ ਆਏ। ਸਿੱਖਾਂ ਨੇ ਇਹ ਨਹੀ ਸੋਚਿਆ ਸਿੱਖ ਯੂਨੀਵਰਸਿਟੀ ਬਣਦੀ ਤਾਂ ਅਸੀਂ ਹੱਥ ਵਿਚੋਂ ਕੱਢ ਲਈ ਮਦਨ ਮੋਹਨ ਸਾਡੇ ਲਈ ਕੀ ਲਈ ਬੈਠਾ ਸੀ ?

ਮੁਸਲਿਮ ਲੀਡਰਸ਼ਿਪ ਕਾਂਗਰਸੀ ਲੀਡਰਾਂ ਨੂੰ ਚੰਗੀ ਤਰਾਂ ਜਾਣ ਚੁੱਕੀ ਸੀ।ਉਹ ਇਹਨਾਂ ਦੀਆਂ ਬੇਈਮਾਨ ਚਾਲਾਂ ਨੂੰ ਬਹੁਤਾ ਚਿਰ ਨਾ ਸਹਾਰ ਸਕੀ।ਉਹ ਇਸ ਗੱਲ ਤੋਂ ਜਾਣੂ ਹੋ ਗਏ ਸਨ ਕਾਂਗਰਸ ਜੋ ਕਰ ਰਹੀ ਹੈ ਆਪ ਦੇ ਲਈ ਹੀ ਕਰ ਰਹੀ ਹੈ। ਮੁਸਲਿਮ ਲੀਡਰਸ਼ਿਪ ਨੇ ਆਪਣੇ ਹੱਕਾਂ-ਹਿੱਤਾਂ ਖ਼ਾਤਰ ਅਲੱਗ ਲੜਨਾ ਸ਼ੁਰੂ ਕਰ ਦਿੱਤਾ ਪਰ ਸਿੱਖ ਲੀਡਰਾਂ ਨੂੰ ਤਾਂ ਮੁਸਲਮਾਨ ਲੀਡਰਸ਼ਿਪ ਵੱਲ ਵੇਖ ਕੇ ਵੀ ਸੋਝੀ ਨਾ ਆਈ ਕੇ ਅਸੀਂ ਵੀ ਆਪਣੇ ਹੱਕਾਂ-ਹਿੱਤਾਂ ਖ਼ਾਤਰ ਅਲੱਗ ਹੋ ਕੇ ਲੜੀਏ।

1921 ਵਿੱਚ ਕਾਂਗਰਸ ਦੇ ਅਹਿਮਦਾਬਾਦ ਸੈਸ਼ਨ ਵਿੱਚ ਮਹਾਤਮਾਂ ਗਾਂਧੀ ਨੇ ਸਿੱਖਾਂ ਦੀ ਵੱਧ ਗਿਣਤੀ ਦੇਖ ਕੇ ਖੁਸ਼ੀ ਪ੍ਰਗਟ ਕਰਦਿਆਂ ਵਡਿਆਈ ਕਰ ਦਿੱਤੀ ਕੇ ਇਹ ਬਹੁਤ ਖੁਸ਼ੀ ਦੀ ਗੱਲ ਹੈ ਸਿੱਖ ਭਾਈਚਾਰਾ ਹਰ ਲਹਿਰ ਵਿੱਚ ਵੱਧ ਤੋਂ ਵੱਧ ਚੜ੍ਹ ਕੇ ਮੂਹਰੇ ਹੋ ਕੇ ਹਿੱਸਾ ਲੈ ਰਿਹਾ ਹੈ। ਸਿੱਖ ਅਜਿਹੀਆਂ ਵਡਿਆਈਆਂ ਦੇ ਭੁੱਖੇ ਸਨ ਪਰ ਕਾਂਗਰਸ ਜੋ ਅੰਗਰੇਜ਼ਾਂ ਨੂੰ ਹੱਕੀ ਮੰਗਾਂ ਵਾਲੇ ਅਤੇ ਪੂਰਨ ਆਜ਼ਾਦੀ ਵਾਲੇ ਆਪਣੇ ਵਲੋਂ ਪਾਸ ਕੀਤੇ ਹੋਏ ਮਤੇ ਅੰਗਰੇਜ਼ ਸਰਕਾਰ ਨੂੰ ਦਿੰਦੀ ਸੀ ਉਸ ਵਿੱਚ ਸਿੱਖਾਂ ਦੇ ਹੱਕਾਂ ਦੀ ਗੱਲ ਕਿਤੇ ਵੀ ਨਹੀਂ ਲਿੱਖੀ ਜਾਂਦੀ ਸੀ ਸਾਰੀਆਂ ਗੱਲਾਂ ਕਾਂਗਰਸ,ਹਿੰਦੂ ਭਾਈਚਾਰੇ ਦੇ ਹੱਕ ਵਿੱਚ ਲਿਖਦੀ ਸੀ।ਅੰਗਰੇਜ਼ ਸਰਕਾਰ ਤਾਂ ਆਪ ਇਹ ਸੋਚ ਰਹੀ ਸੀ ਸਿੱਖਾਂ ਨੇ ਹਿੰਦੂਆਂ ਮਗਰ ਲਗ ਕੇ ਆਪਣਾ ਆਪ ਤਬਾਹ ਕਰ ਲੈਣਾ ਹੈ। ਇਸ ਲਈ ਵਾਰ ਵਾਰ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖ ਕਰ ਰਹੀ ਸੀ ਤਾਂ ਕੇ ਇਹ ਆਪਣੀ ਵੱਖਰੀ ਆਜ਼ਾਦੀ ਲੈ ਸਕਣ।

ਹਿੰਦੂਆਂ ਨੇ ਇਕ ਮਤਾ ਪਾਸ ਕਰਕੇ ਅੰਗਰੇਜ਼ ਸਰਕਾਰ ਕੋਲ ਸਾਂਝੇ ਰਾਜ ਦੀ ਮੰਗ ਰੱਖ ਦਿੱਤੀ। ਇਸ ਮੰਗ ਦਾ ਸਿੱਧਾ ਮਤਲਭ ਸੀ ਸਾਨੂੰ ਇਸ ਦੇਸ਼ ਦੇ ਮਾਲਕ ਬਣਾ ਦਿੱਤਾ ਜਾਵੇ। ਪੂਰਨ ਆਜ਼ਾਦੀ ਦੀ ਮੰਗ ਰੱਖੀ ਗਈ ਸੀ ਜੇਕਰ ਉਸ ਵਿੱਚ ਸਿੱਖ ਆਜ਼ਾਦੀ ਦੀ ਅਲੱਗ ਗੱਲ ਕੀਤੀ ਜਾਦੀ ਉਹ ਗੱਲ ਵੱਖਰੀ ਸੀ ਪਰ ਉਸ ਵਿੱਚ ਹਿੰਦੂਵਾਦੀ ਦੀ ਆਜ਼ਾਦੀ ਤੋਂ ਬਿੰਨਾਂ ਕੁਝ ਵੀ ਨਹੀਂ ਲਿਖਿਆ ਸੀ ਦੂਸਰੇ ਪਾਸੇ ਇਹ ਪ੍ਰਚਾਰ ਕੀਤਾ ਗਿਆ ਜੇਕਰ ਸਾਂਝਾ ਰਾਜ ਮਿਲਦਾ ਹੈ ਤਾਂ ਹੀ ਸਿੱਖ ਪੂਰਨ ਆਜ਼ਾਦੀ ਨਾਲ ਰਹਿ ਸਕਦੇ ਹਨ ਪਰ ਹਿੰਦੂਵਾਦੀ ਨੇ ਉਸ ਦਾ ਨਾਂਮ ਹੀ ਇਸ ਤਰਾਂ ਦਾ ਰੱਖ ਦਿੱਤਾ ਸੀ ਜਿਸ ਨਾਉਂ ਨਾਲ ਸਿੱਖ ਗੁਮਰਾਹ ਹੋ ਜਾਣ।ਪਰ ਸਿੱਖਾਂ ਵਾਸਤੇ ਸੋਚਣ ਵਾਲੀ ਇਹ ਗੱਲ ਸੀ ਅੰਗਰੇਜ਼ ਤਾਂ ਸਾਨੂੰ ਵੱਖਰੀ ਆਜ਼ਾਦੀ ਦੇ ਰਹੇ ਹਨ ਅਸੀਂ ਹਿੰਦੂਆਂ ਦੇ ਗੁਲਾਮ ਹੋ ਕੇ ਉਧਾਰੀ ਆਜ਼ਾਦੀ ਦੇ ਤੌਰ ਤੇ ਇਹਨਾਂ ਨਾਲ ਕਿਉਂ ਰਹਾਗੇ ?

1920 ਵਿੱਚ ਸਿੱਖਾਂ ਨੇ ਗੁਰਦੁਵਾਰਾ ਸੁਧਾਰ ਲਹਿਰ ਹੇਠ ਕਈ ਜਿੱਤਾਂ ਪ੍ਰਾਪਤ ਕੀਤੀਆਂ ਕਈ ਗੁਰਦੁਵਾਰੇ ਬਾਬੇ ਦੀ ਬੇਰ ਸਾਹਿਬ, ਪੰਜਾ ਸਾਹਿਬ ਆਦਿ ਗੁਰਦੁਵਾਰੇ ਅੰਗਰੇਜ਼ ਸਰਕਾਰ ਦਾ ਤਸ਼ੱਦਦ ਝੱਲਦੇ ਹੋਇਆ ਮਸੰਦਾਂ ਤੋ ਆਜ਼ਾਦ ਕਰਵਾਏ ਹਰੇਕ ਮੋਰਚੇ ਮੂਹਰੇ ਸਰਕਾਰ ਨੂੰ ਝੁਕਣਾ ਪਿਆ। ਇਸੇ ਹੀ ਸਾਲ ਵਿਚ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਇਸ ਧਾਰਮਿਕ ਕਮੇਟੀ ਨੂੰ ਕਈ ਰਾਜਨੀਤਕ ਮਸਲਿਆਂ ਦਾ ਸਾਹਮਣਾ ਕਰਨ ਲਈ ਇਕ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਈ। ਇਹ ਦੋਨੋਂ ਕਮੇਟੀਆਂ ਸਿੱਖਾਂ ਦੀ ਅਗਵਾਈ ਕਰ ਰਹੀਆਂ ਸਨ। ਇਹਨਾਂ ਦੇ ਹੋਂਦ ਵਿੱਚ ਆਉਣ ਤੋਂ 27 ਸਾਲ ਬਾਅਦ ਦੇਸ਼ ਆਜ਼ਾਦ ਹੋਇਆ ਇਹਨਾਂ ਕੋਲ ਸਿਆਣਪ ਨਾਲ ਕੰਮ ਕਰਨ ਦਾ ਬਹੁਤ ਸਮਾਂ ਸੀ ਪਰ ਅਫ਼ਸੋਸ ਵਾਲੀ ਗੱਲ ਇਹ ਹੈ ਇਹਨਾਂ ਵਿਚੋਂ ਕੋਈ ਵੀ ਕਮੇਟੀ ਸਿੱਖਾਂ ਨੂੰ ਵੱਖਰੀ ਪੂਰਨ ਆਜ਼ਾਦੀ ਨਾ ਦਿਵਾ ਸਕੀ ਨਾਲੇ ਸਿੱਖ ਮੂਹਰੇ ਹੋ ਕੇ ਤਨੋ ਮਨੋ ਖੂਨ ਵਹਾ ਰਹੇ ਸਨ।

20 ਫ਼ਰਵਰੀ1921 ਨੂੰ ਭਾਈ ਲਛਮਣ ਸਿੰਘ ਧਾਰੋਵਾਲ ਦੀ ਅਗਵਾਈ ਹੇਠ ਸਿੱਖ ਜਥੇ ਨੇ ਨਨਕਾਣਾ ਸਾਹਿਬ ਗੁਰਦੁਵਾਰੇ ਦੇ ਕਬਜ਼ੇ ਲਈ ਹੱਲਾ ਬੋਲ ਦਿੱਤਾ। ਜੱਥੇ ਦੇ ਗੁਰਦੁਵਾਰਾ ਸਾਹਿਬ ਅੰਦਰ ਦਾਖ਼ਲ ਹੁੰਦਿਆਂ ਸਾਰ ਹੀ ਮਹੰਤ ਨੇ ਪਹਿਲਾਂ ਬਣਾਈ ਵਿਉਂਤਬੰਦੀ ਅਨੁਸਾਰ ਗੁਰਦੁਵਾਰਾ ਸਾਹਿਬ ਅੰਦਰੋਂ ਬੰਦ ਕਰ ਦਿੱਤਾ ਸਾਜਿਸ਼ ਦੇ ਅਧੀਨ ਗੁੰਡਿਆਂ ਨੇ ਸਿੰਘਾਂ ਨੂੰ ਹਥਿਆਰਾਂ, ਕੋਠੇ ਤੇ ਰੱਖੇ ਪਥੱਰਾਂ, ਟਕੂਏ ਆਦਿ ਸਮਾਨ ਨਾਲ ਅੰਦਰੇ ਹੀ ਸ਼ਹੀਦ ਕਰ ਦਿੱਤਾ ਇਸ ਸਾਕੇ ਵਿੱਚ 130 ਸਿੰਘ ਸ਼ਹੀਦ ਹੋਏ।

3 ਮਾਰਚ ਨੂੰ ਨਨਕਾਣਾ ਸਾਹਿਬ ਸ਼ਹੀਦੀ ਸਮਾਗਮ ਵਿੱਚ ਮਹਾਤਮਾਂ ਗਾਂਧੀ ਵੀ ਪੁਹੰਚ ਗਿਆ ਗਾਂਧੀ ਸ਼ਹੀਦੀ ਸਮਾਗਮ ਵਿੱਚ ਆਪ ਦਾ ਸਿਆਸੀ ਲਾਹਾ ਲੈਣਾ ਚਹੁੰਦਾ ਸੀ ਉਸ ਨੇ ਇਸ ਨੂੰ ਜਲਿਆਂਵਾਲੇ ਬਾਗ਼ ਨਾਲੋ ਵੀ ਵੱਧ ਗਿਣੀ ਮਿਥੀ ਸਾਜਿਸ਼ ਦੱਸ ਕੇ ਸਿਆਸੀ ਰੰਗਤ ਦੇ ਦਿੱਤੀ। ਉਸ ਨੇ ਕਿਹਾ ਤੁਸੀਂ ਸਿਰਫ਼ ਆਜ਼ਾਦ ਭਾਰਤ ਵਿੱਚ ਹੀ ਆਜ਼ਾਦੀ ਦਾ ਅਨੰਦ ਮਾਣ ਸਕਦੇ ਹੋ।

ਮਹਾਤਮਾਂ ਗਾਂਧੀ ਨੇ ਫਿਰ ਕਿਹਾ ਹੁਣ ਜੋ ਸਰਕਾਰ ਨੇ ਅਦਾਲਤੀ ਕਾਰਵਾਈ ਕਰਨੀ ਹੈ ਉਸ ਦਾ ਜੇਕਰ ਸਿੱਖ ਬਾਈਕਾਟ ਕਰ ਦੇਣ ਤਾ ਮੈਂ ਸਿੱਖਾਂ ਵੱਲੋ ਬਣਾਈ ਕਮੇਟੀ ਦਾ ਪ੍ਰਧਾਨ ਬਣਨ ਨੂੰ ਤਿਅਰ ਹਾਂ ਇਹ ਸ਼ਹੀਦੀਆਂ ਭਾਰਤ ਦੀ ਆਜ਼ਾਦੀ ਲਈ ਸਮਰਪਿਤ ਹੋਣੀਆਂ ਚਾਹੀਦੀਆਂ ਹਨ। ਇਸ ਤਰਾਂ ਦਾ ਭਾਸ਼ਣ ਦੇ ਕੇ ਸਿੱਖਾਂ ਦੇ ਜ਼ਖ਼ਮੀ ਹੋਏ ਦਿਲਾਂ

ਤੇ ਮਲਮ ਦਾ ਕੰਮ ਕਰਕੇ ਸਿਆਸੀ ਹਿੱਤਾਂ ਦਾ ਲਾਹਾ ਲੈਣ ਲਈ ਗਾਂਧੀ ਸਿੱਖਾਂ ਨੂੰ ਭੜਕਾ ਗਿਆ। 16 ਮਾਰਚ 1931 ਨੂੰ ਗੁਰਦੁਆਰਾ ਸਾਹਿਬ ਸੀਸ ਗੰਜ ਦਿਲੀ ਵਿਖੇ ਸਿੱਖਾਂ ਨੇ ਬਹੁਤ ਵੱਡਾ ਸਮਾਗਮ ਰੱਖਿਆ ਜਿਸ ਵਿਚ ਮਹਾਤਮਾ ਗਾਂਧੀ ਨੂੰ ਵਿਸ਼ੇਸ਼ ਸੱਦਾ ਪੱਤਰ ਦੇ ਕੇ ਬੜੇ ਆਦਰ ਮਾਣ ਨਾਲ ਬੁਲਾਇਆ ਗਿਆ । ਮਹਾਤਮਾ ਗਾਂਧੀ ਨੂੰ ਸਿੱਖ ਲੀਡਰਾਂ ਨੇ ਕਿਹਾ ਜੇਕਰ ਕਾਂਗਰਸ ਸਿੱਖਾਂ ਨਾਲ ਕੀਤੇ ਵਾਅਦੇ ਤੋਂ ਮੁੱਕਰ ਗਈ ਫਿਰ ਸਿੱਖਾਂ ਦਾ ਕੀ ਬਣੇਗਾ ? ਅਸੀ ਸਿੱਖਾਂ ਨੂੰ ਕੀ ਜਵਾਬ ਦੇਵਾਂਗੇ ?

ਮਹਾਤਮਾ ਗਾਂਧੀ ਨੇ ਕਿਹਾ, ''ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿੱਤਾ ਹੈ ਉਹ ਕੋਈ ਵੀ ਅਜਿਹਾ ਸੰਵਿਧਾਨ ਨਹੀ ਬਣਾਏਗੀ ਜਿਸ ਨੂੰ ਸਿੱਖ ਪ੍ਰਵਾਨ ਨਾ ਕਰਨ ਸਿੱਖਾਂ ਦਾ ਪੂਰਾ ਪੂਰਾ ਖਿਆਲ ਰੱਖਿਆ ਜਾਵੇਗਾ ਤੁਸੀਂ ਮੇਰੇ ਤੇ ਪੂਰਾ ਵਿਸ਼ਵਾਸ ਰੱਖੋ !''

ਸਿੱਖ ਅਜੇ ਅੰਗਰੇਜ਼ੀ ਰਾਜ ਤੋ ਮੁਕਤ ਤਾਂ ਨਹੀ ਹੋਏ ਸਨ ਪਰ 16 ਸਾਲ ਪਹਿਲਾਂ ਹੀ ਮਹਾਤਮਾਂ ਗਾਂਧੀ ਤੇ ਪੰਡਿਤ ਨਹਿਰੂ ਨੂੰ ਪੁੱਛਣ ਲਗ ਪਏ ਸਨਸਾਡੇ ਨਾਲ ਧੋਖਾ ਤਾਂ ਨਹੀਂ ਕਰੋਗੇ ? ਜਿਹੜੇ ਅੰਗਰੇਜ਼ ਦੋਹੀ ਹੱਥੀਂ ਸਿੱਖਾਂ ਨੂੰ ਰਾਜ ਦੇ ਰਹੇ ਸਨ ਉੱਧਰ ਤਾਂ ਇਹਨਾਂ ਦਾ ਖਿਆਲ ਹੀ ਨਾ ਗਿਆ ਕੇ ਆਪਣੀ ਅੰਗਰੇਜ਼ਾਂ ਪਾਸੋਂ ਆਜ਼ਾਦੀ ਪ੍ਰਾਪਤ ਕਰ ਲਈਏ।

ਇਸ ਤਰਾਂ ਕਰਦਿਆਂ 15 ਅਗਸਤ 1947 ਦਾ ਦਿਨ ਆ ਗਿਆ ਪਰ ਅਕਾਲੀ ਲੀਡਰਾਂ ਦੀ ਅਕਲ ਤੋਂ ਪਰਦਾ ਨਾ ਚੁਕ ਹੋਇਆ ਮਾਸਟਰ ਤਾਰਾ ਸਿੰਘ ਵਰਗਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਵਾਰਸਾਂ ਦੀ ਬਾਂਹ ਪੰਡਤ ਨਹਿਰੂ ਵਰਗਿਆਂ ਨੂੰ ਫੜ੍ਹਾ ਦਿੱਤੀ ਜੋ ਵਾਅਦੇ ਕਰਦੇ ਸਨ ਆਜ਼ਾਦ ਭਾਰਤ ਵਿਚ ਇਕ ਅਜਿਹੀ ਖਿੱਤਾ ਹੋਵੇਗੀ ਜਿੱਥੇ ਸਿੱਖ ਆਜ਼ਾਦੀ ਨਾਲ ਰਹਿ ਸਕਣਗੇ ਪਰ ਆਜ਼ਾਦੀ ਦੇ 77 ਸਾਲ ਬੀਤ ਜਾਣ ਤੇ ਵੀ ਸਿੱਖਾਂ ਨੂੰ ਉਹ ਖਿੱਤਾ ਹਜੇ ਤੱਕ ਨਹੀਂ ਲੱਭੀ।



# ਅੰਤਰਰਾਸ਼ਟਰੀ ਯੁਵਕ ਦਿਵਸ 2024: "ਕਲਿੱਕਸ ਤੋਂ ਤਰੱਕੀ ਤੱਕ-ਟਿਕਾਊ ਵਿਕਾਸ ਲਈ ਯੂਥ ਡਿਜੀਟਲ ਪਾਥਵੇਅ"

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)





"ਅੰਤਰਰਾਸ਼ਟਰੀ ਯੁਵਕ ਦਿਵਸ 2024 ਦਾ ਥੀਮ ਹੈ- "ਕਲਿੱਕਸ ਤੋਂ ਤਰੱਕੀ ਤੱਕ: ਟਿਕਾਊ ਵਿਕਾਸ ਲਈ ਯੂਥ ਡਿਜੀਟਲ ਪਾਥਵੇਅ" ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਿਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ-

ਹੈਲਥ ਮੀਡੀਆ ਕੇਨੈਡਾ : ਅੰਤਰਾਸ਼ਟਰੀ ਯੁਵਕ ਦਿਵਸ 2024 ਦੇ ਮੌਕੇ 'ਤੇ ਨੌਜਵਾਨਾਂ ਨੂੰ ਅੱਗੇ ਆਉਣ 'ਤੇ ਜੋਰ ਦੇਣ ਦੇ ਨਾਲ-ਨਾਲ ਡਿਜੀਟਲ ਵਿਸ਼ਵ ਪ੍ਰਤੀ ਹਰ ਪੱਧਰ 'ਤੇ ਨੌਜਵਾਨਾਂ ਨੂੰ ਜਾਗਰੁਕ ਕੀਤਾ ਗਿਆ। ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਿਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਿਲ ਨਹੀਂ ਕੀਤੀ ਜਾ ਸਕਦੀ।

ਡਿਜੀਟਲਾਈਜ਼ੇਸ਼ਨ ਸਾਡੀ ਦੁਨੀਆ ਨੂੰ ਬਦਲ ਰਿਹਾ ਹੈ, ਟਿਕਾਊ ਵਿਕਾਸ ਨੂੰ ਤੇਜ਼ ਕਰਨ ਲਈ ਬੇਮਿਸਾਲ ਮੌਕੇ ਦਿੰਦਾ ਹੈ। ਡਿਜੀਟਲ ਤਕਨਾਲੋਜੀ-ਮੋਬਾਈਲ ਉਪਕਰਨ, ਸੇਵਾਵਾਂ ਅਤੇ ਨਕਲੀ ਖੁਫੀਆ ਟਿਕਾਊ ਵਿਕਾਸ ਟੀਚਿਆਂ ਨੂੰ ਅੱਗੇ ਵਧਾਉਣ 'ਚ ਸਹਾਇਕ ਹਨ। ਡਿਜੀਟਲ ਆਪਸੀ ਕ੍ਰਿਆਵਾਂ ਤੋਂ ਤਿਆਰ ਡੇਟਾ ਸਬੂਤ-ਅਧਾਰਿਤ ਫੈਸਲੇ ਲੈਣ ਦਾ ਸਮਰਥਨ ਕਰਦਾ ਹੈ।

12 ਅਗਸਤ, 2010 ਨੂੰ ਪਹਿਲੀ ਬਾਰ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਯੁਵਕ ਦਿਵਸ ਐਲਾਨ ਕੀਤਾ ਸੀ। ਇਸ ਦਾ ਮੁੱਖ ਉਦੇਸ਼ ਆਰਥਿਕ ਵਿਕਾਸ ਦੇ ਨਾਲ ਸ਼ਾਂਤੀ, ਕਾਨੂੰਨੀ ਮੁੱਦੇ ਅਤੇ ਮੌਜੂਦਾ ਤੇ ਆਉਣ ਵਾਲੀਆਂ ਚੁਣੌਤੀਆਂ ਦਾ ਮੁਕਾਬਲਾ ਅਤੇ ਮੁਸ਼ਕਲਾਂ ਪ੍ਰਤੀ ਵਿਸ਼ਵ ਜਾਗਰੁਕਤਾ ਪੈਦਾ ਕਰਨਾ ਹੈ। ਅੰਤਰਰਾਸ਼ਟਰੀ ਯੁਵਕ ਦਿਵਸ ਦੁਨਿਆ ਭਰ ਵਿਚ ਵੱਖ-ਵੱਖ ਤਰੀਕੇ ਨਾਲ ਚੁਣੌਤੀਆਂ ਦੇ ਮੁਕਾਬਲੇ ਲਈ ਜਾਗਰੂਕਤਾ ਸਮਾਗਮ, ਕਾਨਫਰੰਸਾਂ, ਪ੍ਰਦਰਸ਼ਨੀ, ਸਵੈਸੇਵੀ ਪ੍ਰਾਜੇਕਟ, ਅੰਤਰਰਾਸ਼ਟਰੀ ਖੇਡਾਂ ਦੁਆਰਾ ਕੀਤਾ ਜਾ ਰਿਹਾ ਹੈ। ਜਵਾਨੀ ਜ਼ਿੰਦਗੀ ਦਾ ਸਮਾਂ ਨਹੀਂ, ਮਨ ਦੀ ਹਾਲਤ ਹੈ। ਹਰ ਖੇਤਰ ਵਿਚ ਕਾਮਯਾਬੀ ਲਈ ਨੌਜਵਾਨਾਂ ਨੂੰ ਆਪਣੇ ਅੰਦਰ ਉਮੀਦ ਅਤੇ ਆਤਮ-ਵਿਸ਼ਵਾਸ ਨੂੰ ਕਾਇਮ ਰੱਖਣਾ ਹੈ।

ਯੂ. ਐਨ ਦੇ ਏਜੰਡੇ ਵਿਚ 2030 ਤੱਕ ਹੋਰ ਚੁਣੌਤੀਆਂ ਜਿਵੇਂ ਸਿਹਤ ਸੰਭਾਲ, ਗਰੀਬੀ ਘਟਾਉਣ ਲਈ ਸਮਾਜਿਕ ਹਿੱਸੇਦਾਰੀ, ਮੌਸਮ ਵਿਚ ਤਬਦੀਲੀ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਵਗੈਰਾ ਦਾ ਵੀ ਖਿਆਲ ਰੱਖਣਾ ਹੈ। ਅੱਜ ਅਤੇ ਭਵਿੱਖ 'ਚ ਵਾਤਾਵਰਣ ਤਬਦੀਲੀ ਅਤੇ ਜਲਵਾਯੂ ਸੰਕਟ ਕਾਰਨ ਆਬਾਦੀ ਸਰੀਰਕ-ਮਾਨਸਿਕ ਸਮੱਸਿਆਵਾਂ ਦੇ ਘੇਰੇ 'ਚ ਆ ਰਹੀ ਹੈ। ਤਬਦੀਲੀ ਲਈ ਹੁਨਰ 'ਤੇ ਗ੍ਰੀਨ ਨੌਕਰੀਆਂ ਲਈ ਜਲਵਾਯੂ ਬਦਲਾਅ ਦੀ ਤਿਆਰੀ, ਹਰਿਆਲੀ ਉਸਾਰੀ, ਠੋਸ ਰਹਿੰਦ-ਖੂਹੰਦ ਪ੍ਰਬੰਧਨ ਆਦਿ ਵਰਗੇ ਖੇਤਰਾਂ ਲਈ ਵੀ ਜਾਗਰੁਕ ਕੀਤਾ ਜਾ ਰਿਹਾ ਹੈ।

ਨੌਜਵਾਨਾਂ ਅੱਗੇ ਚੁਣੌਤੀਆਂ ਦਾ ਜਾਲ ਹੈ :

- ਅੱਜ ਡਿਜੀਟਲ ਵਿਸ਼ਵ ਹੀ ਦੁਨੀਆ ਨੂੰ ਅੱਗੇ ਲੈ ਕੇ ਜਾ ਰਿਹਾ ਹੈ। ਵੱਧ ਰਿਹਾ ਸਕੈਮ, ਸਾਈਬਰ ਕ੍ਰਾਈਮ ਹਰ ਆਦਮੀ ਲਈ ਚੁਣੌਤੀ ਬਣ ਗਿਆ ਹੈ। ਹਰ ਉਮਰ ਦੇ ਲੋਕਾਂ ਨੂੰ ਜਾਗਰੁਕ ਹੋਣ ਦੀ ਲੋੜ ਹੈ।
- 24 ਘੰਟੇ ਸੋਸ਼ਲ ਮੀਡੀਆ ਵੱਟਸਅਪ, ਇੰਸਟਾਗ੍ਰਾਮ, ਫੇਸਬੁੱਕ, ਟਿੱਕਟਾਕ, ਟਵਿੱਟਰ, 'ਤੇ ਰਹਿਣ ਮੁਸ਼ਕਲਾਂ ਯਾਨਿ ਨੌਜਵਾਨਾਂ ਨੂੰ ਸਾਈਬਰ ਧੱਕੇਸ਼ਾਹੀ, ਸਲੋਟ-ਸ਼ਰਮ ਕਰਨ ਅਤੇ ਹੋਰ ਬਹੁਤ ਕੁੱਝ ਕਰ ਲਈ ਬੇਨਕਾਬ ਕਰ ਦਿੱਤਾ ਹੈ। ਗੈਰ-ਸਿਹਤਮੰਦ ਫੋਟੋ ਅਤੇ ਜਿਨਸੀ ਸਮੱਗਰੀ ਹਮੇਸ਼ਾ ਆਨਲਾਈਨ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇਜ਼ੀ ਨਾਲ ਬਿਮਾਰ ਕਰ ਰਹੀ ਹੈ।
- ਹਾਈ ਸਕੂਲ ਦੇ ਵਿਦਿਆਰਥੀ ਕਰੀਬਨ 30% ਵੱਖ-ਵੱਖ ਕਿਸਮ ਦੇ ਡਰਗਜ਼ ਅਤੇ 45% ਅਲਕੋਹਲ ਦਾ ਇਸਤੇਮਾਲ ਕਰ ਰਹੇ ਹਨ। ਕਰੀਅਰ ਤੋਂ ਫੋਕਸ ਹਟਦਾ ਜਾ ਰਿਹਾ ਹੈ। ਬੱਚੇ ਅਤੇ ਨੌਜਵਾਨ, ਲਗਾਤਾਰ ਸਟ੍ਰੈਸ ਦੇ ਘੇਰੇ ਵਿਚ ਰਹਿਣ ਕਰਕੇ, ਯਾਨਿ ਮਾੜਾ ਸਟ੍ਰੈਸ ਹਰ ਪਲਾਨਿੰਗ ਫੇਲ ਕਰ ਰਿਹਾ ਹੈ।
- ਬੇਰੋਜਗਾਰੀ ਅਤੇ ਭੰਬਲ ਭੁਸੇ ਦੇ ਮਾਹੌਲ ਵਿਚ ਅੱਜ ਦਾ ਨੌਜਵਾਨ ਸਹੀ ਰਸਤਾ ਲੱਭਣ ਲਈ ਭਟਕ ਰਿਹਾ ਹੈ। ਮਾਡਰਨ ਸਮਾਜ ਵਿਚ ਹਰ ਖੁਸ਼ੀ ਦੇ ਮਸਲੇ ਨੂੰ ਦੇਖਣ ਦਾ ਨਜ਼ਰੀਆ ਬਦਲ ਗਿਆ ਹੈ। ਕਾਮਯਾਬੀ ਲਈ ਕੰਪੀਟੀਸ਼ਨ ਸਿਰਫ ਪੈਸਾ-ਪੈਸਾ ਹੀ ਰਹਿ ਗਿਆ ਹੈ। ਹੋਰ-ਹੋਰ ਦੀ ਪ੍ਰਾਪਤੀ ਦੀ ਹੋੜ ਯੁਵਾ ਵਰਗ ਨੂੰ ਨਕਾਰਾਤਮਕ ਸੋਚ ਵੱਲ ਲੈ ਕੇ ਜਾ ਰਹੀ ਹੈ।
- ਅੱਜ ਸਮਾਜ ਵਿਚ ਸ਼ਿਫਟਿੰਗ ਆਰਥਿਕਤਾ ਖੱਲੇ ਬਾਜਾਰਾਂ ਅਤੇ ਵਿਸ਼ਵੀਕਰਨ ਦਾ ਮਾਹੌਲ ਵੀ ਬੇਰੋਜਗਾਰੀ ਦੇ ਨਾਲ ਨੌਜਵਾਨਾਂ ਦੀ ਜ਼ਿੰਦਗੀ ਮੁਸ਼ਕਲਾਂ ਭਰੀ 'ਤੇ ਗੁੰਝਲਦਾਰ ਬਣ ਗਈ ਹੈ।

ਨੋਟ: ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਿਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਿਲ ਨਹੀਂ ਕੀਤੀ ਜਾ ਸਕਦੀ।



## ਪੰਜਾਬੀ

ਮੈਂ ਹਾਂ ਪੰਜਾਬੀ ਅਤੇ ਨਾਲ ਪੰਜਾਬੀ ਹੈ ਇਸ਼ਕ ਮੇਰਾ,
ਭਾਵੇਂ ਬੋਲਣੀਆਂ ਹੋਰ ਬੋਲੀਆਂ ਵੀ ਮੈਂ ਜਾਣਦਾ ਹਾਂ।
ਖ਼ੈਰ ਮੰਗਦਾ ਹਾਂ ਮੈਂ ਹੋਰਨਾ ਬੋਲੀਆਂ ਦੀ ਵੀ,
ਪਰ ਛਤਰ ਮੈਂ ਪੰਜਾਬੀ ਉੱਤੇ ਹੀ ਤਾਣਦਾ ਹਾਂ।
ਜੰਮਦੇ ਸਾਰ ਹੀ ਮੈਨੂੰ ਇਸ ਨਾਲ ਇਸ਼ਕ ਹੋਇਆ,
ਸੀ ਮੇਰੇ ਹਾਣ ਦੀ ਤੇ ਅੱਜ ਵੀ ਇਸਦੇ ਹਾਣ ਦਾ ਹਾਂ।
ਗੁੜ੍ਹਤੀ ਮਿਲੀ ਹੈ ਮਾਂ-ਬੋਲੀ ਦੀਆਂ ਮੈਨੂੰ ਲੋਰੀਆਂ ਦੀ,
ਕਾਇਲ ਲੋਕ ਗੀਤਾਂ, ਮੁਹਾਵਰੇ ਅਤੇ ਅਖਾਣ ਦਾ ਹਾਂ।
ਗੁਰਮੁਖੀ ਪੜ੍ਹਾਂ ਤਾਂ ਹੈ ਗੁਰੂਆਂ ਦੀ ਝਲਕ ਪੈਂਦੀ,
ਬੁੱਲ੍ਹੇ, ਵਾਰਸ ਅਤੇ ਬਾਹੂ ਨੂੰ ਵੀ ਪਹਿਚਾਣਦਾ ਹਾਂ।
ਸਮੋਇਆ ਏਸ 'ਚ ਸਾਡਾ ਸੱਭਿਆਚਾਰ ਅਤੇ ਵਿਰਸਾ,
ਲੱਭਦੇ ਨੇ ਹੀਰੇ ਮੋਤੀ ਜਦ ਵੀ ਮੈਂ ਇਸਨੂੰ ਛਾਣਦਾ ਹਾਂ।
ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਪੰਜਾਬ ਦੇ ਹੋਰ ਆਸ਼ਕ,
ਅਨੰਦ ਇਨ੍ਹਾਂ ਦੇ ਕਿੱਸਿਆਂ ਦਾ ਪੰਜਾਬੀ ਦੇ ਵਿੱਚ ਮਾਣਦਾ ਹਾਂ।
ਪੁੱਤ ਪੰਜਾਬ ਦਾ ਹਾਂ ਅਤੇ ਪੰਜਾਬੀ ਹੈ ਮੇਰੀ ਮਾਂ-ਬੋਲੀ,
'ਰਾਏ' ਪੰਜਾਬੀ ਲਈ ਰੱਖਾਂ ਰੁਤਬਾ ਬਹੁਤ ਉਚਾਣ ਦਾ ਹਾਂ।

ਡਾ. ਮੁਹਿੰਦਰ ਸਿੰਘ ਰਾਏ